# ਪੱਕੀ ਵੰਡ

ਹਰਨਾਮ ਸਿੰਘ ਨਰੂਲਾ

ਸੰਪਾਦਕ
ਚਰਨ ਗਿੱਲ

www.PunjabiLibrary.com

# ਪੱਕੀ ਵੰਡ

(ਕਹਾਣੀ ਸੰਗ੍ਰਹਿ)

**ਹਰਨਾਮ ਸਿੰਘ ਨਰੂਲਾ**

ਸੰਪਾਦਕ : ਚਰਨ ਗਿੱਲ

**ਪਨੋਰਮਾ ਪ੍ਰਕਾਸ਼ਨ, ਪਟਿਆਲਾ**

ਸੰਪਰਕ : ਚਰਨ ਗਿੱਲ,
35 ਦੇਸੀ ਮਹਿਮਾਨਦਾਰੀ, ਪਟਿਆਲਾ ।
ਫੋਨ : 219254

PAKKI VAND (Collection of Short Stories)
by Harnam Singh Narula
V. Paraur P.O. Bhunerheri
Distt. Patiala
Ed. by Charan Gill, 35 Desi Mehmandari, Patiala

© ਲੇਖਕ

ਪਹਿਲੀ ਵਾਰ : ਅਪ੍ਰੈਲ 2001

ਪ੍ਰਕਾਸ਼ਨ ; ਪਨੋਰਮਾ ਪ੍ਰਕਾਸ਼ਨ, ਪਟਿਆਲਾ

Copies : 500

ਮੁੱਲ : ਪੇਪਰਬੈਕ : 50 ਰੁਪਏ
ਸਜਿਲਦ : 80 ਰੁਪਏ

*Laser Type Setting by:*

**APNA Computers**
PATIALA CITY
Ph.207328

*Printed at :*

**SHAHEED-E-AZAM PRINTING PRESS**
PATIALA CITY
Ph.357981 (O) Fax : 0175-362807

ਰੂਹ ਦਿਲੋਂ

ਅਪਣਾਏ

ਸੰਦੀਪ ਭੋਗਲ ਦੀ

ਬੇਟੀ ਸੁਮਨ ਦੇ ਨਾਂਅ

# ਤਰਤੀਬ


| | | |
|---|---|---|
| | ਕੁਝ ਆਪਣੇ ਬਾਰੇ | 5 - 7 |
| | ਕੁਝ ਗੱਲਾਂ | 8 - 13 |
| 1. | ਪੱਕੀ ਵੰਡ | 14 - 34 |
| 2. | ਦਿਸਹੱਦਾ | 35 - 61 |
| 3. | ਅਧਿਕਾਰ | 62 - 77 |
| 4. | ਉਲਝਣ | 78 - 90 |
| 5. | ਧੂੜਾਂ ਦੱਬੇ ਮੋਤੀ | 91 - 97 |
| 6. | ਨੱਜੋ ਦਾ ਖੂਹ | 98 - 119 |
| 7. | ਐਕਸੀਡੈਂਟ | 120 - 148 |
| 8. | ਜੇ ਕਿਤੇ | 149 - 163 |
| 9. | ਲਾਦੋ ਨਾਂ | 164 - 190 |
| 10. | ਰਿਸ਼ਤਾ | 191 - 197 |
| 11. | ਪਿਆਸੇ | 198 - 208 |


**ਛਪਾਈ ਅਧੀਨ ਲੇਖਕ ਦੇ ਦੋ ਹੋਰ ਕਹਾਣੀ-ਸੰਗ੍ਰਹਿ**

* ਮੌਲੂ ਮਲੰਗ
* ਕੁਝ ਪੀੜਾਂ ਕੁਝ ਯਾਦਾਂ

# ਕੁਝ ਆਪਣੇ ਬਾਰੇ

ਮੇਰਾ ਜਨਮ ਜਿਲਾ ਗੁਜਰਾਂ ਵਾਲੇ ਦੇ ਪਿੰਡ ਜੋਖੀਆਂ ਵਿਚ ਸੱਤ ਪੋਹ ਯਾਨੀ ਦਸੰਬਰ 1929 ਵਿਚ ਹੋਇਆ । ਮੇਰੀ ਮਾਤਾ ਦਾ ਨਾਂ ਭਗਵਾਨ ਦੇਵੀ ਸੀ ਅਤੇ ਪਿਤਾ ਦਾ ਨਾਂ ਜੋਧ ਸਿੰਘ । ਸਾਡੇ ਪਿੰਡ ਨੂੰ ਥਾਣਾ ਅਹਿਮਦ ਨਗਰ, ਤਹਿਸੀਲ ਵਜੀਰਾਂ ਆਬਦ ਅਤੇ ਡਾਕਘਰ ਅਕਾਲਗੜ੍ਹ ਲਗਦਾ ਸੀ । ਸਾਡਾ ਘਰ ਸਾਊ ਸੁਲਝਿਆ ਅਤੇ ਜੁੜਵਾਂ ਪਰਿਵਾਰ ਸੀ । ਜੀਵਨ ਮੇਰਾ ਪਤਝੜ ਦੇ ਪੰਛੀ ਵਾਂਗ ਹੀ ਗੁਜਰਿਆ । ਪਿੰਡ ਵਿਚ ਚੌਥੀ ਤਕ ਦਾ ਸਕੂਲ ਸੀ ਪਰ ਪਿੰਡ ਵਿਚ ਸਦਾ ਖਿਚਾਅ ਹੋਣ ਕਰਕੇ ਮੈਂ ਆਸੇ ਪਾਸੇ ਦੇ ਸਕੂਲਾਂ ਵਿਚੋਂ, ਕਦੇ ਮਾਹੌਲ ਸ਼ਾਂਤ ਹੋਣ ਤੇ ਪਿੰਡ ਦੇ ਸਕੂਲ ਤੋਂ ਮਸਾਂ ਚੌਥੀ ਪਾਸ ਕਰ, ਇਕ ਸਾਲ ਮਾਰਕੇ ਢਾਈ ਕੋਹ ਦੂਰ ਪਿੰਡ ਵਰਪਾਲਾਂ ਦੇ ਸਕੂਲ ਵਿੱਚ ਦਾਖਲ ਹੋਇਆ । ਪੰਜਵੀਂ ਪਾਸ ਕਰ ਛੇਵੀਂ ਵਿਚ ਦਾਖਲਾ ਲਿਆ ।

ਸੋਲਾਂ ਸਾਲ ਦੀ ਉਮਰ ਸੀ ਕਿ ਮੇਰੇ ਦਿਲ ਨੇ ਪਹਿਲੀ ਚੋਟ ਖਾਧੀ ਅਤੇ ਮੈਂ ਛੇਵੀਂ ਦਾ ਇਮਤਿਹਾਨ ਨਾ ਦੇ ਸਕਿਆ । ਮਾਸਟਰਾਂ ਦੇ ਅਤੇ ਘਰਦਿਆਂ ਦੇ ਜ਼ੋਰ ਦੇਣ ਤੇ ਵੀ ਮੈਂ ਸਕੂਲ ਵੱਲ ਮੂੰਹ ਨਾ ਕਰ ਸਕਿਆ । ਮੇਰਾ ਸੂਖਮ ਦਿਲ ਮਧੋਲਿਆ ਗਿਆ ਸੀ ਅਤੇ ਖਾਨਦਾਨ ਵਾਲੇ ਉਸ ਪੀੜ ਨੂੰ ਨਾ ਪੜ੍ਹ ਸਕੇ ਨਾ ਹੀ ਮਹਿਸੂਸ ਕਰ ਸਕੇ ਜਿਸਨੇ ਮੈਨੂੰ ਮਿੱਧ ਕੇ ਰੱਖ ਦਿੱਤਾ । ਫਿਰ ਸਤਾਰਾਂ ਸਾਲ ਦੀ ਉਮਰ ਵਿਚ ਇਕ ਹੋਰ ਸੱਟ ਅਤੇ ਸਾਢੇ ਸਤਰਾਂ ਸਾਲ ਦੀ ਉਮਰ ਵਿੱਚ ਪੂਰੇ ਪਰਿਵਾਰ ਨੂੰ ਘਾਤਕ ਸੱਟ, ਯਾਨੀ ਦੇਸ਼ ਦੀ ਵੰਡ ਅਤੇ ਮੌਤ ਦਾ ਤਾਂਡਵ ਨਾਚ ਅਤੇ ਅਸੀਂ ਪੰਦਰਾਂ ਸੋਲਾਂ ਜੀਆਂ ਵਿਚੋਂ ਛੇ ਜੀਅ ਹੀ ਬੱਚ ਕੇ ਖਿੱਚੀ ਲਕੀਰ ਟੱਪ ਸਕੇ । ਬਾਕੀ ਪਰਿਵਾਰ ਇਸ ਫਿਰਕੂ ਜਨੂੰਨੀ ਦੈਂਤ ਦੀ ਭੇਟ ਚੜ੍ਹ ਗਿਆ ।

ਫਿਰ ਤਿੰਨ ਚਾਰ ਸਾਲ ਦਰ-ਦਰ, ਥਾਂ-ਥਾਂ ਭਟਕੇ ਰੋਟੀ ਕੁਲੀ ਅਤੇ ਜੁਲੀ ਲਈ । ਮੇਰਾ ਚੋਟ ਖਾਧਾ, ਛਿੱਲਿਆ ਪੱਛਿਆ ਮਨ ਘਰਦਿਆਂ ਦੇ ਨਾਲ ਨਾ ਰਹਿ ਸਕਿਆ ਅਤੇ ਮੈਂ ਆਵਾਮੀ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ ਜਿਥੋਂ ਬਹੁਤ ਕੁਝ ਸਿੱਖਣ ਲਈ ਮਿਲਿਆ ਅਤੇ ਫਿਰ ਮੈਂ ਛੇਤੀ ਹੀ ਸਟੇਜ ਤੇ ਆ ਗਿਆ । ਪੂਰੇ ਇੱਕੀ

ਸਾਲ ਮੈਂ ਦੱਬੇ ਕੁਚਲੇ ਲੁਟੀਂਦੇ ਲੋਕਾਂ ਤਕ ਏਕਤਾ ਦਾ ਸੰਦੇਸ਼ ਲੈ ਕੇ ਪਹੁੰਚਿਆ । ਆਪਦੇ ਗੀਤਾਂ, ਡਿਊਟਾਂ, ਅਪੇਰਿਆਂ, ਗੀਤ-ਨਾਟਾਂ ਰਾਹੀਂ ਮੈਂ ਲਗਭਗ ਸਾਢੇ ਛੇ ਹਜ਼ਾਰ ਸਟੇਜ ਕੀਤੀ ਅਤੇ ਹਰ ਥਾਂ ਮੈਨੂੰ ਆਵਾਮ ਨੇ ਸਤਿਕਾਰਿਆ । ਮੈਂ ਹਿਮਾਚਲ ਦੇ ਪਾਲਮਪੁਰ, ਸ਼ਿਮਲਾ, ਕਾਂਗੜਾ, ਬਨੂਰੀ, ਊਨਾ, ਗਗਰੇਟ, ਜਵਾਲਾ ਜੀ ਅਤੇ ਬੀਤਦੇ ਇਲਾਕੇ ਵਿਚ ਸਫ਼ਲ ਸਟੇਜਾਂ ਕੀਤੀਆਂ । ਰੇਲਵੇ ਦੇ ਮਜ਼ਦੂਰਾਂ ਵਿਚ ਹਰ ਸਾਲ ਕਾਲਕਾ, ਯਮਨਾ ਨਗਰ, ਅੰਬਾਲਾ ਮਜ਼ਦੂਰ ਵਰਗ, ਸੂਰਜਪੁਰ, ਪੰਜੌਰ, ਫੈਕਟਰੀ ਏਰੀਆ ਚੰਡੀਗੜ੍ਹ, ਗੋਬਿੰਦਗੜ੍ਹ, ਪੈਪਸੂ ਰੋਡਵੇਜ਼ ਦੇ ਸਾਲਾਨਾ ਇਜਲਾਸਾਂ, ਪਰੈਸ ਕਲੋਨੀ ਜਲੰਧਰ, ਫਗਵਾੜਾ ਅਤੇ ਪੰਜਾਬ ਦੇ ਹਰ ਸ਼ਹਿਰ ਕਸਬੇ ਸਫਲ ਸਟੇਜਾਂ ਕੀਤੀਆਂ । ਹਰਿਆਣਾ ਅਤੇ ਰਾਜਸਥਾਨ ਚੱਲ ਸੋ ਚੱਲ ਰਹੀ । ਤਹਿਸੀਲ ਪੱਧਰ ਤੋਂ ਲੈ ਕੇ ਜਿਲਾ, ਸਟੇਟ ਅਤੇ ਆਲ ਇੰਡੀਆ ਪੱਧਰ ਦੀਆਂ ਸਟੇਜਾਂ ਕਵਰ ਕਰਨ ਦਾ ਮੈਨੂੰ ਮਾਨ ਮਿਲਿਆ । ਅਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ, ਮੁਕਤਸਰ ਦੇ ਮੇਲਿਆਂ ਦੀਆਂ ਸਟੇਜਾਂ ਮੈਂ ਕਈ ਸਾਲ ਕੀਤੀਆਂ ।

ਮੇਰੇ ਮਸ਼ਹੂਰ ਨਾਟਕਾਂ ਵਿੱਚ ਗੀਤ-ਨਾਟ 'ਭਵਿੱਖ ਦਾ ਆਗੂ', 'ਖੂੰਡਾਂ ਦਾ ਫੈਸਲਾ', 'ਅਸਲੀ ਰਾਹ', 'ਟੁੱਟੀ ਜੱਥੇਬੰਦੀ', 'ਢੋਲ ਦਾ ਪੋਲ', 'ਰੰਗੀ ਦਾ ਵਿਆਹ' ਅਤੇ ਕਈ ਅਪੇਰੇ ਸਨ ।

ਖੁਸ਼ ਹਸੀਤੀ ਮੋਰਚੇ ਵੇਲੇ ਪਹਿਲਾ ਅੰਡਰਗਰਾਊਂਡ, ਫਿਰ ਪਟਿਆਲਾ ਜੇਲ, ਸ਼ਹਿਰੀ ਅਜ਼ਾਦੀਆਂ ਮੋਰਚੇ ਵੇਲੇ ਰੋਹਤਕ ਜੇਲ । ਕਈ ਹਰਿਆਣੇ ਵਿੱਚ ਇਕ ਲੰਮੇ ਮੁਕੱਦਮੇ ਦਾ ਸਾਹਮਣਾ ਵੀ ਕੀਤਾ ਅਤੇ ਫਿਰ :

ਠੋਕਰਾਂ ਤੇ ਠੋਕਰਾਂ ਖਾਂਦੇ ਰਹੇ ।
ਫਿਰ ਵੀ ਹਸਦੇ ਤੁਰੇ ਜਾਂਦੇ ਰਹੇ ।
ਧੁਨ ਸੀ ਬੱਸ ਇਕੋ ਹੀ ਮੰਜ਼ਲ ਪਾਣ ਦੀ
ਸਾਥੀ ਹੀ ਕੰਡੇ ਰਾਹ 'ਚ ਬਖਰਾਂਦੇ ਰਹੇ ।

ਅਤੇ ਫਿਰ ਇੱਕੀ ਸਾਲ ਸਟੇਜ ਨਿਭਾਹ ਕੇ ਮੈਂ ਸਿਆਸਤ ਤੋਂ ਕਿਨਾਰਾ ਕਰ ਇਕਾਂਤ ਉਦਾਸੀ ਨੂੰ ਅਪਣਾ ਲਿਆ । ਜੀਵਨ ਜਿਉਣ ਲਈ ਕਲਮ ਦਾ ਸਹਾਰਾ

ਲਿਆ । 'ਕੁਝ ਯਾਦਾਂ ਕੁਝ ਪੀੜਾਂ' ਲਿਖਣੀਆਂ ਸ਼ੁਰੂ ਕੀਤੀਆਂ ਅਤੇ ਅੱਜ ਵੀ ਬਹੱਤਰ ਸਾਲ ਦੀ ਉਮਰ ਵਿਚ ਲਿਖ ਹੀ ਰਿਹਾ ਹਾਂ । ਖੁਸ਼ ਹਾਂ ਆਪਣੀ ਕਲਮ ਤੇ, ਖੁਸ਼ ਹਾਂ ਆਪਣੀ ਇਕਾਂਤ ਉਦਾਸੀ ਉਤੇ ਜੋ ਪੈਰ-ਪੈਰ ਤੇ ਮੈਨੂੰ ਸਹਾਰਾ ਦਿੰਦੀ ਏ, ਸਾਹ ਸਾਹ ਸਾਥ ਨਿਭਾਅ ਰਹੀ ਏ । ਅਤੇ ਮੇਰੀਆਂ ਪੀੜਾਂ ਹੀ ਮੇਰਾ ਖਜ਼ਾਨਾ ਹੈ । ਪੀੜਾਂ ਹੀ ਮੇਰਾ ਸਰਮਾਇਆ ਅਤੇ ਕਲਮ ਅਤੇ ਉਦਾਸੀ ਮੇਰੇ ਸਾਥੀ ।


**(ਹਰਨਾਮ ਸਿੰਘ ਨਰੂਲਾ)**
ਹਾਲ ਪਿੰਡ ਪਰੋੜ
ਡਾ. ਭੁਨਰਹੇੜੀ
ਜਿਲਾ ਪਟਿਆਲਾ ।

# ਕੁਝ ਗੱਲਾਂ

ਹਰਨਾਮ ਸਿੰਘ ਨਰੂਲਾ ਦੇ ਇਸ ਪਹਿਲੇ ਕਹਾਣੀ ਸੰਗ੍ਰਹਿ 'ਪੱਕੀ ਵੰਡ' ਵਿਚ ਸ਼ਾਮਲ ਗਿਆਰਾਂ ਕਹਾਣੀਆਂ ਦੇ ਆਧਾਰ ਉਤੇ ਨਰੂਲਾ ਦੀ ਕਹਾਣੀ ਕਲਾ ਬਾਰੇ ਕੁਝ ਆਰੰਭਕ ਗੱਲਾਂ ਕੀਤੀਆਂ ਜਾ ਸਕਦੀਆਂ ਹਨ । ਦੋ ਹੋਰ ਕਹਾਣੀ ਸੰਗ੍ਰਹਿ ਛਪਣ ਲਈ ਤਿਆਰ ਹਨ । ਵਿਸਤਾਰ ਨਾਲ ਚਰਚਾ ਸਮੁੱਚੀ ਰਚਨਾ ਦੇ ਆਧਾਰ ਤੇ ਹੀ ਢੁਕਵੀਂ ਹੋਵੇਗੀ ।

ਪਾਠਕ ਜਦੋਂ ਕੋਈ ਕਹਾਣੀ ਸ਼ੁਰੂ ਕਰੇ ਤਾਂ ਪੂਰੀ ਪੜ੍ਹਨ ਲਈ ਮਜ਼ਬੂਰ ਹੋ ਜਾਵੇ ਅਤੇ ਇਕ ਕਹਾਣੀ ਪੜ੍ਹਨ ਤੋਂ ਬਾਅਦ ਪੂਰੀ ਕਿਤਾਬ ਪੜ੍ਹਨ ਲਈ ਪਾਠਕ ਦਾ ਮੱਲੋਮੱਲੀ ਜੀਅ ਕਰੇ - ਇਹ ਪ੍ਰਾਪਤੀ ਘੱਟ ਲੇਖਕਾਂ ਦੇ ਹਿੱਸੇ ਆਉਂਦੀ ਹੈ । ਹਰਨਾਮ ਸਿੰਘ ਨਰੂਲਾ ਇਸ ਕਸਵੱਟੀ ਤੇ ਪੂਰਾ ਉਤਰਦਾ ਹੈ । ਪੰਜਾਬੀ ਕਹਾਣੀ ਦੇ ਪਾਠਕਾਂ ਦੇ ਦਾਇਰੇ ਨੂੰ ਵਿਸ਼ਾਲ ਕਰਨ ਵਿੱਚ ਨਰੂਲੇ ਦੀਆਂ ਕਹਾਣੀਆਂ ਕਿਤਾਬੀ ਰੂਪ ਵਿੱਚ ਵਿਚਰ ਕੇ ਜ਼ਿਕਰਯੋਗ ਯੋਗਦਾਨ ਪਾਉਣਗੀਆਂ ਇਹ ਗੱਲ ਬਿਨਾਂ ਸ਼ੱਕ ਕਹੀ ਜਾ ਸਕਦੀ ਹੈ ।

ਪੱਕੀ ਕੰਧ ਦੀਆਂ ਸਾਰੀਆਂ ਕਹਾਣੀਆ ਨਿਰੋਲ ਪੇਂਡੂ ਜੀਵਨ ਨਾਲ ਸੰਬੰਧਿਤ ਹਨ । ਸਾਨੂੰ ਅੱਧੀ ਸਦੀ ਪਹਿਲਾਂ ਦੇ ਪੰਜਾਬ ਦੇ ਜੀਵਨ ਦੀ, ਹਲਾਂ ਤੇ ਹਲਟਾਂ ਦੇ ਦੁਆਲੇ ਧੜਕ ਰਹੇ ਪੰਜਾਬ ਦੀ ਸਜੀਵ ਝਲਕ ਪ੍ਰਾਪਤ ਹੁੰਦੀ ਹੈ ਜਿਸ ਵਿਚ ਸਾਧਾਰਣ ਲੋਕ ਆਪਣੀ ਨਿੱਕੇ ਮੋਟੇ ਕੰਮਾਂ-ਕਾਰਾਂ ਰਾਹੀਂ ਆਪਣੀ ਮਿਹਨਤ ਦੇ ਜੋਰ ਤੇ ਇਸ ਜੀਵਨ ਨੂੰ ਮਾਨਣ ਲਈ ਯਤਨਸ਼ੀਲ ਨਜ਼ਰ ਆਉਂਦੇ ਹਨ ।

ਮਿਹਨਤ, ਪਿਆਰ ਅਤੇ ਸਹਿਯੋਗ ਦੀਆਂ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਵਾਲੇ ਇਹਨਾਂ ਪੰਜਾਬੀ ਪਾਤਰਾਂ ਦੀ ਖੁਸ਼ੀ ਦੀ ਤਲਾਸ਼ ਬਹੁਤੀ ਵਾਰ ਕਾਮਯਾਬ ਹੁੰਦੀ ਹੈ । ਖੁਦ ਲੇਖਕ ਦੇ ਇਹਨਾ ਕਦਰਾਂ-ਕੀਮਤਾਂ ਵਿਚ ਡੂੰਘੇ ਤੇ ਅਡਿੱਗ ਵਿਸ਼ਵਾਸ ਉਤੇ ਉਸਰੇ ਜੀਵਨ-ਦ੍ਰਿਸ਼ਟੀਕੋਣ ਦੀ ਝਲਕ ਹਰੇਕ ਕਹਾਣੀ ਦੇ ਹਰੇਕ ਵੇਰਵੇ ਵਿਚੋਂ ਨਜ਼ਰ ਆਉਂਦੀ ਹੈ ।

ਲੇਖਕ ਨੇ ਗੁਰਜੀਤ, ਨੂਰੀ, ਮੋਹਨ, ਕਾਦਰ, ਹਾਸ਼ਮ, ਸੁਰਜੀਤ ਕੌਰ, ਬਸੀਰਾਂ ਅਤੇ ਜਾਹਨਾ ਵਰਗੇ ਨੇਕ ਦਿਲ ਮਿਹਨਤੀ ਇਨਸਾਨਾਂ ਦੇ ਵਿਰੋਧ ਵਿਚ ਹੱਡ ਹਰਾਮੀ ਅਤੇ ਈਰਖਾਲੂ ਅਤੇ ਕਮੀਨਗੀ ਦੇ ਪੁੰਜ ਕਾਦਰੀ, ਹਾਕਮ ਅਤੇ ਨਰੈਣੇ ਵਰਗੇ ਪਾਤਰਾਂ ਨੂੰ ਚਿਤਰਿਆ ਹੈ । ਉਹ ਆਪਣੇ ਸਵਾਰਥ ਲਈ ਗਿਰੀਆਂ ਹੋਈਆਂ ਗੱਲਾਂ ਅਤੇ ਹਰਕਤਾਂ ਕਰਦੇ ਹਨ ਪਰ ਅਖੀਰ ਸਰਮਿੰਦਗੀ ਤੋਂ ਸਿਵਾ ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ ।

ਕਲਾਕਾਰ ਨੇ ਜੀਵਨ ਤੇ ਮਾਹੌਲ ਦੀ ਕਲਾਤਮਕ ਪੁਨਰ ਸਿਰਜਣਾ ਸਚਿਆਰਤਾ ਦੇ ਨਿਯਮਾਂ ਅਨੁਕੂਲ ਕਰਨੀ ਹੁੰਦੀ ਹੈ । ਇਹਦੇ ਲਈ ਪਹਿਲੀ ਸ਼ਰਤ ਹੁੰਦੀ ਹੈ ਪ੍ਰੌਢ ਜੀਵਨ ਅਨੁਭਵ ਅਤੇ ਉਸਦਾ ਗੰਭੀਰ ਬੋਧ ਅਤੇ ਫਿਰ ਵੇਰਵਿਆਂ ਰਾਹੀਂ ਉਸਨੂੰ ਮੁੜ ਕੇ ਇਕ ਸਜੀਵ ਸ਼ਬਦ-ਚਿਤਰ ਵਿਚ ਪ੍ਰੋਣ ਦੀ ਕਲਾ ਕੌਸ਼ਲਤਾ । 'ਪੱਕੀ ਵੰਡ' ਪੰਜਾਬੀ ਪਾਠਕਾਂ ਦੀ ਜਾਣ ਪਹਿਚਾਣ ਇਕ ਅਜਿਹੇ ਲੇਖਕ ਨਾਲ ਕਰਵਾਏਗੀ ਜਿਹੜਾ ਇਕ ਲੇਖਕ ਦੇ ਤੌਰ ਤੇ ਅਜੇ ਤਕ ਆਲੋਚਕਾਂ ਵਲੋਂ ਅਣਗੌਲਿਆ ਹੀ ਰਿਹਾ ਹੈ । ਹੋ ਸਕਦਾ ਹੈ ਸਾਹਿਤਕ ਹਲਕਿਆਂ ਵਿਚ ਮੌਜੂਦ ਮਾਹੌਲ ਇਸ ਕਿਤਾਬ ਤੋਂ ਬਾਅਦ ਵੀ ਨਰੂਲੇ ਵਰਗੇ ਪ੍ਰੌਢ ਕਲਾਕਾਰ ਨੂੰ ਮਾਨਤਾ ਦੇਣ ਤੋਂ ਖੁੰਝ ਜਾਵੇ ਪਰ ਦੇਰ ਅਵੇਰ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਹਰਨਾਮ ਸਿੰਘ ਨਰੂਲਾ ਆਪਣਾ ਸਥਾਨ ਜ਼ਰੂਰ ਪ੍ਰਾਪਤ ਕਰੇਗਾ ।

ਔਰਤ-ਮਰਦ ਦਰਮਿਆਨ ਪਿਆਰ ਖਿੱਚ ਦੇ ਸਦੀਵੀ ਤੇ ਸਰਵਵਿਆਪੀ ਸਾਹਿਤਕ ਸਰੋਕਾਰ ਨੂੰ ਜਿਸ ਯਥਾਰਥਕ ਧਰਾਤਲ ਉਤੇ ਹਰਨਾਮ ਸਿੰਘ ਨਰੂਲਾ ਬਿਨਾਂ ਕਿਸੇ ਉਲਾਰ ਦੇ ਆਪਣੀਆ ਕਹਾਣੀਆਂ ਦੀ ਹੋਂਦ-ਵਿਧੀ ਦੇ ਮੂਲ ਪ੍ਰੇਰਕ ਵਜੋਂ ਸਿਰਜਣ ਵਿਚ ਕਾਮਯਾਬ ਹੋਇਆ ਹੈ ਉਹ ਕਿਸੇ ਵਿਰਲੇ ਲੇਖਕ ਦੇ ਹੀ ਹਿੱਸੇ ਆਉਂਦਾ ਹੈ । 'ਪੱਕੀ ਵੰਡ' ਕਹਾਣੀ ਵਿਚ ਨੂਰੀ ਅਤੇ ਜਾਹਨੇ ਦੇ ਸੰਬੰਧਾਂ ਦਾ ਵਿਕਾਸ ਬੇਹੱਦ ਸੰਖੇਪ ਪਰ ਸੰਪੂਰਨ ਰੂਪ ਵਿਚ ਹੋਇਆ ਹੈ । ਨੂਰੀ ਇਕ ਐਸੀ ਨਾਰੀ ਪਾਤਰ ਹੈ ਜੋ ਆਪਣੀ ਖੁਸ਼ੀ ਦੇ ਆਧਾਰਾਂ ਦੀ ਪਹਿਚਾਣ ਉਹ ਵੀ ਆਪਣੀਆਂ ਸੁਭਾਵਿਕ ਪ੍ਰਤੱਖਣ ਸੁਕਤੀਆਂ ਦੇ ਅਧਾਰ ਤੇ ਭਲੀ ਭਾਂਤ ਕਰਨ ਦੇ ਯੋਗ ਹੈ ।

ਉਸ ਵਿਚ ਇਕ ਅਸਲੀ ਇਨਸਾਨ ਵਾਂਗ ਜੁਰਅਤ ਵੀ ਲੋਹੜੇ ਦੀ ਹੈ । ਇਕ ਅਸਲੀ ਹਾਣੀ ਮਰਦ ਲਈ ਉਸਦੀ ਤਾਂਘ ਬਿਨਾਂ ਕਿਸੇ ਦੋਚਿੱਤੀ ਅਤੇ ਡਾਵਾਂਡੋਲਤਾ ਦੇ ਜਾਹਨੇ ਨਾਲ ਤੁਰ ਜਾਂਦੀ ਹੈ ਅਤੇ ਖੋਖਲੇ ਪ੍ਰਤਿਮਾਨਾ ਦੀ ਜ਼ਰਾ ਵੀ ਪ੍ਰਵਾਹ ਨਾ ਕਰਦਿਆਂ ਆਪਣੇ ਨਾਲ ਹੋਈ ਬੇਇਨਸਾਫ਼ੀ ਦਾ ਅੰਤ ਕਰ ਦਿੰਦੀ ਹੈ । ਇਹ ਸਭ ਕੁਝ ਏਨੇ ਸੁਭਾਵਿਕ ਢੰਗ ਨਾਲ ਅਛੋਪਲੇ ਜਿਹੇ ਵਾਪਰ ਜਾਂਦਾ ਹੈ ਕਿ ਜਾਪਦਾ ਹੀ ਨਹੀਂ ਕੋਈ ਵੱਡੀ ਘਟਨਾ ਵਾਪਰ ਗਈ ਹੈ ।

'ਉਲਝਣ' ਓਪਰੀ ਨਜ਼ਰੇ ਬੜੀ ਸਰਲ ਸਾਧਾਰਣ ਉਲਝਣ ਜਾਪਦੀ ਹੈ ਜਿਸ ਨੂੰ ਬੁੱਝਣ ਲਈ ਸੋਹਣ ਬੜਾ ਉਤਾਵਲਾ ਹੈ । ਪਰ ਆਪਣੀ ਅੰਤਰੀਵ ਬਣਤਰ ਪੱਖੋਂ ਇਹ ਬੜੀ ਜਾਨਦਾਰ ਕਹਾਣੀ ਬਣ ਨਿਬੜਦੀ ਹੈ । ਭਾਰੀ ਬੇਇਨਸਾਫ਼ੀ ਦਾ ਸੰਤਾਪ ਭੋਗ ਰਹੀ 'ਸੋਨਾ' ਦੀ ਹੋਣੀ ਬਾਰੇ ਕਿਸੇ ਨੂੰ ਕੋਈ ਚਿੰਤਾ ਨਹੀਂ, ਨਾ ਕਿਸੇ ਸਾਕ ਸੰਬੰਧੀ ਨੂੰ ਨਾ ਕਿਸੇ ਹੋਰ ਆਂਢੀ ਗੁਆਂਢੀ ਨੂੰ । ਸੋਹਣ ਵਲੋਂ ਪ੍ਰਗਟਾਈ ਜਰਾ ਕੁ ਦਿਲਚਸਪੀ ਉਸ ਅੰਦਰ ਜੀਵਨ ਨੂੰ ਮਾਨਣ ਦੀਆਂ ਦੱਬੀਆਂ ਹੋਈਆਂ ਅਕਾਂਖਿਆਵਾਂ ਨੂੰ ਜਗਾ ਦਿੰਦੀ ਹੈ ਅਤੇ ਸੋਨਾ ਤੇ ਸੋਹਣ ਦਰਮਿਆਨ ਨੂਰੀ ਤੇ ਜਾਹਨੇ ਵਾਂਗ ਹੀ ਇਕ ਖ਼ੂਬਸੂਰਤ ਰਿਸ਼ਤਾ ਰੂਪ ਧਾਰ ਲੈਂਦਾ ਹੈ । ਸੋਨਾ ਦੇ ਅੰਦਰ ਵੀ ਨੂਰੀ ਵਰਗੀ ਹੀ ਅਸਲੀ ਔਰਤ ਰੂਪਮਾਨ ਹੋ ਉਠਦੀ ਹੈ ।

'ਦਿਸਹੱਦੇ' ਦੀ 'ਮੀਤੋ' ਤਾਂ ਘਰ ਵਿਚ ਕਿਸੇ ਜਵਾਨ ਮਰਦ ਦੀ ਅਣਹੋਂਦ ਕਾਰਨ ਮਰਦ ਲਿਬਾਸ ਵਿਚ ਵਿਚਰ ਰਹੀ ਹੈ ਅਤੇ ਘਰ ਦੀ ਜ਼ਿੰਮੇਵਾਰੀ ਨੂੰ ਬੜੀ ਦਲੇਰੀ ਨਾਲ ਨਿਭਾ ਰਹੀ ਹੈ । ਉਹ ਵਿਵਹਾਰਕਤਾ ਦੇ ਪੱਧਰ ਤੇ ਵਿਚਰ ਰਹੇ ਇਕ ਪਰਿਵਾਰ ਦੀ ਸੁਘੜ ਸਿਆਣੀ ਕੁੜੀ ਹੈ ਅਤੇ ਆਪਣਾ ਵਰ ਆਪ ਲੱਭ ਕੇ ਆਪਣੀ ਅਸਾਧਾਰਣ ਹੋ ਚੁੱਕੀ ਜ਼ਿੰਦਗੀ ਨੂੰ ਸਾਧਾਰਣ ਲੀਹਾਂ ਤੇ ਪਾਉਣ ਵਿਚ ਕਾਮਯਾਬ ਹੁੰਦੀ ਹੈ । ਸੰਤਾਲੀ ਦੀ ਵੰਡ ਦੇ ਮਾਰੂ ਝਟਕਿਆਂ ਵਿਚੋਂ ਕਿਵੇਂ ਜੀਵਨ ਮੁੜ ਰਵਾਨਗੀ ਵਲ ਵਧ ਰਿਹਾ ਹੈ ਉਸ ਦੀ ਇਸ ਕਹਾਣੀ ਵਿਚ ਸਫਲ ਨਿਸ਼ਾਨਦੇਹੀ ਕੀਤੀ ਗਈ ਹੈ ।

'ਲਾਦੋ ਨਾ' ਦੀ ਸੁਰਜੀਤ ਕੌਰ ਇਕ ਹੋਰ ਇਸ਼ਤਰੀ ਪਾਤਰ ਹੈ ਜਿਸਦੇ ਸਭਨਾ ਨਾਲ ਸਹਿਚਾਰ ਤੇ ਸਹਿਯੋਗ ਦੇ ਸੁਭਾਅ ਕਾਰਨ ਉਸਨੂੰ ਸਾਰੇ ਪਿੰਡ ਵਿਚ

ਇਕ ਸਤਿਕਾਰਯੋਗ ਤੇ ਆਗੂ ਵਿਅਕਤੀ ਦਾ ਰੁਤਬਾ ਹਾਸਲ ਹੁੰਦਾ ਹੈ । ਨਰੈਣੇ ਵਰਗੇ ਲੋਕਾਂ ਦੀਆਂ ਬਦਖੋਈਆਂ ਦੀ ਉਹਨੂੰ ਰਤਾ ਪ੍ਰਵਾਹ ਨਹੀਂ । ਬਦਲਾਖੋਰੀ ਰੰਚ ਮਾਤਰ ਨਹੀਂ ।

ਵੰਡ ਦੇ ਤੁਰੰਤ ਬਾਅਦ ਨਫਰਤਾਂ ਦੇ ਲੂਸੇ ਜ਼ਜਬੇ ਮੋਹ ਮੁਹੱਬਤ ਦੇ ਕਿੰਨੇ ਪਿਆਸੇ ਸਨ ਇਸ ਤੱਥ ਦੀ ਬਹੁਤ ਸਮਰੱਥ ਚਿੱਤਰਕਾਰੀ 'ਐਕਸੀਡੈਂਟ' ਵਿਚ ਹੋਈ ਹੈ । ਮੋਹਨ ਸਰਦਾਰੀ ਲਾਲ ਅਤੇ ਸ਼ੀਲਾ ਦੇ ਪਿਆਰ ਦਾ ਅੰਤਾਂ ਦਾ ਰਿਣੀ ਹੈ । ਸ਼ੀਲਾ ਉਸਨੂੰ ਆਪਣਾ ਜੀਵਨ ਸਾਥੀ ਬਣਾਉਣਾ ਲੋਚਦੀ ਹੈ, ਉਧਰ ਸਰਦਾਰੀ ਲਾਲ ਆਪਣੀ ਲੜਕੀ ਲਈ ਉਸਨੂੰ ਵਰਨਾ ਚਾਹੁੰਦਾ ਹੈ । ਕਹਾਣੀ ਵਿਚ ਪੇਸ਼ ਉਸਦੀ ਦੋਚਿੱਤੀ ਐਸੇ ਭਲੇ ਇਨਸਾਨ ਦੀ ਦੋਚਿੱਤੀ ਹੈ ਜਿਹੜਾ ਸਭਨਾਂ ਲਈ ਖੁਸ਼ੀਆਂ ਬਖੇਰਨਾ ਚਾਹੁੰਦਾ ਹੈ ਅਤੇ ਠੇਸ ਕਿਸੇ ਨੂੰ ਵੀ ਨਹੀਂ ਪਹੁੰਚਾ ਸਕਦਾ । ਇਸ ਨਵੇਂ ਇਨਸਾਨ ਨੂੰ ਨਰੂਲੇ ਦੀ ਹਰੇਕ ਕਹਾਣੀ ਉਭਾਰਦੀ ਹੈ, ਜਿਸਦਾ ਵਿਗਸਣਾ ਵੱਡੀ ਲੋੜਾਂ ਦੀ ਲੋੜ ਹੈ ਜੇ ਜੀਵਨ ਨੇ ਜਾਰੀ ਰਹਿਣਾ ਹੈ ਤਾਂ ।

ਨਰੂਲੇ ਦੀ ਹਰੇਕ ਕਹਾਣੀ ਇਕ ਰਵਾਇਤੀ ਜਿਹੇ ਲਗਦੇ ਬਾਹਰੀ ਚੌਖਟੇ ਦੀ ਧਾਰਨੀ ਹੁੰਦੀ ਹੈ ਪਰ ਕਿਤੇ ਵੀ ਇਹ ਚੌਖਟੇ ਕਹਾਣੀਆਂ ਦੀ ਅਮੀਰ ਅੰਤਰਵਸਤੂ ਦੇ ਵਿਕਾਸ ਵਿਚ ਆੜੇ ਨਹੀਂ ਆਉਂਦੇ ।

'ਅਧਿਕਾਰ' ਵਿਚ ਨਵਾਬ ਬੇਗਮ ਭਾਵੇਂ ਆਪ ਅਣਜੋੜ ਵਿਆਹ ਦਾ ਸੰਤਾਪ ਝੱਲ ਚੁੱਕੀ ਹੈ ਅਤੇ ਆਪਣੀ ਪਹਿਲਕਦਮੀ ਨਾਲ ਉਸ ਜਿਲ੍ਹਣ ਵਿਚੋਂ ਨਿਕਲ ਅੱਬੂ ਨਾਲ ਵਿਆਹ ਕਰਾ ਨਵੇਂ ਜੀਵਨ ਦੀ ਉਸਾਰੀ ਕਰਦੀ ਹੈ ਪਰ ਆਪਣੀ ਧੀ ਦੇ ਵਿਆਹ ਦੇ ਸੰਬੰਧ ਵਿਚ ਉਹੀ ਗਲਤੀ ਕਰ ਬੈਠਦੀ ਹੈ ਜਿਹੜੀ ਉਹਦੇ ਮਾਂ-ਪਿਆਂ ਨੇ ਉਸ ਦੇ ਸੰਬੰਧ ਵਿਚ ਕੀਤੀ ਸੀ । ਸ਼ੈਹਨਾਜ਼ ਵੀ ਸਮੇਂ ਸਿਰ ਬਗਾਵਤ ਨਹੀਂ ਕਰਦੀ ਅਤੇ ਅਫਲਾਤੂਨੀ ਪਿਆਰ ਫਲਸਫੇ ਦੀਆਂ ਹਵਾਈਆਂ ਵਿਚ ਉਲਝੀ ਆਪਣੀ ਜ਼ਿੰਦਗੀ ਨੂੰ ਬਰਬਾਦੀ ਦੇ ਮੂੰਹ ਧੱਕ ਬੈਠਦੀ ਹੈ । ਬਾਅਦ ਵਿਚ ਉਹ ਵੀ ਮਾਂ ਵਾਂਗ ਹੀ ਬਗਾਵਤ ਕਰਦੀ ਹੈ ਅਤੇ ਆਪਣੇ ਪ੍ਰੇਮੀ ਸਲੀਮ ਨੂੰ ਪਾ ਲੈਣ ਵਿਚ ਸਫਲ ਹੋ ਜਾਂਦੀ ਹੈ ।

ਨਰੂਲੇ ਦੀਆਂ ਲਗਭਗ ਸਾਰੀਆਂ ਕਹਾਣੀਆਂ ਹੀ ਵਿਅਕਤੀ ਸਾਹਮਣੇ ਸੁਖੀ ਜੀਵਨ ਪਾ ਲੈਣ ਦੀਆਂ ਮੌਜੂਦ ਸੰਭਾਵਨਾਵਾਂ ਦੇ ਸੰਦਰਭ ਵਿਚ ਲਿਖੀਆਂ ਗਈਆਂ ਹਨ । ਉਹਦੇ ਪਾਤਰ ਜੁਰਅਤ ਵਾਲੇ ਪਾਤਰ ਹਨ ਜਿਹੜੇ ਇਹਨਾਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਨਿਰਣਾਇਕ ਕਦਮ ਪੁੱਟਦੇ ਹਨ ਅਤੇ ਆਪਣੀ ਹੋਣੀ ਦੀ ਲਗਾਮ ਆਪਣੇ ਹੱਥ ਲੈਣ ਲਈ ਸੰਘਰਸ਼ਸ਼ੀਲ ਹਨ । ਇਹ ਨਵਾਂ ਨਰੋਆ ਜੀਵਨ ਫਲਸਫਾ ਨਰੂਲੇ ਦੀਆਂ ਕਹਾਣੀਆਂ ਦੇ ਆਰਪਾਰ ਫੈਲਿਆ ਹੋਇਆ ਹੈ ਪਰ ਏਨੇ ਸੁਭਾਵਕ ਢੰਗ ਨਾਲ ਕਾਰਜਸ਼ੀਲ ਹੈ ਕਿ ਕਿਤੇ ਵੀ ਨਾਅਰੇਬਾਜ਼ੀ ਨਹੀਂ ਬਣਦਾ ਕਿ ਕਿਤੇ ਵੀ ਇਹ ਨਹੀਂ ਲਗਦਾ ਕਿ ਲੇਖਕ ਮੱਲੋਜੋਰੀ ਆਪਣੇ ਪਾਤਰਾਂ ਨੂੰ ਆਪਣੀ ਫਲਸਫੇ ਦੀ ਰੰਗਤ ਚਾੜ੍ਹ ਰਿਹਾ ਹੈ ।

'ਜੇ ਕਿਤੇ' ਦਾ ਯਤੀਮ ਕਾਦਰ ਆਪਣੀ ਹਿੰਮਤ ਅਤੇ ਹੁਸੈਨ ਬੀਬੀ ਤੇ ਲਾਲ ਖਾਂ ਦੇ ਦਿੱਤੇ ਸਹਾਰੇ ਦੇ ਸਿਰ ਮੁਨਸ਼ੀ ਬਣ ਜਾਂਦਾ ਹੈ ਤੇ ਉਹ ਮੁਜਾਰਿਆਂ ਵਿਚ ਆਪਣੇ ਇਨਸਾਨੀ ਵਰਤਾਓ ਸਕਦਾ ਬਹੁਤ ਹਰਮਨ ਪਿਆਰਾ ਹੈ । ਪਰ ਹਾਕੂ ਤੇ ਉਹਦਾ ਪਰਿਵਾਰ ਕਾਦਰ ਦੀਆਂ ਖੁਸ਼ੀਆਂ ਨੂੰ ਬਰਬਾਦ ਕਰਨ ਤੇ ਤੁਲੇ ਹੋਏ ਹਨ । ਸਾਦਕ ਤੇ ਤਾਲਿਆਂ ਦਾ ਮੁਜਾਰਾ ਪਰਿਵਾਰ ਉਹਦੇ ਸ਼ੁਭਚਿੰਤਕ ਹਨ ਪਰ ਤਾਲਿਆਂ ਦੇ ਉਸ ਨੂੰ ਸਾਕ ਕਰਾਉਣ ਦੇ ਯਤਨ ਨੂੰ ਵੀ ਹਾਕੂ ਪਰਿਵਾਰ ਅਸਫਲ ਕਰਨ ਵਿਚ ਸਫ਼ਲ ਹੋ ਜਾਂਦਾ ਹੈ । ਫਿਰ ਤਾਲਿਆਂ ਦੇ ਡੰਗਰ ਚਾਰਦੇ ਮੁੰਡੇ ਦਾ ਜਾਗੀਰਦਾਰ ਦੇ ਕੁੱਟਣ ਸਦਕਾ ਮਰ ਜਾਣਾ ਅਤੇ ਇਲਜ਼ਾਮ ਕਾਦਰ ਸਿਰ ਲਾ ਦੇਣ ਦੀ ਘਟਨਾ ਸੰਭਾਵੀ ਸਾਕ ਦੇ ਆਸਾਰਾਂ ਨੂੰ ਬਰਬਾਦ ਕਰ ਦਿੰਦੀ ਹੈ । ਬੇਵਾ ਤਾਲਿਆਂ ਵੀ ਇਕ ਵਾਰ ਕਾਦਰ ਨੂੰ ਕਾਤਲ ਮੰਨ ਲੈਂਦੀ ਹੈ ਅਤੇ ਉਹਦੇ ਖਿਲਾਫ ਗਵਾਹ ਵੀ ਬਣ ਜਾਂਦੀ ਹੈ । ਪਰ ਕੁਝ ਸਮੇਂ ਬਾਅਦ ਹੀ ਉਹ ਹਾਕੂ ਪਰਿਵਾਰ ਦੀ ਕਾਦਰ ਨੂੰ ਫਾਂਸੀ ਲੁਆਉਣ ਦੀ ਸਾਜ਼ਸ਼ ਨੂੰ ਸਮਝਕੇ ਕਾਦਰ ਦਾ ਬੇਕਸੂਰ ਹੋਣਾ ਜਾਣ ਲੈਂਦੀ ਹੈ । ਤਾਲਿਆਂ ਕਾਦਰ ਦੇ ਪੱਖ ਵਿੱਚ ਗਵਾਹੀ ਦੇ ਦਿੰਦੀ ਹੈ । ਕਾਦਰ ਬਰੀ ਹੋ ਜਾਂਦਾ ਹੈ । ਪਰ ਉਹਨੂੰ ਲਗਦਾ ਹੈ ਕਿ ਤਾਲਿਆਂ ਨੇ ਉਹਨੂੰ ਦਿਲੋਂ ਮਾਫ ਨਹੀਂ ਕੀਤਾ । ਹੁਸੈਨ ਬੀਬੀ ਉਸਨੂੰ ਬਰੀ ਹੋਣ ਵਾਲੇ ਦਿਨ ਹੀ ਤਾਲਿਆਂ ਦੁਆਰਾ ਉਸਨੂੰ ਜੀਵਨ-

ਸਾਥੀ ਬਣਾਉਣ ਦਾ ਫੈਸਲਾ ਸੁਣਾਉਣ ਦੀ ਬਜਾਏ ਅਗਲੇ ਦਿਨ ਤਕ ਮੁਲਤਵੀ ਕਰ ਦਿੰਦੀ ਹੈ । ਪਰ ਉਸੇ ਰਾਤ ਕਾਦਰ ਆਤਮਘਾਤ ਕਰ ਲੈਂਦਾ ਹੈ ।

'ਨੱਜੋ ਦਾ ਖੂਹ' ਇਕ ਲੰਮੀ ਕਹਾਣੀ ਹੈ ਜਿਸ ਵਿਚ ਕਈ ਕਹਾਣੀਆਂ ਸਮਾਈਆਂ ਹੋਈਆਂ ਹਨ । ਪਰੀ-ਕਹਾਣੀਆਂ ਵਰਗੇ ਅਦਭੁਤ ਮਾਹੌਲ ਦੀ ਸਿਰਜਣਾ, ਗੁੱਜਰ ਅਤੇ ਬਲੋਚ ਕਬੀਲਿਆਂ ਨਾਲ ਸੰਬੰਧਤ ਆਜ਼ਾਦ ਤਬੀਅਤ ਅਤੇ ਇਨਸਾਨੀ ਹਮਦਰਦੀ ਨਾਲ ਭਰਪੂਰ ਪਾਤਰਾਂ ਦੀ ਉਸਾਰੀ ਅਤੇ ਪੰਜਾਬੀ ਸਭਿਆਚਾਰ ਦੇ ਅਨੋਖੇ ਅਤੇ ਜਾਨਦਾਰ ਵੇਰਵਿਆਂ ਦੀ ਜੜਤ ਰਾਹੀਂ ਜੀਵਨ ਪ੍ਰੇਰਕ ਦੇ ਤੌਰ ਤੇ ਮੋਹ-ਪਿਆਰ ਦੀ ਬੁਨਿਆਦੀ ਅਹਿਮੀਅਤ ਨੂੰ ਪ੍ਰਗਟਾਉਣ ਵਿਚ ਇਹ ਕਹਾਣੀ ਬਹੁਤ ਬੁਲੰਦ ਦਰਜੇ ਨੂੰ ਛੋਹ ਜਾਂਦੀ ਹੈ ।

'ਧੂੜਾਂ ਦੱਬੇ ਮੋਤੀ' ਵਿੱਚ ਇਕ ਬੱਚੀ ਦੀ ਜ਼ਿੰਦਗੀ ਵਿੱਚ ਆਏ ਵੱਡੇ ਪਰਿਵਰਤਨ ਦਾ ਜ਼ਿਕਰ ਹੈ ਜਿਸਨੂੰ ਇਸਾਈ ਮਿਸ਼ਨਰੀ ਨੇ ਅਪਣਾ ਲਿਆ ਅਤੇ ਸਖਸ਼ੀਅਤ ਦੇ ਵਿਕਾਸ ਲਈ ਭਰਪੂਰ ਮੌਕਾ ਦਿੱਤਾ । ਹਰੇਕ ਲਈ ਭਰਪੂਰ ਮੌਕਿਆਂ ਦਾ ਮੌਜੂਦ ਹੋਣਾ ਇਸ ਜੀਵਨ ਨੂੰ ਬਹੁਤ ਖੂਬਸੂਰਤ ਬਣਾ ਸਕਦਾ ਹੈ । ਸਾਡੇ ਸਮਾਜਕ, ਧਾਰਮਕ, ਰਾਜਨੀਤਿਕ ਆਗੂਆਂ ਦੁਆਰਾ ਰਚਨਾਤਮਕ ਪਹਿਲਕਦਮੀਆਂ ਦੀ ਵੱਡੀ ਘਾਟ ਦਾ ਅਹਿਸਾਸ ਕਰਵਾਉਂਦੀ ਇਹ ਕਹਾਣੀ ਪਾਠਕਾਂ ਨੂੰ ਸਮਾਜਕ ਪਰਿਵਰਤਨ ਵਾਸਤੇ ਯਤਨਸ਼ੀਲ ਹੋਣ ਲਈ ਪ੍ਰੇਰਨ ਦੀ ਸਮਰੱਥਾ ਦੀ ਧਾਰਨੀ ਹੈ ।

ਮਿਤੀ : 4 ਅਪ੍ਰੈਲ 2001

**ਚਰਨ ਗਿੱਲ,**
ਪਟਿਆਲਾ ।

# ਪੱਕੀ ਵੰਡ

ਦਿਨ ਦਾ ਚੌਥਾ ਕੁ ਪਹਿਰ ਸੀ । ਖਿਝੇ ਹੋਏ ਜਾਹਨੇ ਨੇ ਭਾਰੀ ਪੱਠਿਆਂ ਦੀ ਪੰਡ ਮਸ਼ੀਨ ਕੋਲ ਵਗਾਹ ਕੇ ਮਾਰੀ । ਸਿਰ ਤੋਂ ਚਾਦਰ ਦਾ ਮੰਡਾਸਾ ਲਾਹ ਕੇ ਲੱਕੜਾਂ ਤੇ ਸੁੱਟਿਆ ਅਤੇ ਖਰਵੇ ਰੁਖ ਵਿੱਚ ਖਿਝ ਕੇ ਕਿਹਾ, "ਆਹ ਸਾਂਭ ਭਾਬੀ ਪੱਠੇ । ਨਾ ਮੈਥੋਂ ਕੁਤਰੇ ਜਾਂਦੇ ਨੇ ਨਾ ਡੰਗਰਾਂ ਨੂੰ ਪਾਏ ਜਾਂਦੇ ਨੇ । ਤੂੰ ਜਾਣ ਤੇਰਾ ਕੰਮ ਜਾਣੇ. . . ." ਅਤੇ ਬਾਕੀ ਗੱਲ ਮੂੰਹ ਵਿੱਚ ਹੀ ਘੁੱਟ ਕੋਲ ਪਈ ਮੰਜੀ ਤੇ ਵੱਟੇ ਵਾਂਗ ਡਿੱਗ ਪਿਆ ।

ਛਰੇਰੇ ਦਰਮਿਆਨੇ ਕੱਦ, ਕੋਮਲ ਮਲੂਕ ਜੁੱਸੇ, ਅਤੇ ਇਕਹਿਰੇ ਸਰੀਰ ਪਰ ਅਤਿ ਸਾਊ ਅਤੇ ਹਸਮੁੱਖ ਸੁੰਦਰ ਮੁਖੜੇ ਵਾਲੀ ਭਾਬੀ ਬਸ਼ੀਰਾਂ ਨੇ ਹੱਥੋਂ ਦੁੱਧ ਵਾਲੀ ਅਣਕੂਚੀ ਕਾੜ੍ਹਨੀ ਉਵੇਂ ਹੀ ਰੱਖ ਦਿੱਤੀ ਅਤੇ ਉਹਦੇ ਵੱਲ ਵੱਧਦੀ ਨੇ ਕਿਹਾ, "ਵੇ ਫਿਰ ਕਿਸੇ ਚੰਦਰੇ ਨੇ ਕੁੱਝ ਆਖ ਦਿੱਤਾ ?" ਅਤੇ ਪੱਲੇ ਨਾਲ ਹੱਥ ਪੂੰਝਦੀ ਜਾਹਨੇ ਦੇ ਕੋਲ ਮੰਜੇ ਉੱਤੇ ਆ ਬੈਠੀ ।

ਜਾਹਨੇ ਹੋਰੀਂ ਚਾਰ ਭਰਾ ਸਨ । ਸਭ ਤੋਂ ਵੱਡਾ ਉਮਰਦੀਨ ਜਿਸਨੂੰ ਆਮ ਲੋਕ ਪਿੰਡ ਵਿਚ ਉਮਰਾ ਕਹਿੰਦੇ ਸਨ । ਛੋਟਾ ਦਿਲਾਵਰ ਖਾਂ ਉਰਫ ਦੂਲਾ, ਉਸ ਤੋਂ ਛੋਟਾ ਮੁਹੰਮਦ ਸ਼ਦੀਕ ਅਤੇ ਸਭ ਤੋਂ ਛੋਟਾ ਚੌਥੇ ਥਾਂ ਰਮਜਾਨ ਉਰਫ ਜਾਹਨਾ ।

ਬਸ਼ੀਰਾਂ ਜਦੋਂ ਉਮਰੇ ਨਾਲ ਵਿਆਹੀ ਉਦੋਂ ਜਾਹਨੇ ਦੀ ਉਮਰ 13-14 ਸਾਲ ਸੀ । ਬਸ਼ੀਰਾਂ ਨੇ ਵਿਹੜੇ ਪੈਰ ਕੀ ਪਾਇਆ ਘਰ ਦੀ ਕਾਇਆ ਹੀ ਪਲਟ ਗਈ । ਨਾਜ਼ੁਕ ਮਲੂਕ ਜੁੱਸਾ, ਸੁੰਦਰ ਨੈਣ ਨਕਸ਼, ਮਿੱਠਾ ਸੁਭਾਅ, ਗੰਦਮੀ ਗੋਰਾ ਰੰਗ । ਵਿਹੜੇ ਵਿੱਚ ਜਿਵੇਂ ਚਾਨਣੀ ਦਾ ਬੂਟਾ ਖਿੜ ਪਿਆ ਹੋਵੇ । ਬਸ਼ੀਰਾਂ ਜਿੰਨੀ ਸੁੰਦਰ ਸੀ ਉਨੀ ਹੀ ਉਹ ਸਿਆਣੀ, ਸਾਊ, ਸੁਘੜ ਤੇ ਹਸਮੁੱਖ ਸੀ । ਮਿੱਠੀ ਜ਼ੁਬਾਨ ਨਾਲ ਘਰ ਨੂੰ ਭਾਗ ਤਾਂ ਲੱਗਣਾ ਹੀ ਸੀ ਸਗੋਂ ਬਾਹਰ ਖੇਤੀ ਨੂੰ ਵੀ ਚਾਰ ਚੰਨ ਲੱਗ ਗਏ । ਉਹਦਾ ਅਸੂਲ ਸੀ ਹਾਲੀ ਪਾਲੀ ਨੂੰ ਵੇਲੇ ਸਿਰ ਲੱਸੀ ਰੋਟੀ ਮਿਲੇ ਤਾਂ ਕੰਮ ਵਿੱਚ ਬਰਕਤ ਹੁੰਦੀ ਏ । ਫੌਸਲ ਭਰਵੀਂ ਹੋਣ ਤੇ ਘਰ ਵਿੱਚ ਕਿਸੇ ਚੀਜ਼ ਦੀ ਥੁੜ

ਨਾ ਰਹੀ । ਗੁੜ-ਗੰਨਾਂ ਦਾਣਾ-ਫੱਕਾ ਭੜੋਲੇ ਭਰੇ ਰਹਿੰਦੇ । ਪਰ ਪੰਜ ਸਾਲ ਲੰਘ ਜਾਣ ਤੇ ਵੀ ਬਸ਼ੀਰਾਂ ਦੀ ਗੋਦ ਹਰੀ ਨਾ ਹੋਈ । ਵੈਦਾਂ ਹਕੀਮਾਂ ਤੋਂ ਛੁੱਟ ਦੱਸ ਪੈਂਦੇ ਸਾਧਾਂ ਸੰਤਾਂ, ਪੀਰਾਂ ਫਕੀਰਾਂ ਦੀਆਂ ਭਭੂਤੀਆਂ, ਤਵੀਤ, ਧਾਗੇ ਕੋਈ ਰਾਸ ਨਾ ਆਏ ।

ਕਈ ਵਾਰ ਉਮਰਾ ਉਦਾਸ ਹੋ ਜਾਂਦਾ ਤਾਂ ਬਸ਼ੀਰਾਂ ਕਹਿੰਦੀ "ਮੇਰੀ ਮੰਨ ਤੇ ਹੋਰ ਵਿਆਹ ਕਰਾਲੈ ।"

ਪਰ ਉਮਰਾ ਦੁਖੀ ਹੋ ਜਾਦਾ ਤੇ ਕਹਿੰਦਾ, "ਸ਼ੀਰੀ, ਮੈਨੂੰ ਔਲਾਦ ਦੀ ਕੋਈ ਭੁੱਖ ਨਹੀਂ । ਮੇਰੇ ਭਰਾ ਹੀ ਮੇਰੇ ਪੁੱਤਰ ਨੇ । ਮੈਂ ਹੋਰ ਵਿਆਹ ਲਈ ਨਹੀਂ ਸੋਚਦਾ । ਮੈਂ ਤਾਂ ਇਸ ਲਈ ਦੁਖੀ ਹਾਂ ਕਿਤੇ ਤੂੰ ਦੁਖੀ ਹੋ ਕੇ ਕੋਈ ਗਮ ਦਾ ਰੋਗ ਨਾ ਲਾ ਲਵੇਂ ।"

ਅਤੇ ਬਸ਼ੀਰਾਂ ਦਾ ਗੁਲਾਬੀ ਚਿਹਰਾ ਹੋਰ ਗੁਲਾਬੀ ਹੋ ਜਾਂਦਾ । ਉਹ ਕਿਹੜਾ ਦਿਉਰਾਂ ਨਾਲ ਘੱਟ ਮੋਹ ਕਰਦੀ ਸੀ । ਘਰੋਂ ਖੇਤ ਤੇ ਖੇਤੋਂ ਘਰ ਤੁਰੀ ਰਹਿੰਦੀ । ਕੰਮ ਕਰਦੀ ਉਹ ਨਾ ਕਦੇ ਅੱਕਦੀ ਨਾ ਥੱਕਦੀ ।

ਫਿਰ ਉਸ ਆਪਣੇ ਰਿਸ਼ਤੇਦਾਰਾਂ ਵਿੱਚੋਂ ਦੋ ਸਕੀਆਂ ਭੈਣਾਂ ਦੇ ਰਿਸ਼ਤੇ ਲਿਆ ਦੋਹਾਂ ਦਿਉਰਾਂ ਦੂਲੇ ਅਤੇ ਸ਼ਦੀਕ ਨੂੰ ਵਿਆਹ ਲਿਆ ਸ਼ੀ ਅਤੇ ਵਿਆਹ ਤੇ ਸਭ ਸੱਧਰਾਂ, ਸਭ ਰੀਝਾਂ ਪੂਰੀਆਂ ਕਰ ਲਈਆਂ ਸਨ ਅਤੇ ਨਿਰੇ ਭਰਜਾਈਆਂ ਵਾਲੇ ਹੀ ਨਹੀਂ ਮਾਵਾਂ ਵਾਲੇ ਵੀ ਸਾਰੇ ਸ਼ਗਨ ਕੀਤੇ ਸਨ । ਦੂਲੇ ਦੀ ਘਰਵਾਲੀ ਕਾਦਰੀ ਦਾ ਤਾਂ ਵਿਆਹ ਮੁਕਲਾਵਾ 'ਕੱਠਾ ਹੀ ਮਿਲ ਗਿਆ ਪਰ ਸ਼ਦੀਕ ਦੀ ਘਰਵਾਲੀ ਪੰਦਰਵੇਂ, ਚੌਦਵੇਂ ਹੋਣ ਕਰਕੇ ਨਿਰਾ ਨਿਕਾਹ ਹੀ ਹੋਇਆ ਅਤੇ ਡੋਲੀ ਮੁਕਲਾਵਾ ਨਾ ਮਿਲਿਆ ।

ਕਾਦਰੀ ਵਾਹਵਾ ਬਣਦੀ ਫੱਬਦੀ ਸੀ ਪਰ ਸੁਭਾ ਦੀ ਚੰਦਰੀ ਹੀ ਨਿਕਲੀ। ਕੰਘੀ ਪੱਟੀ ਕਰ ਫੁੱਲ ਚਿੜੀਆਂ ਤਾਂ ਉਹ ਵਾਹਵਾ ਕੱਢ ਲੈਂਦੀ । ਸੱਕ ਸੁਰਮਾ ਪਾ ਡੋਰੇ ਖਿੱਚ ਲੈਂਦੀ ਪਰ ਘਰਦੇ ਕੰਮ ਦਾਂ ਡੱਕਾ ਤੋੜ ਕੇ ਖੁਸ਼ ਨਹੀਂ ਸੀ । ਪੂਰੀ ਹੱਡ ਹਰਾਮ ਸੀ । ਰੰਗ ਢੰਗ ਦੀ ਚੰਗੀ ਹੋਣ ਕਰਕੇ ਉਸ ਦੂਲੇ ਅਤੇ ਸ਼ਦੀਕ ਦੋਹਾਂ ਨੂੰ ਹੱਥ ਕਰ ਲਿਆ ਸੀ । ਉਹ ਵੀ ਮੱਧ ਮਹਿਕ ਵਿੱਚ ਐਸੇ ਫਸੇ ਕਿ ਕਾਦਰੀ ਦੇ ਗੋਡੇ

ਮੁੱਢ ਹੀ ਬੈਠੇ ਰਹਿੰਦੇ ਅਤੇ ਮਾਰੀਦੇ ਹੀ ਖੂਹ ਖੇਤ ਜਾਂਦੇ । ਅਤੇ ਖੇਤੀ ਦਿਨੋ ਦਿਨ ਕਮਜ਼ੋਰ ਹੋਣ ਲੱਗੀ ।

ਜੇ ਕਦੇ ਬਸ਼ੀਰਾਂ ਆਖ ਦਿੰਦੀ, "ਵੇ ਸ਼ਦੀਕ ਹੁਣ ਖੇਤ ਬੰਨੇ ਦਾ ਵੀ ਕੁੱਝ ਖਿਆਲ ਕਰੋ" ਤਾਂ ਕਾਦਰੀ ਬੁੜ-ਬੁੜ ਕਰਦੀ । ਕੰਢੇ ਲੂਹਣ ਲੱਗ ਪੈਂਦੀ । ਉਂਝ ਵੀ ਜੇਕੋਈ ਗੱਲ ਨਾ ਹੋਵੇ ਤਾਂ ਉਹ ਲੜਨ ਲਈ ਕੋਈ ਨਾ ਕੋਈ ਰਾਹ ਬਣਾ ਲੈਂਦੀ ਅਤੇ ਬਾਤ ਦਾ ਬਤੰਗੜ ਖੜਾ ਕਰ ਲੈਂਦੀ । ਬਣੇ ਘਰ ਵਿੱਚ ਕੋਈ ਵਿਘਨ ਨਾ ਪੈ ਜਾਵੇ ਇਸ ਲਈ ਬਸ਼ੀਰਾਂ ਕਿਸੇ ਗੱਲ ਦਾ ਉਤਾਹ ਨਾ ਕਰਦੀ ਤੇ ਦਰ ਗੁਜਰ ਕਰੀਂ ਜਾਂਦੀ । ਮਿੱਠੇ ਸੁਭਾਅ ਮੁਤਾਬਕ ਉਹ ਕਈ ਵਾਰੀ ਕਾਦਰੀ ਦੀ ਕੌੜੀ ਗੱਲ ਨੂੰ ਵੀ ਮਿੱਠੀ ਕਰਨ ਦੀ ਕੋਸ਼ਿਸ਼ ਕਰਦੀ ।

ਪਰ ਤੂੰਮੇ ਅੰਮ੍ਰਿਤ ਸਿੰਚਇ, ਕੁੜਿਤ ਨਾ ਜਾਇ ।

ਆਖਰ ਤੂੰਮਾਂ ਤਾਂ ਤੂੰਮਾਂ ਹੀ ਹੁੰਦਾ ਹੈ । ਖੰਡ ਪਾਇਆਂ ਉਹਦੀ ਕੌੜ ਨਹੀਂ ਜਾਂਦੀ । ਫਿਰ ਇੱਕ ਦਿਨ ਕਾਦਰੀ ਦੇ ਕੌੜੇ ਕੁਰੱਖਤ ਬੋਲ ਉਮਰੇ ਦੇ ਕੰਨੀ ਪੈ ਗਏ । ਉਸ ਦੂਲੇ ਅਤੇ ਸ਼ਦੀਕ ਦੋਹਾਂ ਨੂੰ ਬੁਲਾ ਖੇਤ ਦੀ ਵੱਟ ਤੇ ਬਿਠਾ ਲਿਆ;

"ਵੇਖੋ ਵੀਰੋ, ਘਰ ਤੁਹਾਡਾ, ਬਾਹਰ ਤੁਹਾਡਾ, ਸਾਡਾ ਦੋਹਾਂ ਜੀਆਂ ਦਾ ਕੀ ਏ । ਅੱਜ ਅੱਖਾਂ ਮੀਟੀਆਂ ਕੱਲ੍ਹ ਨੂੰ ਦੂਜਾ ਦਿਨ । ਪਰ ਤੁਸੀ ਜਰਾ ਕਾਦਰੀ ਨੂੰ ਸਮਝਾਉ । ਜਿੰਨਾ ਹੁੰਦਾ ਏ, ਜਿੰਨਾ ਦਿਲ ਮੰਨੇ ਕਰੇ ਪਰ ਘਰ ਵਿੱਚ ਕਲੇਸ਼ ਨਾ ਪਾਵੇ । ਕਲੇਸ਼ ਵਾਲੇ ਘਰ 'ਚੋਂ ਬਰਕਤ ਉਡ ਜਾਂਦੀ ਏ । ਨਾਲੇ ਬਸ਼ੀਰਾਂ ਤੁਹਾਡੀ ਮਾਂ ਵਰਗੀ ਏ ।"

ਦੂਲੇ ਨੇ ਹੱਥ ਵਿੱਚ ਫੜੇ ਡੱਕੇ ਨਾਲ ਲਕੀਰ ਖਿੱਚੀ ਤੇ ਡੱਕਾ ਤੋੜਿਆ ਅਤੇ ਅੰਨਾ ਸੋਟਾ ਗੱਲ ਵਾਹੀ ਤੇ ਕਿਹਾ, "ਵੇਖ ਭਾ, ਭਾਬੀ ਸਾਨੂੰ ਵੀ ਨਿੱਤ ਟੋਕਾ ਟਾਕੀ ਕਰਦੀ ਰਹਿੰਦੀ ਏਂ । ਅਸੀਂ ਕਿਹੜਾ ਕੰਮ ਨਹੀਂ ਕਰਦੇ । ਗੱਲ ਸਿੱਧੀ ਏ । ਭਾਬੀ ਦਾ ਸੁਭਾਅ ਨਹੀਂ ਰਿਹਾ ਠੀਕ । ਨਾਲੇ ਸੌ ਹੱਥ ਰੱਸਾ ਸਿਰੇ ਤੇ ਗੰਢ । ਜੇ ਅਸੀਂ ਘਰ ਵਿੱਚ ਨਹੀਂ ਖੱਪਦੇ ਤਾਂ ਸਾਨੂੰ ਅੱਡ ਕਰ ਦਿਓ ।"

ਉਮਰੇ ਦੇ ਮੱਥੇ ਤੇ ਤਰੇਲੀ ਆ ਗਈ । ਉਹਨੂੰ ਕੋਈ ਚਿੱਤ ਚੇਤਾ ਵੀ

ਨਹੀਂ ਸੀ ਕਿ ਬੁਰਕੀਆਂ ਦੇ ਕੇ ਪਾਲੇ ਹੋਏ ਭਰਾ ਮੂੰਹ ਪਾੜ ਬੋਲਣਗੇ । ਉਸ ਉਡਦੇ ਹਵਾਸ ਕਾਬੂ ਕੀਤੇ ਅਤੇ ਸ਼ਦੀਕ ਨੂੰ ਕਿਹਾ, "ਕਿਉਂ ਸਦੀਕ ਮੈਂ ਕੋਈ ਕੋੜੀ ਫਿਕੀ ਗਲ ਕੀਤੀ ਏ ?"

"ਪਰ ਦੂਲੇ ਨੇ ਕਿਹੜੀ ਮਾੜੀ ਆਖੀ ਏ ? ਨਹੀਂ ਕੱਟਦੀ ਤਾਂ ਸਾਨੂੰ ਅੱਡ ਕਰ ਦਿਉ । ਸਾਲ ਛਿਮਾਹੀ ਮੇਰਾ ਵੀ ਟੱਬਰ ਆਉਣਾ ਏ । ਭਾਬੀ ਇੱਕ ਨੂੰ ਨਹੀਂ ਝੱਲ ਸਕੀ ਫਿਰ ਦੋਹਾਂ ਨੂੰ ਕਿਵੇਂ ਝੱਲੇਗੀ ।" ਸ਼ਦੀਕ ਇੱਕ ਸਾਹੇ ਗੱਲ ਸਿਰੇ ਲਾ ਗਿਆ।

ਅਤੇ ਦੂੱਲੇ ਨੇ ਗੱਲ ਟੁੱਕ ਲਈ," ਨਾਲੇ ਭਾ, ਸਦੋ ਸਦੀ ਕਿਹੜਾ ਕਿਸੇ ਦੀ ਲੰਘੀ ਏ । ਅੱਜ ਨਹੀਂ ਤਾਂ ਕੱਲ੍ਹ, ਕੱਲ੍ਹ ਨਹੀਂ ਤਾਂ ਅਗਲੇ ਦਿਨ । ਇਹ ਤਾਂ ਹੁੰਦਾ ਹੀ ਆਇਆ ਏ, ਮੁੱਢ ਕਦੀਮ ਤੋਂ ।"

ਉਮਰਾ ਕੁੱਝ ਨਾ ਬੋਲ ਸਕਿਆ । ਹੂੰ ਨਾ ਹਾਂ । ਉਹਨੂੰ ਤਾਂ ਅੰਦਰੇ-ਅੰਦਰ ਡੋਬੂ ਜਿਹਾ ਪੈ ਗਿਆ । ਜਦੋਂ ਉਹ ਘਰ ਆਇਆ ਤਾਂ ਮੱਧਿਆ ਮਲਿਆ ਜਿਹਾ ਸੀ । ਉਹਦੀਆਂ ਅੱਖਾਂ ਅਗੇ ਹਨੇਰੇ ਸਾਏ ਨੱਚ ਰਹੇ ਸਨ । ਜਦੋਂ ਬਸ਼ੀਰਾਂ ਨੇ ਕਾਰਨ ਪੁੱਛਿਆ ਤਾਂ ਉਮਰੇ ਨੇ ਸਾਰੀ ਗੱਲ ਦੱਸੀ । "ਬਸ਼ੀਰਾਂ, ਬਗਾਨੀ ਧੀ ਨੂੰ ਕੀ ਦੋਸ਼ ਦਈਏ । ਮੇਰੇ ਭਰਾ ਹੀ ਕੁਰਾਹੇ ਪੈ ਰਹੇ ਨੇ ।"

ਅਤੇ ਫਿਰ ਰਾਤੀ ਤਿੰਨਾਂ ਨੂੰ ਬਿਠਾ ਬਸ਼ੀਰਾਂ ਨੇ ਹੱਥ ਬੰਨ੍ਹੇ ।

"ਵੇ ਵਾਸਤਾ ਜੇ ਕਿਸੇ ਵੱਡ ਵਡੇਰੇ ਦਾ । ਘਰ ਵਿੱਚ ਤਰੇੜ ਨਾ ਪਾਉ । ਪਾਟੇ ਘਰਾਂ ਤੇ ਖ਼ੁਦਾ ਰਸੂਲ ਵੀ ਕਹਿਰ ਨਾਜ਼ਲ ਕਰਦਾ ਏ । ਕੁੱਝ ਲੋਕ ਚਰਚਾ ਦਾ ਹੀ ਧਿਆਨ ਕਰੋ । ਏਕੇ ਵਿੱਚ ਬਰਕਤਾਂ ਹੁੰਦੀਆਂ ਨੇ । ਸਾਲ ਨਾ ਛਮਾਹੀ ਘੱਟੋ ਘੱਟ ਰਮਜ਼ਾਨ ਨੂੰ ਤਾਂ ਵਿਆਹ ਲੈਣ ਦਿਉ ।"

ਪਰ ਉਹਨਾ ਤਿੰਨਾਂ ਹੀ ਇਕ ਸੁਰ ਕਰ ਲਈ ਅਤੇ ਕਾਦਰੀ ਤਾਂ ਹੋਰ ਵੀ ਅੱਗੇ ਲੰਘ ਗਈ ।

"ਬੱਸ-ਬੱਸ ਬੀਬੀ । ਘਰ ਖੇਤ ਅਸੀਂ ਖਪੀਏ ਤੇ ਚੌਧਰਾਂ ਤੁਸੀਂ ਮਾਲਕ ਸੁਆਣੀ ਕਰੋ ।"

"ਨੀ ਤੁਸੀਂ ਸਾਂਭੋ ਚੌਧਰਾਂ ਤੇ ਸਾਨੂੰ ਦੱਸੋ ਕੰਮ । ਪਰ ਵਾਸਤਾ ਮੰਨੋ ਘਰ ਨਾ ਪਾੜੋ । ਮੁੱਠੀ ਬੰਦ ਹੀ ਚੰਗੀ ਜੇ ।"

ਪਰ ਅੜੀਅਲ ਖੋਤੇ ਤੇ ਸਵਾਰ ਉਹ ਤਿੰਨੇ ਹੀ ਅੜੇ ਰਹੇ ਅਤੇ ਇੱਕ ਨਾ ਮੰਨੀ । ਹੱਥ ਜੋੜੇ ਮਿੰਨਤਾਂ ਤਰਲੇ ਕੀਤੇ ਪਰ ਸਭ ਵਿਅਰਥ ਗਏ ਅਤੇ ਜਦੋਂ ਦੁਬਾਰਾ ਕਾਦਰੀ ਦੀ ਜ਼ੁਬਾਨ ਖੁੱਲਣ ਲੱਗੀ ਤਾਂ ਉਮਰੇ ਨੇ ਕਿਹਾ :

"ਬੱਸ-ਬੱਸ ਭਾਈ ਬਹੁਤ ਹੋ ਗਈ । ਆਉ ਇੱਧਰ ।" ਅਤੇ ਉਸ ਕੋਲਾ ਲੈ ਕੇ ਧਰਤੀ ਤੇ ਲਕੀਰਾਂ ਖਿੱਚ ਕੇ ਸੋਲਾਂ ਘੁੰਮਾਂ ਜ਼ਮੀਨ ਦੇ ਦੋ ਟੱਕ ਬਣਾਏ । "ਲਉ ਭਾਈ, ਤੁਹਾਡੀ ਖੁਸ਼ੀ ਜੇ । ਜੇ ਤੁਸੀਂ ਨਹੀਂ ਰਹਿੰਦੇ ਤਾਂ ਦੋ ਟੱਕਾਂ ਵਿੱਚੋਂ ਮਨ ਮਰਜੀ ਦਾ ਟੱਕ ਸਾਂਭ ਲਉ" ।

ਅਤੇ ਉਹਨਾਂ ਮਰਜ਼ੀ ਦਾ ਟੱਕ ਮੱਲ ਲਿਆ ।

"ਦੋਹਾਂ ਘਰਾਂ ਵਿਚੋਂ ਇੱਕ ਘਰ ਲੈ ਲਉ ।"

ਅਤੇ ਉਹਨਾਂ ਬਾਹਰਲਾ ਘਰ ਮੱਲ ਲਿਆ ਜਿਹੜਾ ਕਾਫੀ ਚੰਗਾ ਤੇ ਮੋਕਲਾ ਸੀ । ਚਾਰ ਬਲਦਾਂ ਚੋਂ ਚੰਗੀ ਜੋੜੀ ਮੱਲ ਲਈ । ਮੱਝਾਂ ਝੋਟੀਆਂ ਮਨ ਮਰਜ਼ੀ ਦੀਆਂ ਸਾਂਭੀਆਂ ।

ਉਮਰੇ ਨੇ ਬਸ਼ੀਰਾਂ ਨੂੰ ਆਖਿਆ, "ਲੈ ਬਸ਼ੀਰਾਂ, ਖੇਤ ਬੰਨਾ, ਡੰਗਰ, ਵੱਛਾ, ਘਰ ਤਾਂ ਮੈਂ ਵੰਡ ਦਿੱਤਾ ਏ । ਹੁਣ ਘਰ ਦਾ ਸਮਾਨ ਤੂੰ ਵੰਡਦੇ ।"

ਅਤੇ ਬਸ਼ੀਰਾਂ ਨੇ ਬੂਹੇ ਖੋਲ੍ਹ ਦਿੱਤੇ, "ਲੈ ਜਾਉ ਜਿਸਨੂੰ ਜੋ ਚਾਹੀਦਾ ਏ ।"

ਅਤੇ ਬੁਰੀ ਬੁੱਧ ਹੋਈ ਜਿਸਨੂੰ ਜੋ ਚੀਜ਼ ਦਿਸੀ ਹੱਥ ਧਰਿਆ ਤੇ ਲੈ ਗਏ ਅਤੇ ਰਾਤੋ ਰਾਤ ਇੱਕ ਘਰ ਦੇ ਦੋ ਘਰ ਹੋ ਗਏ ।

ਉਮਰਾ ਤਾਂ ਸ਼ਮੀ ਸੰਝ ਹੀ ਮੰਜੇ ਉੱਤੇ ਪੈ ਗਿਆ ਸੀ । ਭਰਾਵਾਂ ਦੇ ਪਰ੍ਹਾਂ ਹੋਣ ਦਾ ਦੁੱਖ ਉਹਦਾ ਜਾਨ ਲੇਵਾ ਰੋਗ ਬਣ ਗਿਆ । ਸਵੇਰੇ ਤੋਂ ਸ਼ਾਮ ਹੋ ਗਈ । ਉਹ ਗੁੰਮ-ਸੁੰਮ ਪਿਆ ਰਿਹਾ । ਸਾਰੇ ਘਰ ਤੇ ਸੋਗ ਭਰੀ ਉਦਾਸੀ ਸੀ । ਨਾ ਚੁਲ੍ਹੇ ਅੱਗ ਨਾ ਮੱਘੇ ਪਾਣੀ ।

ਘਰ ਦੇ ਤਿੰਨ ਜੀਅ ਉਦਾਸੀ ਵੱਸ ਸਨ । ਉਮਰਾ ਤਾਂ ਪਲੋ ਪਲ

ਨਿਘਰਦਾ ਜਾਂਦਾ ਸੀ । ਬਸ਼ੀਰਾਂ ਦੇ ਓਹੜ ਪੋਹੜ ਤੋੜ ਤੇ ਤਸੱਲੀਆਂ ਵੀ ਉਹਦਾ ਧੀਰਜ ਨਾ ਬੰਨ੍ਹਾ ਸਕੀਆਂ ।

"ਕੀ ਹੋਇਆ ? ਹੌਂਸਲਾ ਕਰ । ਦਿਲ ਧਰ । ਕਿਹੜਾ ਪ੍ਰਦੇਸ਼ ਗਏ ਨੇ । ਸਾਡੇ ਕੋਲ ਹੀ ਨੇ । ਜਿਉਂਦਾ ਰਹੇ, ਰਮਜਾਨ ! ਸਾਨੂੰ ਇੱਕੋ ਹੀ ਤਿੰਨਾਂ ਵਰਗਾ ਏ ।"

ਪਰ ਉਮਰਾ ਹੂੰ ਨਾ ਹਾਂ । ਪੂਰੇ ਅੱਠ ਦਿਨ ਲੰਘ ਗਏ ਅਤੇ ਉਮਰਾ ਉਠਕੇ ਪਿਸ਼ਾਬ ਕਰਨ ਜੋਗਾ ਵੀ ਨਾ ਰਿਹਾ । ਪਿੰਡ ਦਾ ਬੱਚਾ-ਬੱਚਾ ਉਹਦੀ ਖ਼ਬਰ ਸੁਰਤ ਲੈਣ ਆਇਆ ਪਰ ਉਮਰੇ ਦੀਆਂ ਬੇਨੂਰ ਧੁੰਦਲਾਈਆਂ ਅੱਖਾਂ ਇੱਕ ਟੱਕ ਦੂੱਲੇ ਤੇ ਸ਼ਦੀਕ ਨੂੰ ਤਾਂਘਦੀਆਂ ਰਹੀਆਂ ਅਤੇ ਫਿਰ ਨੌਵੇਂ ਦਿਨ ਤੜਕਸਾਰ ਉਸ ਪ੍ਰਾਣ ਤਿਆਗ ਦਿੱਤੇ ।

ਬੀਮਾਰੀ ਵਿੱਚ ਪਿੰਡ ਦੇ ਕਈ ਸਿਆਣਿਆਂ ਨੇ ਦੂੱਲੇ ਤੇ ਸ਼ਦੀਕ ਨੂੰ ਕਿਹਾ ਸੀ । "ਕਮਲਿਉ, ਐਨੇ ਪੱਥਰ ਦਿਲ ਨਾ ਬਣੋ । ਭਰਾ ਬੀਮਾਰ ਜੇ । ਖ਼ਬਰ ਸੁਰਤ ਤਾਂ ਲੈ ਆਉ ।"

ਪਰ ਓਹਨਾਂ ਦਾ ਕੈਹਦਾ ਸੀ "ਹਾਂ, ਭਾਈ ਵੰਡ ਕੇ ਦੇਣਾ ਪਵੇ ਤਾਂ ਬੰਦਾ ਬੀਮਾਰ ਹੋ ਹੀ ਜਾਂਦਾ ਏ । ਬਗਾਨੇ ਸਿਰ ਮੌਜ਼ਾਂ ਲੈਂਦੇ ਸਨ । ਹੁਣ ਅੱਗੋਂ ਕੰਮ ਕਰਨਾ ਦਿਸਦਾ ਏ । ਪਤਾ ਤਾਂ ਹੁਣ ਲੱਗੇਗਾ ਜਦੋਂ ਹੱਥੀਂ ਕਰਨਾ ਪਿਆ ।"

ਪਰ ਬਸ਼ੀਰਾਂ ਦੀ ਚੀਕ ਨੇ ਸਾਰਾ ਪਿੰਡ ਇਕੱਠਾ ਕਰ ਲਿਆ । ਸਾਊ ਸ਼ਰੀਫ਼ ਅਤੇ ਚੰਗੇ ਬੰਦੇ ਦੀ ਬੇਵਕਤ ਮੌਤ ਉੱਤੇ ਹਰ ਕੋਈ ਰੋਇਆ । ਬੱਚੇ-ਬੱਚੇ ਦੁੱਖ ਕੀਤਾ । ਦੂੱਲੇ ਹੋਰੀਂ ਵੀ ਲੱਜੋਂ ਕਲੱਜੋਂ ਆ ਗਏ । ਕਾਦਰੀ ਨੇ ਅੱਖੋਂ ਪਾਣੀ ਕੱਢਣ ਲਈ ਨੱਕ ਦੀ ਫੁੰਗਲੀ ਵਾਰ-ਵਾਰ ਮਰੋੜੀ ਪਰ ਜੇ ਦਿਲ ਨਾ ਪੰਘਰੇ ਤੇ ਹੰਝੂ ਕਿੱਥੋਂ ਆਉਣ । ਪਰ ਨੱਕ ਤਾਂ ਉਸ ਕਈ ਵਾਰ ਸਿਣਕ, ਸਵਾਂਗ ਰਚਿਆ । ਮਈਅਤ ਤਿਆਰ ਹੋਈ ਤਾਂ ਬਸ਼ੀਰਾਂ ਨੇ ਦੋਹਾਂ ਭਰਾਵਾਂ ਨੂੰ ਵਰਜ ਦਿੱਤਾ ।

"ਸ਼ਾਇਦ ਤੁਹਾਡੇ ਦਿਲ ਦੀ ਹੋਈ ਹੋਵੇ । ਜਿਉਂਦੇ ਰਹੋ । ਜਾਉ ਆਪਣੇ ਘਰ ਵਸੋ ਰਸੋ" ਅਤੇ ਕਾਦਰੀ ਨੂੰ ਉਸ ਬਾਹੋਂ ਫੜਕੇ ਦੇਹਲੀ ਟਪਾ ਦਿੱਤਾ । "ਜਾਉ,

ਭਲਾ ਹੋਵੇ ਜੇ । ਬਥੇਰਾ ਰੋ ਲਿਆ ।"

ਫਿਰ ਰਾਤ ਨੂੰ ਨਾ ਚੁੱਲ੍ਹੇ ਅੱਗ ਨਾ ਦੀਵੇ ਬੱਤੀ । ਸੋਗ ਦੀ ਮਾਰੂ ਲਹਿਰ, ਖੁਲ੍ਹਾ ਘਰ ਅਤੇ ਦੋ ਸੋਗੀ ਜੀਅ - ਬਸ਼ੀਰਾਂ ਤੇ ਜਾਹਨਾਂ । ਨਾਂ ਗੱਲ ਨਾ ਕਲਾਮ । ਦੋਵੇਂ ਜੀਅ ਸਿਰ ਸੁੱਟੀ ਪਏ ਰਹੇ । ਅੱਧੀ ਰਾਤ ਟੱਪੀ । ਬਸ਼ੀਰਾਂ ਨੇ ਡੁਸਕਦੇ ਜਾਹਨੇ ਦੇ ਹਟਕੋਰੇ ਸੁਣੇ । ਉਹਦਾ ਦਿਲ ਪੰਘਰਿਆ । ਉਹ ਚੁੱਪ ਚਾਪ ਮੰਜੇ ਤੋਂ ਉਠੀ ਅਤੇ ਜਾਹਨੇ ਦੇ ਮੰਜੇ ਤੇ ਜਾ ਬੈਠੀ । ਪਿਆਰ ਨਾਲ ਜਾਹਨੇ ਦਾ ਸਿਰ ਛਾਤੀ ਨਾਲ ਘੁੱਟ ਲਿਆ । "ਹੌਸਲਾ ਕਰ, ਮੇਰੇ ਬੱਚੇ । ਨਾ ਰੋ, ਮੇਰਾ ਸ਼ੇਰ ਪੁੱਤਰ । ਖੁਦਾ ਨੇ ਦੁੱਖ ਦਿੱਤਾ ਏ ਇਸਨੂੰ ਹੌਸਲੇ ਨਾਲ ਕਟਾਂਗੇ । ਹਿੰਮਤ ਰੱਖ । ਅਸੀਂ ਇਸ ਮੁਸੀਬਤ ਦਾ ਟਾਕਰਾ ਕਰਾਂਗੇ ।"

ਫਿਰ ਬਸ਼ੀਰਾਂ ਨੇ ਲੱਕ ਬੰਨ੍ਹ ਲਿਆ । ਘਰ ਦਾ ਕੰਮ ਮੁਕਾ ਉਹ ਖੇਤ ਚਲੀ ਜਾਂਦੀ । ਕਹੀ, ਕੁਹਾੜੀ, ਖੁਰਪਾ, ਦਾਤੀ ਚੱਲ ਸੋ ਚੱਲ । ਦਿਨ ਰਾਤ ਇੱਕ ਕਰ ਦਿੱਤਾ । ਜਾਹਨਾ ਵੀ ਕੰਮ ਨੂੰ ਚੰਗਾ ਤੁਰਿਆ । ਘਰ ਵਿੰਚ ਜਿੰਨਾ ਦੁੱਧ-ਘਿਉ ਹੁੰਦਾ, ਬਸ਼ੀਰਾਂ ਧੱਕੋ-ਧੱਕੀ ਜਾਹਨੇ ਦੇ ਸੰਘੋਂ ਲਾਹੀ ਜਾਂਦੀ ।

"ਬੱਸ ਭਾਬੀ, ਬੱਸ ।"

"ਵੇ ਬੱਸ ਕਿਉਂ, ਦੱਬ ਕੇ ਖਾਹ ਤੇ ਜੁਆਨ ਹੋ ਜਾ । ਮੇਰਾ ਤਾਂ ਇੱਕੋ ਹੀ ਸੁੱਖ ਨਾਲ ਤਿੰਨਾਂ ਵਰਗਾ ਏ"

ਅਤੇ ਸੱਚ ਮੁੱਚ ਹੀ ਉਹ ਦਿਨਾਂ ਵਿੱਚ ਹੀ ਨਿੱਖਰ ਆਇਆ । ਉਸ ਵਿਚ ਹੌਸਲਾ ਤੇ ਹਿੰਮਤ ਐਨੀ ਸੀ ਕਿ ਅਕੇਵਾਂ ਥਕੇਵਾਂ ਹੁੰਦਾ ਕੀ ਏ । ਤਕੜੀ ਪੰਡ ਪੱਠਿਆਂ ਦੀ ਉਹ ਕਲਾਵਾ ਭਰ ਕੇ ਸਿਰ ਤੇ ਧਰ ਲੈਂਦਾ । ਕਹੀ ਫੜੇ ਤਾਂ ਜੋਤਾ ਪੂਰਾ ਕਰਕੇ ਹੀ ਲੱਕ ਸਿੱਧਾ ਕਰਦਾ । ਅੱਧੀ ਰਾਤ ਢਲੇ ਉਹ ਤੇਲ ਮਲ ਡੰਡ-ਬੈਠਕਾਂ ਜ਼ਰੂਰ ਮਾਰਦਾ । ਇਹ ਉਹਦਾ ਨਿੱਤ-ਨੇਮ ਸੀ ।

ਕਦੇ-ਕਦੇ ਵੇਲੇ ਨਾਲ ਕੰਮ ਨਬੇੜ ਸ਼ਾਮ ਵੇਲੇ ਹਾਣੀ ਮੁੰਡਿਆਂ ਨਾਲ ਕਬੱਡੀ ਦੀ ਝੱਟ ਵੀ ਲਾ ਆਉਂਦਾ । ਹਲ ਵਾਹੁੰਦਾ ਹੁੰਦਾ ਤਾਂ ਬਸ਼ੀਰਾਂ ਰੋਟੀ ਲੈ ਕੇ ਆ ਜਾਂਦੀ ।

"ਆ ਮੇਰਾ ਸ਼ੇਰ, ਰੋਟੀ ਖਾਹ ਪਹਿਲਾਂ ।"

ਉਹ ਬਲਦਾਂ ਨੂੰ ਤਿੱਖਾ ਕਰਦਿਆਂ ਕਹਿੰਦਾ, "ਭਾਬੀ, ਆਹ ਚਾਰ ਸਿਆੜ ਨੇ । ਕੱਢ ਲਵਾਂ ਜਰਾ ।"

ਅਤੇ ਬਸ਼ੀਰਾਂ ਵੱਟ ਤੇ ਰੋਟੀ ਲੱਸੀ ਰੱਖ, ਚੋਹਲੇ ਚੂਰੀ ਦਾ ਛੰਨਾਂ ਚੁੱਕ ਵਾਹਣ ਵਿੱਚ ਉਹਦੇ ਮਗਰ ਹੋ ਤੁਰਦੀ ।

"ਚੱਲ ਫਿਰ ਮੇਰਾ ਸ਼ੇਰ, ਮੈਂ ਤੇਰੇ ਮੂੰਹ ਵਿੱਚ ਬੁਰਕੀਆਂ ਪਾਵਾਂ ।"

ਅਤੇ ਉਹ ਨਾਲ ਤੁਰਦੀ ਉਹਦੇ ਮੂੰਹ ਵਿੱਚ ਬੁਰਕੀ ਧੱਕ ਦਿੰਦੀ ਤਾਂ ਜਾਹਨੇ ਨੂੰ ਵਾਹਣ ਵਿੱਚ ਤੁਰਦੀ ਭਾਬੀ ਉੱਤੇ ਤਰਸ ਆ ਜਾਂਦਾ ਅਤੇ ਉਹ ਨੱਥਾਂ ਖਿੱਚ ਹੱਲ ਖਲ੍ਹਾਰ ਦਿੰਦਾ ।

"ਚੱਲ ਭਾਬੀ, ਪਹਿਲਾਂ ਰੋਟੀ ਹੀ ਖਾ ਲੈਂਦੇ ਹਾਂ" । ਅਤੇ ਜਦੋਂ ਰੋਟੀ ਖਾਣ ਬਹਿੰਦਾ ਤਾਂ ਚੂਰੀ ਚੋਹਲੇ ਦੀ ਘਿਉ ਨਾਲ ਗੱਚ ਵੱਡੀ ਬੁਰਕੀ ਭਰ ਬਸ਼ੀਰਾਂ ਦੇ ਮੂੰਹ ਅੱਗੇ ਲੈ ਜਾਂਦਾ । "ਲੈ ਭਾਬੀ ਪਹਿਲਾਂ ਤੂੰ ਖਾਹ"

"ਨਹੀਂ-ਨਹੀਂ ਰਮਜਾਨ ਇਹ ਤੇਰੇ ਲਈ ਏ । ਮੇਰਾ ਕੀ ਏ ।" ਜਾਹਨਾ ਮੂੰਹ ਵੱਟ ਲੈਂਦਾ ਤੇ ਕਹਿੰਦਾ,

"ਭਾਬੀ, ਜੋ ਮੇਰੇ ਲਈ ਏ ਉਹ ਤੇਰੇ ਲਈ ਕਿਉਂ ਨਹੀਂ ਅਤੇ ਜੋ ਤੇਰੇ ਲਈ ਨਹੀਂ ਉਹ ਮੇਰੇ ਲਈ ਕਿਉਂ ਏ ?"

ਬਸ਼ੀਰਾ ਮੂੰਹ ਖੋਲ ਕੇ ਬੁਰਕੀ ਲੈ ਲੈਂਦੀ ਤੇ ਕਹਿੰਦੀ,

"ਲੈ ਹੁਣ ਤੂੰ ਰੋਟੀ ਖਾਹ । ਮੈਂ ਬਲਦਾਂ ਨੂੰ ਪੇੜੇ ਦੇ ਆਵਾਂ ।" ਅਤੇ ਵੇਸਣ ਆਟੇ ਦੇ ਲੂਣੇ ਪੇੜੇ ਲੈ ਬਲਦਾਂ ਵੱਲ ਤੁਰ ਪੈਂਦੀ । ਜਦੋਂ ਰੋਟੀ ਖਾ ਜਾਹਨਾਂ ਦੁਬਾਰਾ ਬਲਦ ਹਿੱਕਦਾ ਤਾਂ ਉਹ ਕਹਿੰਦੀ :

"ਰਮਜਾਨ, ਮੈਨੂੰ ਦਾਤਰੀ ਦੱਸ । ਮੈਂ ਥੱਬਾ ਪੱਠੇ ਵੱਡ ਦਿਆਂ ਬਲਦਾਂ ਵਾਸਤੇ । ਹੱਲ ਛੱਡ ਕੇ ਪਾ ਲਈਂ"

ਅਤੇ ਜਾਹਨਾਂ ਕਹਿੰਦਾ, "ਭਾਬੀ, ਜਾਂ ਤਾਂ ਘਰ ਜਾਹ ਜਾਂ ਛਾਵੇਂ ਝੱਟ ਅਰਾਮ ਕਰ ਲੈ । ਵੇਖ ਤੇਰਾ ਪੁੱਤਰ ਹੁਣ ਜਵਾਨ ਹੋ ਗਿਆ ਏ । ਉਹ ਦਿਨ ਗਏ ਜਦੋਂ

ਤੈਨੂੰ ਕੰਮ ਕਰਨਾ ਪੈਂਦਾ ਸੀ ਅਤੇ ਭਾਬੀ ਹੁਣ ਵੀ ਜੇ ਤੂੰ ਕੰਮ ਈ ਕਰਨਾ ਏ ਤਾਂ ਮੈਂ ਬਹਿ ਰਹਿਨਾਂ ।"

ਅਤੇ ਬਸ਼ੀਰਾਂ ਗੱਦ-ਗੱਦ ਹੋ ਸਾਗ ਪੱਤਰ ਤੋੜ ਪਿੰਡ ਨੂੰ ਤੁਰ ਪੈਂਦੀ ।

ਜਾਹਨਾਂ ਹੁਣ ਕੰਮ ਵੀ ਦੋ ਬੰਦਿਆਂ ਜਿਨਾਂ ਕਰਦਾ ਸੀ । ਸਗੋਂ ਦੋ ਤੋਂ ਵੀ ਵੱਧ ਅਤੇ ਦੂੱਲੇ ਹੋਰੀਂ ਪਰਾਂ ਬੇਰੀ ਦੀ ਠੰਡੀ ਛਾਵੇਂ ਬੈਠੇ ਵੇਖ ਅੰਦਰ ਹੀ ਅੰਦਰ ਕੁੜ੍ਹੀ ਜਾਂਦੇ ਸਨ । ਮਿਹਨਤ ਦਾ ਫਲ ਪਹਿਲੀ ਹੀ ਛਮਾਹੀ ਘਰ ਭਰ ਗਿਆ ਅਤੇ ਖੇਤਾਂ ਨਾਲ ਖੇਤ ਦੂੱਲੇ ਹੋਰਾਂ ਦੇ ਤਿਮਾਹੀ ਜੋਗੇ ਦਾਣੇ ਵੀ ਨਾ ਹੋਏ । ਇੱਕ ਛਮਾਹੀ ਨੂਠੇ ਨਾਲ ਕਨਾਲਾ ਖੜਕ ਗਿਆ । ਕੋਲੇ ਤਾਂ ਉਹ ਪਹਿਲਾਂ ਹੀ ਹੋਏ ਪਏ ਸਨ ਪਰ ਜਾਹਨੇ ਦੀ ਭਰਵੀਂ ਫਸਲ ਦੇਖ ਕੇ ਤਾਂ ਉਹ ਸਵਾਹ ਹੀ ਹੋ ਗਏ । ਉਹਨਾਂ ਮਨ ਬਣਾਇਆ ਕਿਵੇਂ ਨਾ ਕਿਵੇਂ ਜਾਹਨੇਂ ਨੂੰ ਪੱਟੀਏ । ਫਿਰ ਕੱਲੀ ਬਸ਼ੀਰੋ ਦਾ ਕੀ ਏ । ਕੋਈ ਊਂਝ ਖੜੀ ਕਰਾਂਗੇ । ਆਪੇ ਚੁੰਨੀ ਚੱਕ ਕੇ ਤੁਰ ਜਾਏਗੀ ਕਿਤੇ । ਫਿਰ ਸਾਰੇ ਸੋਲਾਂ ਕਿੱਲਿਆਂ ਉੱਤੇ ਆਪਣਾ ਹੀ ਹੱਲ ਚੱਲੇਗਾ ।

ਫਿਰ ਇੱਕ ਦਿਨ ਕਾਦਰੀ ਨੇ ਜਾਹਨੇ ਨੂੰ ਵੱਟ ਤੇ ਖਲੋ ਕੇ ਕਿਹਾ, "ਵੇ ਦਿਉਰਾ, ਕਾਹਦੇ ਪਿੱਛੇ ਮਿੱਟੀ ਨਾਲ ਮਿੱਟੀ ਹੁੰਦਾ ਏਂ ? ਇਸ ਰਾਂਡ ਨੇ ਤੇਰਾ ਕੁੱਝ ਨਹੀਂ ਬਣਾਉਣਾ । ਭਾਬੀ ਵਾਰੀ ਤੂੰ ਸਾਡੇ ਨਾਲ ਆ । ਦੋ ਦੋ ਭਰਜਾਈਆਂ ਸੇਵਾ ਕਰਨ ਨੂੰ । ਖਾਹ ਪੀ ਐਸ਼ ਕਰ । ਜੀਅ ਕਰੇ ਤਾਂ ਡੱਕਾ ਤੋੜੀਂ ।"

ਪਰ ਜਾਹਨੇ ਨੇ ਵਿੱਚੋਂ ਹੀ ਟੋਕ ਲਈ, "ਮੈਂ ਭਾਬੀ, ਤੈਨੂੰ ਕਹਿਣਾ ਤਾਂ ਨਹੀਂ ਸੀ । ਪਰ ਆਖਣਾ ਪੈ ਰਿਹਾ ਏ । ਜਦੋਂ ਮੈਂ ਕਦੀ ਤੁਹਾਨੂੰ ਬੁਲਾਉਂਦਾ ਕਵਾਉਂਦਾ ਨਹੀਂ ਤਾਂ ਤੁਹਾਨੂੰ ਮੇਰਾ ਦਰਦ ਕਿਧਰੋਂ ਜਾਗ ਪਿਆ ਏ । ਦੂਜੇ ਭਾਬੀ ਬਾਰੇ ਜੋ ਕੋਈ ਮੰਦਾ ਚੰਗਾ ਬੋਲਿਆ ਤਾਂ ਮੈਥੋਂ ਬੁਰਾ ਕੋਈ ਨਹੀਂ ਜੇ ।"

ਕਾਦਰੀ ਚੁੱਪ ਕਰਕੇ ਵੱਟੋ ਵੱਟ ਲੰਘ ਗਈ । ਗੱਲ ਜਾਹਨੇ ਦੀ ਸੀ ਵੀ ਠੀਕ । ਵੱਟ ਨਾਲ ਵੱਟ ਤੇ ਸਾਂਝਾ ਖੂਹ ਹੁੰਦਿਆਂ ਉਸ ਕਦੀਂ ਪੰਡ ਸੁਹਾਗਾ ਚੁੱਕਣ ਲੱਗਿਆਂ ਵਾਜ ਨਹੀਂ ਸੀ ਮਾਰੀ । ਕਾਦਰੀ ਨੇ ਤੀਰ ਤਾਂ ਚਲਾਇਆ ਸੀ ਪਰ ਨਿਸ਼ਾਨੇ ਤੋਂ ਫੇਲ੍ਹ ਹੋ ਜਾਣ ਨਾਲ ਉਹ ਹੀਣੀ ਜਿਹੀ ਹੋ ਗਈ । ਆਪਣੀ ਖਸਿਆਹਟ

ਛੁਪਾਉਣ ਦੇ ਮਾਰੇ ਉਹ ਲੋਕਾਂ ਵਿੱਚ ਕਹਿੰਦੇ, "ਭਾਈ, ਫਸਲ ਤਾਂ ਖੇਤਾਂ ਦੇ ਸਿਰ ਤੇ ਹੀ ਹੋਣੀ ਸੀ । ਚੰਗੇ ਚੰਗੇ ਖੇਤ ਉਹਨਾਂ ਕੋਲ ਨੇ, ਮਾੜੇ ਸਾਡੇ ਕੋਲ ।" ਹਾਲਾਂਕਿ ਸਾਰਾ ਪਿੰਡ ਇਹ ਜਾਣਦਾ ਸੀ ਕਿ ਖੇਤ ਸਾਰੇ ਇੱਕੋ ਜਿਹੇ ਸਨ ਤੇ ਟੱਕ ਵੀ ਉਹਨਾਂ ਮਨ-ਮਰਜ਼ੀ ਦਾ ਛਾਂਟਿਆ ਸੀ । ਲੋਕ ਇਹ ਵੀ ਜਾਣਦੇ ਸਨ ਕਿ ਰਮਜਾਨ ਤਾਂ ਦਿਨ ਰਾਤ ਟੁੱਟ ਟੁੱਟ ਮਰਦਾ ਏ । ਨਾ ਧੁੱਪ ਵੇਖੇ ਨਾਂ ਮੀਂਹ, ਪਾਲਾ ਨਾਂ ਗਰਮੀ ਪਰ ਦੁੱਲੇ ਹੋਰੀਂ ਤਾਂ ਅਸਲੋਂ ਹੀ ਹੱਡ ਹਰਾਮੀ ਹੋ ਗਏ ਸਨ । ਮਾੜਾ ਮੋਟਾ ਪੱਠਾ ਦੱਥਾ ਕੀਤਾ ਕਾਦਰੀ ਰੋਟੀ ਲੈ ਕੇ ਆਈ ਤਾਂ ਤਿੰਨੇ ਬੇਰੀ ਹੇਠ ਬੈਠ ਦਿਹਾੜੀ ਲੰਘਾ ਦਿੰਦੇ ।

ਇੱਕ ਦਿਨ ਦੁਪਹਿਰ ਵੇਲੇ ਉਹ ਤਿੰਨੇ ਬੇਰੀ ਹੇਠਾਂ ਬੈਠੇ ਸਨ ਕਿ ਜਾਹਨੇ ਨੇ ਹੱਲ ਛੱਡ ਬਲਦਾਂ ਨੂੰ ਪੱਠੇ ਪਾ ਕਹੀ ਫੜੀ ਤੇ ਆਪਣੇ ਖੇਤ ਦੇ ਵਿਚਾਲੇ ਦੀ ਵੱਟ ਵੱਢਣ ਲੱਗਾ । ਦੁੱਲਾ ਤੇ ਸ਼ਦੀਕ ਦੋਵੇਂ ਉਠ ਕੇ ਉਹਦੇ ਕੋਲ ਆਏ, "ਜਾਹਨਿਆ, ਵੱਟ ਨਾ ਵੱਢੀਂ," ਦੁੱਲੇ ਨੇ ਕੁਰੱਖਤ ਜਿਹੇ ਕਿਹਾ ।

ਜਾਹਨੇ ਨੇ ਲੱਕ ਸਿੱਧਾ ਕੀਤਾ ਤੇ ਕਿਹਾ, "ਦੋਹੀਂ ਪਾਸੀਂ ਖੇਤ ਮੇਰਾ । ਵੱਟ ਮੇਰੀ । ਵੱਟ ਮੈਂ ਆਪਣੀ ਵੱਢਦਾਂ ਹਾਂ । ਤੁਹਾਨੂੰ ਕੀ ਤਕਲੀਫ ਹੋਈ ?"

ਸ਼ਦੀਕ ਨੇ ਚਮਕ ਕੇ ਆਖਿਆ, "ਖੇਤ ਤੇਰੇ ਕਿਧਰੋਂ ਹੋ ਗਏ ? ਅਸੀਂ ਪੱਕੀ ਵੰਡ ਕਰਾਣੀ ਏ ਪਟਵਾਰੀ ਨੂੰ ਬੁਲਾ ਕੇ ।"

ਜਾਹਨੇ ਨੇ ਕਹੀ ਸੰਭਾਲਦਿਆਂ ਕਿਹਾ, "ਵੰਡ ਪਹਿਲਾਂ ਕਿਹੜਾ ਕੱਚੀ ਹੋਈ ਏ । ਟੱਕ ਤੁਸਾਂ ਆਪ ਮੱਲਿਆ, ਖੇਤਾਂ ਨਾਲ ਖੇਤ ਨੇ । ਵਾਹੀ ਜ਼ੋਰ ਤੇ ਮਿਹਨਤ ਮੰਗਦੀ ਏ । ਦਾਤੀਆਂ ਵਟਾਇਆਂ ਵਾਢੀ ਨਹੀਂ ਹੁੰਦੀ ।" ਅਤੇ ਉਸ ਦੋ ਟੱਕ ਕਹੀ ਦੇ ਮਾਰੇ ।

ਸ਼ਦੀਕ ਨੇ ਖਿੱਝ ਕੇ ਕਿਹਾ, "ਤੈਨੂੰ ਿਹਾ ਏ ਨਾਂ, ਵੱਟ ਨਾਂ ਵੱਢ । ਤੂੰ ਬੰਦੇ ਦੇ ਪੁੱਤਰਾਂ ਵਾਂਗ ਹੱਟਣਾ ਏ ਜਾਂ ਦੂਜੀ ਤਰ੍ਹਾਂ ਹਟਾਈਏ ।"

ਜਾਹਨੇ ਨੇ ਇੱਕ ਟੱਕ ਹੋਰ ਮਾਰਿਆ ਤੇ ਕਿਹਾ, "ਜਾਉ, ਜਾਉ ਆਪਣਾ ਕੰਮ ਕਰੋ । ਬੇਰੀ ਉਡੀਕਦੀ ਜੇ ।"

ਦੁੱਲੇ ਨੇ ਕਿਹਾ, "ਫਿਰ ਦੂਜਾ ਹੱਥ ਈ ਕਰੀਏ ।"

ਤੇ ਸ਼ਦੀਕ ਨੇ ਹੁੱਲੀ ਕਰਕੇ ਕਹੀ ਨੂੰ ਹੱਥ ਜਾ ਪਾਇਆ । ਪਰ ਜਾਹਨੇ ਨੇ ਮਰੋੜਾ ਦੇ ਕੇ ਕਹੀ ਛੁਡਾ ਲਈ । ਮਤੇ ਕਿਸੇ ਦੇ ਲੱਗ ਜਾਏ । ਉਸ ਕਹੀ ਪਰਾਂ ਚਲਾ ਕੇ ਮਾਰੀ ਅਤੇ ਕਲਾਵਾ ਭਰਕੇ ਸ਼ਦੀਕ ਨੂੰ ਪਟਕਾ ਕੇ ਮਾਰਿਆ । ਐਨੇ ਨੂੰ ਦੁੱਲੇ ਨੇ ਪਿੱਛੋਂ ਜੱਫਾ ਆ ਮਾਰਿਆ ਪਰ ਜਾਹਨੇ ਨੇ ਹੱਥ ਉਤਾਂਹ ਕਰਕੇ ਅਤੇ ਨੀਵਾਂ ਹੋ ਖਿੱਚ ਕੇ ਅੱਗੇ ਸੁੱਟ ਲਿਆ । ਫਿਰ ਉਸਨੇ ਦੋਹਾਂ ਨੂੰ ਚੁੱਕ-ਚੁੱਕ ਮਾਰਿਆ । ਫਿਰ ਸ਼ਦੀਕ ਦੇ ਉੱਤੇ ਦੁੱਲੇ ਨੂੰ ਸੁੱਟ ਕੇ ਦੋਹਾਂ ਦੇ ਉੱਤੇ ਬੈਠ ਗਿਆ ਅਤੇ ਦੋਹਾਂ ਨੂੰ ਗੋਡਿਆਂ ਤੇ ਘਸੁੰਨਾਂ ਨਾਲ ਭੰਨ ਸੁੱਟਿਆ ।

ਬੇਰੀ ਹੇਠੋਂ ਕਾਦਰੀ ਹਨੇਰੀ ਵਾਂਗ ਆਈ ਅਤੇ ਪਰ੍ਹਾਂ ਪਈ ਕਹੀ ਚੁੱਕੀ । "ਖੜੀ ਨਾਂ ਮੇਰੇ ਪਿਉ ਦਿਆ ਸਾਲਿਆ ।" ਅਤੇ ਕਹੀ ਪੂਰੇ ਜੋਰ ਨਾਲ ਸਿਰੋਂ ਕੱਢ ਕੇ ਦੋਹਾਂ ਦੇ ਉੱਤੇ ਪਏ ਜਾਹਨੇ ਦੇ ਸਿਰ ਦਾ ਨਿਸ਼ਾਨਾ ਕੀਤਾ । ਪਰ ਜਾਹਨੇ ਨੇ ਬਿਜਲੀ ਦੀ ਤੇਜ਼ੀ ਵਾਂਗ ਉਛਲ ਕੇ ਲੱਤ ਮਾਰੀ । ਛਾਤੀ ਵਿੱਚ ਲੱਤ ਲੱਗੀ ਅਤੇ ਕਾਦਰੀ ਚੁਫਾਲ ਡਿੱਗ ਪਈ । "ਬੂ ਵੇ, ਬਚਾਉ । ਮੈਂ ਮਰ ਗਈ ।"

ਫਿਰ ਦੋਹਾਂ ਤੇ ਪਏ ਜਾਹਨੇ ਨੇ ਛੇਤੀ ਨਾਲ ਬਾਂਹ ਲੰਬੀ ਕਰ ਲੱਤੋਂ ਫੜ ਖਿੱਚੀ ਤੇ ਦੋਹਾਂ ਦੇ ਉੱਤੇ ਸੁੱਟ ਦਿੱਤੀ । ਦੋ ਚਟਾਕੇ ਮਾਰੇ ਤੇ ਉਠ ਕੇ ਪਰ੍ਹਾਂ ਪਈ ਕਹੀ ਚੁੱਕੀ । ਕ੍ਰੋਧ ਨਾਲ ਉਹਦਾ ਸਰੀਰ ਬਲ ਉੱਠਿਆ । ਉਹਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ । "ਵੱਢ ਦਿਆਂ ਤਿੰਨਾਂ ਨੂੰ ਇਕੋ ਟੱਕ ਤੇ ਵੱਢ ਦਿਆਂ ਫਸਤਾ ।" ਤੇ ਉਸ ਪੂਰੇ ਜੋਰ ਨਾਲ ਕਹੀ ਸਿਰੋਂ ਉਪਰ ਕੱਢੀ

ਪਰ ਐਨ ਉਸੇ ਵੇਲੇ ਉਹਦੀਆਂ ਬਾਹਵਾਂ ਨੂੰ ਹੱਥ ਪੈ ਗਿਆ ।

"ਨਾ ਮਾਰੀ, ਜਾਹਨਿਆ ਵੇ । ਏਹ ਤੇਰੇ ਭਰਾ ਨੇ ।" ਅਤੇ ਦੂਜੇ ਪਲ ਬਸ਼ੀਰਾਂ ਨੇ ਜਾਹਨੇ ਨੂੰ ਘੁੱਟ ਲਿਆ ।

"ਹੱਟ ਜਾ ਭਾਬੀ, ਵੱਢ ਦੇਣ ਦੇ ਰੋਜ਼-ਰੋਜ਼ ਦਾ ਕਜੀਆ ।" ਜਾਹਨਾਂ ਚੀਕਿਆ ।

"ਤੈਨੂੰ ਮੇਰੇ ਸਿਰ ਦੀ ਸਹੁੰ ਜੇ ਇਹਨਾਂ ਤੇ ਹੱਥ ਚੁੱਕੇਂ । ਮੇਰਾ ਮਰੀ ਦਾ

ਮੂੰਹ ਵੇਖੇਂ ।" ਅਤੇ ਜਾਹਨੇ ਨੂੰ ਉਬਲਦਾ ਵੇਖ ਬਸ਼ੀਰਾਂ ਨੇ ਕਾਹੜ ਕਰਦੀ ਚਪੇੜ ਜਾਹਨੇ ਦੇ ਮੂੰਹ ਉੱਤੇ ਮਾਰੀ ।

ਜਾਹਨੇ ਦਾ ਉਬਲਦਾ ਸਰੀਰ ਜੋਸ਼ ਦੱਬਣ ਨਾਲ ਝੂਠਾ ਜਿਹਾ ਹੋ ਗਿਆ । ਅੱਖਾਂ ਅੱਗੇ ਸਿਆਹੀ ਫਿਰ ਗਈ । ਉਬਾਲ ਵਿੱਚੇ-ਵਿੱਚ ਦੱਬਣ ਨਾਲ ਉਹਦਾ ਸਰੀਰ ਇਸ ਤਰ੍ਹਾਂ ਕੰਬਣ ਲੱਗ ਪਿਆ ਜਿਵੇਂ ਨਮੂਨੀਏਂ ਦੇ ਬੁਖਾਰ ਦਾ ਮਰੀਜ਼ ਹੋਵੇ । ਫਿਰ ਵੀ ਉਸਨੇ ਬਸ਼ੀਰਾਂ ਦੀਆਂ ਬਾਹਾਂ ਵਿਚੋਂ ਆਪਣਾ ਆਪ ਛੁਡਾਉਣ ਦਾ ਯਤਨ ਕੀਤਾ ।

ਕਾਦਰੀ ਟੁੱਟੀ ਭੰਬਰੀ ਜਿਹੀ ਉੱਠੀ ਅਤੇ ਹੌਂਕਦੀ ਨੇ ਕਿਹਾ, "ਔਂਤਰੀ ਰਾਂਡ ਨੇ ਸਾਨ੍ਹ ਪਾਲਿਆ ਹੋਇਆ ਏ ।"

'ਚੰਦਰੀ' ਅਜੇ ਉਹਦੇ ਮੂੰਹ ਵਿਚੋਂ ਹੀ ਸੀ ਕਿ ਜਾਹਨੇ ਨੇ ਝਪਟ ਕੇ ਚੁੱਕੀ ਅਤੇ ਸਿਰੋਂ ਕੱਢ ਕੇ ਵਾਹਣ ਵਿਚ ਇਸ ਤਰ੍ਹਾਂ ਰੇੜ੍ਹ ਦਿੱਤੀ ਜਿਵੇਂ ਗੋਪੀਏ 'ਚੋਂ ਗਲੇਲਾ ।

"ਖਬਰਦਾਰ ਜੇ ਭਾਬੀ ਬਾਰੇ ਕੋਈ ਗੱਲ ਕਹੀ ।" ਉਸ ਪੈਰ ਗੱਡ ਕੇ ਖਲੋਤੇ ਨੇ ਕਿਹਾ ।

ਦੂਜੇ ਪਲ ਬਸੀਰਾਂ ਫਿਰ ਜਾਹਨੇ ਦੇ ਅੱਗੇ ਹੋ ਗਈ ਤੇ ਚੀਕ ਕੇ ਕਿਹਾ, "ਜਾਹਨਿਆਂ, ਤੈਨੂੰ ਮੇਰੇ ਸਿਰ ਦੀ ਸਹੁੰ"

"ਹਾਂ ਹਾਂ ਭਾਬੀ, ਤੇਰੇ ਸਿਰ ਦੀ ਸਹੁੰ ਹੀ ਤਾਂ ਬਚਾ ਗਈ ਇਹਨਾਂ ਨੂੰ ।" ਜਾਹਨੇ ਨੇ ਥੁੱਕ ਸੁੱਟ ਕੇ ਕਿਹਾ ।

ਸ਼ਦੀਕ ਦੂਲੇ ਦੇ ਹੇਠੋਂ ਨਿਕਲਿਆ ਤੇ ਸਿੱਧਾ ਬੇਰੀ ਵੱਲ ਭੱਜਾ ਅਤੇ ਦੂੱਲਾ ਟੁੱਟਾ ਜਿਹਾ ਮਸਾਂ ਉੱਠਿਆ ਤੇ ਕਾਦਰੀ ਨੂੰ ਉਠਾਉਣ ਲੱਗ ਪਿਆ ਜਿਹੜੀ ਅਜੇ ਵੀ ਵਾਹਣ ਵਿੱਚ ਚੁਫਾਲ ਪਈ ਸੀ । ਨਾ ਕਾਦਰੀ ਅਤੇ ਨਾ ਦੂੱਲਾ ਮੂੰਹੋਂ ਕੁੱਝ ਬੋਲੇ ਅਤੇ ਦੋਵੇਂ ਲੱਤਾਂ ਧਰੂੰਦੇ ਬੇਰੀ ਵੱਲ ਤੁਰ ਪਏ । ਕਾਦਰੀ ਵਾਰ-ਵਾਰ ਸੀਨੇ ਤੇ ਹੱਥ ਧਰ ਰਹੀ ਸੀ । ਸ਼ਾਇਦ ਛਾਤੀ ਉੱਤੇ ਲੱਗੀ ਲੱਤ ਦੀ ਪੀੜ ਰੜਕਦੀ ਸੀ ।

ਸ਼ਦੀਕ ਸੁੰਭ ਵਾਲੀ ਕਾਲੀ ਡਾਂਗ ਲੈ ਕੇ ਕਿੱਲਾ ਕੁ ਹਟਵਾਂ ਆ ਖਲੋਤਾ ਸੀ । "ਤੇਰੀ ਮਾਂ ....ਤੇਰੀ ਭੈਣ .... ਦੀ । ਹੁਣ ਆ ਜੇ ਮਰਦ ਦਾ ਪੁੱਤਰ ਏਂ । ਲਾ ਮੱਥਾ ।" ਪਰ ਜਦ ਜਾਹਨੇ ਨੇ ਦੋ ਪੈਰ ਉਹਦੇ ਵੱਲ ਪੱਟੇ ਤਾਂ ਉਹ ਦਸ ਕਦਮ

ਪਿੰਡ ਵੱਲ ਸਰਕ ਗਿਆ ।

ਬਸ਼ੀਰਾਂ ਨੇ ਜਾਹਨੇ ਤੋਂ ਮਿੱਟੀ ਝਾੜਦਿਆਂ ਕਿਹਾ, "ਹੌਂਸਲਾ ਕਰ, ਮੇਰਾ ਸ਼ੇਰ ।"

ਪਰ ਜਾਹਨੇ ਦਾ ਕਹਿਣਾ ਸੀ ਕਿ "ਜੇ ਤੂੰ ਨਾਂ ਵਿੱਚ ਆਉਂਦੀ ਮੈਂ ਤਿੰਨਾਂ ਨੂੰ ਜੰਨਤ ਦੇ ਬੂਹੇ ਧੱਕ ਦੇਣਾ ਸੀ ।"

ਬਸ਼ੀਰਾਂ ਨੇ ਉਹਦੇ ਮੂੰਹ ਅੱਗੇ ਹੱਥ ਰੱਖ ਲਿਆ, "ਨਾਂਹ-ਨਾਂਹ ਮੇਰਾ ਪੁੱਤਰ ਮਾੜੇ ਬੋਲ ਨਹੀਂ ਮੂੰਹੋਂ ਕੱਢੀਦੇ । ਆਖਰ ਤੇਰੇ ਭਰਾ ਨੇ । ਲੋਕ ਕੀ ਕਹਿਣਗੇ ? ਹੌਂਸਲਾ ਈ ਚੰਗਾ ਹੁੰਦਾ ਏ ।"

ਅਸਲ ਵਿਚ ਦੁੱਲੇ ਹੋਰਾਂ ਦਾ ਲੜਨ ਦਾ ਕੋਈ ਇਰਾਦਾ ਨਹੀਂ ਸੀ । ਉਹ ਤਾਂ ਆਏ ਸਨ ਡਰਾ ਧਮਕਾ ਕੇ ਉਹਨੂੰ ਨੇੜੇ ਲਾਉਣ ਲਈ ਅਤੇ ਬਸ਼ੀਰਾਂ ਨੂੰ, ਕੱਲਿਆਂ ਕਰ ਇੱਥੋਂ ਖਦੇੜਨ ਦਾ ਮਨ ਬਣਾ ਕੇ । ਪਰ ਇੱਥੇ ਗੱਲ ਹੀ ਪੁੱਠੇ ਚੱਕਰ ਚਲ ਗਈ ਅਤੇ ਸਗੋਂ ਤਿੰਨਾਂ ਦੀ ਹੀ ਗਿੱਦੜ ਕੁੱਟ ਹੋ ਗਈ । ਉਹਨਾਂ ਨੂੰ ਇਸ ਗੱਲ ਦਾ ਕੋਈ ਚਿਤ ਚੇਤਾ ਵੀ ਨਹੀਂ ਸੀ ਕਿ ਜਾਹਨਾ ਐਨਾਂ ਬਾਲੇ ਹੋਵੇਗਾ । ਇਹ ਤੀਰ ਵੀ ਫੇਲ੍ਹ ਹੋਇਆ । ਸਗੋਂ ਉਹਨਾਂ ਉੱਤੇ ਐਨਾ ਛੱਪਾ ਪਿਆ ਕਿ ਵੱਟ ਵਲਾ ਕੇ ਲੰਘਣ ਲੱਗ ਪਏ । ਜਾਹਨਾ ਵੱਟੇ-ਵੱਟ ਆਉਂਦਾ ਹੋਵੇ ਤਾਂ ਉਹ ਵੱਟ ਵਲਾ ਜਾਂਦੇ । ਕਾਦਰੀ ਤਾਂ ਦੋ ਤਿੰਨ ਖੇਤ ਪਰਿਉਂ ਹੀ ਰਾਹ ਵਲਾ ਜਾਂਦੀ ਕਿਉਂਕਿ ਜਾਹਨੇ ਨੂੰ ਵੇਖਦਿਆਂ ਹੀ ਉਹਦੀ ਛਾਤੀ ਚਸਕਣ ਲੱਗ ਪੈਂਦੀ । ਐਨਾ ਹੋਣ ਤੋਂ ਬਾਦ ਵੀ ਬਦ ਵਿਉਂਤਾਂ ਉਹ ਫਿਰ ਵੀ ਬਣਾਈ ਜਾਂਦੇ । ਜਾਹਨੇ ਵਾਸਤੇ ਰਿਸ਼ਤੇ ਕਈ ਆਉਂਦੇ ਪਰ ਜਿਹੜਾ ਵੀ ਆਉਂਦਾ ਵੱਡੇ ਭਰਾ ਹੋਣ ਦੇ ਨਾਤੇ ਉਹਨਾਂ ਕੋਲ ਜ਼ਰੂਰ ਜਾਂਦਾ । ਉਹ ਆਉਣ ਵਾਲੇ ਨੂੰ ਇਹ ਆਖ ਕੇ ਮੋੜ ਦਿੰਦੇ, "ਭਾਈ ਰਿਸ਼ਤਾ ਤਾਂ ਲੈ ਲੈਂਦੇ ਪਰ ਮੁੰਡਾ ਤਾਂ ਵੱਡੀ ਭਾਬੀ ਨੇ ਉਂਗਲੀ ਚਾੜ੍ਹਿਆ ਹੋਇਆ ਏ । ਉਹ ਤਾਂ ਉਸੇ ਨਾਲ ਹੀ ਚਾਦਰ ਪਾਉਣ ਨੂੰ ਫਿਰਦਾ ਏ ।" ਅਤੇ ਆਉਣ ਵਾਲਾ ਬਿਨਾਂ ਦੂਜੀ ਗੱਲ ਕੀਤੇ ਮੁੜ ਜਾਂਦਾ । ਇਹ ਉਹਨਾਂ ਦੀ ਲੰਬੀ ਡੂੰਘੀ ਚਾਲ ਸੀ । ਚਲੋ ਉਂਝ ਨਹੀਂ ਤਾਂ ਇੰਝ ਸਹੀ । ਲੋਕਾਂ ਦੀ ਦੰਦ ਕਥਾ ਬਣੀ ਤਾਂ ਦੋਵੇਂ ਨੇੜੇ ਲੱਗਣਗੇ । ਬਾਲ-ਬੱਚਾ ਕੋਈ

ਹੋਣਾ ਨਹੀਂ । ਦੋਵੇਂ ਔਂਤਰ ਜਾਣਗੇ । ਫਿਰ ਹੱਕੀ ਤਾਂ ਅਸੀਂ ਹੀ ਹਾਂ ।

ਫਿਰ ਅਗਲੀ ਛਮਾਹੀ ਸ਼ਦੀਕ ਦਾ ਮੁਕਲਾਵਾ ਮਿਲ ਗਿਆ । ਨਰਮ ਜਿਹੀ ਦੁਪਹਿਰੇ ਜਾਹਨਾਂ ਵੱਟ ਤੇ ਬੈਠਾ ਕਹੀ ਦੀ ਫਾਲ੍ਹ ਠੋਕ ਰਿਹਾ ਸੀ ਕਿ ਅੱਗੇ ਕਾਦਰੀ ਅਤੇ ਪਿੱਛੇ ਨਵੀਂ ਮੁਕਲਾਵੇ ਆਈ ਸ਼ਦੀਕ ਦੀ ਘਰਵਾਲੀ ਨੂਰੀ ਦੋਵੇਂ ਵੱਟੇ-ਵੱਟ ਰੋਟੀ ਲਈ ਆਉਂਦੀਆਂ ਦਿਸੀਆਂ । ਜਾਹਨੇ ਦਾ ਖਿਆਲ ਸੀ ਕ਼ਿ ਪਰਲੀ ਵ਼ੱਟ ਮੁੜ ਜਾਣਗੀਆਂ । ਪਰ ਕਾਦਰੀ ਸਿੱਧੀ ਵੱਟ ਹੀ ਤੁਰੀ ਆਈ ਅਤੇ ਜਦੋਂ ਉਹ ਨੇੜੇ ਆ ਗਈਆਂ ਤਾਂ ਜਾਹਨਾਂ ਡੰਡੀ ਖਾਲੀ ਛੱਡ ਖੇਤ ਵਿੱਚ ਹੋ ਗ਼ਿਆ ।

ਗਿੱਦੜ ਕੁੱਟ ਹੋਣ ਤੋਂ ਮਗਰੋਂ ਇਹ ਪਹਿਲਾ ਦਿਨ ਸੀ ਜਦ ਕਾਦਰੀ ਏਸ ਵੱਟੇ ਉਹਦੇ ਨੇੜਿਉਂ ਦੀ ਲੰਘੀ । ਸ਼ਾਇਦ ਨੂਰੀ ਦੇ ਆਸਰੇ ਜਾਂ ਨੂਰੀ ਦੇ ਨਾਲ ਹੋਣ ਕਰਕੇ । ਕੋਲੋਂ ਲੰਘਣ ਲੱਗਿਆਂ ਨੂਰੀ ਨੇ ਓਪਰੀ ਨਜ਼ਰ ਜਾਹਨੇ ਵੱਲ ਵੇਖਿਆ ਪਰ ਉਹ ਆਪਣੇ ਖਿਆਲ ਕਹੀ ਵਾਹ ਰਿਹਾ ਸੀ । ਫਿਰ ਕਾਦਰੀ ਨੇ ਵੱਟੋ ਵੱਟ ਫਿਰਕੇ ਨੂਰੀ ਨੂੰ ਖੇਤਾਂ ਤੋਂ ਜਾਣੂ ਕਰਵਾਇਆ ।

ਉਸ ਤੋਂ ਅਗਲੇ ਦਿਨ ਉਹ ਵੱਟ ਦੇ ਨੇੜੇ ਪੱਠੇ ਵੱਢ ਰਿਹਾ ਸੀ ਕਿ ਨੂਰੀ ਰੋਟੀ ਲੈ ਕੇ ਉਹਦੇ ਕੋਲੋਂ ਲੰਘਦੀ ਖਲੋ ਗਈ । ਭਰਵੀਂ ਨਜ਼ਰ ਉਸ ਵੱਲ ਵੇਖਿਆ, ਹੌਕਾ ਭਰਿਆ ਅਤੇ ਅੱਗੇ ਤੁਰ ਪਈ । ਜਾਹਨੇ ਨੇ ਪਿੱਠ ਭੁਆ ਕੇ ਜਾਂਦੀ ਨੂੰ ਵੇਖਿਆ । ਉਹਦੇ ਦਿਲ ਨੂੰ ਵੀ ਧੱਕਾ ਜਿਹਾ ਲੱਗਾ । ਕਿੱਥੇ ਕਾਦਰੀ ਦੀ ਮੱਦ ਮਹਿਕ ਵਿੱਚ ਡੁੱਬਕੇ ਅਮਲੀ ਹੋਇਆ ਸ਼ਦੀਕ ਅਤੇ ਕਿੱਥੇ ਨੂਰੋ-ਨੂਰ ਦੀ ਖਾਣ ਨੂਰੀ । ਸੋਲਾਂ ਸਤਾਰਾਂ ਸਾਲ ਦੀ, ਗੋਲ ਮਟੋਲ ਕਤਾਬੀ ਮੁਖੜਾ, ਸੰਧੂਰੀ ਸੇਬ ਵਾਂਗ ਭਖਦੀਆਂ ਗੱਲ੍ਹਾਂ, ਗੋਲੇ ਕਬੂਤਰ ਵਰਗੀ ਭੋਲੀ ਭਾਲੀ ਮੁਟਿਆਰ । ਉਹਦੇ ਦਿਸਦੇ ਅੰਗ ਪੁੰਨਿਆ ਦੇ ਚੰਦ ਵਾਂਗ ਚਮਕ ਰਹੇ ਸਨ ।

ਫਿਰ ਇਹ ਅਮਲ ਨੂਰੀ ਦਾ ਨਿੱਤ ਦਿਨ ਹੋ ਗਿਆ । ਨੂਰੀ ਆਉਂਦੀ । ਕੰਮ ਕਰਦੇ ਜਾਹਨੇ ਦੇ ਬਾਰਬਰ ਖਲੋਂਦੀ । ਭਰਵੀਂ ਨਜ਼ਰ ਵੇਖਦੀ । ਹੌਕਾ ਭਰਦੀ ਅਤੇ ਤੁਰ ਪੈਂਦੀ । ਨੂਰੀ ਦੀਆਂ ਝੀਲ ਵਾਂਗ ਨੀਲੀਆਂ ਅੱਖਾਂ ਵਿੱਚ ਜਿਵੇਂ ਜਾਹਨਾਂ ਸਮਾ ਗਿਆ ਹੋਵੇ । ਪਰ ਸ਼ਾਇਦ ਉਸਨੂੰ ਬੁਲਾਉਣ ਦਾ ਹੀਆ ਨਾ ਪੈਂਦਾ ਹੋਵੇ ।

ਉਹ ਦੂਰ ਬੈਠੀ ਵੀ ਹੱਡ ਭੰਨ ਕੰਮ ਕਰਦੇ ਜਾਹਨੇ ਵੱਲ ਵੇਖਦੀ ਰਹਿੰਦੀ ਅਤੇ ਕਿਸੇ ਪਾਸੇ ਵੀ ਜਾਣਾ ਹੋਵੇ ਉਹ ਵਲ ਪਾ ਕੇ ਵੀ ਜਾਹਨੇ ਦੇ ਨੇੜਿਓਂ ਲੰਘਦੀ । ਘਰ ਵਿੱਚ ਜਾਹਨੇ ਬਾਰੇ ਸਦਾ ਚਰਚਾ ਤੇ ਮੰਦੇ ਚਕਰ ਉਲੀਕੇ ਜਾਂਦੇ । ਪਰ ਨੂਰੀ ਤੇ ਖਿੱਝ ਹਾਵੀ ਹੋਈ ਜਾਂਦੀ ।

ਇੱਕ ਰਾਤ ਦੂੱਲਾ ਕਾਦਰੀ ਅਤੇ ਸ਼ਦੀਕ ਆਪੇ ਵਿੱਚ ਸਲਾਹ ਕਰਦੇ ਉਸ ਸੁਣੇ । ਜਦ ਦੂੱਲੇ ਨੇ ਸ਼ਦੀਕ ਨੂੰ ਕਿਹਾ, "ਉਏ ਸ਼ਦੀਕ, ਅਸੀਂ ਤਾਂ ਕਮਲਿਆ ਜਿਉਂਦੇ ਹੀ ਮਰ ਗਏ । ਭਲਾ, ਕੱਲਾ ਮੁੰਡਾ ਨਹੀਂ ਸਾਥੋਂ ਵਲਿਆ ਜਾਂਦਾ ?

ਸ਼ਦੀਕ ਦਾ ਕਹਿਣਾ ਸੀ ਕਿ "ਭਲੋਕੇ, ਗਲ ਪੈ ਕੇ, ਬਦਨਾਮ ਕਰਕੇ ਤਾਂ ਵੇਖ ਲਿਆ । ਹੁਣ ਕੋਈ ਹੋਰ ਚਾਰਾ ਕਰੀਏ ।"

ਦੂੱਲੇ ਨੇ ਕਿਹਾ, "ਮੈਂ ਦਸਦਾਂ । ਬਸ਼ੀਰੋ ਗਈ ਐ ਪੇਕਿਆਂ ਨੂੰ । ਜਾਹਨਾ, ਕੱਲਾ ਐ । ਮੂੰਹ ਬੰਨ੍ਹ ਪਿੱਠ ਪਿੱਛੋਂ ਵਾਰ ਕਰੀਏ । ਮਾਰੀਏ ਨਾ ਪਰ ਆਝਾ ਕਰ ਬੇਹੋਸ਼ ਹੋਏ ਨੂੰ ਘਰ ਲੈ ਆਈਏ ਅਤੇ ਆਪੇ ਸਾਂਭ ਕੇ ਨੇੜੇ ਲਾ ਲਵਾਂਗੇ ।"

ਦੋਹਾਂ ਸਲਾਹ ਬਣਾ ਲਈ ਕਿ ਖੂਹ ਦੇ ਰਾਹ ਵਿਚ ਜਿੱਥੇ ਸੂਏ ਦਾ ਖਾਲ੍ਹ ਏ, ਸੁੰਨੀ ਥਾਂ ਤੇ ਦੋਹੀਂ ਪਾਸੀਂ ਝਾੜ ਨੇ, ਛੁੱਪ ਕੇ ਬੈਠ ਜਾਈਏ ਅਤੇ ਜਦ ਜਾਹਨਾਂ ਪੱਠਿਆਂ ਦੀ ਪੰਡ ਜਾਂ ਤੂੜੀ ਦੀ ਪੰਡ ਚੁੱਕੀ ਘਰ ਨੂੰ ਆਉਂਦਾ ਹੋਵੇ ਪਿੱਛੇ ਹੋ ਨਰਾਂ ਕੁੱਟ ਦਈਏ । ਬੇਹੋਸ਼ ਪਏ ਨੂੰ ਛੱਡ ਘਰ ਆ ਜਾਈਏ । ਜਦ ਲੋਕ ਰੌਲਾ ਪਾਉਣ ਤਾਂ ਚੁੱਕ ਲਿਆਵਾਂਗੇ । ਕੌਣ ਮਾਰ ਗਿਆ ? ਕਿਹਨੂੰ ਪਤਾ ?

ਚੌਕੇ ਵਿੱਚ ਬੈਠੀ ਨੂਰੀ ਨੇ ਵੀ ਸਾਰਾ ਪਲਾਨ ਸੁਣ ਲਿਆ ਅਤੇ ਉਹਨੂੰ ਕਾਂਬਾ ਛਿੜ ਗਿਆ ਪਰ ਉਹ ਆਖ ਕੁੱਝ ਨਾ ਸਕੀ । ਪਰ ਸਾਰੀ ਰਾਤ ਉਹਦੀ ਸੋਚਾਂ ਸੋਚਦਿਆਂ ਲੰਘੀ । ਜਦੋਂ ਉਹ ਦੁਪਹਿਰ ਰੋਟੀ ਲੈ ਕੇ ਖੇਤ ਨੂੰ ਗਈ ਤਾਂ ਰਾਹ ਵਿੱਚ ਖਾਲ੍ਹ ਕੋਲ ਦੋਹੀਂ ਪਾਸੀਂ ਦੂੱਲਾ ਅਤੇ ਸ਼ਦੀਕ ਲੁਕੇ ਬੈਠੇ ਸਨ । ਉਹਨਾਂ ਇਸ਼ਾਰਾ ਕੀਤਾ ਕਿ ਰੋਟੀ ਲੈ ਕੇ ਪਿਛਾਂਹ ਘਰ ਨੂੰ ਮੁੜ ਜਾਵੇ । ਪਰ ਉਹ ਬਿਨਾਂ ਉਹਨਾਂ ਵੱਲ ਵੇਖੇ ਸਿੱਧੀ ਖੇਤ ਨੂੰ ਲੰਘ ਗਈ ।

ਦੋਹਾਂ ਸੋਚਿਆ ਇਹ ਵੀ ਚੰਗਾ ਹੋਇਆ । ਕੁੱਟ ਕੇ ਖੇਤ ਨੂੰ ਲੰਘ

ਜਾਵਾਂਗੇ । ਉੱਥੇ ਨੂਰੀ ਦੇ ਹੁੰਦਿਆਂ ਸਾਡੇ ਉੱਤੇ ਸ਼ੱਕ ਵੀ ਕੋਈ ਨਹੀਂ ਕਰੇਗਾ । ਖੂਹ ਨਾਲ ਲਗਵੇਂ ਦੋ ਕਿੱਲੇ ਕਮਾਦ ਸੀ ਜਿਹਦੀ ਓਟ ਵਿੱਚ ਜਾਹਨਾਂ ਪੈਲੀ ਵਾਹ ਰਿਹਾ ਸੀ ।

ਉਹ ਰੋਟੀ ਰੱਖ ਹੱਲ ਕੋਲ ਚਲੀ ਗਈ ਅਤੇ ਝਿਜਕ ਤੋੜਦਿਆਂ ਕਿਹਾ, "ਰਮਜਾਨ, ਮੈਨੂੰ ਐਨਾ ਚਿਰ ਹੋਇਆ ਆਈ ਨੂੰ । ਮੈਂ ਰੋਜ਼ ਤੇਰੇ ਕੋਲ ਖਲੋਂਦੀ ਆਂ ਅਤੇ ਤਾਂਘਦੀ ਆਂ ਕਿ ਤੂੰ ਮੈਨੂੰ ਬੁਲਾਵੇਂ ਪਰ ਤੂੰ ਸਿਰ ਨਹੀਂ ਚੁੱਕਦਾ । ਤੇਰਾ ਕੋਈ ਗੁੱਸਾ ਹੋਣਾ ਏ ਉਹਨਾਂ ਨਾਲ । ਮੇਰੇ ਨਾਲ ਕਾਹਦਾ ?"

ਜਾਹਨੇ ਨੇ ਬਲਦਾਂ ਦੇ ਰੱਸੇ ਖਿੱਚੇ ਤੇ ਹਲ ਥੰਮਿਆਂ ।

"ਨਹੀਂ ਭਾਬੀ, ਨਹੀਂ, ਉਹਨਾਂ ਨਾਲ ਵੀ ਗੁੱਸਾ ਗਿਲਾ ਕਾਹਦਾ ਏ । ਉਹ ਆਪਣੇ ਘਰ ਖੇਤ ਤੇ ਮੈਂ ਆਪਣੇ ਘਰ । ਉਹ ਹੀ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦੇ । ਰਹੀ ਤੇਰੀ ਗੱਲ । ਭਾਬੀ, ਤੇਰੀ ਮੇਰੀ ਵਾਕਫੀ ਨਹੀਂ । ਡਰਦਾਂ ਕਿਤੇ ਮਰਵਾ ਈ ਨਾ ਦੇਈਂ ।"

ਨੂਰੀ ਰੋਣ ਹਾਕੀ ਹੋ ਗਈ ਤੇ ਕਿਹਾ, "ਮੈਂ ਕੀ ਆਂ ? ਤੈਨੂੰ ਫਿਰ ਦੱਸਾਂਗੀ ਪਰ ਪਿੰਡ ਨੂੰ ਜਾਂਦਾ ਖਾਲ ਕੋਲੋਂ ਵਲਾ ਕੇ ਜਾਂਈਂ ।"

"ਕਿਉਂ ?"

"ਦੋਵੇਂ ਮਰਦੂਦ ਸੋਟੇ ਲਈ ਲੁਕੇ ਬੈਠੇ ਨੇ । ਲੁਕ ਕੇ ਵਾਰ ਕਰਨਗੇ ਪਿੱਠ ਪਿੱਛੋਂ ।"

ਜਾਹਨੇ ਨੇ ਬਲਦ ਪੰਜਾਲੀਉਂ ਕੱਢ ਛਾਵੇਂ ਬੰਨ੍ਹੇ ਤੇ ਕਿਹਾ, "ਲੈ ਭਾਬੀ, ਕਿਤੇ ਬੈਠੇ ਥੱਕ ਈ ਨਾ ਜਾਣ ਅਤੇ ਇਧਰ ਤੂੰ ਉਡੀਕਦੀ ਰਵੇਂ ਰੋਟੀਆਂ ਲੈ ਕੇ ।"

ਨੂਰਾਂ ਨੇ ਦਿਲ ਅੱਖਾਂ ਵਿੱਚ ਭਰਕੇ ਤਰਲਾ ਮਾਰਿਆ । "ਨਾ ਜਾਹਨਿਆ, ਉਧਰ ਦੀ ਨਾ ਲੰਘੀ । ਦੋਵੇਂ ਮਲੰਗ ਬੁਰੀ ਧਾਰੀ ਬੈਠੇ ਨੇ ।"

ਪਰ ਜਾਹਨੇ ਨੇ ਤੰਗੜ ਵਿੱਚ ਪਾਈ ਤੂੜੀ ਦੀ ਪੰਡ ਚੁੱਕੀ ਤੇ ਵੱਟ ਪੈ ਗਿਆ ।

ਨੂਰੀ ਦਿਲ ਹੀ ਦਿਲ ਰੋ ਪਈ । ਮੈਂ ਪਾਪਣ ਕੀ ਕੀਤਾ । ਉਹ ਸਿੱਧੀ

ਵੱਟ ਤੇ ਆ ਗਈ । ਉਹਨੂੰ ਹੌਲ ਪੈ ਰਹੇ ਸਨ । ਉਹਦਾ ਦਿਲ ਕੀਤਾ ਚੀਕ ਮਾਰਾਂ ਅਤੇ ਅੱਗੇ ਹੋ ਰਮਜਾਨ ਨੂੰ ਰੋਕ ਲਵਾਂ । ਪਰ ਬੇਵੱਸ ਕੁਝ ਨਾ ਕਰ ਸਕੀ ਸਿਵਾਏ ਉਹਨੂੰ ਭਿੱਜੀਆਂ ਅੱਖਾਂ ਤੇ ਹੌਲਦੇ ਦਿਲ ਨਾਲ ਜਾਂਦਾ ਵੇਖਣ ਦੇ । ਉਸ ਵੇਖਿਆ ਜਾਹਨੇ ਨੇ ਐਨ ਖਾਲ ਕੋਲ ਜਾ ਕੇ ਪੰਡ ਸਿਰੋਂ ਲਾਹ ਦਿੱਤੀ ਜਿੱਥੇ ਦੋਹੀਂ ਪਾਸੀਂ ਦੁੱਲਾ ਤੇ ਸ਼ਦੀਕ ਲੁਕੇ ਹੋਏ ਸਨ । ਇੱਕ, ਇੱਕ ਪਾਸੇ ਅਤੇ ਦੂਜਾ, ਦੂਜੇ ਪਾਸੇ । ਉਹਨਾਂ ਸੋਟੇ ਥਾਂ ਹੀ ਛੱਡ ਦਿੱਤੇ ਅਤੇ ਦੋਵੇਂ ਦੋਹਾਂ ਪਾਸਿਆਂ ਤੋਂ ਇਸ ਤਰ੍ਹਾਂ ਨਿਕਲ ਖੂਹ ਨੂੰ ਤੁਰ ਪਏ ਜਿਵੇਂ ਜੰਗਲ ਪਾਣੀ ਜਾਂ ਪਿਸ਼ਾਬ ਬੈਠੇ ਹੋਣ ਅਤੇ ਖੂਹ ਤੱਕ ਜਾਂਦਿਆਂ ਉਹਨਾਂ ਇੱਕ ਵਾਰ ਵੀ ਪਿਛਾਂਹ ਮੁੜਕੇ ਨਾ ਵੇਖਿਆ । ਪਰ ਨੂਰੀ ਨੇ ਵੇਖਿਆ ਜਾਹਨੇ ਨੇ ਦੋਹਾਂ ਪਾਸਿਆਂ ਤੋਂ ਸੋਟੇ ਚੁੱਕੇ ਤੇ ਅਰਾਮ ਨਾਲ ਪੰਡ ਚੁੱਕ ਪਿੰਡ ਨੂੰ ਤੁਰ ਗਿਆ । ਨੂਰੀ ਦਾ ਸਾਹ ਵਿੱਚ ਸਾਹ ਤਾਂ ਆਉਣਾ ਹੀ ਸੀ । ਓਹ ਦਿਲੋਂ ਖੁਸ਼ੀ ਨਾਲ ਫੁੱਲ ਵਾਂਗ ਖਿੜ ਗਈ ।

ਦੁੱਲਾ ਅਤੇ ਸ਼ਦੀਕ ਰੋਟੀ ਖਾਂਦੇ ਵੀ ਪਲਿਤਨ ਵੱਸ ਸਨ ਅਤੇ ਕੱਚੇ ਹੋਏ ਆਪੋ ਵਿੱਚ ਵੀ ਅੱਖ ਨਹੀਂ ਸਨ ਮਿਲਾ ਰਹੇ । ਰਾਤੀਂ ਜਦ ਕਾਦਰੀ ਨੇ ਤਾਹਨਾ ਦਿੱਤਾ "ਕੁੱਟਣ ਗਏ ਸੋਟੇ ਵੀ ਖੁਹਾ ਆਏ ਓ ।"

ਤਾਂ ਦੋਹਾਂ ਨੇ ਖੱਸਿਆ ਕੇ ਕਿਹਾ, "ਕਰਦੇ ਕੀ ਉਸ ਸਾਨੂੰ ਪਿੱਠ ਈ ਨਹੀਂ ਦਿੱਤੀ ਸਗੋਂ ਪੰਡ ਸਾਡੇ ਵਿਚਾਲੇ ਆ ਸੁੱਟੀ । ਇੰਝ ਸੀ ਜਿਵੇਂ ਕਿਤੇ ਉਹਨੂੰ ਸੂਹ ਮਿਲ ਗਈ ਹੋਵੇ ।"

ਪਰ ਖਿਝੀ ਜਿਹੀ ਕਾਦਰੀ ਨੇ ਆਖਿਆ, "ਤੁਹਾਥੋਂ ਨਹੀਂ ਇਹ ਸਾਨ੍ਹ ਵਲਿਆ ਜਾਣਾ । ਤੁਸੀਂ ਦਮ ਰੱਖੋ ਤੇ ਸਾਨੂੰ ਛੁੱਟੀ ਦਿਉ ।"

ਫਿਰ ਉਹ ਅੰਦਰੋਂ ਬਾਹਰ ਆਈ ਅਤੇ ਚੌਕੇ ਵਿੱਚ ਬੈਠੀ ਨੂਰੀ ਨੂੰ ਕਿਹਾ, "ਨੀ ਨੂਰੋ, ਤੇਰੇ ਭਾਵੇਂ ਹੱਥ ਚੜ੍ਹ ਜਾਏ । ਰੱਬ ਨੇ ਰੂਪ ਦੀ ਤੇਰੇ ਤੇ ਰਹਿਮਤ ਕੀਤੀ ਏ । ਮਾਰ ਰੂਪ ਦਾ ਤੀਰ ਤੇ ਪੱਟ ਲੈ । ਤੈਨੂੰ ਖੁੱਲ੍ਹੀ ਛੁੱਟੀ ਏ । ਨਾਲੇ ਕਾਮਾ, ਨਾਲੇ ਜ਼ਮੀਨ । ਨਾਲੇ ਕਿਹੜਾ ਕਥਾਉਂ ਏ । ਛੋਟਾ ਦਿਉਰ ਹੀ ਲਗਦਾ ਏ ।"

ਨੂਰੀ ਦੇ ਮਨ ਹੀ ਮਨ ਲੱਡੂ ਤਾਂ ਫੁੱਟੇ ਪਰ ਉੱਤੋਂ ਕਿਹਾ, "ਆਹੋ ਭੈਣਾਂ,

ਕਲ੍ਹ ਨੂੰ ਤੁਸਾਂ ਈ ਗੱਲਾਂ ਬਣਾਉਂਣੀਆਂ ਨੇ ।"

"ਨੀ ਗੱਲਾਂ ਕਾਹਦੀਆਂ ? ਕੋਈ ਬਿਗਾਨਾ ਏ । ਮੈਂ ਤੇਰੇ ਆਉਣ ਤੱਕ ਸ਼ਦੀਕ ਨਾਂ ਸਾਂਭਦੀ ਇਹ ਕਿੱਥੇ ਹੁੰਦਾ, ਜਰਾ ਸੋਚ ।" ਕਾਦਰੀ ਖੁਲ੍ਹ ਕੇ ਗੱਲ ਕਹਿ ਗਈ ।

ਫਿਰ ਇੱਕ ਦਿਨ ਜਾਹਨੇ ਦਾ ਖੂਹ ਚਲਦਾ ਸੀ ਤੇ ਪਾਣੀ ਸੀ ਕਮਾਦ ਨੂੰ । ਉਹ ਕਿਆਰਾ ਵੇਖਣ ਕਮਾਦ ਵਿੱਚ ਵੜਿਆ । ਆਸੇ ਪਾਸੇ ਵੇਖ ਨੂਰੀ ਵੀ ਮਗਰ ਚਲੀ ਗਈ । ਕਿਆਰਾ ਵੇਖ ਉਹ ਪਿੱਛੇ ਮੁੜਨ ਲੱਗਾ ਤਾਂ ਅੱਗੇ ਨੂਰੀ ਖਲੋਤੀ ਸੀ । ਉਹਦਾ ਸਰੀਰ ਕੰਬ ਗਿਆ । ਅੱਜ ਫੇਰ ਕੋਈ ਕਰਤੂਤ । ਪਰ ਨੂਰੀ ਤਾਂ ਅਡੋਲ ਖਲੋਤੀ ਸੀ ਅਤੇ ਵੇਗਮਈ ਸੁੰਦਰ ਅੱਖਾਂ ਉਸ ਉੱਤੇ ਲੱਗੀਆਂ ਹੋਈਆਂ ਸਨ ।

"ਭਾਬੀ, ਤੈਨੂੰ ਕਮਾਦ ਵਿੱਚ ਮੇਰੇ ਮਗਰ ਨਹੀਂ ਸੀ ਆਉਣਾ ਚਾਹੀਦਾ ।"

ਨੂਰੀ ਦੇ ਮੱਥੇ ਤੇ ਪਾਣੀ ਦੇ ਤੁਪਕੇ ਸਿਮ ਆਏ ਸਨ ਅਤੇ ਹੋਂਠ ਫਰਕ ਰਹੇ ਸਨ ।

"ਮੇਰੇ ਚੰਨਾਂ, ਮੈਨੂੰ ਭਾਬੀ ਨਾ ਆਖ । ਮੇਰਾ ਨਾਂ ਨੂਰੀ ਏ ।"

ਜਾਹਨੇ ਨੇ ਫਿਰ ਕਿਹਾ, "ਕੋਈ ਵੇਖੇਗਾ ਤਾਂ ਕੀ ਆਖੇਗਾ ?"

ਨੂਰੀ ਨੇ ਵੇਗਮਈ ਹੋ ਕੇ ਕਿਹਾ, "ਮੈਂ ਨਹੀਂ ਡਰਦੀ ।"

ਜਾਹਨੇ ਨੇ ਫਿਰ ਕਿਹਾ, "ਅੱਜ ਫਿਰ ਕੋਈ ਨਵੀਂ ਚਾਲ ਚੱਲਣ ਲੱਗੇ ਨੇ ?"

ਨੂਰੀ ਨੇ ਸਾਹ ਰਗ ਤੇ ਚੂੰਡੀ ਵੱਡੀ ਤੇ ਕਿਹਾ, "ਮੈਨੂੰ ਕਸਮ ਏ ਜਵਾਨੀ ਦੀ ਜੇ ਝੂਠ ਬੋਲਾਂ । ਘੱਲਿਆ ਤਾਂ ਮੈਨੂੰ ਤੇਰੇ ਉੱਤੇ ਰੂਪ ਜਾਲ, ਕਾਮ ਜਾਲ ਸੁੱਟਣ ਅਤੇ ਤੈਨੂੰ ਫਸਾਣ ਲਈ ਸੀ ਪਰ ਮੈਂ ਆਪ ਤੇਰੇ ਜਾਲ ਵਿੱਚ ਫਸ ਗਈ ਆਂ । ਤੇਰੇ ਉੱਤੇ ਮਰ ਮਿਟੀ ਆਂ ।"

ਅਤੇ ਪਿਆਰ ਵੇਗ ਵਿਚ ਆਈ ਨੂਰੀ ਜਾਹਨੇ ਵੱਲ ਉੱਲਰੀ ਤੇ ਜਾਹਨੇ ਨੇ ਬਾਹਾਂ ਵਿੱਚ ਸੰਭਾਲ ਲਈ ਤੇ ਦੋਹਾਂ ਨੇ ਇਕ ਦੂਜੇ ਨੂੰ ਬਾਹਾਂ ਵਿੱਚ ਕੱਸ ਲਿਆ ।

"ਤੇਰੀ ਮਰਜੀ ਨੂਰੋ", ਉਹਦੀਆਂ ਅੱਖਾਂ ਵਿੱਚ ਪਿਆਰ ਦੇ ਡੋਰੇ ਸੂਹਾ ਰੰਗ ਫੜ ਗਏ । ਦੋਹਾਂ ਦੇ ਸਾਹ ਤਿੱਖੇ ਹੋ ਗਏ ।

"ਹੁਕਮ ਕਰ ਮੇਰੇ ਚੰਨਾਂ, ਜਾਨ ਤੇ ਖੇਡ ਜਾਂਵਾਂਗੀ । ਦਮ-ਦਮ ਤੇਰੀ ਹਾਂ ।"

ਕਮਾਦੋਂ ਬਾਹਰ ਆ ਨੂਰੀ ਨੇ ਪੱਲੇ ਨਾਲ ਮੁੜਕਾ ਪੂੰਝਿਆ ।

ਜਾਹਨੇ ਬਲਦ ਪੰਜਾਲੀਓਂ ਕੱਢੇ । ਪੱਠਿਆਂ ਦੀ ਪੰਡ ਚੁੱਕੀ ਤੇ ਪਿੰਡ ਆ ਕੇ ਟੋਕੇ ਦੇ ਅੱਗੇ ਵਗਾਹ ਮਾਰੀ ।

"ਨਾਂ ਭਾਬੀ ਮੈਥੋਂ ਕੰਮ ਹੁੰਦਾ ਏ ਨਾਂ ਮੈਂ ਕਰਨਾ ਏ । ਤੂੰ ਜਾਣ ਤੇਰਾ ਕੰਮ ਜਾਣੇ । ਕਾਮਾ ਰਖ, ਸੀਰੀ ਰੱਖ । ਮੇਰੀ ਛੁੱਟੀ ।"

ਠੰਡਾ ਸੁਭਾਅ ਅਤੇ ਨਿੱਘਾ ਹਿੱਤ ਰੱਖਣ ਵਾਲੀ ਬਸੀਰਾਂ ਨੇ ਸਿਰ ਪਿੱਠ ਪਲੋਸਦਿਆਂ ਪੁੱਛਿਆ, "ਮੈਂ ਸਦਕੇ, ਮੈਂ ਵਾਰੀ, ਮੈਨੂੰ ਗੱਲ ਤਾਂ ਦੱਸ । ਮੈਨੂੰ ਕੋਈ ਥਹੁ ਪਤਾ ਤਾਂ ਲੱਗੇ ।"

"ਭਾਬੀ, ਥਹੁ ਕੀ ਤੇ ਪਤਾ ਕੀ । ਬੱਸ ਗੱਲਾਂ ਦੋਈ ਨੇ । ਜਾਂ ਤਾਂ ਮੇਰੇ ਸਿਰ ਤੋਂ ਆਪਣੀ ਸਹੁੰ ਲਾਹ ਦੇ ਜਾਂ ਆਪਦਾ ਕੰਮ ਸੰਭਾਲ ਲੈ। ਮੈਥੋਂ ਕੰਮ ਨਹੀਂ ਹੋਣਾ ।"

ਬਸ਼ੀਰਾਂ ਨੇ ਭਰੇ ਦਿਲ ਨਾਲ ਆਖਿਆ, "ਜਾਹ ਮੇਰੇ ਬੱਚੇ, ਮੇਰੇ ਲਾਲ, ਮੈਂ ਤੇਰੇ ਸਿਰ ਤੋਂ ਆਪਣੀ ਸਹੁੰ ਵਾਪਸ ਲੈਂਦੀ ਹਾਂ" ਅਤੇ ਨਾਲ ਹੀ ਬਸੀਰਾਂ ਦੀਆਂ ਅੱਖਾਂ ਭਰ ਆਈਆਂ ।

ਜਾਹਨੇ ਨੇ ਬਸ਼ੀਰਾਂ ਦੇ ਪੈਰ ਫੜ ਲਏ । "ਮਾਂ, ਮੈਨੂੰ ਮਾਫ ਕਰ ਦੇ । ਮੈਂ ਤੇਰਾ ਦਿਲ ਦੁਖਾਇਆ । ਤੂੰ ਮਹਾਨ ਏਂ । ਮੈਂ ਤੇਰੀ ਕਿਸੇ ਤਰ੍ਹਾਂ ਵੀ ਹੇਠੀ ਨਹੀਂ ਹੋਣ ਦਿਆਂਗਾ ।"

ਅਤੇ ਉਹ ਇਹ ਕਹਿੰਦਾ ਕਹਿੰਦਾ ਗਲੀ ਪੈ ਗਿਆ ।

"ਮੈਂ ਆ ਕੇ ਪੱਠੇ ਕੁਤਰਦਾਂ ।"

ਦਿਨ ਦਾ ਚੌਥਾ ਪਹਿਰ ਸੀ । ਉਹ ਰਵਾਂ-ਰਵੀਂ ਦੂੱਲੇ ਹੋਰਾਂ ਦੇ ਬੂਹੇ ਅੱਗੇ ਜਾ ਖਲੋਤਾ । ਬਾਹਰਲੇ ਬੂਹੇ ਦੇ ਕੋਲ ਹੀ ਕਾਦਰੀ ਭਾਂਡੇ ਸਾਫ ਕਰ ਰਹੀ ਸੀ । ਸਾਹਮਣੀ ਕੰਧ ਨਾਲ ਦੂੱਲਾ ਅਤੇ ਸ਼ਦੀਕ ਮੰਜੇ ਉੱਤੇ ਸੱਜੇ-ਖੱਬੇ ਲੇਟੇ ਹੋਏ ਸਨ । ਕਾਦਰੀ ਨੇ ਜਾਹਨੇ ਨੂੰ ਬੂਹੇ ਅੱਗੇ ਖਲੋਤਾ ਦੇਖਿਆ ਤਾਂ ਚੰਬੇ ਵਾਂਗ ਖਿੜ ਗਈ ।

ਉਸਨੂੰ ਇਹ ਤਾਂ ਵਿਸ਼ਵਾਸ ਸੀ ਕਿ ਨੂਰੀ ਦੇ ਰੂਪ ਦਾ ਤੀਰ ਚੱਲ ਜਾਵੇਗਾ, ਪਰ ਇਹ ਨਹੀਂ ਸੀ ਪਤਾ ਕਿ ਐਨੀ ਛੇਤੀ ਚਲ ਜਾਏਗਾ ਤੇ ਜਾਹਨਾ ਖਿੱਚਿਆ ਚਲਿਆ ਆਏਗਾ । ਉਹ ਭਾਂਡੇ ਛੱਡ ਕੇ ਉਠ ਖਲੋਤੀ, "ਜੀ ਆਇਆਂ ਨੂੰ । ਮੈਂ ਉਹਨਾਂ ਰਾਹਾਂ ਤੋਂ ਸਦਕੇ ਜਿੰਨੀ ਰਾਹੀਂ ਮੇਰਾ ਦਿਉਰ ਰਾਜਾ ਚੱਲ ਕੇ ਆਇਆ ਏ । ਲੰਘ ਆ । ਨਹੀਂ ਠਹਿਰ, ਮੈਂ ਤੇਲ ਚੋਵਾਂ" ਤੇ ਹਰਫਲੀ ਜਿਹੀ ਅੰਦਰੋਂ ਤੇਲ ਦਾ ਕੁੱਜਾ ਚੁੱਕ ਲਿਆਈ । ਤੇ ਖੁੱਲ੍ਹੇ ਦਿਲ ਤੇਲ ਦੇਹਲੀ ਉਤੇ ਚੋਇਆ । "ਲੰਘ ਆ, ਭਾਬੀ ਸਦਕੇ ।"

ਦੁੱਲਾ ਅਤੇ ਸ਼ਦੀਕ ਵੀ ਉਠਕੇ ਬੈਠ ਗਏ ।

ਜਾਹਨੇ ਨੇ ਥਾਂ ਖਲੋਤੇ ਹੀ ਪੁੱਛਿਆ, "ਨੂਰੀ ਕਿੱਥੇ ਏ ?"

"ਭਾਬੀ ਵਾਰੀ । ਘਰੇ ਈ ਏ ।" ਕਾਦਰੀ ਨੇ ਕਿਹਾ, "ਹੁਣੇ ਖੇਤੋਂ ਸਾਗ ਤੋੜ ਕੇ ਆਈ ਏ । ਅੰਦਰ ਕੱਪੜੇ ਬਦਲਦੀ ਏ ।" ਅਤੇ ਨਾਲ ਹੀ ਉਸ ਵਾਜ ਮਾਰੀ, "ਨੀ ਨੂਰਾਂ, ਬਾਹਰ ਆ । ਵੇਖ ਸਾਡੇ ਵਿਹੜੇ ਚੰਨ ਅਕਾਸ਼ੋਂ ਉਤਰ ਆਇਆ ਏ ।" ਫਿਰ ਜਾਹਨੇ ਨੂੰ ਕਿਹਾ, "ਲੰਘ ਆ, ਭਾਬੀਆਂ ਵਾਰੀ । ਪਾ ਸਾਡੇ ਗਰੀਬਾਂ ਦੇ ਵਿਹੜੇ ਪੈਰ । ਸ਼ਾਲਾਂ ! ਤੇਰੀ ਉਮਰ ਲੰਬੀ ਹੋਵੇ ।"

ਗੂੜ੍ਹੇ ਸੂਹੇ ਮੁਕਲਾਵੇ ਵਾਲੇ ਸੂਟ ਵਿੱਚ ਸਜੀ ਧਜੀ ਨੂਰਾਂ ਕਾਦਰੀ ਦੇ ਕੋਲ ਆ ਖਲੋਤੀ ।

ਜਾਹਨੇ ਨੇ ਕਿਹਾ, "ਨੂਰੀ, ਕੀ ਮਰਜ਼ੀ ਏ ਤੇਰੀ ?"

"ਮੇਰੇ ਰਾਜਾ, ਜੋ ਮਰਜ਼ੀ ਤੇਰੀ ਉਹ ਨੂਰੀ ਦੀ ।"

ਜਾਹਨੇ ਨੇ ਕਿਹਾ, "ਪੁੱਟ ਪੈਰ ਫੇਰ ?"

ਪੈਰ ਦੀ ਪੰਜ਼ੇਬ ਛਣਕੀ, ਨੂਰੀ ਨੇ ਪੈਰ ਦਹਿਲੀਜ ਤੋਂ ਬਾਹਰ ਰੱਖਿਆ, "ਹੋਰ ਹੁਕਮ, ਮੇਰੇ ਰਾਜਾ ।"

ਕਾਦਰੀ ਵਿੱਚੇ ਵਿਚ ਗਦ-ਗਦ ਹੋ ਰਹੀ ਸੀ । ਨੂਰੀ ਨੇ ਦੂਜਾ ਪੈਰ ਵੀ ਦਹਿਲੀਜੋਂ ਬਾਹਰ ਕੱਢਿਆ ਅਤੇ ਜਾਹਨੇ ਦੇ ਕੋਲ ਆ ਖਲੋਤੀ ।

"ਹੋਰ ਹੁਕਮ ਕਰ, ਮੇਰੇ ਚੰਨਾਂ ।"

"ਹੋਰ ਅੱਗੇ ।"

ਅਤੇ ਨੂਰਾਂ ਚਾਰ ਕਦਮ ਗਲੀ ਵਿੱਚ ਚਲੀ ਗਈ ।

ਫਿਰ ਜਾਹਨੇ ਨੇ ਕਾਦਰੀ ਨੂੰ ਕਿਹਾ, "ਭਾਬੀ, ਤੁਸੀਂ ਰੋਜ਼ ਕਹਿੰਦੇ ਸੀ ਪੱਕੀ ਵੰਡ ਕਰਨੀ ਏਂ । ਅੱਜ ਹੋ ਗਈ ਜੇ ਪੱਕੀ ਵੰਡ । ਤਿੰਨ ਤੁਸੀਂ ਤੇ ਤਿੰਨ ਅਸੀਂ । ਫਿਰ ਨਾਂ ਆਖਿਓ ਦੱਸਿਆ ਨਹੀਂ । ਮੈਂ ਨੂਰੀ ਨੂੰ ਲੈ ਚੱਲਿਆਂ ।"

ਅਤੇ ਉਹ ਦੋਵੇਂ ਗਲੀ ਵਿੱਚੋਂ ਅੱਗੇ ਪਿੱਛੇ ਤੁਰ ਪਏ ।

ਕਾਦਰੀ ਦਾ ਮੂੰਹ ਟੱਡਿਆ ਰਹਿ ਗਿਆ । ਉਹਦੇ ਹੱਥੋਂ ਤੇਲ ਵਾਲਾ ਕੁੱਜਾ ਤਿਲਕ ਕੇ ਡਿੱਗਾ ਤੇ ਚਕਨਾਚੂਰ ਹੋ ਗਿਆ । ਹੱਕੀ ਬੱਕੀ ਨੇ ਦੁੱਲੇ ਹੋਰਾਂ ਨੂੰ ਕਿਹਾ, "ਵੇ ਨੂਰੀ ਗਈ !"

ਪਰ ਉਹਨਾਂ ਉੱਤੇ ਤਾਂ ਜਿਵੇਂ ਸੌ ਸੌ ਘੜੇ ਪਾਣੀ ਪੈ ਗਿਆ ਹੋਵੇ । ਦੋਵੇਂ ਪਜ਼ਲ ਹੋਏ ਬੈਠੇ ਰਹੇ ।

ਬੂਹੇ ਅੱਗੇ ਖਲੋ ਜਾਹਨੇ ਨੇ ਵਾਜ਼ ਮਾਰੀ । "ਭਾਬੀ ਮਾਂ, ਲਿਆ ਪਾਣੀ ਵਾਰ"

ਅਤੇ ਬਸ਼ੀਰਾਂ ਨੇ ਦੋਹਾਂ ਤੋਂ ਪਾਣੀ ਵਾਰ ਕੇ ਪੀਤਾ ਤੇ ਨੂਰੀ ਨੂੰ ਘੁੱਟਕੇ ਛਾਤੀ ਲਾ ਲਿਆ ।

ਦੁੱਲੇ ਹੋਰਾਂ ਸਵੇਰੇ ਪੰਚਾਇਤ ਕੀਤੀ ਪਰ ਬਸ਼ੀਰਾਂ ਨੇ ਉਹਨਾਂ ਦੀਆਂ ਅੱਜ ਤੱਕ ਦੀਆਂ ਕੁਚਾਲਾਂ ਨੰਗੀਆਂ ਕੀਤੀਆਂ । ਇਕ ਵੀ ਮੋੜ, ਦੁੱਲੇ ਹੋਰਾਂ ਤੋਂ ਨਾ ਆਇਆ ।

ਪਰ੍ਹੇ ਦਾ ਕਹਿਣਾ ਸੀ, "ਸਬਰ ਕਰੋ ਭਾਈ, ਮੀਆਂ ਬੀਬੀ ਰਾਜੀ ਤਾਂ ਕੀ ਕਰੇਗਾ ਕਾਜੀ ।"

ਪਰ ਇੱਕ ਗੱਲ ਸ਼ਦੀਕ ਹੋਰਾਂ ਦੇ ਪੱਖ ਵਿੱਚ ਗਈ ਉਹ ਇਹ ਕਿ ਉਹ ਕੰਮ ਹੱਡ ਭੰਨ ਕੇ ਕਰਨ ਲੱਗ ਪਏ ।

# ਦਿਸਹੱਦਾ

ਚੌਥੇ ਪਹਿਰ ਗੁਰਜੀਤ ਨੇ ਵਿਹੜੇ ਪੈਰ ਪਾਇਆ ਤਾਂ ਬਿਰਧ ਮਾਤਾ ਹੈਰਾਨ ਜਿਹੀ ਹੋ ਗਈ । ਧੜਕਦੇ ਦਿਲ ਨਾਲ ਉਸ ਪੁੱਤਰ ਦਾ ਮੂੰਹ ਮੱਥਾ ਚੁੰਮਿਆ, ਪਿਆਰ ਦਿੱਤਾ, "ਬੇਟਾ, ਸੁੱਖ ਤਾਂ ਹੈ । ਚੌਥੇ ਗਿਆ ਅੱਜ ਮੁੜ ਵੀ ਆਇਆ । ਮੇਰਾ ਤਾਂ ਖਿਆਲ ਸੀ ਅਜੇ ਪੰਜ ਸੱਤ ਦਿਨ ਹੋਰ ਲੱਗ ਜਾਣਗੇ ।"

ਗੁਰਜੀਤ ਨੇ ਕੱਪੜਿਆਂ ਵਾਲਾ ਥੈਲਾ ਮੰਜੇ ਤੇ ਰੱਖ ਸਿਰੋਂ ਪੱਗ ਲਾਹੁੰਦਿਆਂ ਆਖਿਆ, "ਹਾਂ ਮਾਂ, ਸਭ ਸੁੱਖ ਏ । ਸਭ ਥਾਂ ਰਾਜੀ ਖੁਸ਼ੀ ਨੇ ।"

ਮਾਤਾ ਨੇ ਚਾਹ ਲਈ ਚੁੱਲ੍ਹੇ ਤੇ ਪਤੀਲੀ ਰੱਖੀ ਤੇ ਕੱਲੇ ਕੱਲੇ ਸਭ ਦੀ ਸੁੱਖ - ਸਾਂਦ ਪੁੱਛੀ । ਗੁਰਜੀਤ ਨੇ ਕੱਪੜੇ ਬਦਲਦਿਆਂ ਸਭ ਦੇ ਸੁੱਖ ਸੁਨੇਹੇ ਦਿੱਤੇ ।

"ਪੁੱਤਰ, ਤੂੰ ਦੋ ਰਾਤਾਂ ਵਿੱਚ ਕਿਵੇਂ ਸਭ ਨੂੰ ਮਿਲ ਆਇਆ ?" ਮਾਂ ਨੇ ਸ਼ੰਕਾ ਜਿਹੀ ਕੀਤੀ ।

ਗੁਰਜੀਤ ਨੇ ਕਿਹਾ, "ਮਾਂ, ਖਿੱਚ ਤਾਂ ਸਾਰੇ ਕਰਦੇ ਸਨ ਪਰ ਤੇਰੇ ਬਿਨ੍ਹਾਂ ਦਿਲ ਕਿਹੜਾ ਲਗਦਾ ਏ । ਘੜੀ ਕਿਤੇ, ਪਲ ਕਿਤੇ ਚਾਹ ਕਿਤੇ, ਰੋਟੀ ਕਿਤੇ ਅਤੇ ਅਗਲੇ ਦਿਨ ਤੇਰੇ ਕੋਲ ।"

ਮਾਂ ਨੇ ਚਾਹ ਦਾ ਗਲਾਸ ਫੜਾਉਂਦਿਆਂ ਪੁੱਛਿਆ, "ਪੁੱਤ, ਜਿਸ ਲਈ ਬੁਲਾਇਆ ਸੀ ?"

"ਉਹ ਹਾਂ, ਮਾਂ ਗੁੱਸਾ ਨਾ ਕਰੀਂ । ਮੈਨੂੰ ਤਾਂ ਪਸੰਦ ਨਹੀਂ ।"

"ਕਿਉਂ ? ਕੁੜੀ ਵੇਖੀ ?"

"ਹਾਂ, ਮਾਂ"

"ਕੋਈ ਕਜ ਏ ਕੁੜੀ ਵਿੱਚ ?"

"ਨਹੀਂ ਮਾਂ, ਨਹੀਂ । ਕੁੜੀ ਤਾਂ ਸੁੰਦਰ ਏ। ਪੜ੍ਹੀ ਲਿਖੀ ਏ, ਪਰ . . ."

"ਪਰ ਕੀ ?"

"ਪਰ ਮਾਂ, ਉਹਨਾਂ ਦੀਆਂ ਅੱਖਾਂ ਬਹੁਤ ਉੱਚੀਆਂ ਨੇ ਤੇ ਸਾਡਾ ਕੰਮ ਕੁਝ

ਨੀਵੀਂ ਪੱਧਰ ਦਾ ਏ । ਸਾਥੋਂ ਉਹਨਾਂ ਨਾਲ ਵਾਰੇ ਨਹੀਂ ਆਇਆ ਜਾਣਾ । ਰਹੀ ਕੁੜੀ । ਸੱਚ ਪੁਛੇਂ ਤਾਂ ਕੁੜੀ ਵੀ ਮੇਰੇ ਪਸੰਦ ਨਹੀਂ ।"

"ਕਿਉਂ ?"

"ਕਿਉਂਕਿ ਮਾਂ, ਕੁੜੀ ਫੈਸ਼ਨਏਬਲ ਏ । ਸ਼ਾਇਦ ਸਾਡੇ ਘਰ ਨੂੰ ਪਸੰਦ ਨਾ ਕਰੇ ਤੇ ਕੱਲ੍ਹ ਨੂੰ ਕੋਈ ਕਲੇਸ਼ ਜਾਗੇ । ਜਿਹੜਾ ਸਾਡੇ ਦੁੱਖ ਦਾ ਕਾਰਨ ਬਣੇ ।"

ਮਾਂ ਨੇ ਸਮਝਾਉਂਦਿਆਂ ਕਿਹਾ, "ਪੁੱਤਰ, ਵਰ ਘਰ ਰੋਜ ਨਹੀਂ ਮਿਲਦੇ । ਰਹੀ ਫੈਸ਼ਨ ਦੀ ਗੱਲ । ਉਹ ਤਾਂ ਜਮਾਨੇ ਮੁਤਾਬਕ ਹੁੰਦੀ ਈ ਏ, ਰਹੀ ਬਰ ਸਰ ਆਉਣ ਦੀ ਗੱਲ਼ । ਪੁੱਤਰ ਜ਼ਮੀਨ ਕਾਹਦੇ ਲਈ ਏ । ਦੋ ਖੇਤ ਵੇਚ ਦਿਆਂਗੇ । ਮੈਂ ਸੋਚਦੀ ਸਾਂ ਕਿ ਮੇਰੇ ਅੱਖਾਂ ਮੀਟਣ ਤੋਂ ਪਹਿਲਾਂ ਤੇਰਾ ਵਿਆਹ ਹੋ ਜਾਏ । ਨਦੀ ਕਿਨਾਰੇ ਰੁੱਖੜਾ ਦਮ ਦਾ ਕੀ ਵਸਾਹ । ਫਿਰ ਬੜੇ ਦੁੱਖ ਝੱਲੇ ਨੇ ਪੁੱਤਰ, ਮੈਂ । ਚਾਰ ਦਿਨ ਮੈਂ ਵੀ ਨੂੰਹ ਦਾ ਸੁੱਖ ਵੇਖ ਲੈਂਦੀ । ਕੀ ਪਤਾ ਕਦੋਂ ਜੀਵਨ ਡੋਰ ਟੁੱਟ ਜਾਵੇ ?"

ਗੁਰਜੀਤ ਨੂੰ ਮਾਂ ਤੇ ਤਰਸ ਆ ਗਿਆ, "ਮਾਂ ਤੂੰ ਉਦਾਸ ਨਾ ਹੋ । ਮੈਂ ਕਿਹੜਾ ਨਾਂਹ ਕਰ ਆਇਆ । ਪਸੰਦ ਤਾਂ ਤੇਰੀ ਚਲਣੀ ਏ । ਤੂੰ ਪੰਜ ਚਾਰ ਦਿਨਾਂ ਨੂੰ ਚਲੀ ਜਾਈਂ ਅਤੇ ਜਿਵੇਂ ਤੇਰੀ ਮਰਜੀ ਹੋਈ ਕਰ ਆਈਂ ।"

ਪੁੱਤਰ ਦੀ ਗੱਲ ਸੁਣ ਮਾਂ ਗਦ-ਗਦ ਹੋ ਗਈ । ਪੁੱਤਰ ਮਾਮਿਆਂ ਨੂੰ ਚਿੱਠੀ ਲਿਖ ਅੱਜ ਈ । ਕਿ ਮੈਂ ਪਹੁੰਚ ਗਿਆ । ਗੱਲ ਤੋਰੀ ਰੱਖਣ । ਮੈਂ ਅਗਲੇ ਹਫਤੇ ਜਾਵਾਂਗੀ । ਚਾਰ ਪੈਸੇ ਹੱਥ ਹੇਠ ਆ ਜਾਣ । ਮੈਂ ਸਭ ਨਜਿੱਠ ਆਵਾਂਗੀ । ਭਾਵੇਂ ਦੋ ਖੇਤ ਵੇਚਣੇ ਹੀ ਨਾ ਪੈ ਜਾਣ । ਆਖਰ ਜਾਇਦਾਦ ਕਾਹਦੇ ਲਈ ਹੁੰਦੀ ਏ । ਨਾਲੇ ਪੁੱਤ, ਮੈਂ ਤਾਂ ਭੁੱਲ ਈ ਗਈ । ਅੱਜ ਸਵੇਰੇ ਨਾਲ ਦੇ ਪਿੰਡੋਂ ਇਕ ਤੇਰਾ ਦੋਸਤ ਆਇਆ ਸੀ । ਭਲਾ ਜਿਹਾ ਨਾਂ ਸੀ । ਮੀਤਾ । ਕਹਿੰਦਾ ਸੀ, 'ਜ਼ਰੂਰੀ ਕੰਮ ਏ । ਆਉਂਦਾ ਹੀ ਮਿਲੇ ।'

ਗੁਰਜੀਤ ਇਕ ਦਮ ਉਠਿਆ ਅਤੇ ਜੁਤੀ ਪਾਉਂਦੇ ਨੇ ਪੁਛਿਆ, "ਸੱਚ, ਮਾਂ, ਮੀਤਾ ਆਇਆ ਸੀ ?"

"ਹਾਂ ਪੁੱਤ, ਮੈਂ ਤਾਂ ਉਹਨੂੰ ਕਿਹਾ ਸੀ ਕਿ ਅਜੇ ਪੰਜ-ਸੱਤ ਦਿਨ ਨਹੀਂ ਆਉਂਦਾ । ਪਰ ਉਹਨੇ ਚਾਹ ਵੀ ਨਾ ਪੀਤੀ ਅਤੇ ਸੁਨੇਹਾ ਦੇ ਕੇ ਚਲਾ ਗਿਆ । ਬੜਾ ਸਾਊ ਜਿਹਾ ਮੁੰਡਾ ਸੀ ।"

ਗੁਰਜੀਤ ਨੇ ਪੱਗ ਸਿਰ ਤੇ ਰੱਖਦਿਆਂ ਕਿਹਾ, "ਚੰਗਾ ਮਾਂ, ਮੈਂ ਹੋ ਆਵਾਂ । ਮੈਨੂੰ ਤਾਂ ਉਹਨਾਂ ਕੋਲ ਗਿਆਂ ਵੀ ਪੰਜ ਦਿਨ ਹੋ ਗਏ ਨੇ ।"

ਮਾਂ ਨੇ ਕਿਹਾ, "ਬੇਟਾ, ਹੁਣ ਦਿਨ ਥੋੜਾ ਏ । ਸਵੇਰੇ ਜਾਈਂ । ਹੁਣ ਲਗਦੇ ਹੱਥ ਮਾਮੇ ਨੂੰ ਚਿੱਠੀ ਲਿਖ ਦੇ ।"

ਪਰ ਉਹ ਇਹ ਕਹਿੰਦਾ-ਕਹਿੰਦਾ ਬਾਹਰ ਨਿਕਲ ਗਿਆ, "ਮਾਂ, ਮੈਂ ਹੋ ਆਵਾਂ । ਚਿੱਠੀ ਸਵੇਰੇ ਜਾਂ ਆ ਕੇ ਲਿਖਾਂਗਾ ।"

ਗੁਰਜੀਤ ਅਤੇ ਮੀਤੇ ਦੀ ਜਾਣ-ਪਹਿਚਾਣ ਅਤੇ ਦੋਸਤੀ ਕੋਈ ਪੰਜ ਮਹੀਨੇ ਪਹਿਲਾਂ ਹੋਈ ਸੀ ਜਦੋਂ ਉਹ ਇਕ ਦਿਨ ਤੀਜੇ ਪਹਿਰ ਕਣਕ ਦਾ ਥੈਲਾ ਸਿਰ ਤੇ ਚੁੱਕੀ ਨਾਲ ਦੇ ਪਿੰਡ ਚੱਕੀ ਤੇ ਆਟਾ ਪਿਹਾਉਣ ਜਾ ਰਿਹਾ ਸੀ । ਚੱਕੀ ਵਾਲਾ ਪਿੰਡ ਉਹਨਾਂ ਦੇ ਪਿੰਡੋਂ ਕੋਈ ਦੋ ਪੌਣੇ ਦੋ ਮੀਲ ਹਟਵਾਂ ਸੀ ਅਤੇ ਦੋਹਾਂ ਪਿੰਡਾਂ ਦੀ ਜ਼ਮੀਨੀ ਹੱਦ ਇਕ ਡੂੰਘੀ ਨਦੀ ਬਣਾਉਂਦੀ ਸੀ, ਜਿਸ ਵਿਚ ਹਰ ਮੌਸਮ ਵਿਚ ਥੋੜ੍ਹਾ ਬਹੁਤਾ ਪਾਣੀ ਚਲਦਾ ਰਹਿੰਦਾ ਸੀ । ਨਦੀ ਡੂੰਘੀ ਹੋਣ ਕਰਕੇ ਉਗਲਾਂ ਪਾਣੀ ਸੁੱਟਦੀਆਂ ਰਹਿੰਦੀਆਂ ਸਨ । ਤਾਂ ਹੀ ਕਿਨਾਰਿਆਂ ਤੇ ਦਲ-ਦਲ ਲੇਹਲੀ ਤੇ ਚਿੱਕੜ ਰਹਿੰਦਾ ਸੀ । ਨਦੀ ਪਾਰ ਕਰ ਉਸ ਥੈਲਾ ਸਿਰੋਂ ਲਾਹਿਆ ਅਤੇ ਘਾਹ ਤੇ ਬੈਠ ਪੈਰਾਂ ਦਾ ਚਿੱਕੜ ਧੋਤਾ ਅਤੇ ਪੈਰ ਪੂੰਝੇ ਤੇ ਜੁੱਤੀ ਪਾਈ ਹੀ ਸੀ ਕਿ ਉਪਰ ਢਾਹੇ ਤੋਂ ਅੱਧੀ ਕੁ ਪੈਲੀ ਹਟਵੇਂ ਖਲੋਤੇ ਇਕ ਮਲਵਈ ਮੁੰਡੇ ਨੇ ਵਾਜ ਮਾਰੀ, "ਬਾਈ ਸਿਆਂ, ਆਹ ਭਾਰ ਨੂੰ ਹੱਥ ਤਾਂ ਪਵਾਈਂ 'ਕੇਰਾਂ ।"

ਅਤੇ ਉਹ ਥੈਲਾ ਘਾਟ ਤੇ ਹੀ ਛੱਡ ਢਾਹਾ ਚੜ੍ਹਕੇ ਉਧਰ ਤੁਰ ਪਿਆ । ਪੱਠਿਆਂ ਦੀ ਪੰਡ ਘਾਟ ਤੋਂ ਦੋ ਕਿਲੇ ਹਟਵੀਂ ਸੀ ਤੇ ਮਲਵਈ ਮੁੰਡਾ ਅੱਧਾ ਕਿੱਲਾ ਅੱਗੇ ਜਾ ਰਿਹਾ ਸੀ । ਜਦੋਂ ਗੁਰਜੀਤ ਨੇੜੇ ਗਿਆ ਤਾਂ ਮਲਵਈ ਮੁੰਡੇ ਨੇ ਕਿਹਾ, "ਬਾਈ ਸਿਆਂ, ਜਣੋਂ ਦਾਣੇ ਪਿਸਾਉਣ ਚੱਲਿਆ ਆਂ ?"

"ਹਾਂ, ਚੱਲਿਆ ਤਾਂ ਆਟਾ ਪਿਹਾਉਣ ਹੀ ਆਂ । ਭਲਾ ਚੱਕੀ ਕਿਹੜੇ ਪਾਸੇ ਏ ?" ਨਾਲ ਹੀ ਉਸ ਮਲਵਈ ਮੁੰਡੇ ਦਾ ਜਾਇਜ਼ਾ ਲਿਆ । ਉਹਦੀਆਂ ਅੱਖਾਂ ਫੈਲੀਆਂ ਹੀ ਰਹਿ ਗਈਆਂ ।

ਸੋਲਾਂ ਸਤਰਾਂ ਦਾ ਸਿੰਨ, ਗੋਭੀ, ਸਰੋਂ ਦੀ ਗੰਦਲ ਵਰਗਾ, ਕੂਲਾ ਮੁੰਡਾ ਬੀਰ ਵਹੁਟੀ ਵਰਗਾ, ਭਾਅ ਮਾਰਦਾ ਗੋਰਾ ਰੰਗ, ਇਕਹਿਰੇ ਅਤੇ ਕੋਮਲ ਅੰਗ, ਲੰਬੇ ਸਰਜਦੇ ਕਮੀਜ ਅਤੇ ਡੱਬੀਆਂ ਵਾਲੇ ਚਾਦਰੇ ਅਤੇ ਸਿਰ ਤੇ ਵਲੇ ਖੱਦਰ ਦੇ ਪਰਨੇ ਵਿਚ ਵੀ ਉਹਦਾ ਰੂਪ ਸੁੱਕੇ ਪੱਤਿਆਂ ਵਿੱਚ ਰਸਭਰੀ ਜਾਂ ਸੁਕੇ ਛਿਲੜਾਂ ਵਿਚ ਕਾਬਲੀ ਅਨਾਰ ਦੇ ਦਾਣੇ ਵਾਂਗ ਚਮਕ ਰਿਹਾ ਸੀ । ਉਹਦੇ ਸਾਰੇ ਅੰਗ ਕੁੜੀਆਂ ਵਾਂਗ ਮਹਿਕਦੇ ਅਤੇ ਥਿੰਦੇ ਸਨ ਅਤੇ ਲੋਂਹੜੇ ਦਾ ਰੂਪ ਅਲਫ ਹੁਸੈਨੀ ਕਲਮ ਵਾਂਗ ਨੱਕ, ਨੀਲੀਆਂ ਅੱਖਾਂ, ਪਤਲੇ ਗੁਲਾਬੀ ਹੋਂਠ, ਅੰਬ ਸੰਧੂਰੀ ਗੱਲ੍ਹਾਂ, ਸੁਰਾਹੀਦਾਰ ਬਲੌਰੀ ਗਰਦਨ । ਗੁਰਜੀਤ ਨੇ ਅੱਜ ਤੱਕ ਐਨੀ ਸੁੰਦਰ ਤਾਂ ਕੋਈ ਮੁਟਿਆਰ ਵੀ ਨਹੀਂ ਸੀ ਵੇਖੀ ।

ਮਲਵਈ ਨੇ ਸਾਫੇ ਦਾ ਲੜ ਠੀਕ ਕਰਦਿਆਂ ਪੁੱਛਿਆ, "ਲਗਦਾ ਏ ਬਾਈ, ਜਣੋਂ ਨਵੇਂ ਹੀ ਆਏ ਜੇ ?"

ਗੁਰਜੀਤ ਨੇ ਕਿਹਾ, "ਹਾਂ ਮਿੱਤਰਾ, ਅਜੇ ਦੋ ਕੁ ਮਹੀਨੇ ਹੀ ਹੋਏ ਨੇ ਏਸ ਪਿੰਡ ਅਲਾੱਟ ਹੋਈ ਨੂੰ ।"

ਮਲਵਈ ਨੇ ਦਾਤੀ ਭਾਰ ਵਿਚ ਟੰਗਦਿਆਂ ਫੇਰ ਪੁੱਛਿਆ, "ਬਾਈ ਸਿਆਂ, ਕੱਚੀ ਕਿ ਪੱਕੀ ?"

ਅਤੇ ਗੁਰਜੀਤ ਨੇ ਜਵਾਬ ਦਿੱਤਾ । "ਪੱਕੀ ਮਿੱਤਰਾ, ਪੱਕੀ । ਕੱਚੀ ਤੇ ਤਾਂ ਥਾਂ-ਥਾਂ ਧੱਕੇ ਖਾਧੇ ਨੇ । ਫਿਰੋਜ਼ਪੁਰੋਂ, ਕਰਨਾਲ ਤੱਕ ਕੋਈ ਥਾਂ ਨਹੀਂ ਛੱਡਿਆ । ਕਦੀ ਕਿਤੇ, ਕਦੀ ਕਿਤੇ ।"

ਮਲਵਈ ਨੇ ਫਿਰ ਸਵਾਲ ਕੀਤਾ, "ਬਾਈ, ਜਣੋਂ ਪੜ੍ਹਿਆ ਲਿਖਿਆ ਲਗਦੈਂ, ਬਾਹਵਾ ਪੜ੍ਹਿਆ ਹੋਣਾ ਏਂ ?"

ਗੁਰਜੀਤ ਨੇ ਠੰਡਾ ਹੌਕਾ ਭਰਦੇ ਕਿਹਾ, "ਪੜ੍ਹਨਾ ਕੀ ਸੀ ਮਿੱਤਰਾ । ਅੱਠ

ਪਾਸ ਕੀਤੀਆਂ ਕਿ ਦੇਸ ਦੀ ਵੰਡ ਹੋ ਗਈ । ਇੱਧਰ ਆਏ ਉੱਜੜ-ਪੁੱਜੜ ਕੇ । ਪੜ੍ਹਨ ਦੇ ਦਿਨ ਸਨ ਕਿ ਰੋਜ਼ੀ ਰੋਟੀ, ਠੱਡੇ ਟਿਕਾਣੇ ਦੇ ਸੰਸੇ ਪੈ ਗਏ ।"

ਪੱਲੀ ਦੇ ਪੱਲੇ ਫੜਦਿਆਂ ਮਲਵਈ ਨੇ ਕਿਹਾ, "ਬਾਈ ਸਿਆਂ, ਥੋੜੇ ਲੋਕ ਪੜ੍ਹੇ ਲਿਖੇ ਬਹੁਤ ਆ । ਪਰ ਚੋਰੀ ਬੜੀ ਕਰਦੇ ਆ । ਗਊ ਦੀ ਸਹੁੰ ਲਾਗਲੇ ਵਸੀਵੇਂ ਵਾਲੇ ਰਿਫਿਊਜੀ ਤਾਂ ਕੋਈ ਚੀਜ ਫਸੇ ਲੈ ਜਾਂਦੇ ਨੇ । ਗਾਜਰ ਗੰਨੇ ਦੀ ਤਾਂ ਗੱਲ ਕੀ ਤੂੜੀ ਪੱਠਾ, ਹੱਲ ਪੰਜਾਲੀ, ਸੜਾ ਸੁਹਾਗਾ ਕੋਈ ਚੀਜ ਨਹੀਂ ਛੱਡਦੇ ।"

ਮਲਵਈ ਭਾਵੇਂ ਭੋਲੇ ਭਾ ਕਹਿ ਰਿਹਾ ਸੀ ਪਰ ਗੁਰਜੀਤ ਨੂੰ ਧੱਕਾ ਜਿਹਾ ਲੱਗਾ । ਉਸ ਸੰਭਲ ਕੇ ਕਿਹਾ, "ਮੇਰੇ ਮਿੱਤਰ, ਹਰ ਸਮਾਜ ਹਰ ਸੁਸਾਇਟੀ ਵਿੱਚ ਚੰਗੇ ਮੰਦੇ ਬੰਦੇ ਹੁੰਦੇ ਨੇ । ਇੱਧਰ ਵੀ ਉੱਧਰ ਵੀ । ਹੋ ਸਕਦਾ ਏ ਕੁੱਝ ਲੋਕ ਪੇਸ਼ਾਵਰ ਹੋਣ ਅਤੇ ਆਦਤਨ ਚੋਰੀ ਕਰਦੇ ਹੋਣ । ਇਹ ਵੀ ਹੋ ਸਕਦਾ ਏ ਕਿ ਹਾਲਾਤ ਤੇ ਮਜ਼ਬੂਰੀਆਂ ਵੱਸ ਕਈਆਂ ਨੂੰ ਮਾੜੀ ਆਦਤ ਪੈ ਗਈ ਹੋਏ । ਪਰ ਹੁਣ ਜਿਉਂ ਜਿਉਂ ਲੋਕਾਂ ਦੇ ਠਿਕਾਣੇ ਬਣਦੇ ਜਾ ਰਹੇ ਹਨ, ਆਪੋ ਆਪਣੇ ਕੰਮੀ, ਕਾਰੀਂ ਸਭ ਲੱਗ ਜਾਣਗੇ । ਤੁਹਾਡੇ ਵਿਚ ਰਚ ਮਿੱਚ ਜਾਣਗੇ ਅਤੇ ਤੁਹਾਡੇ ਵਰਗੇ ਹੀ ਹੋ ਜਾਣਗੇ ।"

"ਹਾਂ ਬਾਈ ਸਿਆਂ, ਇਹ ਤਾਂ ਤੇਰੀ ਗਲ ਠੀਕ ਆ ।"

ਮਲਵਈ ਮੁੰਡਾ ਜਦ ਬੋਲਦਾ ਤਾਂ ਅਤਿ ਮਿੱਠੀ ਸੁਰੀਲੀ 'ਵਾਜ ਨਾਲ । ਅਤੇ ਗੁਰਜੀਤ ਨੂੰ ਇੰਝ ਲਗਦਾ ਜਿਵੇਂ ਉਹਦੇ ਹੋਠਾਂ ਚੋਂ ਫੁੱਲ ਪੱਤੀਆਂ ਕਿਰ ਰਹੀਆਂ ਹੋਣ । ਅਤੇ ਉਹ ਉਹਦੇ ਰੂਪ ਦਾ ਕੀਲਿਆ ਇਹ ਸੋਚ ਰਿਹਾ ਸੀ ਕਿ ਇਹ ਕੁਝ ਨਾ ਕੁੱਝ ਪੁੱਛੀ ਜਾਏ ,ਤੇ ਮੈਂ ਦਸੀ ਜਾਵਾਂ ਅਤੇ ਇਹ ਸਾਥ ਬਣਿਆ ਰਵੇ । ਪਰ ਮਲਵਈ ਨੇ ਪੰਡ ਚੁੱਕਣ ਲਈ ਪੰਡ ਨੂੰ ਹੱਥ ਪਾ ਲਏ । ਦੋਹਾਂ ਨੇ ਸਹਾਰ ਕੇ ਪੰਡ ਚੁੱਕੀ ਪਰ ਪੰਡ ਭਾਰੀ ਹੋਣ ਕਰਕੇ ਮਲਵਈ ਵੱਲ ਉੱਲਰ ਗਈ । ਮਲਵਈ ਨੂੰ ਦੱਬਦਾ ਵੇਖਕੇ ਗੁਰਜੀਤ ਨੇ ਪੰਡ ਆਪਣੇ ਵੱਲ ਖਿੱਚੀ ਅਤੇ ਨੀਵਾਂ ਹੋ ਸਿਰ ਹੇਠਾਂ ਦੇ ਪੰਡ ਚੁੱਕ ਲਈ ।

"ਆ ਦੋਸਤ, ਮੈਂ ਹੀ ਰੇੜ੍ਹੀ ਤੇ ਸੁੱਟ ਆਉਂਦਾ ਹਾਂ ।" ਅਤੇ ਉਹ ਦੋ

ਪੈਲੀਆਂ ਹਟਵੀਂ ਖਲੋਤੀ ਰੇਹੜੀ ਵੱਲ ਤੁਰ ਪਿਆ ।

ਪੰਡ ਚੁੱਕਣ ਲੱਗਿਆ ਗੁਰਜੀਤ ਨੂੰ ਮਲਵਈ ਦੇ ਮਹਿਕਦੇ ਸਾਹਾਂ ਦੀ ਇਹੋ ਜਿਹੀ ਸੁਗੰਧ ਆਈ ਕਿ ਉਹਦਾ ਰੋਮ ਰੋਮ ਕੇਸਰ ਕਥੂਰੀ ਵਾਂਗ ਮਹਿਕ ਗਿਆ । ਉਸ ਪੰਡ ਰੇਹੜੀ ਤੇ ਸੁੱਟੀ ਅਤੇ ਪੱਗ ਠੀਕ ਕੀਤੀ ।

ਮਲਵਈ ਨੇ ਬਲਦਾਂ ਦੇ ਰੱਸੇ ਖੋਲ੍ਹਦਿਆਂ ਕਿਹਾ, "ਸੱਚ ਬਾਈ ਸਿਆਂ, ਨਾਂ ਤਾਂ ਮੈਂ ਪੁੱਛਿਆ ਈ ਨਹੀਂ ।"

ਉਸ ਨੇ ਕਿਹਾ, "ਮੇਰੇ ਮਿੱਤਰ, ਨਾਂ ਤਾਂ ਇਕ ਪਹਿਚਾਣ ਏ । ਮਾਪਿਆਂ ਮੇਰਾ ਨਾ ਗੁਰਜੀਤ ਰੱਖਿਆ ਏ ।"

ਮਲਵਈ ਨੇ ਬਲ਼ਦ ਰੇਹੜੀ ਜੋੜ ਲਏ ਤੇ ਸੁਗਨ ਤੇ ਪੱਬ ਧਰਦਿਆਂ ਕਿਹਾ, "ਬਾਈ ਜੀਤ, ਨਵੇਂ ਨਵੇਂ ਆਏ ਓ । ਕਿਸੇ ਚੀਜ ਦੀ ਲੋੜ ਹੋਵੇ, ਪੱਠਾ ਦੱਥਾ । ਸੰਗ ਸੰਗਾ ਦੀ ਕੋਈ ਲੋੜ ਨਹੀਂ ।"

ਗੁਰਜੀਤ ਨੇ ਸੱਜਾ ਹੱਥ ਉਤੇ ਕੀਤਾ ਤੇ ਤੁਰ ਪਿਆ । ਪਰ ਤੁਰੀ ਜਾਂਦੀ ਰੇਹੜੀ ਤੋਂ ਮਲਵਈ ਨੇ ਵਾਜ ਮਾਰੀ, "ਬਾਈ ਜੀਤ, ਚੱਕੀ ਪਿੰਡ ਦੇ ਪਰਲੇ ਪਾਸੇ ਐ । ਕਲਰ ਵਿਚ ਸੂਏ ਨਾਲ ਲਗਦੀ ।"

ਉਸ ਫਿਰ ਹੱਥ ਉੱਚਾ ਕਰ ਧੰਨਵਾਦ ਦਾ ਚਿੰਨ ਬਣਾਇਆ ਤੇ ਘਾਟ ਵੱਲ ਤੁਰ ਪਿਆ । ਉਸ ਵਾਰ ਵਾਰ ਪਿੰਡ ਵੱਲ ਜਾਂਦੀ ਰੇਹੜੀ ਵੱਲ ਵੇਖਿਆ ਕਿਉਂਕਿ ਮਲਵਈ ਵੀ ਲਗਾਤਾਰ ਉਸ ਵੱਲ ਦੇਖ ਰਿਹਾ ਸੀ । ਘਾਟ ਤੇ ਆ ਉਸ ਦਾਣਿਆਂ ਦਾ ਥੈਲਾ ਚੁੱਕਿਆ ਤੇ ਚੱਕੀ ਵੱਲ ਪਹੇ ਪੈ ਗਿਆ । ਉਹਨੂੰ ਅਫਸੋਸ ਹੋਇਆ ਕਿ ਉਸ ਮਲਵਈ ਮੁੰਡੇ ਦਾ ਨਾਂ ਵੀ ਨਾ ਪੁੱਛਿਆ । ਉਹਦੀ ਸੁੰਦਰਤਾ ਉਹਦੇ ਰਗ-ਰਗ ਰੱਚ ਗਈ ਸੀ । ਉਹ ਆਪ ਵੀ ਕਾਫੀ ਸੁਨੱਖਾ ਸੀ । ਫਸਾਦਾਂ ਵਿਚ ਉਜਾੜਾ ਥਾਂ-ਥਾਂ ਦੀ ਭਟਕਣ, ਰੋਟੀ ਲੰਗੋਟੀ, ਕੁੱਲੀ ਜੁੱਲੀ ਦੇ ਫਿਕਰ ਨੇ ਉਸ ਨੂੰ ਕਾਫੀ ਸੰਗੀੜਿਆ ਸੀ । ਫਿਰ ਵੀ ਉਹਦੇ ਮੂੰਹ ਤੇ ਸਾਊਪੁਣਾ ਤੇ ਲਾਲੀ ਭਾ ਮਾਰਦੀ ਸੀ । ਪਰ ਮਲਵਈ ਦੀ ਸੁੰਦਰਤਾ ਉਹਦੇ ਧੁਰ ਅੰਦਰ ਤੱਕ ਉੱਤਰ ਗਈ ਸੀ । ਮੰਦ ਮੰਦ ਮੁਸਕਾਨ, ਪਤਲੇ ਗੁਲਾਬੀ ਹੋਠਾਂ ਵਿਚ ਲੜੀ ਦੀ ਲੜੀ, ਬਰੀਕ ਚਮਕਦੇ ਦੰਦ

ਜਿਵੇਂ ਸੁੱਚੇ ਮੋਤੀ ਕਿਸੇ ਗੁਲਾਬ ਦੀਆਂ ਪੱਤੀਆਂ ਵਿਚ ਟਿਕਾਏ ਹੋਣ । ਨੀਲੀਆਂ ਸੁੰਦਰ ਅੱਖਾਂ । ਰਸ ਘੋਲਦੀ ਸੁਰੀਲੀ ਅਵਾਜ ਹੁਣ ਵੀ ਉਹਦੇ ਕੰਨਾਂ ਨੂੰ ਟਕਰਾ ਰਹੀ ਸੀ । ਖਿਆਲਾਂ ਵਿਚ ਮਗਨ ਉਹ ਚੱਕੀ ਤੇ ਪਹੁੰਚ ਗਿਆ ।

ਪਾਕਿਸਤਾਨੋ ਆਏ ਹੋਏ ਖੱਤਰੀਆਂ ਦੀ ਚੱਕੀ ਐਨ ਸੂਏ ਉੱਤੇ ਸੀ । ਉਸ ਤੱਕੜ ਤੇ ਦਾਣੇ ਤੁਲਾਏ ਅਤੇ ਤੋਲਣ ਵਾਲੇ ਮੁੰਡੇ, ਜਿਸ ਦੀ ਉਮਰ ਵੀਹ ਬਾਈ ਸਾਲ ਦੀ ਸੀ, ਥੈਲੇ ਤੇ ਨੰਬਰ ਲਾਉਂਦਿਆਂ ਕਿਹਾ, "ਯਾਰਾ, ਬੈਂਚ ਤੇ ਬੈਠ ਜਾ । ਇੱਕ ਅੱਧ ਗੰਢ ਹੋਰ ਆ ਜਾਏ । ਨਾਲੇ ਮਿਸਤਰੀ ਪਟਾ ਗੰਢ ਲਵੇ । ਫਿਰ ਕੱਢ ਦਿੰਦਾ ਹਾਂ ।"

ਗੁਰਜੀਤ ਪਰ੍ਹਾਂ ਤੂਤ ਹੇਠਾਂ ਪਏ ਤਖਤਪੋਸ਼ ਤੇ ਜਾ ਬੈਠਾ । ਉਹਦੀ ਸੁਰਤੀ ਅਜੇ ਵੀ ਮਲਵਈ ਦੇ ਚਿੰਨ੍ਹ ਚੱਕਰ ਨਿਹਾਰ ਰਹੀ ਸੀ । ਅਜੇ ਬੈਠੇ ਨੂੰ ਕੋਈ ਪੰਦਰਾਂ ਮਿੰਟ ਹੀ ਹੋਏ ਸਨ ਕਿ ਪਿੰਡ ਵਲੋਂ ਕੱਲਰ ਵਿਚ ਗੰਢ ਚੁੱਕੀ ਆਉਂਦੇ ਮੁੰਡੇ ਤੇ ਉਹਦੀ ਨਜ਼ਰ ਪਈ । ਉਹਦਾ ਅੰਗ-ਅੰਗ ਖਿੜ ਉੱਠਿਆ । ਇਹ ਤਾਂ ਉਹ ਹੀ ਮਲਵਈ ਮੁੰਡਾ ਸੀ । ਉਹਦਾ ਦਿਲ ਕੀਤਾ ਕਿ ਅਗਲ ਵਾਂਢੀ ਹੋ ਉਸ ਤੋਂ ਪੰਡ ਚੁਕ ਲਵਾਂ । ਹੇਠਾਂ ਪਈ ਜੁੱਤੀ ਵਿਚ ਉਸ ਪੈਰ ਪਾਏ ।

ਪਰ ਐਨੇ ਨੂੰ ਮਲਵਈ ਨੇੜੇ ਆ ਗਿਆ ਤੇ ਮੁਸਕਾਂਦੇ ਨੇ ਕਿਹਾ, "ਮੈਂ ਕਿਹਾ ਬਾਈ ਜੀਤ ਆਟਾ ਪਿਸਾਉਣ ਗਿਆ ਏ ਮੈਂ ਵੀ ਬਲਦਾਂ ਲਈ ਵੰਡ ਦਲਾ ਲਿਆਵਾਂ ।" ਅਤੇ ਉਸ ਗੰਢ ਤੱਕੜ ਤੇ ਰੱਖ ਦਿਤੀ ।

ਤੋਲਣ ਵਾਲੇ ਨੇ ਵੱਟਾ ਰੱਖਦਿਆਂ ਕਿਹਾ, "ਮੀਤਿਆ, ਆਟਾ ਤਾਂ ਤੂੰ ਪਰਸੋਂ ਪਿਹਾਇਆ ਸੀ । ਮੁੱਕ ਵੀ ਗਿਆ ?"

ਮੀਤੇ ਨੇ ਕਿਹਾ, "ਬਲਦਾਂ ਲਈ ਦਾਣਾ ਏ । ਜਰਾ ਮੋਟਾ ਰੱਖੀਂ । ਕਿਤੇ ਆਟਾ ਕਰ ਦੇਵੇਂ ।" ਅਤੇ ਕਹਿੰਦਾ ਕਹਿੰਦਾ ਗੁਰਜੀਤ ਦੇ ਕੋਲ ਆ ਬੈਠਾ ਜਿਥੇ ਗੁਰਜੀਤ ਨੇ ਥੋੜ੍ਹਾ ਸਰਕ ਕੇ ਉਹਦੇ ਬੈਠਣ ਲਈ ਥਾਂ ਬਣਾਈ । ਮੀਤੇ ਨੇ ਬਹਿੰਦਿਆਂ ਹੀ ਕਿਹਾ, "ਮੈਂ ਕਿਹਾ ਚਲੋ ਨਾਲੇ ਵੰਡਾ ਦਲਾ ਲਿਆਵਾਂਗੇ, ਨਾਲੇ ਬਾਈ ਨਾਲ ਹੋਰ ਵਾਕਫੀ ਕਰ ਲਵਾਂਗੇ । ਨਾਲੇ ਦੇਵੀ ਦੇ ਦਰਸ਼ਨ ਨਾਲੇ ਵੰਙਾਂ ਦਾ ਵਪਾਰ ।"

ਦੋਵੇਂ ਨਾਲੋ ਨਾਲ ਇਸ ਤਰ੍ਹਾਂ ਬੈਠੇ ਸਨ ਜਿਵੇਂ ਬੜੀ ਪੁਰਾਣੀ ਵਾਕਫੀ ਹੋਵੇ । ਅੱਧਾ ਘੰਟਾ ਪਹਿਲਾਂ ਦੀ ਮਿਲਣੀ ਦੋਹਾਂ ਵਿਚ ਅਪਣੱਤ ਜਿਹੀ ਬਣਾ ਗਈ ਸੀ ।

ਮੀਤੇ ਨੇ ਗੱਲ ਤੋਰੀ, "ਬਾਈ ਜੀਤ ਸਿਆਂ, ਕਿੰਨੀ ਜ਼ਮੀਨ ਅਲਾਟ ਹੋਈ ? ਖੇਤੀ, ਬਲਦ ਵੱਛੇ ਦਾ ਕਿਵੇਂ ? ਅਤੇ ਘਰ ਦੇ ਕਿੰਨੇ ਜੀਅ ਛੋਟੇ ਵੱਡੇ ?" ਇੱਕੋ ਸਾਹ ਉਸ ਕਈ ਸਵਾਲ ਪੁੱਛ ਲਏ ।

ਗੁਰਜੀਤ ਨੂੰ ਮੀਤੇ ਦੇ ਪੁੱਛਣ ਦਾ ਤਰੀਕਾ ਬੜਾ ਚੰਗਾ ਲੱਗਾ । ਪਰ ਅੰਦਰੋਂ ਉਹ ਪੱਛਿਆ ਗਿਆ । ਪੀੜ ਤੇ ਕਰਬ ਜਾਗ ਪਈ । ਬੀਤੇ ਦੇ ਹਸੀਨ ਵਰ੍ਹੇ ਅਤੇ ਵਿਛੜੇ ਪਰਿਵਾਰ ਦੇ ਜੀਅ । ਉਹਦਾ ਦਿਲ ਭਰ ਆਇਆ । ਉਸ ਹੌਕਾ ਭਰ ਮਨ ਹੌਲਾ ਕੀਤਾ ਅਤੇ ਕਿਹਾ, "ਮੇਰੇ ਮੀਤ, ਜ਼ਮੀਨ ਅੱਠ ਘੁਮਾਂ ਮਿਲੀ ਏ । ਚੰਗਾ ਟੁਕੜਾ ਏ । ਡੰਗਰ ਵੱਛਾ ਕੋਈ ਨਹੀਂ ਅਤੇ ਨਾ ਹੀ ਅਜੇ ਕੋਈ ਪਹੁੰਚ ਏ । ਇਸ ਲਈ ਖੇਤੀ ਦਾ ਆਪਣਾ ਸਾਧਨ ਕੋਈ ਨਹੀਂ । ਜ਼ਮੀਨ ਹਿੱਸੇ ਉਤੇ ਦਿੱਤੀ ਹੋਈ ਏ । ਪਰਿਵਾਰ ਤੇ ਬੜਾ ਤਕੜਾ ਸੀ । ਤਿੰਨ ਭਰਾ, ਦੋ ਭਰਜਾਈਆਂ, ਦੋ ਤਿੰਨ ਉਹਨਾਂ ਦੇ ਬੱਚੇ, ਇਕ ਭੈਣ, ਮਾਤਾ ਪਿਤਾ । ਪਰ ਹੁਣ ਅਸੀਂ ਦੋ ਹੀ ਹਾਂ - ਮੈਂ ਤੇ ਮੇਰੀ ਮਾਤਾ, ਬਾਕੀ ਸਭ ਪਾਕਿਸਤਾਨ ਵਿੱਚ ਮਾਰੇ ਗਏ । ਅਸੀਂ ਦੋ ਵੀ ਤਾਂ ਬਚੇ ਕਿ ਅਸੀਂ ਮੇਰੇ ਮਾਮਿਆਂ ਕੋਲ ਗਏ ਹੋਏ ਸਾਂ ।" ਗੁਰਜੀਤ ਵਿਸਥਾਰ ਨਾਲ ਦੱਸ ਰਿਹਾ ਸੀ ਅਤੇ ਅੰਦਰੋਂ ਤਿਪ-ਤਿਪ ਲਹੂ ਸੜ ਰਿਹਾ ਸੀ । ਉਸ ਵੇਖਿਆ ਮੀਤੇ ਦਾ ਦਿਲ ਅੰਦਰੋਂ ਪੰਘਰ ਕੇ ਅੱਖਾਂ ਵਿਚ ਸਿਮ ਆਇਆ ਏ । ਉਸ ਝੱਟ ਗੱਲ ਦਾ ਰੁਖ ਬਦਲ ਦਿੱਤਾ ਤੇ ਆਖਿਆ, "ਜੋ ਵਾਹਿਗੁਰੂ ਦੀ ਰਜ਼ਾ । ਦੁੱਖ-ਦਰਦਾਂ ਦੀ ਕੀ ਵਿਆਖਿਆ ? ਤੂੰ ਸੁਣਾ ਮੀਤ, ਤੁਹਾਡਾ ਕੰਮ ਕਾਰ ਕਿਹੋ ਜਿਹਾ ਏ ?"

ਮੀਤੇ ਦੇ ਅੱਖਾਂ ਵਿੱਚ ਸਿੰਮੇ ਮੋਤੀ ਸੁੰਦਰ ਪਲਕਾਂ ਝਮਕ ਝਮਕ ਕੇ ਫੇਹ ਦਿੱਤੇ । ਪਰ ਨੱਕ ਦੀ ਲਾਲ ਹੋਈ ਕੁੰਬਲੀ ਦੱਸਦੀ ਸੀ ਕਿ ਉਹਦੇ ਦਿਲ ਨੇ ਚੋਖੀ ਪੀੜ ਮੰਨੀ ਏ । ਥੋੜਾ ਰੁਕ ਕੇ ਮੀਤੇ ਨੇ ਕਿਹਾ, "ਸਾਡਾ ਤਾਂ ਕੰਮ ਜੀਤ ਠੀਕ ਏ । ਪੰਦਰਾਂ ਘੁਮਾ ਚੰਗੀ ਜ਼ਮੀਨ ਏ । ਇਕ ਟੱਕ ਪਿੰਡ ਦੇ ਨਾਲ ਲਗਵਾਂ ਏ । ਪਹਾੜ ਵਾਲੇ ਪਾਸੇ । ਦੂਜਾ ਸੱਤ ਘੁੰਮਾ ਉਹ ਨਦੀ ਦੇ ਢਾਹੇ । ਦੋ ਚੰਗੀਆਂ ਮੱਝਾਂ ਤੇ

ਬਲਦਾਂ ਦੀ ਜੋੜੀ । ਘਰ ਦੇ ਅਸੀਂ ਚਾਰ ਜੀਅ ਹਾਂ । ਮੈਂ, ਦੋ ਛੋਟੀਆਂ ਭੈਣਾ ਤੇ ਬਿਰਧ ਬਾਬਾ ਜੀ । ਜਾਣੋਂ ਦਾਦਾ ਜੀ । ਹੋਰ ਘਰ ਵਿਚ ਹਰ ਪਖੋਂ ਮਹਾਰਾਜ ਦੀ ਕ੍ਰਿਪਾ ਏ ।"

ਗੁਰਜੀਤ ਨੇ ਫਿਰ ਪੁੱਛਿਆ, "ਸੀਰੀ ਸਾਂਝੀ, ਮਾਤਾ-ਪਿਤਾ ?"

ਮੀਤੇ ਨੇ ਕਿਹਾ, "ਮਾਂ ਬਾਪ ਤਾਂ ਤਿੰਨ ਸਾਲ ਹੋਏ ਸਾਡੇ ਸਿਰੋਂ ਉੱਠ ਗਏ ਸਨ । ਸੀਰੀ ਸਾਂਝੀ ਕੋਈ ਰੱਖੀਦਾ ਨਹੀਂ । ਪਿੰਡ ਵਾਲੇ ਅੱਠ ਕਿਲੇ ਹਿੱਸੇ ਤੇ ਦਿੰਦੇ ਆਂ ਅਤੇ ਨਦੀ ਵਾਲਾ ਆਪਣੇ ਹੱਲ ਹੇਠ । ਜੇ ਲੋੜ ਪਵੇ ਤਾਂ ਮਿਹਨਤੀ ਲਾ ਲਈਦੇ ਨੇ । ਪੱਠੇ ਰੇਹੜੀ ਤੇ ਲੈ ਆਈਦੇ ਆ । ਪੀਟਰ ਨੂੰ ਗੇੜਾ ਦਿੱਤਾ, ਪੱਠੇ ਕੁਤਰ ਲਏ । ਸਾਰਾ ਕੰਮ ਕੱਲੇ ਦੇ ਸਿਰ ਆ । ਪਰ ਭੈਣਾਂ ਹੁਣ ਕੁਝ ਘਰ ਦਾ ਕੰਮ, ਕੁੱਝ ਬਾਹਰ ਦਾ ਪੱਠਾ ਡੱਕਾ ਕਰ ਦਿੰਦੀਆਂ ਨੇ ।"

ਮੀਤੇ ਦੇ ਦੱਸਣ ਤੇ ਗੁਰਜੀਤ ਦੇ ਅੰਦਰੋਂ ਲਾਟ ਜਿਹੀ ਨਿਕਲੀ ਅਤੇ ਲੰਬਾ ਹੌਕਾ ਭਰਦਿਆਂ ਉਸ ਦਿਲ ਵਿੱਚ ਕਿਹਾ, "ਮੇਰੇ ਮੀਤ, ਭਾਵੇਂ ਤੇਰੇ ਘਰ ਤੇ ਮਹਾਰਾਜ ਦੀ ਕ੍ਰਿਪਾ ਏ ਪਰ ਤੇਰੇ ਵਰਗੇ ਸੁੰਦਰ ਗੁਲਾਬੀ ਫੁੱਲ ਅਤੇ ਲਾਜਵੰਤੀ ਵਰਗੇ ਮਲੂਕ ਬਦਨ ਨੂੰ ਕਜੀਏ ਦਿਨ ਰਾਤ ਦੇ । ਕਾਸ਼ ! ਮੈਂ ਤੇਰੀ ਕੋਈ ਮੱਦਦ ਕਰ ਸਕਾਂ ।"

ਐਨੇ ਨੂੰ ਇਕ ਦੱਸ ਗਿਆਰਾਂ ਸਾਲਾਂ ਦਾ ਮੁੰਡਾ ਜਿਹੜਾ ਸ਼ਾਇਦ ਚੱਕੀ ਵਾਲਿਆਂ ਵੱਲ ਪ੍ਰਾਹੁਣਾ ਆਇਆ ਹੋਇਆ ਸੀ ਉਨ੍ਹਾਂ ਦੇ ਨੇੜੇ ਆਇਆ ਤੇ ਮੀਤੇ ਨੂੰ ਹੱਥ ਲਾ ਕੇ ਕਿਹਾ, "ਉਏ, ਉਹ ਤੈਨੂੰ ਕਹਿੰਦਾ ਏ ਇਹ ਕੁੜੀ ਏ !" ਨਾਲ ਹੀ ਉਸ ਤੱਕੜ ਕੋਲ ਤੋਲਦੇ ਮੁੰਡੇ ਵੱਲ ਹੱਥ ਕੀਤਾ ।

ਖਿਆਲਾਂ ਵਿਚ ਗੁੰਮ ਗੁਰਜੀਤ ਨੇ ਉਹਦੀ ਗੱਲ ਗੌਲੀ ਨਾ । ਸ਼ਾਇਦ ਤੱਕੜ ਵਾਲੇ ਮੁੰਡੇ ਨੇ ਟਿੱਚਰ ਕੀਤੀ ਹੋਵੇ ਕਿਉਂਕਿ ਮੀਤੇ ਦਾ ਰੰਗ, ਢੰਗ, ਸ਼ਕਲ, ਸੂਰਤ, ਸਭ ਕੁੱਝ ਕੁੜੀਆਂ ਵਰਗਾ ਸੀ । ਪਰ ਮੁੰਡੇ ਦੇ ਕਹਿਣ ਤੇ ਮੀਤੇ ਉਤੇ ਕੱਚਿਆਣ ਜਿਹੀ ਛਾ ਗਈ ਅਤੇ ਚਿਹਰੇ ਉਤੇ ਹਵਾਈਆਂ ਲਹਿਰਾ ਗਈਆਂ ।

ਪਰ ਜਦ ਦੁਬਾਰਾ ਮੁੰਡੇ ਨੇ ਉਹੀ ਗੱਲ ਦੁਹਰਾਈ ਤਾਂ ਖਿਝੇ ਜਿਹੇ

ਗੁਰਜੀਤ ਨੇ ਮੀਤੇ ਦੀ ਕੂਲੀ ਪਤਲੀ ਕਮਰ ਤੇ ਹੱਥ ਧਰ ਕੇ ਕਿਹਾ, "ਵਿਖਾ ਏਹਨੂੰ ਯਾਰ, ਕੁਝ ਕੱਢ ਕੇ ।"

ਮੁੰਡਾ ਤਾਂ ਕੱਚਾ ਹੋਇਆ ਪਰ ਮੀਤੇ ਦਾ ਚਿਹਰਾ ਲਾਲੀ ਛੱਡ ਪਲਿੱਤਣ ਫੜ ਗਿਆ ਅਤੇ ਮੁੜ੍ਹਕੇ ਦੇ ਬਰੀਕ ਮੋਤੀ ਮੱਥੇ ਉੱਤੇ ਸਿੰਮ ਆਏ ।

ਗੁਰਜੀਤ ਨੂੰ ਆਪਣੀ ਆਖੀ ਹੋਈ ਗੈਰ ਇਖਲਾਕੀ ਗੱਲ ਉੱਤੇ ਦੁੱਖ ਲੱਗਾ ਅਤੇ ਉਹ ਮਨ ਹੀ ਮਨ ਪਛਤਾਇਆ । ਪਰ ਖਸਿਆਏ ਜਿਹੇ ਮੁੰਡੇ ਨੇ ਜਦ ਤੀਜੀ ਵਾਰ ਕਿਹਾ 'ਉਹ ਕਹਿੰਦਾ ਏ' ਤਾਂ ਗੁਰਜੀਤ ਨੇ ਹੇਠਾਂ ਪਈ ਜੁੱਤੀ ਨੂੰ ਹੱਥ ਪਾ ਲਿਆ । "ਜਾਂਦਾ ਏਂ ਕਿ ਧਰਾਂ ਦੋ ?" ਅਤੇ ਮੁੰਡਾ ਕੱਚਾ ਹੋ ਇੰਜਣ ਵਾਲੇ ਅੰਦਰ ਚਲਾ ਗਿਆ । ਜੁੱਤੀ ਹੇਠਾਂ ਸੁੱਟਦਿਆਂ ਗੁਰਜੀਤ ਨੇ ਗੁਬਾਰ ਕੱਢਿਆ, "ਸਾਲੇ ਨੇ ਕਿੱਥੇ ਆ ਕੇ ਰੰਗ ਵਿੱਚ ਭੰਗ ਪਾਈ ਏ । ਗੱਲ ਈ ਨਹੀਂ ਕਰਨ ਦਿੰਦਾ ।" ਉਸ ਵੇਖਿਆ ਮੀਤਾ ਪਾਣੀ ਪਾਣੀ ਹੋ ਗਿਆ ਏ ।

ਇਕ ਪਲ ਸੰਕਾ ਜੰਮੀ ਕਿਤੇ ਮੁੰਡੇ ਦੀ ਗੱਲ ਸੱਚੀ ਹੀ ਨਾ ਹੋਏ ! ਪਰ ਦੂਜੇ ਪਲ ਸੋਚ ਨੂੰ ਮੋੜਾ ਦਿੱਤਾ ਕਈ ਸੰਗਾਊ ਸੁਭਾ ਲੋਕ ਹੁੰਦੇ ਨੇ । ਸੂਖਮ ਚਿੱਤ ਤੇ ਕੋਮਲ ਮਨ ਕੋਈ ਵੀ ਅਣਸੁਖਾਵੀਂ ਗਲ ਬਰਦਾਸ਼ਤ ਨਹੀਂ ਕਰ ਸਕਦੇ । ਉਹਦੀ ਨਿਗ੍ਹਾ ਮੀਤੇ ਦੇ ਵਿੰਨ੍ਹੇ ਹੋਏ ਕੰਨਾਂ ਤੇ ਟਿਕੀ । ਪਰ ਇਹ ਤਾਂ ਮਾਲਵੇ ਵਿਚ ਆਮ ਈ ਰਿਵਾਜ ਏ । ਗਭਰੂ ਜਵਾਨ ਮੁੰਡੇ ਕੰਨਾਂ ਵਿਚ ਤਰ੍ਹਾਂ-ਤਰ੍ਹਾਂ ਦੇ ਤੁੰਗਲ ਜਾਂ ਨੱਤੀਆਂ ਪਾਉਂਦੇ ਨੇ । ਪਰ ਮੀਤੇ ਤੇ ਐਨੀ ਕਚਿਆਂਣ ਕਿਉਂ ?

ਸ਼ਾਇਦ ! ਮੈਥੋਂ ਕੱਚੀ ਬੇਹੂਦਾ ਗੱਲ ਨਿਕਲੀ ਏ ਅਤੇ ਇਸ ਦੇ ਸੂਖਮ ਮਨ ਨੂੰ ਧੱਕਾ ਲੱਗਾ ਹੋਵੇ । ਇਸ ਨੇ ਮੇਰੇ ਬਾਰੇ ਕੀ ਸੋਚਿਆ ਹੋਏਗਾ । ਸ਼ਾਇਦ ! ਹੁਣ ਇਹ ਖੁਲ੍ਹ ਕੇ ਮੇਰੇ ਨਾਲ ਗੱਲ ਈ ਨਾ ਕਰੇ । ਉਹਨੂੰ ਆਪਣੇ ਆਪ ਵਿੱਚ ਹੀਣਤ ਜਿਹੀ ਹੋਈ ।

ਐਨੇ ਨੂੰ ਮਿਸਤਰੀ ਨੇ ਇੰਜਣ ਨੂੰ ਗੇੜਾ ਦਿੱਤਾ ਅਤੇ ਤੱਕੜ ਕੋਲ ਬੈਠੇ ਤੁਲਾਵੇ ਮੁੰਡੇ ਨੇ 'ਵਾਜ ਦਿੱਤੀ, "ਮੀਤਿਆ, ਚੱਕੀ ਵੰਡੇ ਤੇ ਆ । ਪਹਿਲਾਂ ਵੰਡਾ ਦਲਾ ਲੈ ।"

ਅਤੇ ਮੀਤ ਬਿਨਾਂ ਗੁਰਜੀਤ ਵੱਲ ਵੇਖੇ, ਬਿਨਾਂ ਬੋਲੇ ਉੱਠ ਕੇ ਚੱਕੀ ਵੱਲ ਚਲਾ ਗਿਆ ।

ਗੁਰਜੀਤ ਦਾ ਦਿਲ ਧੱਕਾ ਖਾ ਗਿਆ । ਉਹ ਪਛਤਾ ਰਿਹਾ ਸੀ । ਇੰਝ ਕਿਉਂ ਹੋਇਆ । ਉਸ ਦਿਲ ਹੀ ਦਿਲ ਆਪਣੇ ਆਪ ਨੂੰ ਫਿਟਕਾਰਿਆ । ਇੱਕ ਬਾ-ਇਖਲਾਕ ਹੁੰਦਿਆਂ ਹੋਇਆ ਉਸ ਤੋਂ ਇਹ ਬੇ-ਇਖਲਾਕੀ ਹਰਕਤ ਕਿਉਂ ਹੋਈ ।

ਦਾਣਾ ਦਲਿਆ ਗਿਆ ਤੇ ਗੁਰਜੀਤ ਦਾ ਥੈਲਾ ਲੱਗਾ । ਮੀਤੇ ਨੇ ਖੇਸੀ ਦੇ ਚਾਰੇ ਪੱਲੇ ਫੜ ਤੱਕੜ ਤੇ ਦਾਣਾ ਰੱਖਿਆ, ਤੁਲਵਾਇਆ । ਗੁਰਜੀਤ ਬੈਂਚ ਤੋਂ ਉੱਠ ਕੇ ਤੱਕੜ ਕੋਲ ਆ ਗਿਆ । ਤੋਲਣ ਵਾਲੇ ਮੁੰਡੇ ਨੇ ਗੰਢ ਬਣਾ ਦਿੱਤੀ । ਮੀਤੇ ਨੇ ਗੰਢ ਸਿਰ ਤੇ ਰੱਖੀ ਅਤੇ ਬਿਨਾਂ ਗੁਰਜੀਤ ਵੱਲ ਵੇਖੇ ਬੋਲੇ ਪਿੰਡ ਵਾਲੇ ਰਾਹ ਪੈ ਗਿਆ । ਗੁਰਜੀਤ ਅੰਦਰੇ ਹੀ ਅੰਦਰ ਰੋ ਪਿਆ । ਉਸ ਅੰਦਰੋਂ ਆਟੇ ਦਾ ਥੈਲਾ ਛੇਤੀ ਨਾਲ ਖਿੱਚਿਆ, ਤੁਲਾਇਆ, ਪੈਸੇ ਦਿੱਤੇ ਅਤੇ ਬਿਨਾਂ ਥੈਲੇ ਦਾ ਮੂੰਹ ਬੰਨ੍ਹੇ ਮਰੋੜੀ ਦੇ ਕੇ ਸਿਰ ਤੇ ਰੱਖਿਆ ਤੇ ਤਿੱਖਾ-ਤਿੱਖਾ ਤੁਰ ਪਿਆ । ਮੀਤਾ ਪਿੰਡ ਅਤੇ ਘਾਟ ਵਾਲੇ ਰਾਹ ਦੇ ਦੁਮੇਲ ਨੇੜੇ ਚਲਾ ਗਿਆ ਸੀ । ਪਰ ਉਹਦੀ ਤੋਰ ਬੜੀ ਮੱਠੀ ਸੀ । ਗੁਰਜੀਤ ਚਖੁਰਿਆ ਜਾ ਰਿਹਾ ਸੀ ਅਤੇ ਸੋਚ ਰਿਹਾ ਸੀ ਕਾਸ਼! ਕਿਤੇ ਮੀਤਾ ਖਲੋ ਜਾਵੇ । ਮੈਂ ਉਸ ਤੋਂ ਭੱਦੀ ਗੱਲ, ਭੱਦੇ. ਲਫਜਾਂ ਦੀ ਮਾਫੀ ਮੰਗ ਲਵਾਂ ਅਤੇ ਸੱਚ ਮੁੱਚ ਮੀਤਾ ਮੋੜ ਕੋਲ ਖਲੋ ਗਿਆ । ਉਹਦੇ ਦਿਲ ਨੂੰ ਕੁੱਝ ਧਰਵਾਸ ਹੋਈ । ਜਦੋਂ ਨੇੜੇ ਗਿਆ ਤਾਂ ਮੀਤੇ ਨੇ ਕਿਹਾ, "ਆ ਬਾਈ ਜੀਤ, ਘਰੋਂ ਚਾਹ ਪਾਣੀ ਪੀਂਦਾ ਜਾਈਂ ।"

ਗੁਰਜੀਤ ਦਾ ਦਿਲ ਹੌਲਾ ਫੁੱਲ ਹੋ ਗਿਆ । ਉਸ ਕਿਹਾ, "ਤੂੰ ਤਾਂ ਮੀਤ, ਮੈਨੂੰ ਨਾਲ ਵੀ ਨਾ ਰਲਾਇਆ ।"

ਮੀਤੇ ਨੇ ਕਿਹਾ, "ਘਰਾਂ ਪੱਠੇ ਦੱਥੇ ਦਾਂ ਕੰਮ ਉਵੇਂ ਹੀ ਪਿਆ ਸੀ । ਮੈਂ ਸੋਚਿਆ ਹੌਲੀ ਹੌਲੀ ਤੁਰਦਾ ਹਾਂ ।"

"ਆ ਘਰ ਨੂੰ ਹੁੰਦਾ ਜਾਈਂ ।"

"ਨਹੀਂ, ਦਿਨ ਛਿਪ ਚਲਿਆ ਏ ਤੇ ਘਰ ਮਾਤਾ ਆਟਾ ਉਡੀਕਦੀ ਹੋਵੇਗੀ ।

ਫਿਰ ਕਿਤੇ ਆਵਾਂਗਾ ।"

ਦੋਵੇਂ ਰਸਮੀ ਸਤਿ ਸ੍ਰੀ ਅਕਾਲ ਬੁਲਾ ਆਪਣੇ-ਆਪਣੇ ਰਾਹ ਪੈ ਗਏ ।

ਗੁਰਜੀਤ ਦੀ ਅਜੀਬ ਜਿਹੀ ਹਾਲਤ ਸੀ । ਖੁਸ਼ੀ ਤੇ ਗਮੀ ਦੀ ਮਿਲਵੀਂ ਲਹਿਰ ਚੱਲ ਰਹੀ ਸੀ । ਅੱਬਲ ਤਾਂ ਉਹਨੂੰ ਨਿਰੀ ਰਾਤ ਨੀਂਦ ਹੀ ਨਾ ਆਈ ਅਤੇ ਜੇ ਅੱਖ ਲੱਗੀ ਵੀ ਤਾਂ ਖਾਬ ਵਿੱਚ ਉਹ ਮੀਤੇ ਨਾਲ ਹੀ ਗੱਲਾਂ ਕਰਦਾ ਰਿਹਾ । ਸਵੇਰ ਹੋਈ ਤਾਂ ਉਹ ਮਾਰੂ ਸਾਰੂ ਚਾਹ ਪੀ ਦੂਜੇ ਪਿੰਡ ਮੀਤੇ ਹੋਰਾਂ ਦੇ ਖੇਤ ਵੱਲ ਤੁਰ ਪਿਆ । ਕੋਈ ਖਿੱਚ ਉਹਨੂੰ ਆਪ ਮੁਹਾਰੇ ਹੀ ਲੈ ਤੁਰੀ । ਪਰ ਜਦ ਨਦੀ ਪਾਰ ਕੀਤੀ ਤਾਂ ਖਿਆਲ ਉਭਰਿਆ, "ਕਿਉਂ ਜਾ ਰਿਹਾ ਹਾਂ ? ਕੀ ਕਹਾਂਗਾ ? ਕੀ ਮੈਂ ਬਿਨ੍ਹਾਂ ਬੁਲਾਇਆ, ਬਿਨਾਂ ਕੰਮ, ਕਾਹਦੇ ਲਈ ਤੇ ਕਿਉਂ ? ਕੀ ਚੰਗਾ ਲੱਗਾਗਾਂ ?" ਅਤੇ ਉਹ ਮੁੜਨ ਲੱਗਾ । ਪਰ ਪਿੱਛੇ ਮੁੜ ਨਾ ਸਕਿਆ । "ਚਲੋ ਹੋਰ ਕੁਝ ਨਹੀਂ ਤਾਂ ਕਲ੍ਹ ਵਾਲੀ ਗਲ ਦੀ ਮਾਫ਼ੀ ਹੀ ਮੰਗ ਲਵਾਂਗਾ ।" ਅਤੇ ਉਹ ਮੀਤੇ ਹੋਰਾਂ ਦੇ ਖੇਤ ਵਲ ਨਦੀ ਦਾ ਢਾਹਾ ਚੜ੍ਹ ਗਿਆ ।

ਖੂਹ ਤੋਂ ਦੋ ਪੈਲੀਆਂ ਹਟਵਾਂ ਮੀਤਾ ਹਲ੍ਹ ਵਾਹ ਰਿਹਾ ਸੀ । ਉਸ ਦੂਰੋਂ ਗੁਰਜੀਤ ਨੂੰ ਵੇਖ ਹਲ੍ਹ ਖਲ੍ਹਾਰਿਆ ਅਤੇ ਅਗਲਵਾਂਢੀ ਹੋ ਤੁਰਿਆ ਅਤੇ ਖੇਤ ਦੀ ਵੱਟ ਤੇ ਦੋਹਾਂ ਦੇ ਹੱਥ ਮਿਲੇ ਅਤੇ ਪਹਿਲੀ ਵਾਰ ਦੋਹਾਂ ਦੀਆਂ ਅੱਖਾਂ ਆਹਮੋ ਸਾਹਮਣੇ ਟਕਰਾਈਆਂ ਜਾਂ ਮੁਸਕਰਾਈਆਂ । ਮੀਤੇ ਦੀਆਂ ਅੱਖਾਂ ਵਿਚ ਕਮਾਲ ਦੀ ਖਿਚ ਗੁਰਜੀਤ ਨੇ ਦੇਖੀ । ਉਸ ਐਨੀ ਸੁੰਦਰਤਾ ਕਿਥੇ ਵੇਖੀ ਸੀ । ਉਹਦੇ ਨੂੰ ਨੂੰ ਵਿਚ ਸ਼ਹਿਦ ਵਰਗੀ ਮਿਠਾਸ ਭਰ ਗਈ । ਦਿਲ ਉਬਲਿਆ ਕਿ ਕਲ੍ਹ ਵਾਲੀ ਬਦਇਖਲਾਕੀ ਦੀ ਮੁਆਫ਼ੀ ਮੰਗਾਂ । ਪਰ ਪਹਿਲਾਂ ਹੀ ਮੀਤੇ ਨੇ ਕਿਹਾ "ਮੈਂ ਕਿਹਾ ਜਣੋ ਜੀਤ ਨੀ ਆਏਗਾ, ਪਤਾ ਨਹੀਂ ਦੂਆਦਾ ਹੀ ਦੇਣਾ ਪਵੇਗਾ, ਪਰ ਤੂੰ ਆ ਗਿਆ, ਚੰਗਾ ਹੋਇਆ ।"

ਗੁਰਜੀਤ ਨੇ ਦਿਲ ਦਾ ਉਬਾਲ ਅੰਦਰੇ ਹੀ ਪੀ ਲਿਆ । ਦੋਵੇਂ ਵੱਟ ਤੇ ਬਹਿ ਗਏ ਅਤੇ ਇੱਧਰ ਉੱਧਰ ਦੀਆਂ ਗਲਾਂ ਕਰਦੇ ਰਹੇ ।

ਮੀਤੇ ਨੇ ਕਿਹਾ, "ਜੀਤ, ਮੈਨੂੰ ਤਾਂ ਰਾਤ ਨੀਂਦ ਹੀ ਨਹੀਂ ਆਈ ।"

"ਕਿਉਂ ?"

"ਇਸ ਲਈ ਕਿ ਮੈਥੋਂ ਕਲ੍ਹ ਕੁਝ ਬੇ-ਰੁੱਖੀ ਹੋਈ । ਮੈਂ ਜਾਣਿਆ ਕਿ ਭਾਂਵੇਂ ਤੂੰ ਬੁਰਾ ਹੀ ਮਨਾ ਗਿਆ ਹੋਵੇਂ । ਫਿਰ ਅੱਧੀ ਰਾਤ ਟੁੱਟੀ ਤੋਂ ਮੈਂ ਰੇਹੜੀ ਜੋੜ ਖੇਤ ਨੂੰ ਆ ਗਿਆ ਤੇ ਹਲ੍ਹ ਆ ਜੋੜਿਆ । ਦਿਨ ਚੜ੍ਹਦੇ ਨੂੰ ਜੋਤਾ ਲਗ ਗਿਆ । ਮਸਾਂ ਹੀ ਪਹੁ ਫੁੱਟੀ ।"

ਗੱਲਾਂ ਕਰਦੇ ਹੀ ਸਨ ਕਿ ਮੀਤੇ ਦੀਆਂ ਦੋਵੇਂ ਨਿਕੀਆਂ ਭੈਣਾਂ ਸੀਤੋ ਤੇ ਕੰਤੀ ਚਾਹ ਰੋਟੀ ਲੈ ਕੇ ਆ ਗਈਆਂ ।

ਮੀਤਾ ਉਠਿਆ ਤੇ ਕਿਹਾ, "ਚਲ ਜੀਤ, ਚਾਹ ਪੀਈਏ । ਮੈਂ ਬਲਦ ਪੰਜਾਲੀਉਂ ਕੱਢ ਆਵਾਂ । ਹੁਣ ਸੁਹਾਗੀ ਪਿਛਲੇ ਜੋਤੇ ਹੀ ਦੇਵਾਂਗਾ ।"

ਪਰ ਗੁਰਜੀਤ ਵੀ ਉਹਦੇ ਨਾਲ ਵਾਹਣ ਵਿਚੋਂ ਹੋ ਤੁਰਿਆ । ਮੀਤੇ ਨੇ ਬਲਦ ਛੱਡ ਕੇ ਛਾਵੇਂ ਬੱਧੇ ਤੇ ਦੋਵੇਂ ਨਾਲੋ ਨਾਲ ਤੁਰੇ ਉਥੇ ਆ ਗਏ ਜਿਥੇ ਸੀਤਾ ਤੇ ਕੰਤੀ ਰੋਟੀ ਚਾਹ ਲੈ ਕੇ ਬੈਠੀਆਂ ਸਨ ।

ਮੀਤੇ ਨੇ ਕੁੜੀਆਂ ਨੂੰ ਕਿਹਾ, "ਸੀਤਾ, ਇਹ ਹੈ ਗੁਰਜੀਤ ।"

ਨਿੱਕੀਆਂ ਕੁੜੀਆਂ ਨੇ ਸੱਤ ਸ੍ਰੀ ਅਕਾਲ ਬੁਲਾਈ ਤੇ ਬੜੀ ਉਤਸੁਕਤਾ ਨਾਲ ਉਸ ਵੱਲ ਵੇਖਿਆ । ਫਿਰ ਗੁਰਜੀਤ ਨੇ ਦੋਹਾਂ ਕੁੜੀਆਂ ਦੇ ਸਿਰ ਤੇ ਪਿਆਰ ਦਿੱਤਾ । ਜਦ ਬੈਠੇ ਤਾਂ ਸੀਤਾ ਨੇ ਕਿਹਾ, "ਕੰਤੋ, ਚਲ ਆਪਾਂ ਪੱਠੇ ਵੱਢ ਕੇ ਬਲਦਾਂ ਨੂੰ ਪਾ ਆਈਏ ।" ਅਤੇ ਦੋਵੇਂ ਕੁੜੀਆਂ ਪੱਠਿਆਂ ਵੱਲ ਹੋ ਤੁਰੀਆਂ ਤਾਂ ਮੀਤੇ ਨੇ ਕਿਹਾ, "ਸੀਤਾ, ਥੱਬਾ ਕੁ ਵੱਢ ਕੇ ਪਾ ਆਓ, ਬਾਕੀ ਫਿਰ ਵੱਢਾਂਗੇ ਦੁਪਹਿਰ ਪਿਛੋਂ ।"

ਰੋਟੀ ਖਾਣ ਲਗਿਆਂ ਥੋੜੀ ਨਾਂਹ ਨੁਕਰ ਕੀਤੀ ਪਰ ਮੀਤੇ ਨੇ ਉਸ ਨੂੰ ਮਜ਼ਬੂਰ ਕਰ ਦਿੱਤਾ, ਰੋਟੀ ਖਾਣ ਲਈ । ਕੰਤੀ ਅਤੇ ਸੀਤਾ ਬਲਦਾਂ ਨੂੰ ਪੱਠੇ ਪਾ ਆਈਆਂ । ਚੋਖਾ ਚਿਰ ਚਾਰੇ ਬੈਠ ਕੇ ਗੱਲਾਂ ਕਰਦੇ ਰਹੇ । ਫਿਰ ਸੀਤਾ ਤੇ ਕੰਤੀ ਭਾਂਡੇ ਲੈ ਕੇ ਪਿੰਡ ਨੂੰ ਤੁਰ ਗਈਆਂ ।

ਮੀਤੇ ਨੇ ਦਾਤੀ ਚੁੱਕੀ, "ਚੰਗਾਂ ਜੀਤ, ਤੂੰ ਬੈਠ ਮੈਂ ਦੋ ਭਾਰ ਪੱਠੇ ਵੱਢ ਆਵਾਂ, ਫਿਰ ਸੁਹਾਗੀ ਦੇਣੀ ਐ ।"

ਗੁਰਜੀਤ ਨੇ ਦਾਤੀ ਫੜ ਲਈ, "ਨਹੀਂ ਮੀਤ, ਮੈਂ ਪੱਠੇ ਵੱਢਦਾਂ । ਤੂੰ ਸੁਹਾਗਾ ਫੇਰ ਲੈ ।"

ਮੀਤੇ ਦੇ ਨਾ ਨਾ ਕਰਨ ਤੇ ਵੀ ਗੁਰਜੀਤ ਪੱਠਿਆਂ ਵਾਲੇ ਟੱਕ ਵਿਚ ਜਾ ਬੈਠਾ । ਦੋ ਤਿੰਨ ਭਾਰ ਵੱਢ ਉਸ ਰੇਹੜੀ ਉਤੇ ਸੁੱਟ ਦਿੱਤੇ । ਕਹੀ ਫੜ ਖੇਤ ਦੀਆਂ ਚਾਰੇ ਗੁੱਠਾਂ ਗੁੱਡ ਦਿੱਤੀਆਂ ।

ਫਿਰ ਤੀਜੇ ਪਹਿਰ ਦੇ ਅੰਤ ਮੀਤੇ ਨੇ ਕਿਹਾ, "ਚੱਲ ਜੀਤ, ਹੁਣ ਘਰ ਚਲਦੇ ਹਾਂ ।"

ਪਰ ਗੁਰਜੀਤ ਨੇ ਕਿਹਾ, "ਮੇਰੇ ਮੀਤ, ਮੈਂ ਤਾਂ ਘਰ ਦੱਸ ਕੇ ਨਹੀਂ ਆਇਆ । ਫਿਰ ਕਿਸੇ ਦਿਨ ਚਲਾਂਗੇ । ਹੁਣ ਮੈਂ ਚਲਦਾ ਹਾਂ । ਮਾਤਾ ਫਿਕਰ ਕਰਦੀ ਹੋਵੇਗੀ ।"

ਦੋਵੇਂ ਹੀ ਭਰੇ ਜਿਹੇ ਮਨ ਦੇ ਨਾਲ ਨਿਖੜੇ ।

ਗੁਰਜੀਤ ਨੂੰ ਤੁਰਨ ਲੱਗਿਆਂ ਮੀਤੇ ਨੇ ਕਿਹਾ, "ਗੁਰਜੀਤ ਤੇਰਾ ਘਰ ਏ, ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਸੰਗ ਸੰਗਾਅ ਦੀ ਕੋਈ ਲੋੜ ਨਹੀਂ ।"

ਫਿਰ ਇਹ ਅਮਲ ਰੋਜ ਅਫੀਮ ਦੇ ਨਸ਼ੇ ਵਾਂਗ ਹੋ ਗਿਆ । ਗੁਰਜੀਤ ਨੇ ਸਵੇਰੇ ਉਠਣਾ ਤੇ ਮੀਤੇ ਦੇ ਖੇਤਾਂ ਵੱਲ ਤੁਰ ਪੈਣਾ । ਸਾਰਾ ਦਿਨ ਖੁਰਪਾ ਦਾਤੀ ਕਹੀ ਚਲਾਉਣਾ ਤੇ ਸ਼ਾਮ ਨੂੰ ਘਰ ਮੁੜਨਾ । ਕਈ ਵਾਰ ਤਾਂ ਮੀਤੇ ਤੋਂ ਵੀ ਪਹਿਲਾਂ ਪਹੁੰਚ ਜਾਂਦਾ ਤੇ ਰਾਤ ਦੇ ਮਿਥੇ ਕੰਮ ਨਿਪਟਾ ਦਿੰਦਾ । ਦੋਵੇਂ ਹੀ ਇਕ ਦੂਜੇ ਨਾਲ ਇੰਨਾ ਮੋਹ ਕਰਦੇ ਕਿ ਇਕ ਦੂਜੇ ਨੂੰ ਦੇਖੇ ਬਿਨਾਂ ਰਹਿ ਨਾ ਸਕਦੇ । ਕਦੀ ਕਦੀ ਜੇ ਗੁਰਜੀਤ ਥੋੜਾ ਲੇਟ ਹੋ ਜਾਂਦਾ ਤਾਂ ਮੀਤੇ ਦੀਆਂ ਅੱਖਾਂ ਘਾਟ ਤੇ ਲਗੀਆਂ ਰਹਿੰਦੀਆਂ । ਤੇ ਕਈ ਵਾਰ ਤਾਂ ਉਹ ਕੰਮ ਛੱਡ ਕੇ ਘਾਟ ਤੇ ਆ ਬਹਿੰਦਾ ਅਤੇ ਜਿਥੇ ਤੱਕ ਨਿਗਾਹ ਜਾਂਦੀ ਵਣ ਬੂਟਿਆਂ ਅੱਟੇ ਰਾਹ ਤੇ ਅੱਖਾਂ ਵਿਛਾਈ ਰਖਦਾ । ਗੁਰਜੀਤ ਬਥੇਰਾ ਨਾਂਹ ਨਾਂਹ ਕਰਦਾ ਪਰ ਮੀਤਾ ਨਿੱਤ ਵਰਤੋਂ ਦੀ ਕੋਈ ਨਾ ਕੋਈ ਚੀਜ ਜ਼ਰੂਰ ਲੈ ਆਉਂਦਾ । ਆਟਾ, ਦਾਣਾ, ਗੁੜ੍ਹ । ਦੁੱਧ ਦਾ ਡੋਲੂ ਤਾਂ ਰੋਜ ਦਾ ਅਮਲ ਸੀ ।

ਗੁਰਜੀਤ ਕਹਿੰਦਾ, "ਮੇਰੇ ਮੀਤ, ਮੇਥੋਂ ਰੋਜ ਰੋਜ ਇਹ ਨਿੱਕ ਸੁੱਕ ਨਹੀਂ

ਲਜਾਇਆ ਜਾਂਦਾ ।"

ਪਰ ਮੀਤਾ ਕਹਿੰਦਾ, "ਜਾ ਸੀਤਾ, ਤੂੰ ਛੱਡ ਆ ।"

ਅਤੇ ਉਹਨੂੰ ਮਜ਼ਬੂਰਨ ਚੀਜ ਲਜਾਉਣੀ ਪੈਂਦੀ । ਸੀਤਾ ਤੇ ਕੰਤੀ ਵੀ ਗੁਰਜੀਤ ਦੇ ਨਾਲ ਬੜਾ ਹਿੱਤ ਕਰਦੀਆਂ ਅਤੇ ਰੋਜ ਹੀ ਘਰ ਚਲਣ ਦੀ ਜ਼ਿਦ ਕਰਦੀਆਂ । ਪਰ ਉਹ ਰੋਜ ਹੀ ਕੋਈ ਪੱਜ ਪਾਉਂਦਾ । ਕਲ੍ਹ ਨੂੰ ਜਾਂ ਫਿਰ ਕਿਸੇ ਦਿਨ ਕਹਿ ਕੇ ਟਾਲ ਦਿੰਦਾ । ਇਸ ਤਰ੍ਹਾਂ ਪੰਜ ਮਹੀਨੇ ਲੰਘ ਗਏ ।

ਇਕ ਦਿਨ ਗੁਰਜੀਤ ਨੂੰ ਫੂਕ ਤਾਪ ਚੜ੍ਹ ਗਿਆ । ਉਹ ਨਾ ਆ ਸਕਿਆ । ਮੀਤਾ ਸਾਰਾ ਦਿਨ ਕੰਮ ਛੱਡ ਘਾਟ ਤੇ ਬੈਠਾ ਰਿਹਾ । ਨਾ ਹੀ ਉਸ ਘਰ ਲਈ ਪੱਠੇ ਵੱਢੇ ਤੇ ਨਾ ਹੀ ਪਾਏ । ਕੰਤੀ ਹੋਰੀਂ ਰੋਟੀ ਲੈ ਕੇ ਆਈਆਂ ਪਰ ਉਸ ਰੋਟੀ ਵੀ ਨਾਂਹ ਵਾਂਗ ਹੀ ਖਾਧੀ । ਦੂਜਾ ਦਿਨ ਲੰਘ ਗਿਆ ਪਰ ਗੁਰਜੀਤ ਨਾ ਆਇਆ । ਉਸ ਦਿਨ ਸ਼ਾਮੀ ਗੁਰਜੀਤ ਦਾ ਬੁਖਾਰ ਤਾਂ ਟੁੱਟ ਗਿਆ ਪਰ ਨਾਨਕਿਆਂ ਤੋਂ ਇਕ ਚਿੱਠੀ ਆਈ ਜਿਸ ਵਿਚ ਛੇਤੀ ਬੁਲਾਇਆ ਸੀ ਤੇ ਗੁਰਜੀਤ ਇਕ ਦਿਨ ਅਟਕ ਕੇ ਜਾਣਾ ਚਾਹੁੰਦਾ ਸੀ ਪਰ ਮਾਂ ਨੇ ਧੱਕੋ ਧੱਕੀ ਸਵੇਰੇ ਤੋਰ ਦਿੱਤਾ ।

ਦੋ, ਤਿੰਨ, ਫਿਰ ਚਾਰ ਦਿਨ ਗੁਰਜੀਤ ਨਾ ਆਇਆ ਤਾਂ ਮੀਤਾ ਰਹਿ ਨਾ ਸਕਿਆ । ਇਹਨਾਂ ਦਿਨਾਂ ਵਿਚ ਉਹ ਕੰਮ ਦਾ ਡੱਕਾ ਨਾ ਤੋੜ ਸਕਿਆ । ਸੀਤਾ ਤੇ ਕੰਤੀ ਹੀ ਮਾੜਾ ਮੋਟਾ ਕੰਮ ਕਰਦੀਆਂ ਰਹੀਆਂ । ਮੀਤੇ ਨੇ ਬਹੁਤਾ ਸਮਾਂ ਨਦੀ ਦੇ ਘਾਟ ਤੇ ਹੀ ਕੱਟਿਆ ਅਤੇ ਪੰਜਵੇਂ ਦਿਨ ਉਹ ਨਦੀ ਪਾਰ ਗੁਰਜੀਤ ਹੋਰਾਂ ਦੇ ਪਿੰਡ ਗਿਆ । ਪੁੱਛ ਪਛਾਅ ਉਹ ਗੁਰਜੀਤ ਦੇ ਘਰ ਗਿਆ । ਵਿਹੜੇ ਵਿਚ ਬੈਠੀ ਬਿਰਧ ਮਾਤਾ ਨੇ ਨਿੱਘਾ ਸਵਾਗਤ ਕੀਤਾ । ਚਾਹ ਰੱਖੀ ।

ਮੀਤੇ ਨੇ ਪੁੱਛਿਆ,"ਮਾਤਾ ਜੀ, ਗੁਰਜੀਤ ?"

ਤਾਂ ਜਵਾਬ ਮਿਲਿਆ, "ਬੇਟਾ ਉਹ ਤਾਂ ਨਾਨਕੇ ਗਿਆ ਏ ।"

"ਕਦੋਂ ਆਵੇਗਾ ?"

"ਜੇ ਬੇਟਾ, ਇਕ ਇਕ ਰਾਤ ਵੀ ਰਿਹਾ ਤਾਂ ਪੰਜ ਛੇ ਦਿਨ ਹੋਰ ਲੱਗ ਜਾਣਗੇ ।"

ਪੰਜ ਛੇ ਦਿਨ ਉਹਨੂੰ ਪੰਜ ਛੇ ਸਾਲਾਂ ਵਾਂਗ ਲਗੇ । ਚਾਹ ਦਾ ਘੁੱਟ ਵੀ ਨਾ ਉਹਦੇ ਸੰਘੋਂ ਲੰਘਿਆ । ਅਤੇ ਉਹ ਉਠ ਕੇ ਖੜਾ ਹੋ ਗਿਆ, "ਚੰਗਾ ਮਾਂ ਜੀ, ਜਦੋਂ ਵੀ ਆਵੇ, ਆਖ ਦਿਓ ਨਾਲ ਦੇ ਪਿੰਡੋਂ ਮੀਤਾ ਆਇਆ ਸੀ । ਕੋਈ ਜ਼ਰੂਰੀ ਕੰਮ ਏ, ਆਉਂਦਾ ਹੀ ਮਿਲੇ ।"

ਮਾਂ ਨੇ ਬੜਾ ਜ਼ੋਰ ਕੀਤਾ, "ਬੇਟਾ, ਰੋਟੀ ਦਾ ਵੇਲਾ ਏ ।"

ਪਰ ਮੀਤਾ ਸੁਨੇਹਾ ਦੇ ਕੇ ਬਾਹਰ ਨਿਕਲ ਗਿਆ ਮਤ ਮਾਂ ਅੱਖਾਂ ਦੇ ਹੰਝੂ ਵੇਖ ਲਵੇ । ਜੇ ਉਹਦੇ ਵਸ ਹੁੰਦਾ ਉਹ ਉਡ ਕੇ ਉਥੇ ਹੀ ਚਲਾ ਜਾਂਦਾ, ਜਿਥੇ ਗੁਰਜੀਤ ਗਿਆ ਸੀ ।

ਗੁਰਜੀਤ ਉਸੇ ਦਿਨ ਹੀ ਮੁੜ ਆਇਆ । ਉਹਦਾ ਕਿਹੜਾ ਮੀਤੇ ਬਿਨਾਂ ਦਿਲ ਲਗਦਾ ਸੀ । ਉਹ ਪਹਿਲਾਂ ਦੋ ਦਿਨ ਬੁਖਾਰ ਵਿੱਚ ਹੀ ਮਿਲਣ ਨੂੰ ਤੜਫਦਾ ਰਿਹਾ ਅਤੇ ਫਿਰ ਨਾਨਕਿਆਂ ਤੋਂ ਵੀ ਉਸ ਨੇ ਭੱਜੋ ਨੱਠੋ ਹੀ ਕੀਤੀ । ਛਿਪਦੇ ਦਿਨ ਨਾਲ ਉਸ ਖੇਤਾਂ ਵਿੱਚ ਉਰ੍ਹਾਂ ਪਰ੍ਹਾਂ ਨਿਗਾਹ ਮਾਰੀ । ਕੋਈ ਨਾ ਦਿਸਿਆ । ਸ਼ਾਇਦ ਪੱਠੇ ਦੱਥੇ ਲੈ ਕੇ ਚਲੇ ਗਏ ਹੋਣਗੇ । ਨਿਰਾਸ਼ਾ ਹੋਈ, ਚੱਲੋ ਸਵੇਰੇ ਮਿਲਾਂਗੇ । ਪਰ ਮੁੜਿਆ ਨਾ ਗਿਆ । ਆ ਤਾਂ ਗਿਆ । ਘਰ ਈ ਚੱਲ ਮਿਲਾਂ । ਪੱਠਿਆਂ ਵਾਲੇ ਟੱਕ ਕੋਲ ਆਇਆ । ਜਿੱਥੇ ਉਹ ਪੰਜ ਦਿਨ ਪਹਿਲਾਂ ਟੱਕ ਛੱਡ ਕੇ ਗਿਆ ਸੀ ਐਵੇਂ ਮਾੜਾ ਮੋਟਾ ਅੱਗੇ ਵੱਢੇ ਹੋਏ ਸਨ । ਏਨੇ ਦਿਨ ਪਸ਼ੂਆਂ ਨੂੰ ਕੀ ਪਾਇਆ ? ਸੁੱਕੀ ਤੂੜੀ ਤੇ ਦਾਣੇ ਤੇ ਹੀ ਸਾਰਦੇ ਰਹੇ ? ਅਤੇ ਉਹ ਖੇਤੋਂ ਨਿਕਲ ਪਿੰਡ ਵੱਲ ਨੂੰ ਪਹੇ ਪੈ ਗਿਆ । ਜਦ ਪਿੰਡ ਨੇੜੇ ਆਇਆ ਤਾਂ ਸੂਰਜ ਛਿਪ ਚੁੱਕਾ ਸੀ ਅਤੇ ਫਿੱਕੀ ਜਿਹੀ ਸਿਆਹੀ ਫੈਲ ਗਈ ਸੀ । ਪੱਠਿਆਂ ਦੀ ਪੰਡ ਚੁੱਕੀ ਜਾਂਦੇ ਇਕ ਬੰਦੇ ਨੂੰ ਉਸ ਪੁੱਛਿਆ, "ਬਾਈ ਸਿਆਂ, ਮੈਂ ਮੀਤੇ ਹੋਰਾਂ ਦੇ ਘਰ ਜਾਣਾ ਏ ।"

ਪੰਡ ਚੁੱਕੀ ਜਾਂਦੇ ਬੰਦੇ ਨੇ ਕਿਹਾ, "ਆ ਜਾ ਮੇਰੇ ਨਾਲ, ਮੈਂ ਵੀ ਉਂਧਰ ਹੀ ਜਾਣਾ ਏ ।"

ਅਤੇ ਉਹ ਦੋ ਤਿੰਨ ਵਿੰਗੀਆਂ ਟੇਢੀਆਂ ਗਲੀਆਂ ਲੰਘ ਪਿੰਡ ਦੇ ਛਿਪਦੇ ਪਾਸੇ ਚਲੇ ਗਏ ਜਿੱਥੇ ਇੱਕ ਵੱਡੇ ਸਾਰੇ ਲੋਹੇ ਦੇ ਗੇਟ ਵੱਲ ਹੱਥ ਕਰਕੇ ਉਸ ਕਿਹਾ,

"ਆਹ ਘਰ ਆ, ਬਾਈ ਸਿਆਂ" ਅਤੇ ਨਾਲ ਹੀ ਵਾਜ ਵੀ ਮਾਰ ਦਿੱਤੀ, "ਬਾਈ ਮਿੱਤ ਸਿਆਂ ।"

ਅੰਦਰੋਂ ਇਕ ਪੱਕੀ ਜਿਹੀ ਅਵਾਜ ਆਈ । "ਕੌਣ ਆ ਬਾਈ ?"

ਪੰਡ ਵਾਲੇ ਨੇ ਕਿਹਾ, "ਬਾਈ, ਆਈਂ ਕੇਹਾਂ ।"

ਵੱਡੇ ਫਾਟਕ ਵਿਚੋਂ ਛੋਟੀ ਬਾਰੀ ਥਾਣੀ ਇੱਕ ਅੱਧਖੜ ਜਿਹਾ ਬੰਦਾ ਬਾਹਰ ਆਇਆ । ਪੰਡ ਵਾਲਾ ਇਹ ਕਹਿ ਕੇ ਅੱਗੇ ਤੁਰ ਗਿਆ, "ਬਾਈ ਸਿਆਂ, ਆਹ ਕੋਈ ਥੋਡੇ ਮਿਲਣ ਵਾਲਾ ਏ ।"

ਅਤੇ ਮਿੱਤ ਸਿੰਘ ਗੁਰਜੀਤ ਦੇ ਨੇੜੇ ਆਇਆ, "ਸਾੱ ਸਰੀ ਅਕਾਲ ! ਆਓ ਕਿੱਥੋਂ ਆਏ, ਬਾਈ ?"

ਗੁਰਜੀਤ ਨੇ ਉਹਦੀ ਗੱਲ ਦਾ ਉਤਰ ਤਾਂ ਨਾਂ ਦਿੱਤਾ । ਪੁੱਛਿਆ, "ਬਾਈ ਸਿਆਂ, ਮੈਂ ਬਾਬੇ ਕਪੂਰ ਸਿੰਘ ਹੋਰਾਂ ਦੇ ਜਾਣਾ ਏ ।"

"ਅੱਛਾ-ਅੱਛਾ, ਦੁਆਬੇ ਵਾਲਿਆਂ ਦੇ । ਉਹ ਤਾਂ ਬਾਈ ਸਿਆਂ ਚੜ੍ਹਦੇ ਬੰਨੇ ਫਿਰਨੀ ਦੇ ਉੱਤੇ ਘਰ ਏ । ਆਓ ! ਫਿਰ ਅੰਨ ਪਾਣੀ ਦਾ ਵੇਲ਼ਾ ਏ ।"

ਪਰ ਗੁਰਜੀਤ ਉਹਦਾ ਧੰਨਵਾਦ ਕਰਦਾ ਹੋਇਆ ਗਲੀ ਪੈ ਗਿਆ ।

ਮਿੱਤ ਸਿੰਘ ਉਚੀ-ਉਚੀ ਕਹਿੰਦਾ ਰਿਹਾ, "ਬਾਈ ਸਿਆਂ, ਸੱਜੇ ਹੱਥ ਵਾਲੀ ਗਲੀ ਮੁੜਕੇ, ਫਿਰ ਖੱਬੇ ਤੇ ਫਿਰ ਸੱਜੇ ਤੇ ਅੱਗੇ ਫਿਰਨੀ ਤੇ ਘਰ ਆ ।"

ਪਰ ਗੁਰਜੀਤ ਉਹਨਾਂ ਗਲੀਆਂ ਤੋਂ ਹੁੰਦਾ ਹੋਇਆ ਬਾਹਰ ਫਿਰਨੀ ਉੱਤੇ ਆ ਗਿਆ । ਦੋ ਨਿਆਣੇ ਮਿੱਟੀ ਵਿੱਚ ਤੁਰ ਰਹੇ ਸਨ । ਉਸ ਉਹਨਾਂ ਨੂੰ ਪੁੱਛਿਆ, "ਨਿਆਣਿਓਂ, ਭਲਾ ਬਾਬੇ ਕਪੂਰ ਸਿੰਘ ਦਾ ਘਰ ਕਿਹੜਾ ਏ ?"

"ਦੁਆਬੀਆਂ ਦਾ ?"

"ਹਾਂ - ਹਾਂ ਦੁਆਬੀਆਂ ਦਾ ।"

ਉਹਨਾਂ ਕਿਹਾ, "ਆਹ ਕੋਟ ਉਹਨਾਂ ਦਾ ਏ । ਉਹ ਅਗਾਂਹ ਫਾਟਕ ਵਾਲਾ ਦਰਵਾਜਾ ।"

ਉਹ ਫਾਟਕ ਦੇ ਸਾਹਮਣੇ ਗਿਆ । ਏਥੇ ਹੀ ਪਹਿਲਾਂ ਉਹਨੂੰ ਪੰਡ ਵਾਲਾ

ਬੰਦਾ ਮਿਲਿਆ ਸੀ । ਉਹ ਫਾਟਕ ਦੇ ਨੇੜੇ ਗਿਆ । ਫਾਟਕ ਦਾ ਇਕ ਬੂਹਾ ਥੋੜਾ ਜਿਹਾ ਖੁੱਲਾ ਸੀ । ਉਸ ਅੰਦਰ ਵਿਹੜੇ ਵਿੱਚ ਝਾਤੀ ਮਾਰੀ । ਕੋਈ ਨਾ ਦਿੱਸਿਆ । ਪਰ ਪੱਕੀ ਖੁਰਲੀ ਉੱਤੇ ਬੱਧੇ ਬਲਦ ਉਸ ਪਹਿਚਾਣ ਲਏ। ਉਹ ਅੰਦਰ ਵਿਹੜੇ ਵਿੱਚ ਲੰਘ ਗਿਆ । ਦੂਜੇ ਪਾਸੇ ਦੀ ਖੁਰਲੀ ਉਤੇ ਦੋ ਮੱਝਾਂ, ਦੋ ਕੱਟੀਆਂ ਬੰਨ੍ਹੀਆਂ ਹੋਈਆਂ ਸਨ । ਨਾਲ ਹੀ ਟੋਕੇ ਦੀ ਮਸ਼ੀਨ ਤੇ ਪੀਟਰ ਇੰਜਣ ਪਿਆ ਸੀ । ਵਿਹੜਾ ਮੋਕਲਾ ਪਰ ਸਾਫ ਸੁਥਰਾ ਸੀ । ਲੱਕੜ ਤਿੰਬੜ ਹਰ ਚੀਜ਼ ਬੜੇ ਸਲੀਕੇ ਨਾਲ ਰੱਖੀ ਹੋਈ ਸੀ । ਖੱਬੇ ਹੱਥ ਡੰਗਰਾਂ ਵਾਲਾ ਸਿਆਲੂ ਕੋਠਾ ਸੀ । ਸਾਹਮਣੇ ਰਿਹਾਇਸ਼ੀ ਸੀ । ਤਿੰਨ ਥੰਮਾਂ ਵਾਲੇ ਬਰਾਂਡੇ ਵਿੱਚ ਦੋ ਬੂਹੇ ਖੁੱਲਦੇ ਸਨ । ਵਰਾਂਡੇ ਦੀਆਂ ਦੋਹਾਂ ਸਾਈਡਾਂ ਉਤੇ ਦੋ ਕਮਰੇ ਸਨ ਜਿਨ੍ਹਾਂ ਵਿਚੋਂ ਖੱਬੇ ਹੱਥ ਵਾਲਾ ਰਸੋਈ ਘਰ ਅਤੇ ਸੱਜੇ ਪਾਸੇ ਵਾਲੀ ਬੈਠਕ ਸੀ ।

ਘਰ ਦੇ ਚਾਰ ਜੀਆਂ ਵਿੱਚੋਂ ਤਿੰਨਾਂ ਨਾਲ ਤਾਂ ਉਹਦੀ ਪਛਾਣ ਅਤੇ ਹਿੱਤ ਮਿੱਤਰਤਾ ਵੀ ਸੀ । ਸਿਰਫ ਬਾਬੇ ਨਾਲ ਉਹਦੀ ਕੋਈ ਵਾਕਫੀ ਨਹੀਂ ਸੀ । ਜਦ ਉਹ ਬਰਾਂਡੇ ਦੇ ਨੇੜੇ ਗਿਆ ਤਾਂ ਇੱਕ ਦਮ ਠਠੰਬਰ ਗਿਆ । ਸਾਹਮਣੇ ਅੰਦਰੋਂ ਇੱਕ ਨੌਜਵਾਨ ਲੜਕੀ, ਬਰਾਂਡੇ ਵਿੱਚ ਆਈ । ਉਹਦੇ ਲੰਬੇ ਕਾਲੇ ਘਟ ਵਾਲ, ਸਾਵਣ ਦੀਆਂ ਘਟਾਵਾਂ ਵਾਂਗ ਖਿਲਰੇ ਹੋਏ ਸਨ ਅਤੇ ਪੂਰੀ ਪਿੱਠ ਢਕੀ ਹੋਈ ਸੀ । ਲੜਕੀ ਦੇ ਹੱਥ ਵਿਚ ਜਗਦੀ ਮੋਮਬਤੀ ਸੀ ਅਤੇ ਹਵਾ ਦੇ ਬੁੱਲੇ ਤੋਂ ਬਚਾਉਣ ਲਈ ਦੂਜਾ ਹੱਥ ਉਸ ਅੱਗੇ ਕਰ ਓਟ ਕੀਤੀ ਹੋਈ ਸੀ । ਹੱਥ ਨੇ ਪੂਰਾ ਚਾਨਣ ਚਿਹਰੇ ਵੱਲ ਵਲਿਆ ਹੋਇਆ ਸੀ ਅਤੇ ਮੋਮਬਤੀ ਦੇ ਬੰਨਵੇਂ ਚਾਨਣ ਵਿੱਚ ਉਹਦਾ ਸੁੰਦਰ ਮੁਖੱੜਾ ਕਤਿਆਲੀ ਪੁੰਨਿਆਂ ਦੇ ਚੰਦ ਵਾਂਗ ਚਮਕ ਰਿਹਾ ਸੀ । ਦਮਕ ਮਾਰਦਾ ਰੂਪ । ਉਹਨੂੰ ਕਾਂਬਾ ਜਿਹਾ ਲੱਗਾ । ਮੈਂ ਸ਼ਾਇਦ ! ਗਲਤ ਘਰ ਵਿਚ ਆ ਗਿਆ ਹਾਂ । ਪਰ ਬਲਦ ਰੇਹੜੀ ਤਾਂ ਉਹਦੇ ਜਾਣੇ ਪਹਿਚਾਣੇ ਸਨ । ਪਰ ਅਥਾਹ ਰੂਪ ਦੀ ਛਬ ਵੇਖ ਉਹਦੇ ਹਵਾਸ ਉਡੇ । ਉਸ ਨੇ ਐਨੀ ਕੁ ਉਮਰ ਵਿੱਚ ਥਾਂ ਥਾਂ ਭਟਕ ਕੇ ਜਾਂ ਤਾਂ ਹਰ ਪੱਖੋਂ ਨਿਪੁੰਨ ਰੂਪ ਮੀਤੇ ਉਤੇ ਦੇਖਿਆ ਸੀ ਜਾਂ ਉਸ ਤੋਂ ਕਿਤੇ ਵੱਧ ਇਸ ਲੜਕੀ ਤੇ । ਉਸ ਹਕਲਾਏ ਜਿਹੇ ਕਿਹਾ, "ਮੈਂ ...ਮੈਂ... ਬਾਬੇ ਕਪੂਰ ਸਿੰਘ

ਦੇ ਜਾਣਾ ਸੀ ।"

ਲੜਕੀ ਨੇ ਥੋੜਾ ਹਾਂ ਵਿਚ ਸਿਰ ਹਿਲਾਇਆ ਅਤੇ ਸੱਜੇ ਹੱਥ ਵਾਲੀ ਬੈਠਕ ਵੱਲ ਇਸ਼ਾਰਾ ਕੀਤਾ ਅਤੇ ਆਪ ਖੱਬੇ ਹੱਥ ਵਾਲੀ ਰਸੋਈ ਵਿੱਚ ਚਲੀ ਗਈ ਜਿੱਥੇ ਕੁਝ ਭਾਂਡੇ ਛਣਕੇ । ਸ਼ਾਇਦ ਉਹ ਭਾਂਡਿਆਂ ਨਾਲ ਟਕਰਾ ਗਈ ਸੀ ।

ਰੂਪ ਦਾ ਕੀਲਿਆ ਜਿਹਾ ਗੁਰਜੀਤ ਕੁਝ ਦੇਰ ਉੱਥੇ ਹੀ ਖੜੋਤਾ ਰਿਹਾ । ਫਿਰ ਬੋਝਲ ਪੈਰਾਂ ਨੂੰ ਧਰੂੰਦਾ ਬਰਾਂਡੇ ਵਿੱਚ ਹੋ ਬੈਠਕ ਦੇ ਬੂਹੇ ਵਿਚ ਗਿਆ । ਬੈਠਕ ਦੇ ਅੰਦਰ ਨਿੰਮੀ ਲੈਂਪ ਦੀ ਨਿੰਮੀ-ਨਿੰਮੀ ਲੋ ਸੀ ਅਤੇ ਇੱਕ ਪ੍ਰਭਾਵਸ਼ਾਲੀ ਬਜੁਰਗ ਪਲੰਘ ਉਤੇ ਉਚੇ ਸਿਰਾਣੇ ਤੇ ਸਿਰ ਰੱਖੀ ਪਿਆ ਸੀ । ਸਾਹਮਣੀ ਕੰਧ ਨਾਲ ਤਿੰਨ ਚਾਰ ਕੁਰਸੀਆਂ ਪਈਆਂ ਸਨ । ਪਲੰਘ ਦੇ ਸਿਰਾਹਣੇ ਅਲਮਾਰੀ ਵਿੱਚ ਛੋਟੀਆਂ ਮੋਟੀਆਂ ਕਾਫੀ ਕਿਤਾਬਾਂ ਪਈਆਂ ਸਨ ਜਿਸ ਤੋਂ ਲਗਦਾ ਸੀ ਕੋਈ ਕਾਫੀ ਪੜ੍ਹਿਆ ਲਿਖਿਆ ਪਰਿਵਾਰ ਹੋਵੇ । ਉਸ ਧੜਕਦੇ ਦਿਲ ਨਾਲ ਅੰਦਰ ਪੈਰ ਪਾਇਆ ਤੇ ਹੌਲੀ ਜਿਹੀ ਸਤਿ ਸ੍ਰੀ ਅਕਾਲ ਬੁਲਾਈ । ਪਰ ਅੱਗੋਂ ਜਵਾਬ ਕੋਈ ਨਾ ਆਇਆ । ਸ਼ਾਇਦ ਬਾਬੇ ਦੀ ਅੱਖ ਲੱਗੀ ਹੋਈ ਸੀ । ਉਹ ਅਡੋਲ ਕੁਰਸੀ ਤੇ ਬੈਠ ਗਿਆ ਉਹਦੇ ਦਿਮਾਗ ਉੱਤੇ ਇੱਕੋ ਵੇਲੇ ਕਈ ਖਿਆਲ ਉੱਭਰ ਰਹੇ ਸਨ । ਕੀ ਮੀਤੇ ਨੇ ਮੇਰੇ ਕੋਲ ਝੂਠ ਬੋਲਿਆ ਸੀ ? ਇੱਕ ਭਰਾ, ਦੋ ਭੈਣਾਂ ਅਤੇ ਬਾਬੇ ਸਣੇ ਚਾਰ ਜੀਅ ਅਤੇ ਇਸ ਵੱਡੀ ਭੈਣ ਬਾਰੇ ਲੁਕਾ ਕਿਉਂ ਰੱਖਿਆ ਜਿਸ ਦੀ ਸ਼ਕਲ ਇੰਨ ਬਿੰਨ ਮੀਤੇ ਨਾਲ ਮਿਲਦੀ ਸੀ । ਨਹੀਂ ਨਹੀਂ ਮੀਤਾ ਝੂਠ ਨਹੀਂ ਬੋਲ ਸਕਦਾ । ਹੋ ਸਕਦਾ ਏ ਕੋਈ ਬਹੁਤ ਨੇੜੇ ਦੀ ਰਿਸ਼ਤੇਦਾਰ ਜਿਵੇਂ ਮਾਮੇ, ਫੂਫੀ ਦੀ ਧੀ ਹੋਏ । ਐਨਾ ਰੂਪ ਤਾਂ ਉਸ ਕਿਸੇ ਮੂਰਤ ਕਿਸੇ ਤਸਵੀਰ ਵਿਚ ਵੀ ਨਹੀਂ ਸੀ ਵੇਖਿਆ । ਜਿਸ ਦੀ ਇੱਕ ਛਬ, ਇਕ ਛੋਟੀ ਜਿਹੀ ਝਲਕ ਨਾਲ ਹੀ ਉਹਦਾ ਨੂੰ-ਨੂੰ ਜਲ ਰਿਹਾ ਸੀ । ਉਹ ਵੀ ਸਿਰ ਤੋਂ ਪੈਰਾਂ ਤੱਕ । ਪਰ ਘਰ ਦੇ ਹੋਰ ਜੀਅ ਕਿਧਰ ਗਏ ? ਮੀਤਾ, ਸੀਤਾ, ਕੰਤੀ ? ਇਕ ਵਾਰ ਫਿਰ ਉਹਨੂੰ ਅਣਜਾਣੇ ਘਰ ਦਾ ਭੁਲੇਖਾ ਪਿਆ । ਪਰ ਰੇਹੜੀ ਬਲਦਾਂ ਦੀ ਪਹਿਚਾਣ ਫਿਰ ਉਸ ਨੂੰ ਸਹੀ ਕਰ ਦਿੰਦੀ ।

ਅਜੇ ਕੁਝ ਪਲ ਹੀ ਉਹਨੂੰ ਬੈਠੇ ਨੂੰ ਹੋਏ ਸਨ ਕਿ ਉਹਦੇ ਕੰਨੀ ਕੰਤੀ

ਅਤੇ ਸੀਤਾ ਦੀ ਅਵਾਜ ਪਈ । ਜਦ ਕੰਤੀ ਨੇ ਸੀਤਾ ਨੂੰ ਕਿਹਾ, "ਸੀਤਾ, ਜੀਤ ਬਾਈ ਆਇਆ ਸੀ । ਕਿਧਰ ਗਿਆ ?"

ਅਤੇ ਗੁਰਜੀਤ ਦਾ ਹੌਸਲਾ ਵਧਿਆ । ਉਹ ਅਡੋਲ ਉੱਠ ਕੇ ਬਾਹਰ ਵਰਾਂਡੇ ਵਿਚ ਉਹਨਾਂ ਨੂੰ ਮਿਲਿਆ । ਦੋਵੇਂ ਕੁੜੀਆਂ ਉਹਨੂੰ ਚਿੰਬੜ ਗਈਆਂ । ਉਸ ਦੋਹਾਂ ਨੂੰ ਪਿਆਰ ਦਿੰਦਿਆਂ ਪੁੱਛਿਆ, "ਤੁਸੀਂ ਕਿੱਥੋਂ ਆਈਆਂ ?"

ਅਤੇ ਮੀਤਾ ਨਾਲ ਦੇ ਕਮਰੇ ਵਿੱਚੋਂ ਬਾਹਰ ਆ ਗਿਆ ਅਤੇ ਗੁਰਜੀਤ ਦਾ ਹੱਥ ਫੜ ਕੇ ਕਿਹਾ, "ਸੁਕਰ ਏ ! ਤੂੰ ਆ ਗਿਆ । ਘੱਟੋ ਘੱਟ ਮਿਲਕੇ, ਦਸਕੇ ਤਾਂ ਜਾਣਾ ਸੀ ।"

ਗੱਲਾਂ ਕਰਦੇ-ਕਰਦੇ ਕਮਰੇ ਦੇ ਅੰਦਰ ਜਾ ਬੈਠੇ । ਕੰਤੀ ਅਤੇ ਸੀਤਾ ਵੀ ਅੰਦਰ ਆ ਗਈਆਂ । ਤਿੰਨਾਂ ਨੇ ਹੀ ਕਾਫੀ ਗਿਲਾ ਅਤੇ ਉਲਾਂਭੇ ਦਿੱਤੇ । ਗੁਰਜੀਤ ਨੂੰ ਸਫ਼ਾਈ ਦੇਣ ਦਾ ਮੌਕਾ ਵੀ ਨਾਂ ਮਿਲਿਆ । ਉਹਦਾ ਦਿਮਾਗ ਤਾਂ ਥੋੜਾ ਚਿਰ ਪਹਿਲਾਂ ਵੇਖੀ ਪਰੀ ਚਿਹਰਾ ਮੁਟਿਆਰ ਦੇ ਗੋਰਖ ਧੰਦੇ ਵਿਚ ਉਲਝ ਗਿਆ ਸੀ ਅਤੇ ਅੱਖਾਂ ਵਾਰ- ਵਾਰ ਬੂਹੇ ਵੱਲੇ ਜਾਂਦੀਆਂ ।

ਕਿਤੇ ਉਹ ਮੁਟਿਆਰ ਈ ਅੰਦਰ ਆ ਜਾਏ । ਆਪਣੀ ਸਫਾਈ ਵਿੱਚ ਉਸ ਐਨਾ ਹੀ ਕਿਹਾ, "ਦੋ ਦਿਨ ਤਾਂ ਮੈਨੂੰ ਬੁਖਾਰ ਨੇ ਦੱਬੀ ਰੱਖਿਆ ਅਤੇ ਅਗਲੇ ਦਿਨ ਕਿਸੇ ਜ਼ਰੂਰੀ ਕੰਮ ਨਾਨਕੇ ਜਾਣਾ ਪਿਆ ਅਤੇ ਮੈਂ ਹਫਤੇ ਦੀ ਬਜਾਏ ਤੀਜੀ ਰਾਤ ਘਰ ਆ ਗਿਆ । ਆਉਂਦੇ ਨੂੰ ਤੇਰਾ ਸੁਨੇਹਾ ਮਿਲਿਆ ਅਤੇ ਮੈਂ ਇਧਰ ਆ ਗਿਆ ।"

ਚੁਸਤ ਕੰਤੀ ਨੇ ਕਿਹਾ, "ਅਸਾਂ ਤੈਨੂੰ ਘਾਟ ਲੰਘਦਿਆਂ ਵੇਖ ਲਿਆ ਸੀ ਅਤੇ ਅਸੀਂ ਦੋਵੇਂ ਪੱਠਿਆਂ ਵਿਚ ਲੰਬੀਆਂ ਪੈ ਗਈਆਂ ।"

"ਕਿਉਂ ?"

"ਅਸਾਂ ਸੋਚਿਆ, ਜੇ ਕੋਈ ਨਾ ਮਿਲਿਆ ਤਾਂ ਆਪੇ ਘਰ ਨੂੰ ਜਾਏਂਗਾ ।"

"ਜੇ ਮੈਂ ਪਿੱਛੇ ਮੁੜ ਜਾਂਦਾ ?"

ਸੀਤਾ ਨੇ ਕਿਹਾ, "ਫਿਰ ਅਸਾਂ ਪੱਠਿਆਂ ਚੋਂ ਨਿਕਲ ਕੇ ਰੋਕ ਲੈਣਾ ਸੀ ।"

ਗੁਰਜੀਤ ਨੂੰ ਕੁੜੀਆਂ ਦਾ ਮਜਾਕ ਬਹੁਤ ਚੰਗਾ ਲੱਗਾ । ਉਸਤੇ ਪਰਿਵਾਰ ਦੇ ਪਿਆਰ ਦਾ ਬੜਾ ਡੂੰਘਾ ਅਸਰ ਹੋਇਆ । ਕਿੰਨੀ ਤਾਂਘ ਸੀ ਉਹਨਾਂ ਨੂੰ ਆਪਣੇ ਘਰ ਬੁਲਾਉਣ ਦੀ ਪਰ ਅਜੇ ਵੀ ਉਹ ਓਪਰਾ-ਛੋਹਾ ਜਿਹਾ ਬੈਠਾ ਸੀ ਅਤੇ ਆਪਣੇ ਉਡ ਰਹੇ ਮਨ ਨੂੰ ਡੋਰ ਨਹੀਂ ਸੀ ਪਾ ਸਕਿਆ । ਉਹਦੀ ਪੂਰੀ ਚੇਤਨਾ ਥੋੜਾ ਚਿਰ ਪਹਿਲਾ ਵੇਖੀ ਮੁਟਿਆਰ ਦੀ ਗੁੱਥੀ ਸੁਲਝਾਉਣ ਵਿੱਚ ਲੱਗੀ ਹੋਈ ਸੀ । ਮੀਤੇ ਦੀ ਭੈਣ ਜਾਂ ਰਿਸ਼ਤੇਦਾਰ ? ਨਹੀਂ, ਭੈਣ ਹੁੰਦੀ ਤਾਂ ਮੇਰੇ ਬਾਰੇ ਥੋੜਾ ਬਹੁਤ ਜਾਣਦੀ ਹੁੰਦੀ ! ਪਰ ਉਹ ਤਾਂ ਬਿਲਕੁਲ ਅਣਜਾਣਾਂ ਵਾਂਗ ਕੁਝ ਨਾ ਬੋਲੀ । ਸਿਵਾਏ ਬੈਠਕ ਵੱਲ ਇਸ਼ਾਰਾ ਕਰਨ ਦੇ । ਉਹਦਾ ਦਿਮਾਗ ਲਗਾਤਾਰ ਸੋਚ ਰਿਹਾ ਸੀ ਅਤੇ ਉਸ ਮੁਟਿਆਰ ਨੂੰ ਇੱਕ ਵਾਰੀ ਫਿਰ ਵੇਖਣ ਲਈ ਤੜਪ ਵਧ ਰਹੀ ਸੀ । ਮੀਤੇ ਨੇ ਹੋ ਸਕਦਾ ਏ ਉਹਦੀ ਬੇਚੈਨੀ ਭਾਂਪ ਲਈ ਹੋਵੇ । ਉਸ ਸੀਤਾ ਅਤੇ ਕੰਤੀ ਨੂੰ ਕਿਹਾ, "ਜਾਓ ਸੀਤਾ, ਤੁਸੀਂ ਰੋਟੀ ਦਾ ਆਹਰ ਕਰੋ ।"

ਅਤੇ ਉਹ ਦੋਵੇਂ ਸਾਊ ਕੁੜੀਆਂ ਰਸੋਈ ਵੱਲ ਤੁਰ ਪਈਆਂ ।

ਸੀਤਾ ਨੇ ਕਿਹਾ, "ਕੁਝ ਸਬਜੀ ਏ । ਦਾਲ ਬਣੀ ਪਈ ਏ । ਤੜਕਾ ਲਾ ਲੈਂਦੇ ਹਾਂ । ਫੁਲਕਾ ਪਕਾ ਲੈਂਦੇ ਹਾਂ ।"

ਹੁਣ ਕਮਰੇ ਵਿੱਚ ਮੀਤਾ ਤੇ ਗੁਰਜੀਤ ਦੋਵੇਂ ਹੀ ਸਨ । ਮੀਤੇ ਨੇ ਪੁੱਛਿਆ ਗੁਰਜੀਤ, "ਤੂੰ ਦੱਸ ਕੇ ਵੀ ਨਾ ਗਿਆ । ਇਹੋ-ਜਿਹਾ ਫੌਰੀ ਕੀ ਕੰਮ ਪੈ ਗਿਆ ਸੀ ?"

ਗੁਰਜੀਤ ਨੇ ਹੌਕਾ ਭਰ ਕੇ ਕਿਹਾ, "ਮੇਰੇ ਮੀਤ, ਮੈਂ ਵੀ ਦਿਲੋਂ ਦੁਖੀ ਹੀ ਗਿਆ ਸੀ । ਪਰ ਕੁਝ ਮਜ਼ਬੂਰੀਆਂ ਇਹੋ-ਜਿਹੀਆਂ ਹੁੰਦੀਆਂ ਨੇ ਕਿ ਬੰਦੇ ਨੂੰ ਸਾਣੇ ਵਲ ਦੇ ਲੈਂਦੀਆਂ ਨੇ । ਮਾਤਾ ਦੀ ਖਾਹਿਸ਼ ਏ ਕਿ ਮੇਰੀ ਸ਼ਾਦੀ ਹੋਵੇ । ਇਸ ਲਈ ਰਿਸ਼ਤੇਦਾਰ ਵੀ ਜੋਰ ਪਾਉਂਦੇ ਨੇ । ਉਹਨਾਂ ਮੈਨੂੰ ਬੁਲਾਇਆ ਇਸ ਲਈ ਸੀ ਕਿ ਮੈਂ ਲੜਕੀ ਪਸੰਦ ਕਰ ਲਵਾਂ ।"

"ਫਿਰ ਲੜਕੀ ਵੇਖੀ ?" ਮੀਤੇ ਨੇ ਟੋਕਿਆ ।

"ਹਾਂ, ਵੇਖੀ ਮੇਰੇ ਮੀਤ, ਲੜਕੀ ਕਬੂਲ ਸੂਰਤ ਸੀ । ਪਰ ਮੇਰੇ ਪਸੰਦ

ਨਹੀਂ ।"

"ਕਿਉਂ ?"

"ਇਸ ਲਈ ਕਿ ਉਹਨਾਂ ਲੋਕਾਂ ਦੀਆਂ ਨਜ਼ਰਾਂ ਕੁਝ ਉਚੀਆਂ ਨੇ ਅਤੇ ਸਾਡੀ ਐਨੀ ਪਹੁੰਚ ਨਹੀਂ । ਮਾਤਾ ਤਾਂ ਅਜੇ ਵੀ ਉਥੇ ਹੀ ਖਲੋਤੀ ਏ । ਭਾਵੇਂ ਦੋ ਖੇਤ ਵੇਚਣੇ ਪੈਣ । ਮੈਂ ਭਾਵੇਂ ਖੇਤ ਵੇਚ ਕੇ ਸ਼ਾਦੀ ਨਹੀਂ ਚਾਹੁੰਦਾ । ਪਰ ਮੈਂ ਮਾਂ ਦਾ ਦਿਲ ਵੀ ਨਹੀਂ ਦੁਖਾਉਣਾ ਚਾਹੁੰਦਾ ਜਿਸ ਸਾਰੀ ਉਮਰ ਹੀ ਦੁੱਖ ਭੋਗੇ ਨੇ ।" ਗੱਲ ਸਿਰੇ ਲਾਉਂਦੇ-ਲਾਉਂਦੇ ਉਹਦਾ ਚਿਹਰਾ ਉਤਰ ਗਿਆ ।

ਪਰ ਮੀਤੇ ਨੇ ਸਹਾਰਾ ਦਿੱਤਾ, "ਜੀਤ, ਦਿਲ ਨਾ ਛੱਡ । ਬਾਬਾ ਜੀ ਨਾਲ ਗੱਲ ਕਰਾਂਗੇ । ਆਸ ਏ ਕੋਈ ਰਾਹ ਨਿਕਲ ਆਏਗਾ ।"

ਮੀਤੇ ਦੇ ਸਾਫ ਕਿਤਾਬੀ ਬੋਲੀ ਬੋਲਣ ਤੇ ਉਹ ਬੜਾ ਹੈਰਾਨ ਹੋਇਆ । ਕੁਝ ਦੇਰ ਦੋਵੇਂ ਚੁੱਪ ਰਹੇ ਅਤੇ ਫਿਰ ਗੁਰਜੀਤ ਨੇ ਕਿਹਾ, "ਮੈਨੂੰ ਇਕ ਉਲਝਣ ਏ । ਉਹ ਤਾਂ ਸੁਲਝਾ ।"

ਮੀਤ ਨੇ ਕਿਹਾ "ਕੀ ?"

"ਤੁਹਾਡੇ ਘਰ ਕੋਈ ਪ੍ਰਾਹੁਣੀ ਆਈ ਹੋਈ ਏ ?"

"ਨਹੀਂ, ਕੋਈ ਨਹੀਂ", ਮੀਤੇ ਨੇ ਕਿਹਾ ।

ਗੁਰਜੀਤ ਨੇ ਕਿਹਾ, "ਜਦੋਂ ਮੈਂ ਸ਼ਾਮੀ ਆਇਆ ਤਾਂ ਮੈਨੂੰ ਇੱਕ ਲੜਕੀ ਰਸੋਈ ਵੱਲ ਜਾਂਦੀ ਦਿਖੀ । ਤੂੰ ਦੱਸਦਾ ਸੀ ਕਿ ਅਸੀਂ ਚਾਰ ਜੀਅ ਆਂ ।"

ਮੀਤੇ ਨੇ ਝੱਟ ਕਿਹਾ, "ਉਹ, ਹਾਂ ਹਾਂ । ਉਹ ਕੰਤੀ ਹੋਰਾਂ ਦੀ ਵੱਡੀ ਭੈਣ ਸੀ ।"

ਗੁਰਜੀਤ ਦੀ ਉਲਝਣ ਹੋਰ ਵੱਧ ਗਈ । ਕਿਤੇ ਮੀਤਾ, ਕੰਤੀ ਤੇ ਸੀਤਾ ਅੱਡੋ ਅੱਡ ਮਾਵਾਂ ਦੀ ਔਲਾਦ ਨਾ ਹੋਣ । ਪਰ ਫਿਰ ਵੀ ਕਿਹਾ, "ਮੇਰੇ ਮੀਤ, ਮੈਂ ਤਾਂ ਕੁਝ ਸਮਝਿਆ ਨਹੀਂ ।"

ਮੀਤੇ ਨੇ ਗੱਲ ਸਿਰੇ ਲਾਉਂਦਿਆਂ ਕਿਹਾ, "ਗੁਰਜੀਤ, ਇਹ ਇਕ ਗੋਰਖ ਧੰਦਾ ਏ ਜਿਹਨੂੰ ਤੂੰ ਹੁਣ ਤੱਕ ਨਹੀਂ ਸਮਝ ਸਕਿਆ ਅਤੇ ਇਹੋ ਸਮਝਾਉਣ ਵਾਸਤੇ

ਅਸੀਂ ਰੋਜ-ਰੋਜ ਤੈਨੂੰ ਘਰ ਬਲਾਓਂਦੇ ਸਾਂ ਅਤੇ ਵੱਡੇ ਭਾਗ ਕਿ ਅੱਜ ਤੂੰ ਘਰ ਆ ਗਿਆ ਏਂ। ਅੱਜ ਤੈਨੂੰ ਇਹ ਸਾਰਾ ਭੇਤ ਦੱਸ ਦਿੱਤਾ ਜਾਏਗਾ । ਪਰ ਕਾਹਲਾ ਨਾ ਪੈ । ਦੱਸਣਗੇ ਬਾਬਾ ਜੀ । ਕੀ ਤੂੰ ਬਾਬਾ ਜੀ ਨੂੰ ਮਿਲਿਆ ?"

"ਨਹੀਂ । ਜਦੋਂ ਮੈਂ ਅੰਦਰ ਗਿਆ ਤਾਂ ਉਹ ਸੁੱਤੇ ਪਏ ਸਨ ।"

"ਸੀਤਾ", ਮੀਤੇ ਨੇ ਅਵਾਜ ਦਿੱਤੀ । ਸੀਤਾ ਅੰਦਰ ਆਈ ਤਾਂ ਉਸ ਕਿਹਾ, "ਵੇਖ, ਬਾਬਾ ਜੀ ਉੱਠੇ ਨੇ" ।

ਸੀਤਾ ਨੇ ਕਿਹਾ, "ਹਾਂ ਉੱਠੇ ਨੇ । ਮੈਂ ਹੁਣੇ ਉਹਨਾਂ ਨੂੰ ਪਾਣੀ ਦੇ ਕੇ ਆਈ ਹਾਂ । ਮੈਂ ਉਹਨਾਂ ਨੂੰ ਜੀਤ ਬਾਰੇ ਦੱਸਿਆ ਏ । ਉਹ ਕਹਿੰਦੇ ਨੇ ਕਿ ਮੇਰੇ ਕੋਲ ਭੇਜੋ ।" ਸੀਤਾ ਇੱਕੋ ਸਾਹ ਤਿੰਨੇ ਗੱਲਾਂ ਦੱਸ ਗਈ ।

ਮੀਤੇ ਨੇ ਕਿਹਾ, "ਸੀਤਾ, ਪਹਿਲਾਂ ਥੋੜੀ ਚਾਹ ਈ ਬਣਾ ਲੈਂਦੇ ।"

ਸੀਤਾ ਨੇ ਕਿਹਾ, "ਚਾਹ ਹੀ ਬਣਾਈ ਏ । ਮੈਂ ਲਿਆਉਂਦੀ ਹਾਂ । ਬਾਬਾ ਜੀ ਕੋਲ ਚੱਲੋ । ਉਹ ਬੁਲਾਉਂਦੇ ਨੇ ।"

ਮੀਤੇ ਨੇ ਕਿਹਾ, "ਸੀਤਾ, ਤੂੰ ਗੁਰਜੀਤ ਨੂੰ ਉੱਧਰ ਬਿਠਾ ਚੱਲ ਕੇ । ਮੈਂ ਕੱਪੜੇ ਬਦਲ ਲਵਾਂ ।"

ਅਤੇ ਸੀਤਾ ਗੁਰਜੀਤ ਨੂੰ ਬਾਬੇ ਕੋਲ ਲੈ ਗਈ ਅਤੇ ਕਿਹਾ, "ਬਾਬਾ ਜੀ, ਜੀਤ ਆਇਆ ਹੈ ।"

ਗੁਰਜੀਤ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਬਾਬੇ ਨੇ ਕੁਰਸੀ ਵੱਲ ਬੈਠਣ ਦਾ ਇਸ਼ਾਰਾ ਕੀਤਾ, "ਸੀਤਾ ਬੇਟਾ, ਚਾਹ ਲੈ ਆਓ ।"

ਅਤੇ ਸੀਤਾ ਚਾਹ ਲੈਣ ਚਲੀ ਗਈ । ਲੈਂਪ ਦੇ ਚਾਨਣ ਵੱਲ ਹੱਥ ਦੀ ਓਟ ਕਰ ਗੁਰਜੀਤ ਵੱਲ ਗਹੁ ਨਾਲ ਵੇਖਿਆ ਅਤੇ ਪੁੱਛਿਆ, "ਬੇਟਾ, ਤੇਰਾ ਨਾ ਗੁਰਜੀਤ ਏ ?"

"ਹਾਂ, ਬਾਬਾ ਜੀ ।"

ਸੀਤਾ ਚਾਹ ਲੈ ਕੇ ਅੰਦਰ ਆ ਗਈ ਸੀ । ਗਲਾਸਾਂ ਵਿੱਚ ਪਾਉਣ ਲੱਗੀ ਤਾਂ ਬਾਬੇ ਨੇ ਕਿਹਾ, "ਠਹਿਰ ਬੇਟਾ, ਇਕੱਠੇ ਚਾਹ ਪੀਵਾਂਗੇ । ਕੰਤਾ ਤੇ ਗੁਰਮੀਤ ਨੂੰ

ਵੀ ਬੁਲਾ ਲਓ ।"

ਕੰਤਾ ਅੰਦਰ ਆ ਗਈ ਸੀ । ਉਸ ਕਿਹਾ, "ਕੁੱਝ ਖਾਣ ਨੂੰ ਲਿਆਵਾਂ ?"

ਪਰ ਬਾਬੇ ਦਾ ਕਹਿਣਾ ਸੀ "ਨਹੀਂ ਬੇਟਾ, ਰੋਟੀ ਦਾ ਵੇਲਾ ਏ । ਤੁਸੀਂ ਗੁਰਮੀਤ ਨੂੰ ਹੀ ਬੁਲਾ ਲਓ ।"

ਕੰਤੀ ਗਈ ਤੇ ਮੁੜਕੇ ਆ ਕੇ ਕਿਹਾ, "ਆ ਰਹੇ ਨੇ ।"

ਗੁਰਜੀਤ ਸੋਚ ਰਿਹਾ ਸੀ । ਕਿੰਨੇ ਮਿੱਠੇ ਤੇ ਪਿਆਰੇ ਮਨੁੱਖ ਨੇ ਅਤੇ ਕੁਝ ਕੁਝ ਹੈਰਾਨ ਸੀ ਕਿ ਚਾਹ ਤੇ ਮੀਤੇ ਨੂੰ ਬੁਲਾਉਣ ਦਾ ਕੋਈ ਜ਼ਿਕਰ ਨਹੀਂ । ਕਿ ਬਾਬੇ ਨੇ ਗੁਰਜੀਤ ਨੂੰ ਟੋਕਿਆ, "ਬੇਟਾ, ਠੀਕ ਹੋ ਕੇ ਬੈਠੋ । ਤੁਹਾਡਾ ਆਪਣਾ ਘਰ ਏ । ਤੁਹਾਡੇ ਬਾਰੇ ਗੁਰਮੀਤ ਨੇ ਮੈਨੂੰ ਸਭ ਕੁਝ ਦੱਸਿਆ ਏ ।"

ਅਤੇ ਉਧਰੋਂ ਬੂਹੇ ਵਿੱਚੋਂ ਉਹ ਹੀ ਮੁਟਿਆਰ ਅੰਦਰ ਆਈ ਜਿਸ ਨਾਲ ਥੋੜਾ ਚਿਰ ਪਹਿਲਾਂ ਗੁਰਜੀਤ ਦਾ ਸਾਹਮਣਾ ਹੋਇਆ ਸੀ ।

ਲੰਬੀਆਂ ਕਾਲੀਆਂ ਜ਼ੁਲਫਾਂ ਵਿੱਚ ਦਗ-ਦਗ ਕਰਦਾ ਚੰਦ ਮੁਖੜਾ । ਗੁਰਜੀਤ ਅਚੇਤ ਹੀ ਕੁਰਸੀ ਤੋਂ ਉੱਠ ਬੈਠਾ । ਉਹਨੂੰ ਕੰਬਣੀ ਜਿਹੀ ਲੱਗ ਗਈ । ਦਿਲ ਦੀ ਧੜਕਣ ਤੇਜ ਹੋ ਗਈ ਸੀ ਕਿ ਬਾਬੇ ਨੇ ਗੁਰਜੀਤ ਨੂੰ ਕਿਹਾ, "ਬੈਠੋ- ਬੈਠੋ ਬੇਟਾ, ਬੈਠੋ ।" ਅਤੇ ਲੜਕੀ ਨੂੰ ਆਪਣੇ ਕੋਲ ਬਿਠਾ ਲਿਆ ।

ਗੁਰਜੀਤ ਨੂੰ ਨਦਾਮਤ ਨੇ ਦੱਬ ਲਿਆ । ਉਹ ਸਿਰ ਤੋਂ ਪੈਰਾਂ ਤੱਕ ਕੰਬਿਆ ਤੇ ਤਰੇਲੀ ਆ ਗਈ । ਉਹ ਹੁਣ ਓਪਰਾਪਨ ਮਹਿਸੂਸ ਕਰ ਰਿਹਾ ਸੀ । ਉਸ ਉੱਤੇ ਉਸ ਰੂਪਮਤੀ ਮੁਟਿਆਰ ਦਾ ਐਨਾ ਦਬਾਓ ਪੈ ਗਿਆ ਸੀ ਕਿ ਉਹ ਦੁਬਾਰਾ ਅੱਖ ਚੁਕ ਕੇ ਦੇਖਣ ਦੀ ਹਿੰਮਤ ਨਹੀਂ ਸੀ ਕਰ ਰਿਹਾ । ਵਾਰ ਵਾਰ ਇਹੋ ਸੋਚ ਰਿਹਾ ਸੀ ਕਿਸੇ ਬਹਾਨੇ ਇੱਥੋਂ ਬਾਹਰ ਨਿਕਲ ਜਾਂਵਾਂ ਜਾਂ ਘੱਟੋ ਘੱਟ ਮੀਤਾ ਹੀ ਮੇਰੇ ਕੋਲ ਆ ਜਾਏ । ਉਹਨੂੰ ਮਨ ਹੀ ਮਨ ਮੀਤੇ ਤੇ ਅਤੇ ਆਪਣੇ ਆਪ ਤੇ ਖਿੱਝ ਆ ਰਹੀ ਸੀ । ਕੰਤੀ ਉਹਦੇ ਕੋਲ ਬੈਠ ਗਈ ਅਤੇ ਉਹਨੂੰ ਧਰਵਾਸ ਹੋਈ । ਤੇ ਸੀਤਾ ਨੇ ਚਾਹ ਗਲਾਸਾਂ ਵਿਚ ਪਾ ਦਿੱਤੀ ਤੇ ਗੁਰਜੀਤ ਨੂੰ ਗਲਾਸ ਫੜਾਇਆ । ਉਹਦਾ ਹੱਥ ਅਜੇ ਵੀ ਕੰਬ ਰਿਹਾ ਸੀ ਕਿ ਬਾਬੇ ਨੇ ਕਿਹਾ, "ਸੀਤਾ ਕੰਤਾ, ਬੇਟਾ

ਤੁਸੀਂ ਬਾਹਰ ਜਾਓ"

ਅਤੇ ਦੋਵੇਂ ਸਾਊ ਕੁੜੀਆਂ ਬਿਨਾਂ ਕੁਝ ਬੋਲੇ ਬਾਹਰ ਬਰਾਂਡੇ ਵਿੱਚ ਚਲੀਆਂ ਗਈਆਂ ।

ਬਾਬੇ ਨੇ ਗੁਰਜੀਤ ਨੂੰ ਸੰਬੋਧਨ ਕੀਤਾ, "ਬੇਟਾ, ਚਾਹ ਪੀਓ । ਇੱਕ ਗੱਲ ਪੁੱਛਾਂ ?"

ਉਸ ਥਿੜਕਦੀ ਜ਼ੁਬਾਨ ਨਾਲ ਕਿਹਾ, "ਪੁ ... ਪੁ ...ਪੁੱਛੋ, ਬਾਬਾ ਜੀ ।"

ਉਹ ਥਿੜਕਦੀ ਜ਼ੁਬਾਨ ਤੇ ਕੱਚਾ ਜਿਹਾ ਹੋਇਆ ਕਿ ਬਾਬੇ ਨੇ ਗੱਲ ਸ਼ੁਰੂ ਕੀਤੀ । "ਵੇਖ ਜੀਤ ਬੇਟਾ, ਇਹ ਗੁਰਮੀਤ ਮੇਰੀ ਧੀ ਹੀ ਨਹੀਂ ਮੇਰਾ ਪੁੱਤਰ ਵੀ ਏ ।" ਨਾਲ ਹੀ ਬਾਬੇ ਨੇ ਲੜਕੀ ਦੇ ਸਿਰ ਤੇ ਹੱਥ ਰੱਖਿਆ । "ਜਿਸ ਦਿਨ ਦਾ ਇਹਨਾਂ ਦਾ ਪਿਤਾ ਪੂਰਾ ਹੋਇਆ, ਇਸ ਨੇ ਘਰ ਦਾ ਪੂਰਾ ਕੰਮ ਸੰਭਾਲਿਆ ਅਤੇ ਕਿਸੇ ਪਾਸਿਓਂ ਵੀ ਘਰ ਨੂੰ ਢਾਹ ਨਹੀਂ ਲੱਗਣ ਦਿੱਤੀ । ਘਰ ਘਰ ਬਣਿਆ ਰਿਹਾ ਬਾਹਰ ਬਾਹਰ । ਆਖਰ ਦੁਨੀਆਂ ਦੇ ਰਸਮ ਰਿਵਾਜ ਪੂਰੇ ਕਰਨੇ ਪੈਂਦੇ ਨੇ । ਤੇਰਾ ਤੇ ਮੀਤ ਦਾ ਕੋਈ ਪੰਜ ਮਹੀਨੇ ਦਾ ਸਾਥ ਏ । ਤੁਸੀਂ ਦੋਵੇਂ ਇੱਕ ਦੂਜੇ ਦੀਆਂ ਆਦਤਾਂ ਤੋਂ ਜਾਣੂ ਹੋਏ ਓ ।"

ਬਾਬਾ ਗੱਲ ਕਰੀ ਜਾ ਰਿਹਾ ਸੀ ਅਤੇ ਗੁਰਜੀਤ ਹੈਰਾਨੀ ਦੇ ਖੂਹ ਵਿਚ ਗਰਕ ਹੁੰਦਾ ਜਾ ਰਿਹਾ ਸੀ ।

ਬਾਬੇ ਨੇ ਕਿਹਾ, "ਗੁਰਜੀਤ ਬੇਟਾ, ਗੁਰਮੀਤ ਪੜ੍ਹੀ ਲਿਖੀ ਲੜਕੀ ਏ । ਤੇ ਤੈਨੂੰ ਪਸੰਦ ਕਰਦੀ ਏ । ਸੋ ਬੇਟਾ ਤੇਰੀ ਕੀ ਰਾਇ ਏ ? ਜੇ ਤੁਹਾਨੂੰ ਉਮਰ ਭਰ ਲਈ ਇੱਕ ਬੰਧਨ ਵਿੱਚ ਬੰਨ੍ਹ ਦਿੱਤਾ ਜਾਏ ?"

ਗੁਰਜੀਤ ਨੇ ਡੌਰ-ਭੌਰ ਆਸੇ ਪਾਸੇ ਵੇਖਿਆ । ਫਿਰ ਗੁਰਮੀਤ ਵੱਲ ਨਿਗਾਹ ਕੀਤੀ ਕਿ ਢਿੱਲੇ ਢਾਲੇ ਕੱਪੜੇ ਪਾਉਣ ਵਾਲਾ ਸਿਰ ਤੇ ਪਰਨੇ ਦਾ ਮੁੰਡਾਸਾ ਬੰਨਣ ਵਾਲਾ ਸੁਨੱਖਾ ਮਲਵਈ ਮੁੰਡਾ ਮੀਤਾ ਹੀ ਗੁਰਮੀਤ ਏ । ਉਸ ਚਾਹ ਵਿਚ ਉਂਗਲੀ ਡੁਬੋ ਕੇ ਦੰਦਾਂ ਹੇਠ ਦੱਬ ਕੇ ਤਸੱਲੀ ਕੀਤੀ ਕਿਤੇ ਮੈਂ ਸੁੱਤਾ ਕੋਈ ਖਾਬ ਤਾਂ ਨਹੀਂ ਵੇਖ ਰਿਹਾ । ਪਰ ਨਹੀਂ । ਉਹ ਤਾਂ ਜਾਗਦਾ ਸੀ । ਕੀ ਮੈਂ ਪੰਜ ਮਹੀਨੇ

ਲਗਾਤਾਰ ਨਾਲ ਰਹਿ ਕੇ ਵੀ ਨਾ ਸਮਝ ਸਕਿਆ । ਉਹਦੇ ਦਿਮਾਗ ਦੀਆਂ ਸੂਝ ਤੰਦਾਂ ਟੁੱਟ ਟੁੱਟ ਜਾ ਰਹੀਆਂ ਸਨ । ਉਸ ਬਹੁਤ ਮੁਸ਼ਕਿਲ ਨਾਲ ਉਬਲਦੇ ਦਿਲ ਨੂੰ ਸੰਭਾਲਿਆ । ਮਤ ਖੁਸ਼ੀ ਖੇੜੇ ਨਾਲ ਪਾਟ ਹੀ ਨਾ ਜਾਏ । ਹਫਲਾਏ ਹੋਏ ਤੋਂ ਕੋਈ ਬੇਥੱਬੀ ਗੱਲ ਨਾ ਨਿਕਲ ਜਾਏ । ਫਿਰ ਉਸ ਸੰਭਲ ਕੇ ਤੋਲ ਤੋਲ ਕੇ ਲਫਜ਼ ਕਹੇ, "ਮੇਰੇ ਮਹਾਨ ਬਜ਼ੁਰਗ, ਮੈਨੂੰ ਇਜਾਜਤ ਦਿਓ । ਮੈਂ ਤੁਹਾਡੇ ਪੈਰਾਂ ਤੇ ਸਿਰ ਰੱਖ ਸਕਾਂ ।" ਤੇ ਉਸ ਗੋਡਿਆਂ ਭਾਰ ਹੋ ਬਾਬੇ ਦੇ ਪੈਰਾਂ ਤੇ ਸਿਰ ਰੱਖ ਦਿੱਤਾ ।

ਬਾਬੇ ਨੇ ਉਸ ਦਾ ਸਿਰ ਪਲੋਸਿਆ ਤੇ ਉਠਾ ਕੇ ਛਾਤੀ ਨਾਲ ਘੁੱਟ ਲਿਆ । "ਜਿਉਂਦਾ ਰਹੋ ਪੁੱਤਰ, ਕੋਈ ਸ਼ਰਤ ?"

ਹੁਣ ਗੁਰਜੀਤ ਸੰਭਲ ਗਿਆ ਸੀ । "ਹਾਂ ਬਾਬਾ ਜੀ, ਇੱਕ ਸ਼ਰਤ ਹੈ ।"

"ਕਹੋ ਬੇਟਾ, ਬਿਨਾਂ ਝਿਜਕ ਕਹੋ ।"

"ਅੱਜ ਤੋਂ ਗੁਰਮੀਤ ਗੁਰਮੀਤ ਹੀ ਰਹੇਗੀ ਤੇ ਕਦੇ ਮੀਤਾ ਨਹੀਂ ਬਣੇਗੀ ।" ਗੁਰਜੀਤ ਨੇ ਖੁਸ਼ੀਆਂ ਦੇ ਗੁਬਾਰ ਦੱਬਦਿਆਂ ਕਿਹਾ ।

ਬਾਬੇ ਨੇ ਗੁਰਮੀਤ ਦਾ ਹੱਥ ਫੜ ਕੇ ਗੁਰਜੀਤ ਦੇ ਹੱਥ ਵਿਚ ਦੇ ਦਿੱਤਾ ਤੇ ਆਸ਼ੀਰਵਾਦ ਦਿੱਤਾ, "ਜੁਗੋ ਜੁੱਗ ਜੋੜੀ ਸਲਾਮਤ ਰਹੇ !"

ਦੋਹਾਂ ਨੇ ਬਾਬੇ ਦੇ ਪੈਰ ਛੂਹੇ । ਬਰਾਂਡੇ ਵਿੱਚ ਨੁੱਕਰ ਤੇ ਸੁਣ ਰਹੀਆਂ ਕੰਤੀ ਤੇ ਸੀਤਾ ਇਕ ਦਮ ਅੰਦਰ ਆਈਆਂ । ਇੱਕ ਪਲ ਪਹਿਲਾਂ ਦਾ ਰੁਮਾਂਟਿਕ ਕਮਰਾ ਟਹਿਕ ਉਠਿਆ । ਹਾਸੇ ਤੇ ਚੁਟਕਲੇ ਛੁੱਟਦੇ ਰਹੇ । ਫਿਰ ਨਿਰੀ ਰਾਤ ਰੋਟੀ ਖਾਧੀ । ਗੁਰਜੀਤ ਨੇ ਵਿਦਾ ਮੰਗੀ । ਉਹ ਇਸ ਅਥਾਹ ਖੁਸ਼ੀ ਨੂੰ ਛੇਤੀ ਮਾਤਾ ਦੀ ਝੋਲੀ ਪਾਉਣਾ ਚਾਹੁੰਦਾ ਸੀ ।

"ਨਹੀਂ ਨਹੀਂ । ਹੁਣ ਰਾਤ ਚੋਖੀ ਹੋ ਗਈ ਏ ।" ਅਤੇ ਉਹਨੂੰ ਅਟਕਣਾ ਪਿਆ । ਪਰ ਨੀਂਦ ਕਿੱਥੇ । ਫਿਰ ਵੀ ਉਹ ਰਾਤ ਢਲੇ ਉੱਠ ਤੁਰਿਆ । ਚੰਦਰਮਾ ਪੂਰੇ ਜੋਬਨ ਤੇ ਸੀ ਅਤੇ ਰੁੱਗੀਂ ਰਿਸ਼ਮਾਂ ਵੰਡ ਰਿਹਾ ਸੀ । ਉਹ ਨਦੀ ਦੇ ਘਾਟ ਤੇ ਆਇਆ ਜਿੱਥੇ ਉਹਦੀ ਕਿਸਮਤ ਨੇ ਮੋੜਾ ਦਿੱਤਾ ਸੀ । ਉਸ ਮਿੱਟੀ ਨੂੰ ਚੁੰਮਿਆ ਤੇ ਨਦੀ ਪਾਰ ਕਰ ਪਿੰਡ ਨੂੰ ਤੁਰ ਪਿਆ । ਉਹਦੇ ਪੈਰ ਧਰਤੀ ਤੇ ਨਹੀਂ ਲੱਗ ਰਹੇ

ਸਨ ।ਉਸ ਨੂੰ ਕਾਹੀ, ਕਿੱਕਰ, ਹੀਂਸ, ਢੱਕ ਸਭ ਨਾਲ ਫੁੱਲਾਂ ਦੀਆਂ ਲੜੀਆਂ ਲਮਕਦੀਆਂ ਦਿਸਦੀਆਂ ਸਨ । ਫਿਰ ਤੀਜੇ ਚੌਥੇ ਦਿਨ ਦੋਹੀਂ ਘਰੀਂ ਰੌਣਕਾਂ ਹੋਈਆਂ । ਵਧਾਈਆਂ ਬੱਝੀਆਂ, ਸ਼ਗਨ ਸਾਮਣ ਹੋਏ । ਸਹਿਨਾਈ ਤੇ ਢੋਲ ਵੱਜੇ । ਫਿਰ ਠੀਕ ਵਿਆਹ ਤੋਂ ਪੰਜਵੇਂ ਦਿਨ ਕੱਚੇ ਦੁਪਹਿਰੇ ਹਾਲੀ ਨੇ ਖੇਤ ਵਿਚ ਹਲ ਖਲਾਰ ਖੂਹ ਦਾ ਰੁੱਖ ਕੀਤਾ ਕਿਉਂਕਿ ਸ਼ਗਨਾ ਵਾਲੇ ਸੂਹੇ ਸੂਟ ਵਿੱਚ ਲਿਪਟੀ ਰੋਟੀ ਲੈ ਕੇ ਆਉਂਦੀ ਮੁਟਿਆਰ ਉਸ ਦੂਰੋਂ ਹੀ ਵੇਖ ਲਈ ਸੀ ਅਤੇ ਬਾਬੇ ਕਪੂਰ ਸਿੰਘ ਦੇ ਘਰ ਦੇ ਜੀ ਹੁਣ ਪੂਰੇ ਛੇ ਸਨ ।

# ਅਧਿਕਾਰ

ਉਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਰੇਲ ਗੱਡੀ ਦਾ ਸਟੇਸ਼ਨ 'ਤੇ ਆਉਣ ਦਾ ਠੀਕ ਸਮਾਂ ਢਾਈ ਵਜੇ ਦੁਪਹਿਰ ਦਾ ਏ । ਇਹ ਵੀ ਪਤਾ ਸੀ ਕਿ ਸਟੇਸ਼ਨ ਪਿੰਡ ਤੋਂ ਪੂਰੇ ਛੇ ਮੀਲ ਦੂਰ ਏ । ਉਹ ਇਹ ਵੀ ਜਾਣਦੀ ਸੀ ਕਿ ਤਿੰਨ ਮੀਲ ਟੋਟਾ ਪੱਕਾ ਏ ਅਤੇ ਤਿੰਨ ਮੀਲ ਰੇਤਾ ਤੇ ਖੱਡੇ ਖੜੱਪੇ ਹੀ ਨੇ ਅਤੇ ਕੋਈ ਵੀ ਘੋੜਾ ਚਾਰ ਵਜੇ ਤੋਂ ਪਹਿਲਾਂ ਤਾਂਗਾ ਨਹੀਂ ਪਹੁੰਚਾ ਸਕਦਾ ।

ਪਰ ਫਿਰ ਵੀ ਨਵਾਬ ਬੇਗਮ ਸਵੇਰ ਦੀ ਕਿੰਨੀ-ਵਾਰ ਬਾਰ-ਬਾਰ ਕੋਠੇ ਤੇ ਬੇ-ਇਰਾਦਾ ਚੜ੍ਹਦੀ, ਨੀਝ ਲਾ ਅੱਖਾਂ ਪਾੜ-ਪਾੜ ਸਟੇਸ਼ਨ ਵਲੋਂ ਆਉਂਦੇ ਰਾਹ ਵਲ ਵੇਖਦੀ, ਕਿਸੇ ਤਾਂਗੇ ਕਿਸੇ ਘੋੜੇ ਦਾ ਅਕਾਰ ਲੱਭਦੀ । ਅੱਖਾਂ ਵਿਚ ਪਾਣੀ ਦਾ ਡਲਕਾ ਉੱਤਰ ਆਉਂਦਾ, ਪੱਲੇ ਨਾਲ ਅੱਖਾਂ ਪੂੰਝਦੀ-ਪੂੰਝਦੀ ਹੇਠਾਂ ਉੱਤਰ ਆਉਂਦੀ, ਅਤੇ ਢਿੱਲੇ ਜਿਹੇ ਪਲੰਘ ਤੇ ਢੇਰੀ ਹੋ ਜਾਂਦੀ ।

ਨਵਾਬ ਬੇਗਮ ਨੂੰ ਆਪਣੇ ਆਪ ਤੋਂ ਹੀ ਘਿਰਣਾ ਹੋ ਰਹੀ ਸੀ । ਸਰੀਰ ਬੇਹਿੱਸ ਤੇ ਦਿਮਾਗ ਖੋਖਲਾ ਜਿਹਾ ਹੋ ਗਿਆ ਸੀ । ਬੀਤੀ ਸਾਰੀ ਰਾਤ ਉਸ ਜਾਗ ਕੇ ਸੋਚਾਂ ਵਿਚ ਗੋਤੇ ਖਾਧੇ ਸਨ । ਨਰਮ-ਗਰਮ ਬਿਸਤਰਾ ਉਸਨੂੰ ਸੂਲਾਂ ਸੀਖਾਂ ਵਾਂਗ ਚੁਭਦਾ ਰਿਹਾ ਸੀ । ਕਲ੍ਹ ਤੀਜੇ ਪਹਿਰ ਤੋਂ ਉਸ ਨਾ ਕੁਝ ਖਾਧਾ ਸੀ ਤੇ ਨਾ ਹੀ ਪੀਤਾ ਸੀ । ਪਹਿਰ ਰਾਤ ਗਈ, ਘਰੇਲੂ ਨੌਕਰਾਣੀ ਈਦਨ ਨੇ ਆ ਕੇ ਪੁਛਿਆ, "ਬੜੀ ਬੀ, ਕੀ ਗਲ ਏ ? ਤੁਸੀ ਏਨੇ ਉਦਾਸ ਕਿਉਂ ਹੋ, ਨਾ ਕੁਝ ਖਾਧਾ ਨਾ ਪੀਤਾ ?"

ਤਾਂ ਨਵਾਬ ਬੇਗਮ ਮੂੰਹੋ ਕੁਝ ਨਾ ਬੋਲ ਸਕੀ ਅਤੇ ਸਿਜਲ ਅੱਖਾਂ ਨਾਲ ਉਸ ਵਲ ਵੇਖਿਆ ਅਤੇ ਹੱਥ ਵਿਚ ਫੜਿਆ ਕਾਗਜ਼ ਉਸ ਵਲ ਵਧਾ ਦਿਤਾ ।

ਈਦਨ ਕਿਹੜਾ ਪੜ੍ਹੀ ਹੋਈ ਸੀ । ਉਸ ਕਾਗਜ਼ ਤਾਂ ਫੜ ਲਿਆ ਪਰ ਪੁਛਿਆ, "ਇਸ ਵਿਚ ਬੜੀ ਬੀ, ਕੀ ਲਿਖਿਆ ਏ, ਸੁਖ ਤਾਂ ਹੈ ?"

ਪਰ ਬੇਗਮ ਹੂੰ ਨਾ ਹਾਂ, ਫਟੀਆਂ ਫਟੀਆਂ ਨਜ਼ਰਾਂ ਨਾਲ ਉਸ ਵਲ ਵੇਖਦੀ ਰਹੀ ਜਿਨ੍ਹਾਂ ਵਿਚ ਨਦਾਮਤ ਅਤੇ ਪਛਤਾਵੇ ਦੇ ਚਿੰਨ੍ਹ ਸਾਫ ਦਿਸਦੇ ਸਨ । ਈਦਨ

ਦੇ ਦੁਬਾਰਾ ਪੁੱਛਣ ਤੇ ਬੇਗਮ ਬਿਨਾਂ ਬੋਲੇ ਹੀ ਉੱਬਲ ਪਈ ।

ਨਵਾਬ ਬੇਗਮ ਦੀ ਜ਼ਿੰਦਗੀ ਵਿਚ ਪਹਿਲਾਂ ਵੀ ਕਈ ਤੂਫਾਨ ਉੱਠੇ ਸਨ ਪਰ ਉਸ ਨੇ ਸਦਾ ਸਾਬਤ ਕਦਮੀਂ ਤੇ ਹੌਸਲੇ ਹਿੰਮਤ ਨਾਲ ਮੁਕਾਬਲਾ ਕੀਤਾ ਅਤੇ ਦਿਮਾਗੀ ਸਤੁੰਲਨ ਕਦੀ ਨਾ ਗਵਾਇਆ । ਪਰ ਅੱਜ ਤਾਂ ਉਹ ਹਰ ਕਿਸੇ ਤੋਂ ਅਤੇ ਖਾਸ ਕਰ ਘਰੇਲੂ ਨੌਕਰਾਣੀ ਈਦਨ ਤੇ ਉਹਦੀ ਧੀ ਰਸ਼ੀਦਾਂ ਦੇ ਸਾਹਮਣੇ ਅੱਖਾਂ ਚੁੱਕਣੋਂ ਡਰ ਰਹੀ ਸੀ ਅਤੇ ਆਪਣੇ ਆਪ ਨੂੰ ਜਵਾਬਦੇਹ ਸਮਝ ਰਹੀ ਸੀ । ਕੱਲ ਤੀਜੇ ਪਹਿਰ ਜਦ ਚਿੱਠੀ ਉਸ ਨੂੰ ਮਿਲੀ ਤਾਂ ਲੰਬੇ ਚੌੜੇ ਪੱਤਰ ਦੇ ਚਾਰ ਅੱਖਰ ਹੀ ਸਨ ਜਿਹੜੇ ਉਸਨੂੰ ਨਿਢਾਲ ਕਰ ਗਏ । ਅੱਖਰ ਪੜ੍ਹਦਿਆਂ ਹੀ ਉਹਨੂੰ ਧੱਕਾ ਜਿਹਾ ਲੱਗਾ । ਚਾਰ ਅੱਖਰ ਨੱਚੇ ਤੇ ਆਪੇ ਵਿਚ ਗੱਡ-ਮੱਡ ਹੋ ਗਏ ਅਤੇ ਫਿਰ ਪੂਰੇ ਪੱਤਰ ਤੇ ਸਿਆਹੀ ਫੈਲ ਗਈ ।

ਨਵਾਬ ਬੇਗਮ ਤੇ ਪਹਿਲਾ ਤੂਫਾਨ ਉਸ ਵੇਲੇ ਝੁੱਲਿਆ ਜਦੋਂ ਉਹ ਅਜੇ ਨਵਾਬ ਬਾਨੋ ਹੀ ਸੀ ਅਤੇ ਜਵਾਨੀ ਦੀ ਦਹਲੀਜ਼ ਤੇ ਪੈਰ ਰੱਖਣ ਨੂੰ ਕਰਦੀ ਸੀ । ਸੱਧਰਾਂ ਸਨ, ਉਮੰਗਾਂ ਸਨ, ਕੋਈ ਸਿਤਾਰਾ ਤੋੜ ਕੇ ਝੋਲੀ ਪਾ ਲੈਣ ਦੀਆਂ । ਉਹ ਦਰਮਿਆਨੇ ਦਰਜੇ ਦੇ ਰੱਜੇ-ਪੁੱਜੇ ਨਵਾਬ ਖਾਨਦਾਨ ਦੀ ਸੁੰਦਰ ਸੁਲਝੀ ਤੇ ਪੜ੍ਹੀ ਲਿਖੀ ਕੁੜੀ ਸੀ । ਉਹਦੀ ਨਜ਼ਰ ਵਿਚ ਭਾਵੇਂ ਕੋਈ ਸਿਤਾਰਾ ਫਿ__ਟ ਨਹੀਂ ਸੀ ਹੋਇਆ ਪਰ ਫਿਰ ਵੀ ਉਹਦੀਆਂ ਉਮੰਗਾਂ ਮਿੱਧ ਕੇ ਉਹਦੀ ਮਰਜ਼ੀ ਦੇ ਖਿਲਾਫ ਮਾਪਿਆਂ ਨੇ ਉਹਦੀ ਸ਼ਾਦੀ ਇਕ ਬੁੱਢੇ ਖੋਸਟ ਨਵਾਬ, ਜਿਸਦਾ ਪੂਰਾ ਨਾ ਨਵਾਬ ਅਖਤਰ ਨਵਾਜ਼ ਸੀ, ਨਾਲ ਕਰ ਦਿੱਤੀ । ਬਾਨੋ ਉਸ ਨਵਾਬ ਦੀ ਚੌਥੀ ਬੀਵੀ ਬਣ ਕੇ ਗਈ ।

ਅਯਾਸ਼ ਨਵਾਬ ਨੂੰ ਘਰ ਦਾ ਵਾਰਿਸ ਚਾਹੀਦਾ ਸੀ ਕਿਉਂਕਿ ਪਹਿਲੀਆਂ ਤਿੰਨਾਂ ਬੀਵੀਆਂ ਵਿਚੋਂ ਕਿਸੇ ਦੇ ਵੀ ਉਲਾਦ ਨਹੀਂ ਸੀ ਹੋਈ । ਨਵਾਬ ਬਾਨੋ ਆਪਣੇ ਆਪ ਨੂੰ ਅਯਾਸ਼ ਨਵਾਬ ਦੀ ਕੈਦੀ ਸਮਝਦੀ ਸੀ । ਬੁਢੇ ਅਯਾਸ਼ ਨਵਾਬ ਦਾ ਦਿਨ ਮਹਿਫਲਾਂ ਵਿਚ ਤੇ ਰਾਤ ਕੰਜਰ ਕੋਠਿਆਂ ਤੇ ਮੁਜ਼ਰਿਆਂ ਵਿਚ ਹੀ ਲੰਘਦੀ । ਬਾਨੋ ਨਹੀਂ ਸੀ ਚਾਹੁੰਦੀ ਕਿ ਵੱਡੀਆਂ ਬੇਗਮਾਂ ਵਾਂਗ ਉਹਦਾ ਵੀ ਪੂਰਾ ਜੀਵਨ ਬੰਦ ਹਵੇਲੀ ਦੇ

ਪਰਦੇ ਵਿਚ ਗਲੋਰੀ ਛਾਲੀਆ ਕਟਦਿਆਂ ਤੇ ਪਾਨ ਖਾਂਦਿਆਂ, ਪੀਕਾਂ ਸੁਟਦਿਆਂ ਲੰਘ ਜਾਵੇ ।

ਬੁੱਢਾ ਨਵਾਬ ਉਸ ਨੂੰ ਇਕ ਅੱਖ ਵੀ ਨਹੀ ਸੀ ਭਾਂਦਾ ਪਰ ਫਿਰ ਵੀ ਨਵਾਬ ਬਾਨੋ ਨੇ ਅਖਤਰ ਨਿਵਾਜ਼ ਲਈ ਵਾਰਸ ਤਾਂ ਪੈਦਾ ਕਰ ਦਿੱਤਾ ਪਰ ਨਾਲ ਹੀ ਤਲਾਕ ਦੀ ਮੰਗ ਕੀਤੀ । ਸਭ ਕੁਝ ਹੀ ਸਮਝੌਤੇ ਨਾਲ ਹੋਇਆ । ਹੱਕੇ ਮੋਹਰ ਅਦਾ ਹੋਈ । ਨਵਾਬ ਨੇ ਮੁੰਡਾ ਲੈ ਲਿਆ ਅਤੇ ਤਲਾਕ ਹੋ ਗਿਆ । ਨਵਾਬ ਬਾਨੋ ਮਾਪਿਆਂ ਨਾਲ ਤੇ ਨਵਾਬੀ ਅਯਾਸ਼ੀਆਂ ਨਾਲ ਬਦਲੇ ਦੀ ਭਾਵਨਾ ਰੱਖਦੀ ਸੀ । ਏਸੇ ਇੰਤਕਾਮ ਦੀ ਅੱਗ ਬੁਝਾਣ ਲਈ ਹੀ ਉਸ ਬਿਨਾਂ ਕਿਸੇ ਦੀ ਰਾਏ ਆਪਣੀ ਮਰਜ਼ੀ ਨਾਲ ਆਪਣੀ ਹੀ ਬੱਘੀ ਦੇ ਕੋਚਵਾਨ ਅੱਬੂ ਨਾਲ ਨਿਕਾਹ ਪੜ੍ਹਾ ਲਿਆ ਅਤੇ ਨਵੀਂ ਜ਼ਿੰਦਗੀ ਸ਼ੁਰੂ ਕੀਤੀ ।

ਅੱਬੂ ਦਾ ਪੂਰਾ ਨਾਂ ਅਬਦੂਲ ਕਰੀਮ ਸੀ । ਅਤੇ ਉਹ ਚੰਗਾ ਬਣਦਾ ਫੱਬਦਾ ਜਵਾਨ ਸੀ । ਅੱਬੂ ਅਜੇ ਦੱਸ ਸਾਲਾਂ ਦਾ ਸੀ ਜਦ ਉਹਨਾਂ ਦੇ ਘਰ ਤੇ ਮੌਤ ਮੁਸੀਬਤਾਂ ਦਾ ਚੱਕਰ ਚਲਿਆ ਅਤੇ ਉਹ ਘਰ ਵਿੱਚ ਦੋ ਹੀ ਜੀਅ ਰਹਿ ਗਏ, ਅੱਬੂ ਅਤੇ ਬਿਰਧ ਬਾਪ ਗਫੂਰਾ । ਉਹ ਕਸਬ ਤੋਂ ਕਸਾਈ ਸਨ । ਥਾਂ ਨੂੰ ਮਨਹੂਸ ਸਮਝ ਕੇ ਗਫੂਰੇ ਨੇ ਘਰ ਨੂੰ ਜਿੰਦਾ ਲਾਇਆ ਅਤੇ ਅੱਬੂ ਨੂੰ ਉਂਗਲੀ ਫੜਾ ਪਿੰਡ ਛੱਡ ਤੁਰਿਆ । ਗਿਆ ਉੱਤਰ ਪ੍ਰਦੇਸ਼ ਨੂੰ ਪਰ ਪਿੰਡ ਵਿਚ ਕਿਸੇ ਨੂੰ ਪਤਾ ਨਹੀਂ ਸੀ ਕਿ ਕਿਸ ਸ਼ਹਿਰ, ਕਿਸ ਗਰਾਂ ਜਾਂ ਕਿਸ ਦਿਸ਼ਾ ਨੂੰ ਉਹ ਰੋਟੀ ਰੋਜ਼ੀ ਦੀ ਤਲਾਸ਼ ਨੂੰ ਨਿਕਲੇ ।

ਦਿਨ, ਹਫਤੇ, ਮਹੀਨੇ, ਰੁੱਤਾਂ, ਸਾਲ, ਫਿਰ ਸਾਲ ਹੀ ਸਾਲ ਲੰਘਦੇ ਗਏ । ਮਕਾਨ ਮਲਬੇ ਦਾ ਢੇਰ ਹੋ ਗਿਆ । ਨਿੱਕੀਆਂ ਕਿਕਰੋਟੀਆਂ ਜਵਾਨ ਹੋ ਗਈਆਂ । ਬੱਚੇ ਗੱਭਰੂ ਤੇ ਗੱਭਰੂ ਬੁੱਢੇ ਕੁੱਕੜ ਹੋ ਗਏ । ਬਿਰਧ ਕਬਰੀਂ ਯਾਨੀ ਸ਼ਹਿਰ ਖਾਮੋਸ਼ਾਂ ਜਾ ਸੁੱਤੇ ਕਿ ਅੱਬੂ ਦਾ ਦਿਲ ਜੰਮਣ ਭੋਂਏ ਨੇ ਖਿੱਚ ਲਿਆ ।

ਉਹ ਪਿੰਡ ਆਇਆ । ਹੁਣ ਉਹ ਅੱਬੂ ਜਾਂ ਅਬਦੂਲ ਨਹੀਂ ਸੀ ਸਗੋਂ ਅਬਦੂਲ ਕਾਦਰ ਸੀ । ਚੋਖੇ ਸਾਜ਼ ਸਮਾਨ ਤੋਂ ਬਿਨਾਂ ਨਾਲ ਛੋਟਾ ਜਿਹਾ ਪਰਿਵਾਰ ਵੀ

ਸੀ । ਨਵਾਬੀ ਪਹਿਰਾਵੇ ਅਤੇ ਚੰਗੀ ਦਿਖ ਤੇ ਰੋਹਬ-ਦਾਬ ਵਾਲੀ ਬੀਵੀ ਨਵਾਬ ਬੇਗਮ, ਦੋ ਸਾਲਾਂ ਦੀ ਬੱਚੀ ਸ਼ੈਹਨਾਜ਼, ਘਰੇਲੂ ਨੌਕਰਾਣੀ ਈਦਨ, ਉਹਦੀ ਨਿੱਕੀ ਜਿਹੀ ਧੀ ਰਸ਼ੀਦਾਂ ਜੋ ਕਿ ਸ਼ੈਹਨਾਜ਼ ਤੋਂ ਕੁਝ ਵੱਡੀ ਸੀ ।

ਨਵਾਬ ਬੇਗਮ ਨਵਾਬੀ ਪਹਿਰਾਵੇ ਅਤੇ ਪਰਦੇ ਦੀ ਪਾਬੰਦ ਅਤੇ ਲਸ਼-ਲਸ਼ ਕਰਦੀ ਕਾਲੀ ਸਾਟਨ ਦੀ ਪੇਟੀ ਕੋਟ ਬੁਰਕੇ ਵਿਚ ਸੀ । ਪਰ ਇਸ ਦੇ ਅੰਗਾਂ ਤੋਂ ਹੀ ਲੋਕਾਂ ਨੂੰ ਉਸ ਦੇ ਹੁਸਨ ਅਤੇ ਸਲੀਕੇ ਤੈਹਜ਼ੀਬੋ ਤਮਦਨ ਦਾ ਪਤਾ ਲਗਦਾ ਸੀ । ਇਸਦੇ ਅੰਗਾਂ ਤੋਂ ਹੀ ਲੋਕਾਂ ਨੇ ਉਸਦੇ ਨੈਣ ਨਕਸ਼ ਚਿਤਰੇ ਕਿ ਉਹ ਬਹੁਤ ਸੁੰਦਰ ਤੇ ਨੌਜਵਾਨ ਔਰਤ ਏ ।

ਭਾਵੇਂ ਇਹ ਕਿਸੇ ਨੂੰ ਨਹੀਂ ਸੀ ਪਤਾ ਕਿ ਅਬਦੁਲ ਨੇ ਇਹ ਔਰਤ ਵਿਆਹੀ, ਫਸਾਈ ਜਾਂ ਉਡਾਈ ਏ, ਪਰ ਏਨਾਂ ਗਵੇੜ ਸਾਰੇ ਲਾਂਦੇ ਸਨ ਕਿ ਇਹ ਧਨ ਦੌਲਤ ਤਾਂ ਸਭ ਨਵਾਬ ਬਾਨੋਂ ਦਾ ਹੀ ਏ, ਜੋ ਕਿ ਸੀ ਵੀ ਬਿਲਕੁਲ ਠੀਕ ਕਿਉਂਕਿ ਪੈਸੇ ਦੇ ਜ਼ੋਰ ਡਿੱਗੇ ਹੋਏ ਮਕਾਨ ਦਾ ਮਲਬਾ ਚੁਕਾ ਦਿਨਾਂ ਵਿਚ ਹੀ ਉਸ ਨੇ ਨਵਾਬੀ ਢੰਗ ਦੀ ਛੋਟੀ ਪਰ ਆਲੀਸ਼ਾਨ ਹਵੇਲੀ ਉਸਾਰ ਲਈ । ਹਵੇਲੀ ਦੇ ਨਾਲ ਲਗਦੇ ਲੰਬੇ ਚੌੜੇ ਬਾੜੇ ਜਿਸ ਵਿਚ ਉਹ ਕਦੀ ਭੇਡਾਂ ਬਕਰੀਆਂ ਵਲਦੇ ਹੁੰਦੇ ਸਨ ਅਤੇ ਹੁਣ ਕਿੱਕਰ ਹੀ ਕਿੱਕਰ ਖਲੋਤੇ ਸਨ ਲਕੜੀ ਕਟਾਈ ਅਤੇ ਸਿਰ-ਸਿਰ ਉੱਚਾ ਕੋਟ ਉਸਾਰਿਆ ਅਤੇ ਫਾਟਕ ਦੇ ਨਾਲ ਇਕ ਬਰਾਂਡਾ ਤੇ ਦੋ ਕਮਰੇ ਬਣਾਏ । ਤਿੰਨ ਪੱਕੇ ਨੌਕਰ ਰੱਖੇ ਤੇ ਭੇਡ ਪਾਲਣ ਦਾ ਕੰਮ ਸ਼ੁਰੂ ਕੀਤਾ । ਸ਼ੁਰੂ-ਸ਼ੁਰੂ ਵਿਚ ਢਾਈ-ਤਿੰਨ ਸੌ ਭੇਡ ਸੀ ਪਰ ਦੋ ਰੁੱਤਾਂ ਲੰਘਾ ਇੱਜੜ ਹਜ਼ਾਰ ਤੋਂ ਟੱਪ ਗਿਆ । ਕਦੀ ਕਦੀ ਦੂਰ ਪਾਰ ਦੇ ਵਪਾਰੀ ਆਉਂਦੇ ਅਤੇ ਤਿੰਨ-ਤਿੰਨ ਸੌ ਭੇਡ ਇਕੱਠੀ ਹੀ ਵਿਕ ਜਾਂਦੀ । ਉਹ ਪਹਾੜਾਂ ਵਲੋਂ ਅੰਗੂਰਾ ਨਸਲ ਦੀਆਂ ਭੇਡਾਂ ਹੋਰ ਲੈ ਆਉਂਦਾ ਅਤੇ ਆਪਣਾ ਗੱਲਾ ਬਾਰਾਂ ਪੰਦਰਾਂ ਸੌ ਤੋਂ ਘਟਣ ਨਾ ਦਿੰਦਾ ।

ਸਿਆਲ ਲੰਘ ਜਾਂਦਾ ਤੇ ਧੁੱਪ ਚਮਕਣ ਲਗ ਜਾਂਦੀ ਤਾਂ ਭੇਡਾਂ ਦੀ ਮੋਨੀ ਸ਼ੁਰੂ ਹੋ ਜਾਂਦੀ । ਪਿੰਡ ਦੇ ਨਾਈ ਉਸਤਰੇ ਕੈਂਚੀ ਛੱਡ ਵੱਡੇ-ਵੱਡੇ ਕਾਤ ਫੜ ਲੈਂਦੇ ਅਤੇ ਲੰਮੇ ਮੁਲਾਇਮ ਉੱਨ ਦੇ ਰੇਸ਼ੇ ਕੱਟ-ਕੱਟ ਢੇਰ ਲਾਈ ਜਾਂਦੇ ਅਤੇ ਚੰਗੀ ਖਰੀ

ਦਿਹਾੜੀ ਪਾਂਦੇ । ਛੀਂਬੇ ਉੱਨ ਧੋ-ਧੋ ਦੁੱਧ ਚਿੱਟੀ ਕਰ ਕਰ ਸੁਕਾਂਦੇ । ਲਲਾਰੀ ਕਾਲੇ, ਹਰੇ, ਭੂਰੇ ਰੰਗ ਦੀ ਰੰਗਾਈ ਕਰਦੇ । ਫਿਰ ਪਿੰਡ ਦੀਆਂ ਬੁੱਢੀਆਂ ਅਤੇ ਮਿਹਨਤੀ ਤੀਵੀਆਂ ਤੁੰਬਨਿਆਂ ਤੇ ਤੁੰਬ-ਤੁੰਬ ਲੱਛੇ ਬਣਾਂਦੀਆਂ ਅਤੇ ਚਰਖੇ ਦੀ ਘੂਕਰ ਵਿਚ ਮਧੁਰ ਲੈਅ ਦਾ ਬਿਰਹਾ ਗੀਤ ਛੋਹ ਕੱਤ ਕੱਤ ਮੁਢਿਆਂ ਦੇ ਟੋਕਰੇ ਭਰ ਦਿੰਦੀਆਂ । ਜੁਲਾਹੀਆਂ ਕਾਨੇ ਗੱਡ ਗੱਡ ਤਾਣੇ ਤਣਦੀਆਂ ਅਤੇ ਜੁਲਾਹੇ ਕੰਘੀ ਚੋਪੜ ਚੋਪੜ, ਠੋਕ ਠੋਕ ਤਾਣੇ ਵਿਚ ਪੇਟਾ ਭਰੀ ਜਾਂਦੇ ਅਤੇ ਫਿਰ ਕੰਬਲ, ਲੋਈਆਂ, ਪੱਟੇ ਬੁਣ ਬੁਣ ਰੱਖੀ ਜਾਂਦੇ ਅਤੇ ਵਪਾਰੀ ਬੰਦੇ ਡੱਗੀਆਂ ਵਿਚ ਬੰਨ੍ਹ ਬੰਨ੍ਹ ਦੂਰ-ਦੂਰ ਵੇਚ ਆਉਂਦੇ ।

ਇਸ ਤਰ੍ਹਾਂ ਕਾਫੀ ਕਾਰਿੰਦੇ ਉਹਦੇ ਘੇਰੇ ਵਿਚ ਰਹਿੰਦੇ ਤੇ ਰੁਜ਼ਗਾਰ ਜਲਾਂਦੇ ਅਤੇ ਹਰ ਇਕ ਨੂੰ ਯੋਗ ਮਿਹਨਤ ਮਿਲਦੀ ਅਤੇ ਇਹ ਲਿਖਾ ਪੜ੍ਹੀ ਤੇ ਲੈਣ ਦੇਣ ਦਾ ਸਾਰਾ ਕੰਮ ਨਵਾਬ ਬੇਗਮ ਦੇ ਹੱਥ ਹੀ ਸੀ । ਅੱਬੂ ਤਾਂ ਸਿਰਫ ਉਤਲੀ ਦੇਖ-ਭਾਲ ਹੀ ਕਰਦਾ ਸੀ ਜਾਂ ਫਿਰ ਬਾੜੇ ਦੇ ਗੇਟ ਕੋਲ ਮੰਜੇ ਜਾਂ ਬੈਂਚ ਤੇ ਬੈਠਾ ਰਹਿੰਦਾ ਜਿਥੇ ਬਰਾਂਡੇ ਵਿਚ ਤਾਸ, ਪਾਸਾ, ਸਤਰੰਜ ਖੇਡਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਅਤੇ ਨਾਲ ਦੀ ਦੁਕਾਨ ਵਿਚ ਨੌਕਰ ਮੁੰਡਾ ਤਾਜੇ ਤੇ ਨਿੱਗਰ ਭੇਡੂ ਦਾ ਗੋਸ਼ਤ ਕੱਟ-ਕੱਟ ਵੇਚੀ ਜਾਂਦਾ ।

ਨਵਾਬ ਬੇਗਮ ਦੇ ਸੁਭਾ ਸਲੀਕੇ ਤੋਂ ਸਮੁਚੇ ਕਾਮੇ ਖੁਸ਼ ਤੇ ਸੰਤੁਸ਼ਟ ਸਨ ਤਾਂ ਹੀ ਅੱਬੂ ਦੇ ਪੂਰਾ ਹੋ ਜਾਣ ਮਗਰੋਂ ਵੀ ਕੰਮ ਵਿਚ ਨਾ ਘਾਟ ਤੇ ਨਾ ਹੀ ਖੜੋਤ ਆਈ ਸਗੋਂ ਘੇਰਾ ਹੋਰ ਵੱਧ ਗਿਆ ਸੀ । ਸੋਹਲਵੇਂ ਸਤਾਰਵੇਂ ਸਾਲ ਦੀ ਸ਼ੈਹਨਾਜ਼ ਹੁਣ ਹਿਸਾਬ ਕਿਤਾਬ ਵਿਚ ਮਾਂ ਦਾ ਕਾਫੀ ਹੱਥ ਵਟਾਂਦੀ । ਸ਼ੈਹਨਾਜ਼ ਨੂੰ ਨਵਾਬ ਬੇਗਮ ਨੇ ਆਪ ਘਰ ਵਿਚ ਹੀ ਤਾਲੀਮ ਦਿੱਤੀ, ਤਰਤੀਬ ਅਤੇ ਆਦਾਬ ਸਲੀਕੇ ਸਿਖਾਏ । ਸਗੋਂ ਨਾਲ ਹੀ ਉਹਦੀ ਸਹੇਲੀ ਈਦਨ ਦੀ ਧੀ ਰਸ਼ੀਦਾਂ ਨੂੰ ਵੀ ਪੜ੍ਹਾਈ ਵਿਚ ਪਰਵਾਨ ਚਾੜ੍ਹਿਆ । ਸ਼ੈਹਨਾਜ਼ ਅਤੇ ਰਸ਼ੀਦਾਂ ਦਾ ਭੈਣਾਂ ਵਾਂਗ ਮੋਹ ਸੀ ਦੋਵੇਂ ਸ਼ਾਮ ਸਵੇਰੇ ਵੱਡੇ-ਵੱਡੇ ਬਾਲਟੇ ਲੈ ਕੇ ਬਾੜੇ ਵਿਚ ਜਾਂਦੀਆਂ । ਦੋਹਾਂ ਪਾਲੀਆਂ ਪੀਰੇ ਅਤੇ ਵਜ਼ੀਰੇ ਦੀ ਮਦਦ ਨਾਲ ਲਵੇਰੀਆਂ ਭੇਡਾਂ ਫੜ-ਫੜ ਹਵਾਨੇ ਦੱਬ-ਦੱਬ ਨਿੱਕੇ-ਨਿੱਕੇ

ਬੁਘਿਆਂ ਵਿਚ ਦੁੱਧ ਚੋ-ਚੋ ਬਾਲਟੇ ਭਰ ਲਿਆਉਂਦੀਆਂ ।

ਅੱਬੂ ਦੇ ਫੌਤ ਹੋ ਜਾਣ ਤੋਂ ਪਿੱਛੋ, ਨਵਾਬ ਬੇਗਮ ਦੇ ਭਰਾ ਜਿਹੜੇ ਅੱਬੂ ਨਾਲ ਨਿਕਾਹ ਪੜ੍ਹਾਨ ਤੋਂ ਰੁੱਸ ਗਏ ਸਨ, ਆਉਣ ਜਾਣ ਲਗ ਪਏ । ਕਈ ਹੋਰ ਵੀ ਦੂਰ ਦੇ ਰਿਸਤੇਦਾਰ ਵੀ ਆਉਣ ਲੱਗ ਪਏ । ਨਵਾਬ ਬੇਗਮ ਨੇ ਪਿੰਡ ਦੇ ਨੇੜੇ ਇਕ ਚੰਗੀ ਜ਼ਮੀਨ ਦਾ ਟੁਕੜਾ ਖਰੀਦ ਲਿਆ ਸੀ ਜਿੱਥੇ ਦੋ ਕਾਮੇ ਹੋਰ ਰੱਖ ਖੇਤੀ ਸ਼ੁਰੂ ਕਰਾ ਦਿੱਤੀ ਪਰ ਜਿਆਦਾ ਭੇਡਾਂ ਦੀ ਖੁਰਾਕ ਹੀ ਬੀਜੀ ਜਾਂਦੀ ।

ਇਕ ਦਿਨ ਨਵਾਬ ਬੇਗਮ ਦਾ ਵੱਡਾ ਭਰਾ ਅਤੇ ਭਰਜਾਈ ਆਏ ਅਤੇ ਪੂਰੀ ਰਾਤ ਤਿੰਨੇ ਇਕਾਂਤ ਵਿਚ ਗੱਲਾਂ ਕਰਦੇ ਰਹੇ । ਉਹ ਆਪਣੇ ਸਾਲੇ ਨਵਾਬ ਅਕਰਮ ਲਈ ਸ਼ੈਹਨਾਜ਼ ਦਾ ਰਿਸ਼ਤਾ ਚਾਹੁੰਦੇ ਸਨ । ਪਰ ਬੇਗਮ ਬਾਨੋ ਇਸ ਗੱਲ ਤੇ ਰਾਜ਼ੀ ਨਹੀਂ ਸੀ । ਉਹ ਚਾਹੁੰਦੀ ਸੀ ਕਿ ਕੋਈ ਯੋਗ ਮੁੰਡਾ ਮਿਲੇ ਜਿਸਨੂੰ ਘਰ ਜਵਾਈ ਰੱਖਾਂ ਅਤੇ ਬਣਿਆ ਕੰਮ ਬਣਿਆ ਰਹੇ । ਪਰ ਸਾਰੀ ਰਾਤ ਭਰਾ ਭਰਜਾਈ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਤੇ ਮਿੰਨਤ ਸਮਾਜਤ ਕੰਮ ਆਈ ਅਤੇ ਬੇਗਮ ਨੇ ਹਾਂ ਕਰ ਦਿੱਤੀ ਅਤੇ ਇਸ ਹਾਂ ਦੀ ਭਿਨਕ ਜਦ ਸ਼ੈਹਨਾਜ਼ ਦੇ ਕੰਨੀ ਪਈ ਤਾਂ ਉਸ ਰਸ਼ੀਦਾਂ ਨਾਲ ਗੱਲ ਕੀਤੀ ਅਤੇ ਆਪਣੀ ਦਿਲ ਦੀ ਗਲ ਬੇਗਮ ਤਕ ਪਹੁੰਚਾਣ ਲਈ ਈਦਨ ਦਾ ਸਹਾਰਾ ਲਿਆ । ਦੋਹਾਂ ਕੁੜੀਆਂ ਨੇ ਈਦਨ ਤੇ ਦਬਾ ਪਾਇਆ ਕਿ ਉਹ ਬੜੀ ਬੀਬੀ ਤਕ ਗਲ ਪਹੁੰਚਾ ਦੇਵੇ । ਈਦਨ ਡਰਦੀ ਮੂੰਹ ਅੱਗੇ ਨਹੀਂ ਸੀ ਆਉਣਾ ਚਾਹੁੰਦੀ ਪਰ ਦੋਹਾਂ ਸਹੇਲੀਆਂ ਨੇ ਮਜ਼ਬੂਰ ਕਰ ਉਹਨੂੰ ਮਨਾ ਲਿਆ ਅਤੇ ਡਰੀ ਸਹਿਮੀ ਜਿਹੀ ਈਦਨ ਕਿਤਾਬ ਪੜ੍ਹਦੀ ਬੇਗਮ ਦੇ ਕੋਲ ਜਾ ਧੜਕਦੇ ਦਿਲ ਤੇ ਥਿੜਕਦੀ ਜੁਬਾਨ ਨਾਲ ਭੇਦ ਭਰੀ ਗੱਲ ਉਸ ਕੰਧਾਂ ਤੋਂ ਵੀ ਪਰਦਾ ਰੱਖ ਕੇ ਬੇਗਮ ਦੇ ਕੰਨੀ ਪਾ ਦਿੱਤੀ ।

ਬੇਗਮ ਦਾ ਸਰੀਰ ਇਕ ਦਮ ਅੱਗ ਵਾਂਗ ਭਖ ਗਿਆ ਅਤੇ ਅੱਖਾਂ ਲਾਲ ਅੰਗਿਆਰ ਹੋ ਗਈਆਂ ਅਤੇ ਉਸ ਇਸ ਤਰ੍ਹਾਂ ਈਦਨ ਵਲ ਵੇਖਿਆ ਜਿਵੇਂ ਅੱਖਾਂ ਦੇ ਸੇਕ ਨਾਲ ਹੀ ਲੂਹ ਦੇਣਾ ਹੋਵੇ ।

"ਖਬਰਦਾਰ, ਈਦਾਂ, ਪੇਟ ਕੀ ਬਾਤ ਪੇਟ ਮੇਂ, ਮੂੰਹ ਕੀ ਬਾਤ ਜ਼ਬਾਨ ਪਰ

ਨਾ ਆਏ ।"

ਈਦਨ ਗਲ ਕਹਿ ਤਾਂ ਬੈਠੀ ਸੀ ਅਤੇ ਸੀ ਵੀ ਉਹ ਘਰ ਦੇ ਮੈਂਬਰਾਂ ਵਾਂਗ । ਆਖਰ ਤਾ ਬਾਂਦੀ ਹੀ ਸੀ । ਉਹ ਤਾਂ ਪਹਿਲਾਂ ਹੀ ਅੱਧੀ ਪੌਣੀ ਹੋ ਕੇ ਆਈ ਸੀ । ਪਰ ਦੂਜੇ ਪਲ ਹੀ ਬੇਗਮ ਦਾ ਭਖਦਾ ਰੰਗ ਮਟਿਆਲਾ ਹੋ ਗਿਆ । ਲਾਲ ਅੱਖਾਂ ਧੁਆਂਖੀਆਂ ਗਈਆਂ । ਅੱਖਾਂ ਦੁਆਲੇ ਦੇ ਸੁੰਦਰ ਸੁਨਿਹਰੀ ਹਾਲੇ ਸਿਆਹ ਹੋ ਗਏ । ਅਤੇ ਉਸ ਠਰੰਮੇ ਨਾਲ ਕਿਹਾ, "ਵੇਖ ਈਦਾਂ, ਖਾਨਦਾਨ ਦੀ ਇੱਜ਼ਤ ਦਾ ਸਵਾਲ ਏ । ਤੂੰ ਇਹ ਗਲ ਮੇਰੇ ਨਾਲ ਪਹਿਲਾਂ ਕਰਦੀ ਤਾਂ ਮੈਂ ਸੋਚਦੀ ਅਤੇ ਕੁਝ ਵਿਚਾਰ ਕਰਦੀ ਪਰ ਹੁਣ ਗਲ ਮੇਰੇ ਹੱਥੋਂ ਨਿਕਲ ਗਈ ਹੈ । ਹੁਣ ਮੈਂ ਹਾਂ ਕਰ ਬੈਠੀ ਹਾਂ"

ਅਤੇ ਫਿਰ ਉਸ ਰਾਤੀਂ ਸ਼ੈਹਨਾਜ਼ ਨੂੰ ਕੋਲ ਬਿਠਾਇਆ, "ਵੇਖ ਬੇਟੀ, ਜੋ ਮੈਂ ਸੋਚਿਆ, ਜੋ ਮੈਂ ਕੀਤਾ, ਤੇਰੇ ਭਲੇ ਲਈ ਹੀ ਕੀਤਾ ਏ ।"

ਪਰ ਬੇਗਮ ਨੂੰ ਸ਼ੈਹਨਾਜ਼ ਦੇ ਸੁਲਝੇ ਅਤੇ ਤਿੱਖੇ ਸਵਾਲਾਂ ਨੇ ਉਲਝਾ ਦਿੱਤਾ, "ਮਾਂ, ਮੈਨੂੰ ਨਵਾਬ ਘਰਾਨਿਆਂ ਅਤੇ ਕੈਦੋਂ ਬੰਦ ਵਰਗੇ ਮਹੌਲ ਤੋਂ ਨਫਰਤ ਏ । ਮਾਂ, ਕੀ ਤੂੰ ਆਪਣੇ ਉੱਤੇ ਬੀਤੀ ਕਹਾਣੀ ਮੇਰੇ ਉਪਰ ਵੀ ਦੁਹਰਾਣਾ ਚਾਹ ਰਹੀਂ ਏ ? ਕੀ ਤੇਰੇ ਆਪਣੇ ਉੱਤੇ ਨਵਾਬੀ ਅਯਾਸ਼ੀ ਦੇ ਤਜ਼ਰਬੇ ਅਧੂਰੇ ਰਹਿ ਗਏ ਨੇ ਕਿ ਮੈਨੂੰ ਵੀ ਉਸ ਰਾਹ ਪਾ ਰਹੀ ਏ ?"

ਸ਼ੈਹਨਾਜ਼ ਦੇ ਸਵਾਲਾਂ ਤੋਂ ਲਾਜਵਾਬ ਹੋ ਕੇ ਮਾਂ ਬੁਖਲਾ ਗਈ । ਉਸ ਦੀਆਂ ਧਮਕੀਆਂ, ਲਾਡ ਪਿਆਰ, ਚਾਪਲੋਸੀਆਂ ਦਾ ਸ਼ੈਹਨਾਜ਼ ਤੇ ਕੋਈ ਅਸਰ ਨਾ ਹੋਇਆ ।

ਤਾਲੀਮ ਤਰਤੀਬ ਅਤੇ ਸੁਲਝੀ ਹੋਈ ਸ਼ੈਹਨਾਜ ਇਕ ਦਿਨ ਰਸ਼ੀਦਾਂ ਨਾਲ ਸਿਖਰ ਦੁਪਹਿਰੇ ਘਰੋਂ ਬਾਹਰ ਨਿਕਲੀ । ਭੇਡਾਂ ਦਾ ਆਜੜੀ ਵਜ਼ੀਰ ਕਿਤੇ ਪ੍ਰਹੁਣਾਚਾਰੀ ਗਿਆ ਹੋਇਆ ਸੀ । ਇੱਜੜ ਦੇ ਮਗਰ ਪੀਰਾ 'ਕੱਲਾ ਹੀ ਸੀ । ਰਸ਼ੀਦਾਂ ਨੇ ਉਸਦੀ ਰੋਟੀ ਪਹੁੰਚਾਣੀ ਸੀ ।

"ਚਲ ਰਸ਼ੀਦਾਂ, ਅੱਜ ਮੈਂ ਵੀ ਘੁੰਮ ਫਿਰ ਆਵਾਂ ।" ਇਸ ਤੋਂ ਪਹਿਲਾਂ

ਉਹ ਕਦੀ ਘਰ ਤੋਂ ਵਾੜੇ ਦੀ ਹੱਦ ਤੱਕ ਵੀ ਨਹੀਂ ਸੀ ਟੱਪੀ । ਉਹਦਾ ਪਾਲਣ ਪੋਸ਼ਣ ਸਭ ਹਵੇਲੀ ਦੇ ਅੰਦਰ ਹੀ ਹੋਇਆ ਸੀ ।

ਦੋਵੇਂ ਸਹੇਲੀਆਂ ਤੁਰ ਪਈਆਂ । ਪਿੰਡ ਤੋਂ ਦੂਰ ਖੇਤਾਂ ਤੋਂ ਅੱਗੇ ਰੋਹੀ ਵਿਚ ਸੇਮ ਨਾਲੀ ਦੇ ਕੰਢੇ ਜੰਡ ਕਿੱਕਰਾਂ ਅਤੇ ਵਣ ਛਿਛਰੇ ਦੀਆਂ ਪਾਲਾਂ ਵਿਚ ਭੇਡਾਂ ਧੁੱਪ ਤੋਂ ਬਚਣ ਲਈ ਸਿਰ ਲੁਕਾਈ ਹੌਂਕ ਰਹੀਆਂ ਸਨ ਅਤੇ ਪੀਰਾ ਕਾਂਬੇ ਦੇ ਤਾਪ ਨਾਲ ਸੇਮ ਨਾਲੀ ਦੇ ਕੰਢੇ ਪਿਆ ਹੂੰਘ ਰਿਹਾ ਸੀ । ਰੋਟੀ ਉਸ ਕੀ ਖਾਣੀ ਸੀ ।

"ਬੇਟੀ, ਤੁਸੀਂ ਕਿਉਂ ਏਨੀ ਖੇਚਲ ਕੀਤੀ ਏਨੀ ਧੁੱਪ ਵਿਚ ।"

ਸ਼ੈਹਨਾਜ਼ ਨੇ ਕਿਹਾ, "ਬਾਬਾ ਤੁਸੀਂ ਘਰ ਜਾਉ, ਕੋਈ ਦਵਾਈ ਬੂਟੀ ਲਉ, ਅਸੀਂ ਇੱਜੜ ਸੰਭਾਲਾਂਗੀਆਂ ।"

"ਨਹੀਂ ਪੁਤਰ, ਵਜ਼ੀਰੇ ਨੇ ਅੱਜ ਆ ਹੀ ਜਾਣਾ ਸੀ, ਸਾਇਦ ਬਿੰਦ ਝੱਟ ਨੂੰ ਆ ਜਾਏ, ਤੁਸੀਂ ਘਰ ਜਾਉ ।"

ਪਰ ਦੋਹਾਂ ਦੇ ਕਹਿਣ ਕਹਾਣ ਤੇ ਉਹ ਘਰ ਚਲਾ ਗਿਆ ।

ਭੇਡਾਂ ਦਾ ਇਕ ਤਰੰਡਾ ਛਾਂ ਹੇਠੋਂ ਨਿਕਲ ਕੇ ਖੇਤ ਨੂੰ ਹੋ ਤੁਰਿਆ । ਉਹਨਾਂ ਭੇਡਾਂ ਮੋੜ ਕੇ ਫਿਰ ਝਾੜਾਂ ਵਲ ਕਰ ਦਿੱਤੀਆਂ ਅਤੇ ਆਪ ਖੇਤਾਂ ਕੋਲ ਵੱਡੀ ਬੇਰੀ ਦੀ ਠੰਡੀ ਛਾਂ ਹੇਠ ਆ ਬੈਠੀਆਂ । ਕੜਕਦੀ ਧੁੱਪ ਤੇ ਸਿਖਰ ਸੂਰਜ ਪਰ ਬੇਰੀ ਦੀ ਠੰਡੀ ਛਾਂ ਅਤੇ ਹਰੇ ਕੂਲੇ ਘਾਹ ਤੇ ਸ਼ੈਹਨਾਜ਼ ਲੇਟ ਗਈ । ਪਤਾ ਨਹੀਂ ਕਦੋਂ ਨੀਂਦ ਦੇਵੀ ਦੀ ਗੋਦ ਚਲੀ ਗਈ ਅਤੇ ਨੀਂਦ ਦੇਵੀ ਨੇ ਲੋਰੀ ਦੇ ਸੁਲਾ ਦਿੱਤੀ । ਰਸ਼ੀਦਾਂ ਉੱਠੀ ਅਤੇ ਖੇਤ ਵਲ ਆਉਂਦੀਆਂ ਕੁਝ ਭੇਡਾਂ ਵਲ ਕੇ ਫਿਰ ਸੇਮ ਵਲ ਲੈ ਗਈ । ਗਰਮੀ ਅਤੇ ਪਿਆਸ ਅਤੇ ਸੇਮ ਨਾਲੀ ਦਾ ਕੂੰਗੂ ਪਾਣੀ । ਹੱਥ ਪਾਣੀ ਵਿਚ ਪਾਇਆ, ਪਾਣੀ ਉਛਾਲਿਆ ਮੂੰਹ ਤੇ ਪਾਇਆ, ਮੂੰਹ ਧੋਤਾ, ਪੈਰ ਧੋਤੇ ਅਤੇ ਪਾਣੀ ਵਿਚ ਅਠਖੇਲੀਆਂ ਕਰਦੀਆਂ ਮੱਛੀਆਂ ਦੇ ਧਿਆਨ ਲਗ ਗਈ । ਕਦੋਂ ਇਕ ਸ਼ਰੰਗਾ ਭੇਡਾਂ ਦਾ ਫਿਰ ਖੇਤ ਵਲ ਜਾ ਵੜਿਆ ਉਹਨੂੰ ਕੋਈ ਪਤਾ ਨਹੀਂ ।

ਸ਼ਹਿਰ ਵਲੋਂ ਪੜ੍ਹ ਕੇ ਆ ਰਹੇ ਸਲੀਮ ਨੇ ਖੇਤ ਪੈਂਦੀਆਂ ਭੇਡਾਂ ਦੂਰੋਂ ਦੇਖੀਆਂ, ਤਿੱਖੇ ਪੈਰੀਂ ਖੇਤ ਵਲ ਆਇਆ, ਭੇਡਾਂ ਕੱਢੀਆਂ ਤੇ ਸੇਮ ਦੇ ਝਾੜਾਂ ਵਲ

ਹਿੱਕ ਦਿੱਤੀਆਂ । ਉਹਨੂੰ ਆਜੜੀ ਕੋਈ ਨਾ ਦਿਸਿਆ । ਮੁੜਕੋ-ਮੁੜਕੀ ਬੇਰੀ ਵਲ ਵੱਧਿਆ ਤਾਂ ਕਿ ਛਾਵੇਂ ਦਮ ਮਾਰੇ । ਪਰ ਇਕ ਦਮ ਧੜਕ ਗਿਆ, "ਇਹ ਰੂਪ ਸਹਿਜ਼ਾਦੀ ਕੌਣ ਏ ?" ਉਹਨੂੰ ਇੰਝ ਲੱਗਾ ਜਿਵੇਂ ਚੰਦ ਨਾਲੋਂ ਟੁਕੜਾ ਧਰਤੀ ਉੱਤੇ ਆ ਲੱਥਾ ਹੋਵੇ । ਸਾਫ ਸੰਗਮਰਮਰੀ ਰੂਪ ਤੇ ਨਜ਼ਰ ਟਿਕੀ ਅਤੇ ਟਿਕੀ ਹੀ ਰਹਿ ਗਈ "ਕੌਣ ਏ ? ਕੋਈ ਪਰੀ ਜਾਂ ਹੂਰ ਤੇ ਨਹੀਂ, ਅਕਾਸ਼ੋਂ ਉਤਰ ਅਤੇ ਬੇਰੀ ਹੇਠਾਂ ਅਰਾਮ ਕਰਨ ਆ ਗਈ ।" ਉਹਦੀ ਆਂਗਸ ਜਿਵੇਂ ਜਵਾਬ ਦੇ ਗਈ ਹੋਵੇ । ਸੂਰਜ ਦੀਆਂ ਨਿੱਕੀਆਂ ਸੁਨਿਹਰੀ ਕਿਰਨਾਂ ਧੱਕੋ-ਧੱਕੀ ਪੱਤਿਆਂ ਵਿਚੋਂ ਨਿਕਲ ਕੇ ਪਲੰਮ-ਪਲੰਮ ਸੁੰਦਰ ਰੂਪ ਤੇ ਮਾਨਕ ਮੋਤੀ ਜੜ ਰਹੀਆਂ ਸਨ ।

ਸਲੀਮ ਸਾਹ-ਸਤ ਹੀਨ ਜਿਵੇਂ ਸੁੱਤੇ ਪਏ ਰੂਪ ਦੀ ਜਕੜ ਵਿਚ ਜਕੜਿਆ ਕੀਲਿਆ ਹੀ ਗਿਆ ਸੀ ਅਤੇ ਉਹਦਾ ਦਿਲ ਕਹਿ ਰਿਹਾ ਸੀ ਕਿ ਕਾਸ਼ ! ਇਹ ਸਭ ਕੁਝ ਏਥੇ ਹੀ ਜਾਮ ਹੋ ਜਾਏ ਅਤੇ ਇਕ ਤਸਵੀਰ ਦਾ ਰੂਪ ਧਾਰ ਲਵੇ । ਫਿੱਕੇ ਨੀਲੇ ਅਸਮਾਨ ਤੇ ਚਮਕਦਾ ਸੂਰਜ ਦਾ ਗੋਲਾ ਇੱਥੇ ਹੀ ਰੁਕ ਜਾਏ ਅਤੇ ਮੈਂ ਸੁੱਤੇ ਪਏ ਰੂਪ ਦੇ ਸਨਮੁੱਖ ਰਹਿੰਦੀ ਦੁਨੀਆਂ ਤਕ ਏਸੇ ਤਰ੍ਹਾਂ ਹੀ ਖੜਾ ਰਹਾਂ । ਉਹ ਸਾਹ ਰੋਕੀਂ ਚਾਰੇ ਪਾਸੇ ਤੋਂ ਬੇਖਬਰ ਇਕ-ਟਿਕ ਭੱਖਦੇ ਰੂਪ ਦਾ ਦਰਸ ਕਰ ਰਿਹਾ ਸੀ । ਧੜਕਦੇ ਦਿਲ ਨਾਲ ਪੋਲੇ ਪੈਰੀਂ ਸ਼ੈਹਨਾਜ਼ ਦੇ ਪੈਰਾਂ ਕੋਲ ਬੈਠ ਗਿਆ । ਉਹਦਾ ਦਿਲ ਉਹਦੇ ਹੱਥੋਂ ਨਿਕਲ ਕੇ ਸੁੱਤੇ ਰੂਪ ਦੇ ਪੈਰੀਂ ਜਾਂ ਵਿਛਿਆ ਸੀ ।

ਸਲੀਮ ਚੌਧਰੀ ਮੁਹੰਮਦ ਹੁਸੈਨ ਦਾ ਤੀਜੇ ਥਾਂ ਛੋਟਾ ਮੁੰਡਾ ਸੀ । ਪ੍ਰਾਇਮਰੀ ਸਕੂਲੋਂ ਪਾਸ ਕਰ ਉਹ ਕਈ ਸਾਲਾਂ ਤੋਂ ਉਹ ਸ਼ਹਿਰ ਦੇ ਮਦਰ_ਸੇ ਵਿਚ ਪੜ੍ਹਦਾ ਸੀ ਅਤੇ ਉੱਥੇ ਹੀ ਬੋਰਡਿੰਗ ਹਾਊਸ ਵਿਚ ਰਹਿੰਦਾ ਸੀ ਜਿੱਥੇ ਇੱਕ ਤੋਂ ਇਕ ਵੱਧ ਛੈਲ ਛਬੀਲੇ ਗੱਭਰੂ ਅਤੇ ਭਾਂਤ-ਭਾਂਤ ਦੀਆਂ ਸੁੰਦਰ ਮੁਟਿਆਰਾਂ ਸਨ ।

ਕਿਸੇ ਵੀ ਸੁੰਦਰ ਮੁਟਿਆਰ ਜਾਂ ਕਿਸੇ ਸੁੰਦਰ ਰੂਪ ਨੇ ਸਲੀਮ ਦਾ ਦਿਲ ਨਹੀਂ ਸੀ ਧੜਕਾਇਆ । ਕਿਸੇ ਵੀ ਕਟੀਲੀ ਜਾਂ ਮੱਧਮਸਤ ਅੱਖ ਨੇ ਖਿੱਚ ਨਹੀਂ ਸੀ ਪਾਈ ਪਰ ਅੱਜ ਸੁੱਤੇ ਪਏ ਬੇਖਬਰ ਸ਼ੈਹਨਾਜ਼ ਦੇ ਰੂਪ ਨੇ ਉਸਨੂੰ ਸਿਖਰ ਦੁਪਹਿਰੇ ਪੈਰਾਂ ਵਲ ਬਿਠਾ ਲਿਆ ਸੀ ।

ਸੂਰਜ ਥੋੜ੍ਹਾ ਜਿਹਾ ਸਰਕਿਆ ਅਤੇ ਇਕ ਵੱਡੀ ਸਾਰੀ ਸੁਨਿਹਰੀ ਕਿਰਨ ਪੱਤਿਆਂ ਵਿਚੋਂ ਪਲੰਮ ਪਈ ਅਤੇ ਸ਼ੈਹਨਾਜ਼ ਦੇ ਚਿਹਰੇ ਤੇ ਸੋਨੇ ਦਾ ਲੇਪ ਕਰ ਦਿੱਤਾ ਜਿਸ ਨਾਲ ਸੁੱਤੇ ਪਏ ਰੂਪ ਦੀ ਨੀਂਦ ਟੁੱਟ ਗਈ ਅਤੇ ਕੰਵਲ ਪੱਤਿਆਂ ਵਰਗੀਆਂ ਪਲਕਾਂ ਹੌਲੀ-ਹੌਲੀ ਉਠੀਆਂ । ਚਾਰ ਸੁੰਦਰ ਖੁਮਾਰ ਭਰੀਆਂ ਅੱਖਾਂ ਆਪਸ ਵਿਚ ਗੱਡ-ਮੱਡ ਹੋ ਗਈਆਂ । ਦੋ ਹੱਥ ਅਦਾਬ ਵਜੋਂ ਮੱਥੇ ਤਕ ਚਲੇ ਗਏ ।

ਸ਼ੈਹਨਾਜ਼ ਉੱਠ ਕੇ ਬੈਠ ਗਈ । ਪਰ ਉੱਠਣ ਲੱਗਿਆਂ ਮੁਲਾਇਮ ਨਾਜ਼ੁਕ ਕੂਲਾ ਹੱਥ ਸਲੀਮ ਦੇ ਹੱਥਾਂ ਵਿਚ ਆ ਗਿਆ । ਇਕ ਝਟਕੇ ਨਾਲ ਦਿਲ ਧੜਕੇ ਅਤੇ ਪ੍ਰੇਮ ਮੁਗਧ ਹੋ ਗਏ । ਚੰਦਰਮਾਂ ਦੇ ਮੁਖੜੇ ਤੇ ਮੁੜਕੇ ਦੇ ਨਿੱਕੇ-ਨਿੱਕੇ ਮੋਤੀ ਉਭਰੇ । ਮੱਧ ਮਸਤ ਅੱਖਾਂ ਵਿਚ ਗੁਲਾਬੀ ਪੀਂਘਾਂ ਲਹਿਰਾ ਗਈਆਂ । ਇਕ ਅਦਿੱਖ ਤੀਰ ਦੋ ਦਿਲਾਂ ਵਿਚੋਂ ਵਿੰਨ੍ਹ ਕੇ ਨਿਕਲ ਗਿਆ ਤੇ ਦੋਹਾਂ ਨੂੰ ਮਿੱਠਾ-ਮਿੱਠਾ ਦਰਦ ਦੇ ਗਿਆ ।

"ਗੁਸਤਾਖੀ ਨਾ ਸਮਝੋ ਤਾਂ ਹੱਥ ਚੁੰਮਣ ਦਾ ਸ਼ਰਫ ਬਖਸ਼ੋ ।" ਸਲੀਮ ਨੇ ਕੰਬਦੀ ਜ਼ਬਾਨ ਨਾਲ ਸਰਗੋਸ਼ੀ ਕੀਤੀ ।

"ਜਦੋਂ ਹੱਥ ਹੱਥ ਵਿਚ ਆ ਹੀ ਗਿਆ ਤਾਂ ਪੁਛਣਾ ਕੀ ?" ਸ਼ੈਹਨਾਜ਼ ਨੇ ਦਿਲ ਹੀ ਦਿਲ ਵਿਚ ਕਿਹਾ ਪਰ ਹੱਥ ਖਿਚਣ ਦੀ ਕੋਸ਼ਿਸ਼ ਨਾ ਕੀਤੀ ਅਤੇ ਨਜ਼ਰ ਨੀਵੀਂ ਕਰ ਲਈ ਜੋ ਹਾਂ ਦੀ ਪ੍ਰਤੀਕ ਸੀ ।

ਸਲੀਮ ਨੇ ਹੱਥ ਮੱਥੇ ਤੇ ਘੁਟਿਆ ਫਿਰ ਪਿਆਸੇ ਤਪਦੇ ਹੋਂਠ ਹੱਥ ਤੇ ਧਰ ਦਿੱਤੇ । ਦੋਹੀਂ ਪਾਸੀਂ ਮਿੱਠੀ ਜਿਹੀ ਪੀੜ ਹੋਰ ਵਧ ਗਈ । ਦੋ ਅਨਜਾਣ ਮੁਸਾਫਿਰ ਪਿਆਰ ਪੰਧ ਪੈ ਗਏ । ਦੋਵੇਂ ਇਕ ਦੂਜੇ ਨੂੰ ਜਾਣਦੇ ਨਹੀਂ ਸਨ ਪਰ ਖੁਮਾਰ ਭਰੀਆਂ ਮੱਦਮਾਤੀ, ਸਰਬਤੀ ਅਤੇ ਨੀਲੀਆਂ ਅੱਖਾਂ ਜਿਵੇਂ ਜਨਮ-ਜਨਮ ਤੋਂ ਜਾਣੂ ਸਨ । ਚਾਰ ਚੁਫੇਰਿਉਂ ਬੇਖਬਰ ਦੋਵੇਂ ਇਕ ਦੂਜੇ ਵਿਚ ਗਵਾਚ ਗਏ । ਉਹਨਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਰਸ਼ੀਦਾਂ ਦੋ ਵਾਰ ਉਹਨਾਂ ਦੇ ਕੋਲੋਂ ਭੇਡਾਂ ਮੋੜ ਕੇ ਲੈ ਗਈ ਸੀ ।

ਸੂਰਜ ਨੇ ਤੀਜੇ ਪਹਿਰ ਦਾ ਪੰਧ ਪੂਰਾ ਕਰ ਲਿਆ ਅਤੇ ਛਿਪਦੇ ਵਲ ਤਿਲਕਣ ਲੱਗਾ ਜਿਵੇਂ ਥੱਕ ਗਿਆ ਹੋਵੇ ।

ਵਜ਼ੀਰਾ ਇੱਜੜ ਕੋਲ ਆ ਗਿਆ ਸੀ । ਰਸ਼ੀਦਾਂ ਟੈਹਕਦੀ-ਟੈਹਕਦੀ ਉਹਨਾਂ ਕੋਲ ਆਈ ਅਤੇ ਦੋਹਾਂ ਦੀ ਰਹਿੰਦੀ ਪਹਿਚਾਨ ਕਰਾ ਦਿੱਤੀ । ਫਿਰ ਤਿੰਨੇ ਪਿੰਡ ਵਲ ਤੁਰ ਪਏ । ਵਿਛੜਨ ਲੱਗੇ ਤਾਂ ਦੋਹਾਂ ਦਿਲਾਂ ਨੂੰ ਧੱਕਾ ਜਿਹਾ ਲੱਗਾ । ਦੋ ਕੰਵਾਰੇ ਖਿਆਲਾਂ ਤੇ ਖਾਬਾਂ ਵਿਚ ਪ੍ਰੇਮ ਰੰਗਾਂ ਤੇ ਉਮੰਗਾਂ ਦੇ ਨਾਲ-ਨਾਲ ਬਿਰਹਾ, ਪੀੜ ਤੇ ਉਦਾਸੀ । ਬਿਰਹਾ ਤੂੰ ਸੁਲਤਾਨ । ਦੋਹੀਂ ਪਾਸੀਂ ਪੱਤਰ ਵਿਵਹਾਰ ਚਲ ਪਿਆ ਅਤੇ ਪ੍ਰੇਮ ਪੱਤਰਾਂ ਰਾਹੀਂ ਪਿਆਰ ਗੰਢਾਂ ਪੀਢੀਆਂ ਹੋਗਈਆਂ ।

ਅਚਾਨਕ ਨਵਾਬ ਬੇਗਮ ਨੇ ਸ਼ੈਹਨਾਜ਼ ਦਾ ਰਿਸ਼ਤਾ ਨਵਾਬ ਅਕਰਮ ਲਈ ਦੇ ਦਿੱਤਾ ਅਤੇ ਜਦ ਸ਼ੈਹਨਾਜ਼ ਤੇ ਪਿਆਰ ਦਿਲਾਸਿਆਂ ਦਾ ਕੋਈ ਅਸਰ ਨਾ ਹੋਇਆ ਤਾਂ ਨਵਾਬ ਬਾਨੋਂ ਨੇ ਧੀ-ਨੂੰ ਆਤਮ ਹੱਤਿਆ ਕਰ ਲੈਣ ਦੀ ਧਮਕੀ ਦਿੱਤੀ ਅਤੇ ਮਾਂ ਦੇ ਮਰ ਮਿਟਣ ਦੀ ਧਮਕੀ ਅੱਗੇ ਸ਼ੈਹਨਾਜ਼ ਨੇ ਹੱਥਿਆਰ ਸੁਟ ਦਿੱਤੇ ਅਤੇ ਆਤਮ ਸਮਰਪਣ ਕਰ ਦਿਤਾ ਅਤੇ ਏਨਾਂ ਹੀ ਕਿਹਾ, "ਮਾਂ, ਤੇਰੀ ਮਰਜ਼ੀ ਏ । ਜੇ ਤੂੰ ਮੈਨੂੰ ਖੂਹ ਵਿਚ ਹੀ ਸੁਟਣਾ ਚਾਹੁੰਦੀ ਏ ਤਾਂ ਸੁਟ ਦੇ, ਕਿਉਂਕਿ ਮੇਰਾ ਵਜੂਦ ਮੇਰਾ ਸਰੀਰ ਤੇਰੀ ਦੇਣ ਏ ਪਰ ਰੂਹ ਅਤੇ ਦਿਲ ਮੇਰਾ ਹੈ ਅਤੇ ਇਹ ਦੋਵੇਂ ਮੈਂ ਸਲੀਮ ਨੂੰ ਦੇ ਦਿੱਤੇ ਹਨ । ਰੂਹ ਅਤੇ ਦਿਲ ਅਕਰਮ ਨੂੰ ਨਹੀਂ ਮਿਲ ਸਕਣਗੇ ।"

ਨਵਾਬ ਬੇਗਮ ਦੀ ਜਾਨ ਵਿਚ ਜਾਨ ਆਈ । 'ਚਲੋ ਬੇਟੀ ਦਾ ਹੱਠ ਟੁੱਟਾ । ਅਣਜਾਣ ਏ, ਆਪੇ ਹੌਲੀ-ਹੌਲੀ ਦਿਲ ਧਰ ਜਾਏਗੀ । ਇਹ ਇਸ਼ਕ ਮੁਸ਼ਕ ਤਾਂ ਬਚਪਨ ਦਾ ਸੁਦਾ ਹੁੰਦਾ ਏ । ਅਲੜ ਤੇ ਅਨਜਾਣ-ਪੁਣਾ ।'

ਸਲੀਮ ਦੀ ਨਿਘਰਦੀ ਹਾਲਤ ਦੇਖ ਕੇ ਮੁਹੰਮਦ ਹੁਸੈਨ ਨੇ ਪੁਛਿਆ ਅਤੇ ਤਿੰਨ ਚਾਰ ਬਾਇਤਬਾਰ ਬੁਢੀਆਂ ਰਾਹੀਂ ਨਵਾਬ ਬਾਨੋ ਤਕ ਪਹੁੰਚ ਕੀਤੀ ਪਰ ਨਵਾਬ ਬੇਗਮ ਦਾ ਨਾਪਿਆ ਤੋਲਿਆ ਜਵਾਬ ਸੀ "ਪਹਿਲਾਂ ਕਹਿੰਦੇ ਤਾਂ ਤੁਹਾਡੀ ਗੱਲ ਸਿਰ ਮੱਥੇ, ਪਰ ਹੁਣ ਮੈਂ ਬਚਨ-ਬੱਧ ਹਾਂ ।" ਅਤੇ ਨਾਲ ਹੀ ਬੇਗਮ ਨੇ ਝੱਟ ਮੰਗਣੀ ਪਟ ਵਿਆਹ ਦੇ ਦਿੱਤਾ ।

ਫਿਰ ਰਸ਼ੀਦਾਂ ਨੇ ਭਿੱਜੀਆਂ ਅੱਖਾਂ ਨਾਲ ਸਲੀਮ ਨੂੰ ਸ਼ੈਹਨਾਜ਼ ਦਾ ਪੱਤਰ ਦਿੱਤਾ । ਯਾਨੀ ਆਖਰੀ ਪੱਤਰ, ਜਿਸ ਵਿਚ ਲਿਖਿਆ ਸੀ : "ਮੇਰੇ ਸਲੀਮ, ਮੈਂ ਤੇਰੀ

ਹਾਂ ਅਤੇ ਜਨਮ-ਜਨਮ ਤੱਕ ਤੇਰੀ ਰਹਾਂਗੀ । ਮੇਰੇ ਜਿਸਮ ਤੇ ਇਹਨਾਂ ਦਾ ਅਧਿਕਾਰ ਹੈ । ਲੈ ਜਾਣਗੇ, ਪਰ ਮੇਰੇ ਅਧਿਕਾਰ ਵਾਲੇ ਮੇਰਾ ਦਿਲ ਅਤੇ ਮੇਰੀ ਰੂਹ ਦੋਵੇਂ ਤੇਰੇ ਕੋਲ ਹਨ ਅਤੇ ਤੇਰੇ ਕੋਲ ਰਹਿੰਣਗੇ । ਤੇਰੀ ਸ਼ੈਹਨਾਜ਼।"

ਫਿਰ ਸ਼ੈਹਨਾਜ਼ ਗੁੰਮ-ਸੁੰਮ ਹੋ ਗਈ ਜਦੋਂ ਨਿਕਾਹ ਵੇਲੇ ਕਾਜ਼ੀ ਨੇ ਹਾਂ ਪੁੱਛੀ ਤਾਂ ਚੁੱਪ ।

ਸ਼ੈਹਨਾਜ਼ ਨੂੰ ਮਾਂ ਨੇ ਕਿਹਾ, "ਬੋਲ ਬੇਟੀ, ਕਹੋ 'ਕਬੂਲ ਏ'. ।"

ਤਾਂ ਸ਼ੈਹਨਾਜ਼ ਨੇ ਕਿਹਾ, "ਮੇਰੇ ਹੋਠ ਮੇਰੀ ਜੀਭ ਜ਼ਰੂਰ ਸ਼ਰੀਰ ਦਾ ਅੰਗ ਨੇ ਪਰ ਅਵਾਜ਼ ਦਿਲ ਅਤੇ ਰੂਹ ਵਿਚੋਂ ਫਰਕਦੀ ਏ ਅਤੇ ਰੂਹ ਤੇ ਦਿਲ ਮੈਂ ਭੇਜ ਦਿੱਤੇ ਨੇ ।"

ਫਿਰ ਇਹੋ ਹੀ ਗਲ ਉਸ ਲਿਬਾਸੇ ਅਰੂਸੀ ਵਿਚ ਲਿਪਟੀ ਗੁਲਾਬ ਤੇ ਮੋਤੀਏ ਦੇ ਫੁਲਾਂ ਦੀਆਂ ਲੜੀਆਂ ਤੇ ਚੰਬੇਲੀ ਨਾਲ ਸਜ਼ੀ ਹੋਈ ਸੇਜ਼ ਤੇ ਅਕਰਮ ਖਾਂ ਨੂੰ ਕਹੀ, "ਨਵਾਬ ਸਾਹਿਬ, ਮੇਰੇ ਜਿਸਮ ਨਾਲ ਖੇਲੋ ਪਰ ਮੁਹੱਬਤ ਨਹੀਂ, ਪਿਆਰ ਨਹੀਂ ਮਿਲੇਗਾ ।"

ਅਕਰਮ ਦਾ ਖੁਮਾਰ ਟੁਟ ਗਿਆ । ਕੰਨਾ ਚੋਂ ਅਤਰ ਦੇ ਫੰਬੇ ਕੱਢ ਕੇ ਸੁਟੇ । ਗਲ ਵਿਚੋਂ ਮਹਿਕਦੇ ਚਮੇਲੀ ਦੇ ਫੁਲਾਂ ਦੀ ਮਾਲਾ ਮਰੋੜੀ । ਸੇਜ਼ ਦੀਆਂ ਲੜੀਆਂ ਖਿੱਚ-ਖਿੱਚ ਤੋੜੀਆਂ ਤੇ ਦੰਦ ਪੀਂਹਦਾ ਬਾਹਰ ਚਲਾ ਗਿਆ ।

ਫਿਰ ਇਕ-ਇਕ ਦਿਨ, ਪੂਰਾ ਇਕ ਸਾਲ ਸ਼ੈਹਨਾਜ਼ ਤੇ ਕੀ ਬੀਤੀ, ਲਿਖਣਾ ਦੱਸਣਾ ਵਾਧੂ ਜਿਹਾ ਏ । ਪਰ ਸਾਲ ਬਾਦ ਇਕ ਪੱਤਰ ਦੇ ਚਾਰ ਅੱਖਰਾਂ ਨੇ ਨਵਾਬ ਬੇਗਮ ਦੇ ਹੋਸ਼ ਹਵਾਸ ਉਡਾ ਦਿੱਤੇ । "ਤੁਹਾਡੀ ਸ਼ੈਹਨਾਜ਼ ਪੀਰ ਵਾਲੇ ਦਿਨ ਤੁਹਾਡੇ ਕੋਲ ਆ ਰਹੀ ਏ ਸਦਾ ਸਦਾ ਲਈ, ਨਵਾਬ ਅਕਰਮ।"

ਬੇਗਮ ਨੂੰ ਸਮਝ ਨਹੀਂ ਸੀ ਆ ਰਹੀ ਕਿ ਸ਼ੈਹਨਾਜ਼ ਨਾਲ ਕਿਵੇਂ ਅੱਖਾਂ ਸਿੱਧੀਆਂ ਕਰੇਗੀ । ਅੱਜ ਉਹ ਆਪਣੇ ਆਪ ਨੂੰ ਦੋਸ਼ੀ ਸਮਝ ਰਹੀ ਸੀ । ਉਹ ਹਰ ਇਕ ਤੋਂ ਸਗੋਂ ਈਦਾਂ ਤੇ ਰਸ਼ੀਦਾਂ ਤੋਂ ਵੀ ਝੇਪ ਰਹੀ ਸੀ । ਉਹਦੇ ਹਵਾਸ ਉੱਡੇ ਹੋਏ ਸਨ । ਉਹ ਈਦਨ ਨੂੰ ਕੁਝ ਨਾ ਦੱਸ ਸਕੀ ਅਤੇ ਈਦਨ ਨੇ ਚਿੱਠੀ ਪੜ੍ਹਨ ਲਈ

ਰਸ਼ੀਦਾਂ ਨੂੰ ਜਾ ਉਠਾਇਆ । ਰਸ਼ੀਦਾਂ ਚਿੱਠੀ ਪੜ੍ਹ ਕੇ ਚਾਦਰ ਦੀ ਬੁੱਕਲ ਮਾਰ ਬਾਹਰ ਨਿਕਲ ਗਈ ।

ਰੇਲ ਗੱਡੀ ਠੀਕ ਸਟੇਸ਼ਨ ਤੇ ਢਾਈ ਵਜੇ ਆ ਕੇ ਰੁਕੀ । ਸਵੇਰ ਦੇ ਆ ਕੇ ਬੈਠੇ ਸਲੀਮ ਨੂੰ ਇੰਝ ਲੱਗਾ ਜਿਵੇਂ ਗੱਡੀ ਕਈ ਘੰਟੇ ਸਗੋਂ ਕਈ ਸਾਲ ਲੇਟ ਆਈ ਹੋਵੇ । ਸਵੇਰ ਤੋਂ ਹੀ ਉਹ ਦੂਰ ਤੱਕ ਸੁੰਨੀ ਪਟੜੀ ਤੇ ਅੱਪ ਸਿਗਨਲ ਨੂੰ ਦੇਖ-ਦੇਖ ਥੱਕ ਗਿਆ ਸੀ । ਕਈ ਵਾਰ ਉਸ ਸਟੇਸ਼ਨ ਮਾਸਟਰ ਨੂੰ ਜਾ ਪੁਛਿਆ ਸੀ ਕਿ ਗੱਡੀ ਕਦੋਂ ਆਵੇਂਗੀ । ਉਸ ਨੂੰ ਹਰ ਵਾਰ ਇਹੋ ਜਵਾਬ ਮਿਲਿਆ ਸੀ ਕਿ ਢਾਈ ਵਜੇ । ਰੇਲ ਗੱਡੀ ਆ ਜਾਣ ਤੇ ਉਸ ਵਿਚ ਇਕ ਨਵੀਂ ਰੂਹ ਫੂਕੀ ਗਈ । ਉਹਦੀਆਂ ਥੱਕੀਆਂ ਪਥਰਾਈਆਂ ਅੱਖਾਂ ਉੱਤਰਦੀਆਂ ਸਵਾਰੀਆਂ ਵਿਚੋਂ ਸ਼ੈਹਨਾਜ਼ ਨੂੰ ਲਭ ਰਹੀਆਂ ਸਨ ।

ਛੋਟੇ ਜਿਹੇ ਸਟੇਸ਼ਨ ਤੋਂ ਪੰਜ-ਸੱਤ ਹੀ ਸਵਾਰੀਆਂ ਉਤਰੀਆਂ । ਕੁਲੀ ਨੇ ਸਮਾਨ ਖਿਚ ਕੇ ਪਲੇਟ ਫਾਰਮ ਤੇ ਰੱਖਿਆ ਅਤੇ ਇਕ ਕਮਜ਼ੋਰ ਜਿਹੀ ਔਰਤ ਉਤਰੀ । ਇਹੀ ਤਾਂ ਸ਼ੈਹਨਾਜ਼ ਸੀ । ਭਖਦੇ ਜੇਠ ਮਹੀਨੇ ਦੀ ਦੁਪਹਿਰ ਵਰਗੀ ਮੁਟਿਆਰ ਭਾਦੋਂ ਦੀ ਸਿੱਲੀ ਰਾਤ ਵਰਗੀ ਹੋਈ ਪਈ ਸੀ । ਸਾਹਮਣੇ ਸਲੀਮ ਖੜਾ ਸੀ । ਦੋਵੇਂ ਇਕ ਦੂਜੇ ਨੂੰ ਆਹਮਣੇ ਸਾਹਮਣੇ ਖਲੋ ਕੇ ਦੇਖ ਰਹੇ ਸਨ । ਸ਼ੈਹਨਾਜ਼ ਦਾ ਸੰਧੂਰੀ ਸੇਬ ਵਰਗਾ ਚਮਕਦਾ ਚਿਲਕਦਾ ਰੰਗ ਹਲਦੀ ਵਰਗਾ ਪੀਲਾ ਸੀ । ਇੰਝ ਸੀ ਜਿਵੇਂ ਰਤ ਨਾ ਦੀ ਕੋਈ ਚੀਜ਼ ਹੀ ਨਾ ਹੋਵੇ ਇਸ ਵਿਚ ਅਤੇ ਸਲੀਮ ਵੀ ਤਾਂ ਇਸ ਤਰ੍ਹਾਂ ਸੀ ਜਿਵੇਂ ਇਕ ਸਾਲ ਵਿਚ ਦਸ ਸਾਲ ਅੱਗੇ ਯਾਨੀ ਬੁਢਾਪੇ ਵਲ ਵੱਧ ਗਿਆ ਹੋਵੇ ।

ਦੋਹਾਂ ਪਰੇਮੀਆਂ ਦੀ ਇਹ ਦੂਜੀ ਮਿਲਣੀ ਸੀ । ਖੁਮਾਰ ਭਰੀਆਂ ਅੱਖਾਂ ਵਿਚ ਮੱਧਮਸਤੀ ਦੀ ਥਾਂ ਹੰਝੂ ਤਰ ਰਹੇ ਸਨ । ਉਮਾਹ ਤੇ ਸ਼ੌਕ ਦੀ ਥਾਂ ਦਿਲਾਂ ਵਿਚ ਪੀੜ ਹੀ ਪੀੜ ਸੀ ।

"ਮੇਰੇ ਸਲੀਮ", ਸ਼ਹਿਨਾਜ਼ ਦੇ ਮੂੰਹੋ ਨਿਕਲਿਆ ਅਤੇ ਚੱਕਰ ਜਿਹਾ ਆ ਗਿਆ ।

ਪਰ ਸਲੀਮ ਨੇ ਉਸਨੂੰ ਬਾਹਾਂ ਦੀ ਬੁਕਲ ਵਿਚ ਲੈ ਲਿਆ । "ਮੇਰੀ ਸ਼ੈਹਨਾਜ਼ !" ਦੋ ਦਿਲ ਇਕ ਹੋ ਧੜਕੇ ।

"ਮੇਰੀ ਰੂਹ ! ਮੇਰੇ ਦਿਲ ਦੇ ਮਾਲਕ !"

"ਮੇਰੀ ਜ਼ਿੰਦਗੀ ! ਮੇਰੇ ਸਾਹਾਂ ਦੀ ਰਵਾਨੀ !"

ਦੋਹਾਂ ਇਕ ਦੂਜੇ ਦੀ ਪੀੜ ਚੁਗ ਲਈ । ਕਿਸ ਨਾਲ ਕੀ ਬੀਤੀ ਕੋਈ ਪੁੱਛਣ ਦੱਸਣ ਦੀ ਲੋੜ ਨਹੀਂ ਰਹੀ ।

ਹਚਕੋਲੇ ਖਾਂਦਾ ਤਾਂਗਾ ਜਦ ਪਿੰਡ ਕੋਲ ਪਹੁੰਚਿਆਂ ਤਾਂ ਦਿਨ ਤਰਾਂਦਾ ਜਿਹਾ ਸੀ । ਸਲੀਮ ਨੇ ਉਤਰਨ ਲਈ ਤਾਂਗਾ ਰੁਕਾਇਆ ।

"ਨਹੀਂ ਨਹੀਂ ਸਲੀਮ, ਇਹ ਉਹੋ ਥਾਂ ਏ ਜਿਥੇ ਅਸੀਂ ਪਹਿਲੀ ਵਾਰ ਵਿਛੜੇ ਅਤੇ ਜੇ ਹੁਣ ਵੀ ਵਿਛੜੇ ਤਾਂ ਸ਼ਾਇਦ ਕਦੀ ਨਾ ਮਿਲ ਸਕੀਏ । ਮੇਥੋਂ ਸ਼ਾਇਦ ਵਿਛੋੜਾ ਝੱਲਿਆ ਨਾ ਜਾਏ ।"

ਅਤੇ ਜਦ ਤਾਂਗਾ ਹਵੇਲੀ ਦੇ ਬੂਹੇ ਅੱਗੇ ਰੁਕਿਆ ਤਾਂ ਈਦਨ, ਰਸ਼ੀਦਾਂ ਅਤੇ ਹੋਰ ਨਿਕਟਵਰਤੀ ਖੜੇ ਸਨ । ਬੇਗਮ ਵੀ ਖੜੀ ਸੀ ਪਰ ਉਹਦੇ ਵਿਚ ਹਿੰਮਤ ਨਹੀਂ ਸੀ ਧੀ ਵੱਲ ਅੱਖ ਚੁੱਕ ਕੇ ਦੇਖਣ ਦੀ । ਸਲੀਮ ਨੇ ਸ਼ੈਹਨਾਜ਼ ਨੂੰ ਸਹਾਰਾ ਦੇ ਕੇ ਤਾਂਗੇ ਤੋਂ ਉਤਾਰਿਆ । ਬਹਿਬਲ ਹੋ ਬੇਗਮ ਨੇ ਸ਼ੈਹਨਾਜ਼ ਨੂੰ ਛਾਤੀ ਨਾਲ ਲਾ ਲਿਆ । ਰਸ਼ੀਦਾਂ ਤੇ ਈਦਾਂ ਦੀਆਂ ਅੱਖਾਂ ਪਾਣੀ ਨਾਲ ਉਬਲ ਰਹੀਆਂ ਸਨ । ਅੰਦਰ ਜਾਕੇ ਬੇਗਮ ਨੇ ਸਲੀਮ ਦਾ ਸ਼ੁਕਰੀਆ ਅਦਾ ਕੀਤਾ । ਉਹ ਇਹ ਨਹੀਂ ਸੀ ਜਾਣਦੀ ਕਿ ਇਹ ਨੌਜਵਾਨ ਪਿੰਡ ਤੋਂ ਏ ਜਾਂ ਹੋਰ ਕਿਤੋਂ । ਸਿਰਫ ਇਸ ਕਰਕੇ ਕਿ ਉਸਨੇ ਸ਼ੈਹਨਾਜ਼ ਨੂੰ ਘਰ ਤਕ ਪਹੁੰਚਾਣ ਵਿਚ ਸਹਾਇਤਾ ਕੀਤੀ ਅਤੇ ਜਦ ਸਲੀਮ ਕੁਝ ਦੇਰ ਬੈਠ ਕੇ ਤੁਰਨ ਲੱਗਾ ਤੇ ਇਜ਼ਾਜਤ ਮੰਗੀ ਤਾਂ ਸ਼ੈਹਨਾਜ਼ ਨੇ ਕਿਹਾ, "ਸਲੀਮ, ਮੈਂ ਬਿਖੜੇ ਪੈਂਡੇ ਤੇ ਔਖੇ ਪੰਧ ਕੱਟ ਆਈਆਂ । ਹੁਣ ਵਿਛੋੜਾ ਅਸਿਹ ਹੋਵੇਗਾ । ਮੈਂ ਥੱਕ ਗਈ ਹਾਂ ਜ਼ੁਲਮ ਦੀ ਚੱਕੀ ਵਿਚ ਲਹੂ ਦੇ ਗਾਲੇ ਪਾਂਦੀ ।"

ਸਲੀਮ ਦਾ ਨਾਂ ਸੁਣਦਿਆਂ ਹੀ ਬੇਗਮ ਉੱਠੀ ਅਤੇ ਸਲੀਮ ਨੂੰ ਛਾਤੀ ਨਾਲ ਲਾ ਲਿਆ । "ਬੇਟਾ, ਮੈਨੂੰ ਮਾਫ ਕਰੋ । ਮੈਂ ਤੁਹਾਡੇ ਦੋਹਾਂ ਦੀ ਦੇਣਦਾਰ ਹਾਂ, ਦੋਸ਼ੀ

ਹਾਂ । ਮੈਂ ਆਪਣੇ ਤਜਰਬੇ ਧੀ ਤੇ ਨਹੀਂ ਸਗੋਂ ਤੁਹਾਡੇ ਦੋਹਾਂ ਤੇ ਦੁਹਰਾਏ । ਬੇਟਾ, ਇਹ ਤੁਹਾਡਾ ਘਰ ਏ । ਕਬੂਲ ਕਰੋ ।"

ਉਸੇ ਸ਼ਾਮ ਬੇਗਮ ਨੇ ਈਦਨ ਰਾਹੀਂ ਚੌਧਰੀ ਮੁਹੰਮਦ ਹੁਸੈਨ ਤਕ ਪਹੁੰਚ ਕੀਤੀ ।

ਮੁਹੰਮਦ ਹੁਸੈਨ ਵੀ ਕੁਝ ਨੱਕ ਮੂੰਹ ਰੱਖਦਾ ਸੀ ਅਤੇ ਹਰ ਵਰਗ ਵਿਚ ਉਹਦਾ ਮਾਨ-ਇੱਜਤ ਸੀ ਅਤੇ ਉਹ ਨਹੀਂ ਸੀ ਚਾਹੁੰਦਾ ਚੱਜ ਨਾਲ ਪੜ੍ਹਾਏ ਲਿਖਾਏ ਮੁੰਡੇ ਨੂੰ ਤਲਾਕ ਹੋਈ ਜਨਾਨੀ ਨਾਲ ਵਿਆਹੇ । ਤਾਂ ਹੀ ਉਸ ਸਾਫ ਨਾਂਹ ਕਰ ਦਿੱਤੀ । ਉਸ ਸਲੀਮ ਨੂੰ ਬੜੇ ਪਿਆਰ ਨਾਲ ਸਮਝਾਣਾ ਸ਼ੁਰੂ ਕੀਤਾ । ਕਈ ਉੱਚੇ ਘਰਾਂ ਤੋਂ ਆਉਂਦੇ ਰਿਸ਼ਤਿਆਂ ਅਤੇ ਉਹਨਾਂ ਦੀ ਪਹੁੰਚ ਬਾਰੇ ਦੱਸਿਆ ਅਤੇ ਕਿਹਾ, "ਜਿਸ ਘਰ ਤੋਂ ਮਰਜੀ ਹੈ ਲੜਕੀ ਦੇਖ ਕੇ ਪਸੰਦ ਕਰ ਲੈ ।"

ਪਰ ਸਲੀਮ ਨੇ ਕਿਹਾ, "ਅੱਬਾ, ਮੈ ਸ਼ੈਹਨਾਜ਼ ਨੂੰ ਦਿਲ ਰੂਹ ਅਤੇ ਅੱਖਾ ਵਿਚ ਵਸਾ ਬੈਠਾਂ ਅਤੇ ਮੇਰੀਆਂ ਅੱਖਾਂ ਸੈਹਨਾਜ਼ ਤੋਂ ਬਿਨਾਂ ਕਿਸੇ ਨੂੰ ਨਹੀਂ ਦੇਖਦੀਆਂ ।"

ਪਿਉ ਪੁਤਰ ਵਿਚ ਖਿਚਾ ਹੋ ਗਿਆ । ਸਲੀਮ ਦਾ ਚੋਖਾ ਟੈਮ ਸ਼ੈਹਨਾਜ਼ ਕੋਲ ਹੀ ਗੁਜਰਦਾ । ਦਿਨਾਂ ਵਿਚ ਹੀ ਉਹ ਆਪਣੇ ਅਸਲੀ ਰੰਗ ਰੂਪ ਵਿਚ ਆ ਗਈ । ਜਵਾਨੀ ਫਿਰ ਦੁਪਹਿਰ ਖਿੜੀ ਵਾਂਗ ਖਿੜ ਗਈ । ਫਿਰ ਇਕ ਦਿਨ ਰਸ਼ੀਦਾਂ ਨੂੰ ਨਾਲ ਲੈ ਸ਼ੈਹਨਾਜ. ਚੌਧਰੀ ਮੁਹੰਮਦ ਹੁਸੈਨ ਦੇ ਘਰ ਗਈ । ਮੁਹੰਮਦ ਹੁਸੈਨ ਕੁਝ ਬਿਮਾਰੀ ਅਤੇ ਕੁਝ ਪੁਤਰ ਨਾਲ ਖਿਚਾ ਦਾ ਗਮ ਕਮਜ਼ੋਰ ਹੋ ਗਿਆ ਸੀ । ਤਸਲੀਮੋਂ ਅਦਾਬ ਤੋਂ ਬਾਦ ਸ਼ੈਹਨਾਜ ਨੇ ਬੜੇ ਸਲੀਕੇ ਤੇ ਤਹੱਮਲ ਨਾਲ ਕਿਹਾ "ਅੱਬਾ ਹਜ਼ੂਰ, ਮੈਂ ਸ਼ੈਹਨਾਜ਼ ਹਾਂ । ਮੈਂ ਅੱਗ ਦੇ ਸਮੁੰਦਰ ਵਿਚ ਛਾਲ ਮਾਰੀ ਤਾਂ ਸਲੀਮ ਵਾਸਤੇ ਅਤੇ ਜੇ ਖੁਦਾ ਨੇ ਮੈਨੂੰ ਅੱਗ ਦੇ ਸਮੁੰਦਰੋ ਵਿਚੋਂ ਜਿੰਦਾ ਕੱਢ ਲਿਆ ਹੈ ਤਾਂ ਸਲੀਮ ਵਾਸਤੇ । ਤੁਸੀਂ ਮੈਨੂੰ ਹੁਣ ਠੁਕਰਾਉ ਨਾ ।"

ਕੁਝ ਦੇਰ ਉਹ ਗੁੰਮ ਸੁੰਮ ਬੈਠਾ ਰਿਹਾ । ਸ਼ੈਹਨਾਜ਼ ਦਾ ਲਹਿਜਾ ਸਲੀਕਾ ਉਸ ਨੂੰ ਬਹੁਤ ਚੰਗਾ ਲੱਗਾ । ਉਹ ਸ਼ੈਹਨਾਜ਼ ਵਲ ਓਪਰੀ ਤਕਣੀ ਵੇਖਿਆ ਤਾਂ ਅੱਖਾਂ ਵਿਚ ਮਮਤਾ ਫੁੱਟਦੀ ਜਾਪੀ ਪਰ ਉਸ ਖਾਨਦਾਨੀ ਹਠ ਕਾਇਮ ਰੱਖਣ ਲਈ

ਮਮਤਾ ਨੂੰ ਮਿਧਿਆ ਅਤੇ ਦਿਲ ਕਰੜਾ ਕਰ ਕੇ ਕਿਹਾ, "ਅੱਛਾ ਬੇਟਾ, ਮੈਨੂੰ ਸੋਚ ਲੈਣ ਦਿਉ ।"

ਸ਼ੈਹਨਾਜ਼ ਉੱਠ ਕੇ ਤੁਰਨ ਲੱਗੀ ਤਾਂ ਚੌਧਰੀ ਮੁਹੰਮਦ ਹੁਸੈਨ ਨੇ ਕਿਹਾ, "ਠਹਿਰੋ ਬੇਟੀ, ਰਲਿਆਂ ਨਹੀਂ ਜਾਂ ਰੁੱਸ ਕੇ ਨਹੀਂ ਜਾਈਦਾ । ਨੂੰਹ ਧੀ ਇੱਜਤ ਦੀ ਹੱਕਦਾਰ ਏ ।"

ਅਗਲੇ ਪਲ ਸ਼ੈਹਨਾਜ਼ ਦਾ ਸਿਰ ਮਹੁੰਮਦ ਹੁਸੈਨ ਦੀ ਛਾਤੀ ਤੇ ਸੀ । ਉਹ ਪਿਤਾ ਪਿਆਰ ਅਤੇ ਅਸੀਸ ਦੇ ਰਿਹਾ ਸੀ । ਕੋਲ ਖਲੋਤੀ ਰਸ਼ੀਦਾਂ ਖੁਸ਼ੀ ਅਤੇ ਫਤੇਹ ਦੇ ਮੋਤੀ ਸਮੇਟ ਰਹੀ ਸੀ । "ਜੁਗ-ਜੁਗ ਜੀਉ ! ਬੇਟਾ, ਤੁਹਾਡਾ ਪਿਆਰ ਸਲਾਮਤ ਰਹੇ ।"

ਜਦੋਂ ਸ਼ੈਹਨਾਜ਼ ਘਰ ਆਈ ਤਾਂ ਉਸ ਨਾਲ 'ਕੱਲੀ ਰਸ਼ੀਦਾਂ ਹੀ ਨਹੀਂ ਮੁਹੰਮਦ ਹੁਸੈਨ ਦੀਆਂ ਦੋਵੇਂ ਨੂੰਹਾਂ ਅਤੇ ਤਿੰਨ ਚਾਰ ਗਵਾਂਢਣਾਂ ਵੀ ਸਨ ਜਿਹਨਾਂ ਕੋਲ ਪਿਆਰ ਸਮੱਗਰੀ ਅਤੇ ਸ਼ਗਨ ਸਮਾਨ ਨਾਲ ਸੀ । ਫਿਰ ਨਵਾਬ ਬੇਗਮ ਕੰਮ ਕਾਰ ਦੀ ਵਿਉਂਤ ਸਲੀਮ ਨੂੰ ਦੱਸ ਕੇ ਕਹਿ ਰਹੀ ਸੀ, "ਬੇਟਾ, ਸਾਂਭੋ ਆਪਣਾ ਕੰਮ, ਮੈਂ ਤਾਂ ਥੱਕ ਗਈ ਹਾਂ ।"

# ਉਲਝਨ

ਸੋਹਣ ਹੁਰਾਂ ਨੂੰ ਇਸ ਪਿੰਡ ਵਿਚ ਆਇਆਂ ਭਾਵੇਂ ਪੂਰਾਂ ਇਕ ਸਾਲ ਹੋ ਗਿਆ ਸੀ, ਪਰ ਪਿੰਡ ਵਿਚ ਉਹਦੀ ਕਿਸੇ ਨਾਲ ਕਿਸੇ ਦੀ ਲੰਬੀ ਚੌੜੀ ਵਾਕਫੀ ਨਹੀਂ ਸੀ ਬਣੀ । ਛੁੱਟ ਛੇ-ਚਾਰ ਬੰਦਿਆ ਤੋਂ । ਉਹ ਵੀ ਰਸਮੀ ਅਲੈਕ-ਸਲੈਕ ਜਾਂ ਦਾਤਰੀ ਖੁਰਪੀ ਲੈਣ-ਦੇਣ ਤੋਂ । ਕਿਹਦੇ ਕਿੰਨੇ ਬੱਚੇ ? ਕਿੱਥੇ ਵਿਆਹੇ ? ਕਿਵੇਂ ਪਰਨਾਏ ? ਏਸ ਗਲ ਦੀ ਜਾਣਕਾਰੀ ਨਾ ਉਸ ਕਦੇ ਕਿਸੇ ਤੋਂ ਲਈ ਸੀ ਅਤੇ ਨਾ ਹੀ ਉਸਨੂੰ ਸ਼ੌਕ ਸੀ । ਬਸ ਇੰਝ ਸਮਝੋ, ਪੂਰੇ ਇਕ ਸਾਲ ਤਕ ਉਹਦੀ ਪੈਹਚਾਨ ਘਰ ਅਤੇ ਖੂਹ ਖੇਤ ਤਕ ਹੀ ਸੀਮਿਤ ਸੀ । ਖੂਹ ਤੇ ਵੀ ਪੂਰੀ ਪਹਿਚਾਨ ਨਹੀਂ ਸੀ ਕਿਉਂਕਿ ਜਿਹੜਾ ਖੂਹ ਉਹਨਾਂ ਨੂੰ ਅਲਾਟ ਹੋਇਆ ਸੀ ਉਸ ਉਤੇ ਦੋ ਹਲਟ ਚਲਦੇ ਸਨ । ਅੱਧਾ ਜਿਵੇਂ ਇਕ ਪਾਸਾ ਉਹਨਾਂ ਨੂੰ ਅਲਾਟ ਹੋਇਆ ਅਤੇ ਅੱਧੇ ਦੀ ਮਾਲਕੀ ਦੂਜੇ ਪਾਸੇ ਇਕ ਲੋਕਲ ਪਰਿਵਾਰ ਕੋਲ ਸੀ । ਉਸ ਪਰਿਵਾਰ ਨਾਲ ਉਸਦੀ ਪੂਰੀ ਵਾਕਫੀ ਨਹੀਂ ਸੀ ਸਿਵਾਏ ਲਾਣੇ ਦੇ ਮੁਖੀ ਮਰਦ ਨਾਲ ਸਲਾਮ ਦੁਆ ਦੇ, ਜਿਹਦਾ ਨਾਂ ਬੰਤਾ ਸੀ । ਲੋਕ ਉਸਨੂੰ ਪਿੰਡ ਵਿਚ ਬੰਤਾ ਬਾਂਡਾ ਕਰਕੇ ਪਹਿਚਾਣਦੇ ਸਨ ।

ਬੰਤਾ ਕੋਈ ਸੱਠ-ਪੈਂਹਠ ਸਾਲਾਂ ਦਾ ਥਿੱਛੂ ਮੁੱਛਾ ਜਿਹਾ ਸੀ ਅਤੇ ਉਹਦੀਆਂ ਦੋਵੇਂ ਲੱਤਾਂ ਏਨੀਆਂ ਵਿੰਗੀਆਂ ਸਨ ਕਿ ਜੇ ਦੋਵੇਂ ਪੈਰ ਜੋੜ ਕੇ ਖਲੋ ਜਾਵੇ ਤਾਂ ਉਸ ਵਿਚੋਂ ਭੇਡ ਲੰਘ ਜਾਵੇ । ਸ਼ਾਇਦ ਇਸ ਕਰਕੇ ਉਸ ਕਦੀ ਤੇੜੋਂ ਚਾਦਰ ਨਹੀਂ ਸੀ ਲਾਹੀ ਸਿਵਾਏ ਨਹਾਉਣ ਤੋਂ । ਉਹਦੇ ਹੱਡ-ਪੈਰ ਮੋਟੇ ਅਤੇ ਕੱਦ ਦਰਮਿਆਨਾ ਸੀ । ਲੋਕ ਕਹਿੰਦੇ ਸਨ ਕਿ ਜਵਾਨੀ ਪਹਿਰੇ ਉਹ ਬੜਾ ਸੁਨੱਖਾ ਜਵਾਨ ਸੀ । ਸ਼ੈਦ ਉਹਦੀਆਂ ਲੱਤਾਂ ਉਦੋਂ ਏਨੀਆਂ ਕੋਝੀਆਂ ਨਾ ਹੋਣ । ਉਹਦੀਆਂ ਅੱਖਾਂ ਨੂੰ ਤਾਂ ਹਰ ਕਿਸੇ ਨੇ ਸਲਾਹਿਆ ਹੋਵੇਗਾ । ਸ਼ਾਇਦ ਅੱਖਾਂ ਨੂੰ ਹੀ ਪਸੰਦ ਕਰਕੇ ਮਨਭਰੀ ਵਰਗੀ ਜਨਾਨੀ ਉਹਦੇ ਲੜ ਲੱਗੀ ਹੋਵੇਗੀ ।

ਪੰਜਾਹ, ਪਚਵੰਜਾ ਦੇ ਗੇੜ ਦੀ ਮਨਭਰੀ ਅਜੇ ਵੀ ਕਾਫੀ ਸੁਨੱਖੀ ਸੀ । ਮਨ ਭਰੀ ਭਾਵੇਂ ਇਕ ਅੱਖ ਮੀਟ ਕੇ ਹੀ ਦੇਖਦੀ ਸੀ ਪਰ ਫਿਰ ਵੀ ਕਿਲਕ ਦੀ

ਕਲਮ ਵਰਗੀ । ਤਿੱਖਾ ਨੱਕ ਉਹਦੇ ਮੂੰਹ ਦਾ ਸ਼ਿੰਗਾਰ ਸੀ । ਸ਼ਾਇਦ ਉਮਰ ਪੱਕਣ ਕਰਕੇ ਉਸਦੀ ਨੱਕ ਦੀ ਇਕ ਨਾਸ ਟੇਢੀ ਸੀ ਪਰ ਇਸ ਘਾਟ ਨੂੰ ਉਸ ਧੇਲੇ ਜਿੱਡਾ ਲੌਂਗ ਪਾ ਕੇ ਪੂਰਾ ਕੀਤਾ ਹੋਇਆ ਸੀ ਅਤੇ ਉਹਦੇ ਪਤਲੇ ਹੌਂਠਾਂ ਵਿਚ ਚਮਕਦੇ ਦੰਦਾਂ ਨਾਲ ਹਰ ਪੱਖੋਂ ਜਚਵੀਂ ਸੀ ।

ਬੰਤੇ ਦੀਆਂ ਅੱਖਾਂ ਦਾ ਪ੍ਰਭਾਵ ਵੱਡੀ ਕੁੜੀ ਜੀਤੋ ਤੇ ਪਿਆ ਸੀ ਜਿਸਦੇ ਚਿਹਰੇ ਤੇ ਗਿਣਵੇਂ ਮਾਤਾ ਦੇ ਦਾਗ ਹੁੰਦਿਆਂ ਵੀ ਉਹ ਕਾਫੀ ਸੁਨੱਖੀ ਸੀ । ਪਰ ਅੱਖਾਂ ! ਤੌਬਾ-ਤੌਬਾ ! ਮੋਟੀਆਂ ਕਾਲੀਆਂ, ਧੀਰੀਆਂ । ਅੱਠੋਂ ਦੇ ਚੰਨ ਵਾਂਗ ਅੱਧੀਆਂ ਉਪਰ ਪਲਕਾਂ ਹੇਠਾਂ ਢਕੀਆਂ ਰਹਿੰਦੀਆਂ ਅਤੇ ਅੱਧੀਆਂ ਖੁਮਾਰ ਖੀਵੀਆਂ, ਨੂਰੋ ਨੂਰ, ਹਰ ਦਿਲ ਨੂੰ ਵਿੰਨ ਕੇ ਰੱਖ ਦਿੰਦੀਆਂ । ਬਾਂਡੇ ਨੇ ਜੀਤੋ ਵਾਸਤੇ ਵਰ ਵੀ ਬੜਾ ਢੁਕਵਾਂ ਲੱਭਿਆ ਜੋ ਜੀਤੋ ਨਾਲ ਜਚਵਾਂ ਸੀ । ਛੋਟੀ ਕੁੜੀ ਲਾਜੋ ਨੂੰ ਮਨਭਰੀ ਆਪਣੇ ਉੱਤੇ ਲੈ ਗਈ ਸੀ । ਉਹ ਅਜੇ ਗਿਆਰਵੇਂ ਬਾਰਵੇਂ ਸੀ ।

ਸੋਹਣ ਇਹਨਾਂ ਚਾਰ ਜੀਆਂ ਨੂੰ ਤਾਂ ਜਾਣਦਾ ਸੀ ਪਰ ਉਸ ਘਰ ਇਕ ਪੰਜਵਾਂ ਜੀਅ ਵੀ ਸੀ ਜੋ ਉਸ ਲਈ ਇਕ ਗੋਰਖ ਧੰਦਾ ਸੀ - ਯਾਨੀ ਦਿਮਾਗੀ ਉਲਝਣ ਸੀ ਜੋ ਸੁਲਝ ਨਹੀਂ ਸੀ ਰਹੀ । ਉਹ ਸੁਲਝਾ ਲੈਂਦਾ ਜੇ ਉਹਨਾਂ ਦੇ ਖੂਹ ਉੱਤੇ ਦੋ ਮਾਹਲਾਂ, ਦੋ ਹਲਟ, ਦੋ ਪੈੜਨਾਂ, ਦੋ ਔਲੂ ਅਤੇ ਅੱਡੋ-ਅੱਡ ਖਾਲਾਂ ਨਾ ਹੁੰਦੀਆਂ ਕਿਉਂਕਿ ਸਾਂਝੇ ਥਾਂ ਕਦੀ ਨਾ ਕਦੀ ਗਲ ਚਲ ਹੀ ਪੈਂਦੀ ਹੈ, ਬੋਲ ਚਾਲ ਹੋ ਹੀ ਜਾਂਦੀ ਹੈ । ਪਰ ਅੱਡੋ ਅੱਡ ਸਾਂਮਾਂ ਹੋਣ ਕਰਕੇ ਬੰਤਾ ਆਉਂਦਾ, ਆਪਣਾ ਹਲਟ ਜੋੜਦਾ, ਆਪਣੀ ਖ਼ਾਲ ਪਾਣੀ ਲਾਉਂਦਾ ਅਤੇ ਆਪਣੇ ਧਿਆਨ ਬਲਦ ਹਿੱਕਣ ਲਗ ਜਾਂਦਾ । ਇਸ ਕਰਕੇ ਵਾਕਫੀ ਵਧਣ ਨੂੰ ਬਰੇਕਾਂ ਲਗੀਆਂ ਰਹੀਆਂ ਅਤੇ ਇਸ ਕਰਕੇ ਹੀ ਪੰਜਵੇਂ ਜੀਅ ਦੀ ਉਲਝਨ ਸੋਹਨ ਤੋਂ ਸੁਲਝ ਨਹੀਂ ਸੀ ਰਹੀ । ਇਹ ਜੀਅ ਇਕ ਔਰਤ ਸੀ ਜਿਹੜੀ ਸਦਾ ਹੀ ਲੰਬੇ ਘੁੰਡ ਵਿਚ ਚੇਹਰੇ ਨੂੰ ਢੱਕੀ ਰੱਖਦੀ ਅਤੇ ਪੂਰੇ ਇਕ ਸਾਲ ਵਿਚ ਸੋਹਨ ਉਸ ਦਾ ਚੇਹਰਾ ਤਾਂ ਕੀ ਇਕ ਕਿਰਨ ਵੀ ਨਹੀਂ ਦੇਖ ਸਕਿਆ ।

ਇਹ ਔਰਤ ਕੌਣ ਏ ? ਬੰਤੇ ਦੀ ਕੀ ਲਗਦੀ ਏ ? ਇਹਦਾ ਨਾਂ ?

ਇਹਦੀ ਉਮਰ ਕਿੰਨੀ ਏ ? ਉਂਝ ਸੋਹਣ ਨੇ ਉਹਦੇ ਨੰਗੇ ਅੰਗਾਂ ਯਾਨੀ ਹੱਥਾਂ ਤੇ ਪੈਰਾਂ ਦੇ ਗੋਰੇ ਰੰਗ ਤੇ ਕੂਲੇ ਅੰਗਾਂ ਤੋਂ, ਮਸਤ ਚਾਲ ਤੇ ਲਚਕਦੀ ਕਮਰ ਤੋਂ ਇਹ ਹਿਸਾਬ ਲਾਇਆ ਸੀ ਕਿ ਇਹਦੀ ਉਮਰ ਵੀਹ ਤੋਂ ਇੱਕੀ ਸਾਲ ਦੇ ਗੇੜ ਹੋਵੇਗੀ । ਕੁੜਤੀ ਚੁਕਵੀਆਂ ਗੋਲ ਉਭਰਵੀਆਂ ਛਾਤੀਆਂ ਤੋਂ ਸੋਹਣ ਨੇ ਉਹਦੇ ਰੂਪ ਜਵਾਨੀ ਦਾ ਹਿਸਾਬ ਲਾਇਆ ਸੀ । ਘੁੰਡ ਵਿਚ ਲੁਕੇ ਚਿਹਰੇ ਦੇ ਉਸ ਭਿੰਨ ਭਿੰਨ ਸੁੰਦਰ ਰੂਪ ਤਖਲੀਕ ਕ਼ੀਤੇ ਸਨ ਜੋ ਸਥਿਰ ਨਹੀਂ, ਸਗੋਂ ਸ਼ਾਮ ਸਵੇਰੇ ਬਦਲਦੇ ਰਹਿੰਦੇ ਸਨ । ਪਰ ਅਣਵੇਖੇ ਰੂਪ ਦਾ ਮੁਕੰਮਲ ਚਿੱਤਰ ਉਹਦੇ ਦਿਮਾਗ ਵਿਚ ਨਹੀਂ ਸੀ ਬਣਦਾ । ਉਹ ਪਿੰਡੋਂ ਬੰਤੇ ਦੇ ਮਗਰ-ਮਗਰ ਘੁੰਢ ਕੱਢੀ ਤੁਰੀ ਆਉਂਦੀ ਅਤੇ ਖੇਤ ਵਿਚ ਦਿਨ ਭਰ ਕੰਮ ਕਰਦੀ ਅਤੇ ਕੰਮ ਵੀ ਦੋ ਬੰਦਿਆਂ ਬਰਾਬਰ । ਬਲਦ ਹਿੱਕੀ ਬੰਤੇ ਦੇ ਮਗਰ ਜਦ ਉਹ ਪੱਠਿਆਂ ਵਾਲੀ ਪੱਲੀ ਜਾਂ ਚਾਦਰ ਦਾਤੀ ਖ਼ੁਰਪਾ ਲੈ ਕੇ ਤੁਰਦੀ ਤਾਂ ਖੂਹ ਦੀ ਮਣ ਤੇ ਬੈਠਾ ਸੋਹਣ ਖਿਆਲਾਂ ਦੇ ਘੋੜੇ ਭਜਾਂਦਾ ਰਹਿੰਦਾ । ਕਿਤੇ ਇਹ ਬੰਤੇ ਦਾ ਦੂਜਾ ਵਿਆਹ ਤਾਂ ਨਹੀਂ ? ਪਰ ਜੇ ਘਰ ਵਾਲੀ ਹੁੰਦੀ ਤਾਂ ਬਾਂਡੇ ਤੋਂ ਘੁੰਢ ਕਿਉਂ ਕੱਢਦੀ ? ਇਹ ਛੋਟੇ ਵੱਡੇ ਸਭ ਤੋਂ ਘੁੰਢ ਕੱਢਦੀ ਏ । ਜੇ ਬੰਤੇ ਦੀ ਘਰ ਵਾਲੀ ਹੁੰਦੀ ਤਾਂ ਕਿਸੇ ਦੀ ਤਾਈ ਕਿਸੇ ਦੀ ਉਸ ਤੋਂ ਵੀ ਉੱਚੇ ਥਾਂ ਲਗਦੀ । ਫਿਰ ਕਿਤੇ ਬੰਤੇ ਦੀ ਨੂੰਹ ਨਾ ਹੋਵੇ ? ਪਰ ਬੰਤੇ ਦਾ ਜੇ ਕੋਈ ਮੁੰਡਾ ਹੁੰਦਾ ਤਾਂ ਕਦੇ ਨਾ ਕਦੇ ਆਉਂਦਾ ਜਾਂ ਕਿਤੇ ਜਿਕਰ ਛਿੜਦਾ । ਪਰ ਜੇ ਮੁੰਡਾ ਮਰ-ਮੁਕ ਗਿਆ .... ? ਨਹੀਂ ਨਹੀਂ । ਫਿਰ ਇਹ ਕੌਣ ਏ ? ਇਹਦਾ ਨਾਂ ਕੀ ਏ ?

ਇਹ ਮਸਲਾ ਅਚੇਤ ਹੀ ਹਲ ਹੋ ਗਿਆ ਜਦ ਉਹ ਖੂਹ ਦੇ ਨਾਲ ਲਗਵੇਂ ਕਿਆਰੇ ਵਿਚੋਂ ਪੱਠੇ ਵੱਢ ਰਿਹਾ ਸੀ ਕਿ ਖੂਹ ਛੇੜਦੇ ਬੰਤੇ ਨੇ ਵਾਜ਼ ਮਾਰੀ, "ਸੋਨਾ, ਉਰਾਂ ਆਈ ਕੇਰਾਂ, ਓਹੋ ਛੇੜੀਂ, ਮੈਂ ਓਹੋ ਮੋੜ ਆਵਾਂ ।" ਯਾਨੀ "ਸੋਨਾ, ਤੂੰ ਬਲਦ ਛੇੜੀਂ ਮੈਂ ਕਿਆਰਾ ਮੋੜ ਆਵਾਂ ।"

"ਓਹੋ" ਘਾਮੜ ਬੰਤੇ ਦਾ ਮੂੰਹ ਚੜ੍ਹਿਆ ਬੋਲ ਸੀ, ਜਿਸਨੂੰ ਘਰ ਦੇ ਸਾਰੇ ਜੀਅ ਇਸ ਤਰ੍ਹਾਂ ਸਮਝਦੇ ਸਨ ਜਿਵੇਂ ਗੂੰਗੇ ਦੀ ਮਾਂ ਗੂੰਗੇ ਦੀ ਰਮਜ਼ । "ਕੁੜੇ ਲਾਜੋ ਓਹੋ ਲਿਆਈਂ । ਮੈਂ ਪੱਠੇ ਵੱਢਾਂ ।" ਤੇ ਦਾਤਰੀ ਆ ਜਾਂਦੀ । ਹਲ ਵਾਹੁੰਦਾ

ਕਹਿੰਦਾ 'ਲਾਜੋ ਪਿੰਡੋਂ ਓਹੋ ਲਿਆਈਂ । ਮੈਂ ਛਿੱਟਾ ਦੇ ਦਿਆਂ ।" ਅਤੇ ਬੀਜ ਆ ਜਾਂਦਾ । ਕਦੀ ਕਦੀ 'ਓਹੋ' ਦਾ ਮਤਲਬ ਉਲਝ ਵੀ ਜਾਂਦਾ ਤਾਂ ਸੋਹਣ ਉਹਦੇ ਮੂਰਖ-ਪੁਣੇ ਤੇ ਖਿੱਝਦਾ ।

"ਏ ਕੁੜੇ ਲਾਜੋ ਓਹੋ ਕਿੱਥੇ ਐ ?" ਉਹ ਆਸੇ-ਪਾਸੇ ਹੱਥ ਮਾਰਦਾ, ਪੁੱਛਦਾ ।

ਕੁੜੀ ਕਹਿੰਦੀ "ਬਾਈ, ਚਿਲਮ ?"

"ਕਾਹਨੂੰ ਓਹੋ ।"

ਕੁੜੀ ਫਿਰ ਕਹਿੰਦੀ "ਤੰਬਾਕੂ" ?

ਅਤੇ ਉਹ ਖਿੱਝ ਕੇ ਕਹਿੰਦਾ, "ਹਾਏ ਤੇਰੀ ਧੀ ਨੂੰ ਮਾਰਾਂ । ਮੈ ਤਾਂ ਓਹੋ ਕੀ ਬਾਤ ਕਰ ਰਿਹਾਂ । ਆਪ ਕਹੀ ਜਾਹਾ ਤੰਬਾਕੂ, ਚਿਲਮ ।"

ਅਤੇ ਕੁੜੀ ਝਟ ਨਿਸ਼ਾਨੇ ਉੱਤੇ ਜਾ ਪਹੁੰਚਦੀ । "ਬਾਈ, ਸਾਫੀ ?"

ਅਤੇ ਉਹ ਕਹਿੰਦਾ, "ਉਰਾਂ ਹੁਣ ਰੱਖੀ ਤੀ, ਖਬਨੀ ਕਿੱਧਰ ਮਘੇਲ ਕੇ ਮਾਰੀ ?"

ਅਤੇ ਸੋਹਣ ਦਾ ਪਰ੍ਹਾਂ ਬੈਠਿਆਂ ਦਮ-ਘੁਟਦਾ ਰਹਿੰਦਾ । ਪਰ ਅਜ ਤਾਂ ਉਹਦੀ ਇਹ ਉਲਝਣ ਥੋੜੀ ਜਿਹੀ ਸੁਲਝ ਗਈ ਸੀ । ਉਹ ਸੀ ਪੰਜਵੇਂ ਜੀਅ - ਉਸ ਔਰਤ ਦਾ ਨਾਂ ਸੋਨਾ । ਵਾਹ-ਵਾਹ ਹੱਥਾਂ ਪੈਰਾਂ ਦੇ ਰੰਗ ਤੋਂ ਤਾਂ ਉਹ ਬਿਲਕੁਲ ਸੋਨਾ ਈ ਸੀ । ਉਂਝ ਤਾਂ ਇਸ ਦੁਨੀਆਂ ਵਿੱਚ ਸਭ ਕੁੱਝ ਉਲਟ ਹੁੰਦਾ ਏ । ਕਰੋੜਾ ਸਿੰਘ, ਲੱਖਾ ਸਿੰਘ, ਹਜ਼ਾਰਾ ਸਿੰਘ ਕਈ ਇਹੋ ਜਿਹੇ ਬੰਦਿਆਂ ਨੂੰ ਵੀ ਉਹ ਜਾਣਦਾ ਸੀ ਜੋ ਪੈਸੇ ਪੈਸੇ ਤੋਂ ਤੰਗ ਹੋਣ । ਧੋਖਾ ਹੀ ਧੋਖਾ, ਅੰਨੇ ਨੂੰ ਦੀਪ ਚੰਦ, ਚਿਰਾਗਦੀਨ, ਆਥੜੀ ਕਰਨ ਵਾਲੇ ਨੂੰ ਕਰਨੈਲ, ਜਰਨੈਲ, ਸੂਬੇਦਾਰ ਤੇ ਮੁਖਤਿਆਰ ਸਿੰਘ, ਨਵਾਬਦੀਨ, ਬੋ ਗੰਧ ਮਾਰਦੇ ਮਰੀਅਲ ਸਲੇਟੀ ਰੰਗ ਦੇ ਸਰੀਰਾਂ ਨੂੰ ਅਤਰੀ, ਚਮੇਲੀ, ਗੁਲਾਬ ਕੌਰ ਅਤੇ ਪਤਾ ਨਹੀਂ ਕਿੰਨੇ ਕਿੰਨੇ ਸੋਹਣੇ ਨਾਂ ਦਿੱਤੇ ਜਾਂਦੇ ਹਨ । ਪਤਾ ਵੀ ਹੁੰਦਾ ਏ ਕੁੜੀ ਦਾ ਸਾਰੀ ਉਮਰ ਗੋਹੇ ਵਿੱਚ ਹੱਥ ਰਹਿਣਾ ਏ ਪਰ ਫਿਰ ਵੀ ਮਾਪੇ ਨਾਂ ਭਾਗਭਰੀ, ਕਰਮੀ, ਜਲਾਲੀ । ਹਾ ਤੇਰੇ ਦੀ, ਪਰ ਸੋਨਾ ਦਾ ਨਾ

ਮਾਪਿਆਂ ਸਹੀ ਸੋਨੇ ਵਰਗੀ ਦੇਖ ਕੇ ਹੀ ਰੱਖਿਆ ਹੋਵੇਗਾ ।

ਫਿਰ ਇੱਕ ਦਿਨ ਉਹ ਥੋੜਾ ਜਿਹਾ ਹੋਰ ਅੱਗੇ ਵੱਧ ਗਿਆ । ਉਸ ਦਿਨ ਉਸ ਖੂਹ ਜੁਤਾ ਹੋਇਆ ਸੀ ਅਤੇ ਗਾਧੀ ਉੱਤੇ ਬੈਠਾ ਬਲਦ ਹਿੱਕ ਰਿਹਾ ਸੀ । ਗਰਮੀ ਪੂਰੀ ਸੀ । ਮਿਰਚਾਂ 'ਚੋਂ ਘਾਹ ਖੋਤਰਦੀ ਸੋਨਾ ਆਈ ਅਤੇ ਉਹਦੇ ਵੱਲ ਪਿੱਠ ਕਰਕੇ ਔਲੂ ਤੇ ਬੈਠ ਕੇ ਹੱਥ ਪੈਰ ਧੋਣ ਲੱਗੀ । ਉਸ ਪਹਿਲਾਂ ਥੋੜੀਆਂ ਬਾਹਵਾਂ ਕੁੰਜ ਕੂਹਣੀਆਂ ਤੱਕ ਬਾਹਾਂ ਧੋਤੀਆਂ । ਫਿਰ ਓਕ ਭਰ ਕੁਰਲੀ ਕੀਤੀ । ਫਿਰ ਗਿੱਲੇ ਹੱਥ ਘੁੰਡ ਵਿੱਚ ਕਰ ਮੂੰਹ ਤੇ ਫੇਰੇ । ਦੁਪੱਟੇ ਦਾ ਹੇਠਲਾ ਪੱਲਾ ਫੜ ਮੂੰਹ ਖੁਸ਼ਕ ਕੀਤਾ । ਅਤੇ ਫਿਰ ਉਹ ਪੱਲਾ ਸਿਰ ਤੇ ਪਾ ਘੁੰਡ ਡਬਲ ਕਰ ਲਿਆ । 'ਹਾ ਤੇਰੇ ਦੀ', ਸੋਹਣ ਨੇ ਬਲਦ ਨੂੰ ਪ੍ਰਾਣੀ ਫੇਰੀ ਅਤੇ ਹੌਕਾ ਭਰ ਕੇ ਛਾਤੀ ਹੌਲੀ ਕੀਤੀ । ਜਿਵੇਂ ਦੋਹਰੇ ਘੁੰਡ ਹੇਠਾਂ ਹਵਾ ਭਾਰੀ ਹੋ ਗਈ ਹੋਵੇ ਅਤੇ ਸਾਹ ਗਾਧੀ ਉੱਤੇ ਬੈਠੇ ਸੋਹਣ ਦਾ ਘੁਟ ਰਿਹਾ ਹੋਵੇ । ਅਤੇ ਅਜੇ ਬਲਦਾਂ ਨੇ ਗੇੜਾ ਈ ਲਿਆਂਦਾ ਸੀ ਕਿ ਸੋਨਾ ਨੇ ਦੋਵੇਂ ਪੈਰ ਪਾਣੀ ਵਿੱਚ ਪਾ ਦਿੱਤੇ ਅਤੇ ਸਲਵਾਰ ਦੇ ਪੌਂਚੇ ਗੋਡਿਆਂ ਤੱਕ ਚੁੱਕ ਲਏ । ਉਹਦੀਆਂ ਲਸ਼-ਲਸ਼ ਕਰਦੀਆਂ ਗੋਰੀਆਂ ਪਿੰਜਣੀਆਂ, ਮਛਲੀ ਦੇ ਮੂੰਹ ਤੱਕ ਚਮਕੀਆਂ ।

"ਤੌਬਾ ! ਤੌਬਾ ! ਨਿਰਾ ਸੋਨਾ, ਨਿਰਾ ਕੁੰਦਨ ! ਨਹੀਂ ਸਗੋਂ ਪਾਰਸ !" ਅਤੇ ਸੋਹਨ ਦੀ ਨਜ਼ਰ ਪਿੰਜਣੀਆਂ ਤੋਂ ਹੁੰਦੀ ਸੋਨਾ ਦੇ ਸਰੀਰ ਨਾਲ ਘਿਸਰਦੀ ਹੋਠਾਂ ਅਤੇ ਅੱਖਾਂ ਤੱਕ ਚਲੀ ਗਈ ।

ਸੋਨਾ ਨੇ ਪੈਰ ਧੋ ਜੁੱਤੀ ਪਾਈ, ਪੌਂਹਚੇ ਹੇਠਾਂ ਸੁੱਟੇ ਅਤੇ ਮਿਰਚਾਂ ਵੱਲ ਤੁਰ ਪਈ ।

ਸੋਹਣ ਦੇ ਧੁਰ ਅੰਦਰੋਂ ਇੱਕ ਹੂਕ ਉਠੀ ਅਤੇ ਦਿਲ ਛੇਕ ਗਈ । ਉਸ ਬਲਦ੍ ਨੂੰ ਚੱਡੀ ਦਿੰਦਿਆਂ ਕਿਹਾ, "ਉਹ ਜਿਉਂਦਾ ਰਹੇਂ ਚੰਨਾ, ਜਵਾਨੀਆਂ ਮਾਣੇ, ਰੂਪ ਸਦਾ ਨਹੀਂ ਰਹਿਣਾ । ਸੱਜਣਾ, ਮੇਲਾ ਚਾਰ ਦਿਨਾਂ ਦਾ ।"

ਸੋਨਾ ਨੇ ਪਿੱਠ ਭਵਾ ਪਿਛੇ ਨੂੰ ਦੇਖਿਆ ਤਾਂ ਉਹ ਗਾਧੀ ਉੱਤੇ ਖਲੋਕੇ ਬਲਦ ਦੇ ਪੁੜੇ ਤੇ ਪਿਆਰ ਦਾ ਹੱਥ ਫੇਰ ਰਿਹਾ ਸੀ । ਉਸ ਦਿਨ ਪਿੱਛੋਂ ਅਣਦੇਖੀ

ਸੋਨਾ ਦਾ ਇਸ਼ਕ ਜਿਹਾ ਲੱਗ ਗਿਆ ਅਤੇ ਸੋਹਨ ਸੋਨਾਂ ਦੇ ਭਿੰਨ-ਭਿੰਨ ਸੁੰਦਰ ਖਿਆਲੀ ਚਿੱਤਰਾਂ ਦੀ ਖਿੱਚ ਵਿਚ ਖਿੱਚਿਆ ਗਿਆ । ਪਰ ਇਹ ਉਲਝਣ ਅਜੇ ਕਾਇਮ ਸੀ ਕਿ ਸੋਨਾ ਬਾਂਡੇ ਦੀ ਕੀ ਏ ।

ਸੋਹਣ ਦੀ ਉਮਰ 20-21 ਸਾਲ ਦੀ ਸੀ । ਰੰਗ-ਢੰਗ ਸੋਹਣਾ ਸੀ ਅਤੇ ਉਹ ਪੰਜ-ਚਾਰ ਜਮਾਤਾਂ ਪੜ੍ਹਿਆ ਵੀ ਹੋਇਆ ਸੀ । ਉਹ ਇੱਕੋ ਇੱਕ ਅਲਾਟੀ ਇਸ ਪਿੰਡ ਵਿਚ ਆਏ ਸਨ ਅਤੇ ਬਾਕੀ ਪਿੰਡ ਸਾਰਾ ਲੋਕਲਾਂ ਦਾ ਸੀ ।

ਸੋਹਣ ਦੇ ਦਿਲ ਵਿਚ ਪਿਆਰ ਮੁਹੱਬਤ ਦੇ ਉਲੰਭੇ ਬਲਦੇ ਅਤੇ ਉਹ ਮਨ ਹੀ ਮਨ ਸੋਚਦਾ । 'ਸੋਨਾ ਕਿਤੇ ਤਾਂ ਘੁੰਡ ਵਿਚੋਂ ਮੂੰਹ ਬਾਹਰ ਕੱਢ ਮੇਰੇ ਨਾਲ ਅੱਖ ਮਿਲਾਵੇ ਤਾਂ ਮੈਂ ਸੋਨੇ ਦੀ ਡਲੀ ਨੂੰ ਅੱਖਾਂ ਦੀ ਕੁਠਾਲੀ ਵਿਚ ਪਾ, ਬਿਰਹਾ ਦੀ ਅੱਗ ਬਾਲ, ਦਿਲ ਦੇ ਪਿਆਰ ਦਾ ਸੇਕ ਦੇ ਪੰਘਾਰ ਕੇ ਚੱਲਣਹਾਰ ਬਣਾ ਦਿਆਂ ਜਿਹਨੂੰ ਦੁਨੀਆਂ ਵੇਖੇ ।"

ਪਰ ਅਜੇ ਤਾਂ ਉਸਨੂੰ ਇਹ ਜਾਨਣ ਦੀ ਖਾਹਿਸ਼ ਸੀ ਕਿ ਇਹ ਬਾਂਡੇ ਦੀ ਕੀ ਲਗਦੀ ਏ ਅਤੇ ਰੂਪ ਕਿਹੋ ਜਿਹਾ ਏ । ਅਜੇ ਤਾਂ ਉਹਦੀ ਬਾਹਰੀ ਅੰਗਾਂ ਤੋਂ ਅਤੇ ਤੋਰ ਤੋਂ ਹੀ ਪਿਆਰ ਖਿੱਚ ਬਣੀ ਹੋਈ ਸੀ । ਪਰਦੇ ਵਿੱਚ ਕੀ ਏ ? ਉਹਨੂੰ ਕੋਈ ਪਤਾ ਨਹੀਂ ਸੀ । ਅਜੇ ਤਾਂ ਉਸ ਉਹਦੀ ਅਵਾਜ ਵੀ ਨਹੀਂ ਸੀ ਸੁਣੀ । ਬੁਲਬੁਲ ਜਾਂ ਡੂੰਮਣੀ ? ਕਿੱਥੋਂ ਤੇ ਕਿਵੇਂ ਪਤਾ ਲੱਗੇ ? ਕਿਹਨੂੰ ਪੁੱਛਾਂ ? ਪਿੰਡ ਵਿੱਚ ਉਹਦੇ ਪੰਜ ਸੱਤ ਬੰਦੇ ਬੋਲ ਚਾਲ ਵਾਲੇ ਸਨ । ਜੇ ਉਹਨਾਂ ਵਿਚੋਂ ਕਿਸੇ ਨੂੰ ਪੁੱਛਾਂ ਤਾਂ ਹੋਰ ਈ ਨਾ ਪੰਗਾ ਖੜਾ ਹੋ ਜਾਏ । ਉਹਨੂੰ ਖਿਆਲ ਆਇਆ ਬਾਂਡੇ ਦੀ ਨਿੱਕੀ ਕੁੜੀ ਦਾ । ਪਰ ਉਹਨੂੰ ਤਾਂ ਉਸ ਕਦੀ ਬੁਲਾਇਆ ਕੁਆਇਆ ਨਹੀਂ ਸੀ ।

ਫਿਰ ਉਹ ਦਿਨ ਆ ਗਿਆ ਜਿਸ ਦਿਨ ਉਸ ਗੋਰਖ ਧੰਦਾ ਸੁਲਝਾ ਲਿਆ । ਦੁਪਹਿਰ ਦਾ ਵੇਲਾ ਸੀ । ਲਾਜੋ ਅਤੇ ਸੋਨਾ ਖੂਹ ਤੋਂ ਤਿੰਨ ਪੈਲੀਆਂ ਹਟਵੀਆਂ ਗੁਡਾਈ ਕਰ ਰਹੀਆਂ ਸਨ ਅਤੇ ਬੰਤਾਂ ਦੇ ਖੇਤ ਹੋਰ ਹਟਵਾਂ ਕਹੀ ਫੜ ਵੱਟ ਛਾਂਗ ਰਿਹਾ ਸੀ ਕਿ ਲਾਜੋ ਖੂਹ ਤੋਂ ਪਾਣੀ ਲੈਣ ਆ ਗਈ । ਕੁੜੀ ਨੇ ਮੱਘੀ ਨਸਾਰ ਵਿੱਚ ਰੱਖ ਗਾਧੀ ਨੂੰ ਧੱਕਾ ਲਾਇਆ, ਦੋ ਅੱਡੇ ਲਾਏ ਪਰ ਟਿੰਡ ਕੋਈ ਨਾ

ਡੁਲ੍ਹੀ । ਫਿਰ ਉਹ ਦੂਜੇ ਪਾਸੇ ਬੇਰੀ ਹੇਠ ਬੈਠੇ ਸੋਹਨ ਕੋਲ ਆਈ ਤੇ ਕਿਹਾ, "ਓ ਚਾਚੇ, ਜਰਾ ਖੂਹ ਗੇੜੀਂ । ਮੈਂ ਪਾਣੀ ਭਰ ਲਾਂ ।"

ਸੋਹਣ ਉੱਠਿਆਂ ਮਾਹਲ ਤੇ ਚੜ੍ਹ ਪੰਜ ਸੱਤ ਟਿੰਡਾ ਡੋਲੀਆਂ । ਮੱਘਾ ਭਰ ਗਿਆ । ਲਾਜੋ ਨੇ ਬੁੱਕ ਭਰ ਪਾਣੀ ਪੀਤਾ ਅਤੇ ਦਮ ਮਾਰਨ ਲਈ ਖੂਹ ਦੀ ਮੌਣ ਉਤੇ ਬੈਠ ਗਈ । ਸੋਨਾਂ ਮਿਰਚਾਂ ਵਿਚੋਂ ਉੱਠ ਵੱਟ ਤੇ ਕਿੱਕਰੀ ਦੀ ਛਾਂਵੇਂ ਜਾ ਬੈਠੀ ਸੀ ।

ਸੋਹਣ ਨੇ ਕਿਹਾ "ਗੁੱਡੀ, ਅੱਜ ਕੀ ਕੰਮ ਕਰਦੇ ਓ ?"

ਕੁੜੀ ਨੇ ਕਿਹਾ, "ਚਾਚੇ, ਮੈਂ ਤੇ ਮਾਸੀ ਮਿਰਚਾਂ ਗੁੱਡਦੇ ਆਂ ਅਤੇ ਬਾਈ ਖਾਲੀ ਛਾਂਗਦਾ ਏ ।"

"ਗੁੱਡੀ, ਸੋਨਾਂ ਤੇਰੀ ਮਾਸੀ ਲਗਦੀ ਏ ?"

"ਹਾਂ ਚਾਚੇ, ਮਾਸੀ ਵੀ ਚਾਚੀ ਵੀ । ਮੇਰੀ ਮਾਂ ਤੇ ਮਾਸੀ ਦੋਵੇਂ ਚਾਚੇ ਤਾਏ ਦੀਆਂ ਭੈਣਾਂ ਨੇ ।" ਇੰਨਾ ਆਖ ਲਾਜੋ ਚੁੱਪ ਕਰ ਗਈ ।

ਪਰ ਸੋਹਣ ਗੱਲ ਦੀ ਤਹਿ ਤੱਕ ਪਹੁੰਚ ਜਾਣ ਦਾ ਵੇਲਾ ਨਹੀਂ ਸੀ ਗਵਾਣਾ ਚਾਹੁੰਦਾ । ਅਤੇ ਲਾਜੋ ਗੱਲ ਤੋਲਵੀਂ ਕਰ ਰਹੀ ਸੀ । ਪਰ ਰੌਂਅ ਉਹਦਾ ਮਿੱਠਾ ਸੀ । ਸੋਹਣ ਨੂੰ ਭੁੱਲ ਵਾਕਫੀ ਚਾਹੀਦੀ ਸੀ । ਉਸ ਫਿਰ ਪੁੱਛਿਆ, "ਮਾਸੀ ਤਾਂ ਹੋਈ ਪਰ ਚਾਚੀ ਕਿਵੇਂ?"

"ਚਾਚੇ, ਮਾਸੀ ਦਾ ਰਿਸਤਾ ਮੇਰੇ ਚਾਚੇ ਲਈ ਮਾਂ ਹੀ ਲੈ ਕੇ ਆਈ ਸੀ ।"

.... ਚੁੱਪ ....

ਸੋਹਣ ਨੇ ਫਿਰ ਪੁੱਛਿਆ, "ਗੁੱਡੀ, ਫਿਰ ਤੇਰਾ ਚਾਚਾ ?"

ਕੁੜੀ ਨੇ ਥੋੜੀ ਪੀੜ ਮੰਨੀ । ਹੌਕਾ ਜਿਹਾ ਭਰਿਆ ਤੇ ਕਿਹਾ, "ਚਾਚੇ, ਚਾਚਾ ਤਾਂ ਵਿਆਹ ਕੇ ਲਿਆਇਆ ਤੇ ਦੂਜੀ ਰਾਤ ਪੂਰਾ ਹੋ ਗਿਆ ਸੀ । ਫਿਰ ਬਾਈ ਨੇ ਮਾਸੀ ਉਤੇ ਚਾਦਰ ਪਾ ਲਈ ।"

ਸੋਹਣ ਗੱਲ ਦੀ ਤਹਿ ਤੱਕ ਪਹੁੰਚ ਗਿਆ ਸੀ । ਅਤੇ ਹੁਣ ਇਕ ਗੱਲ ਸੀ ਪੁੱਛਣ ਵਾਲੀ ਕਿ ਸੋਨਾ ਦੀ ਉਮਰ ਕੀ ਹੋਵੇਗੀ । ਫਿਰ ਉਸ ਕੁੜੀ ਨੂੰ ਪੁੱਛਿਆ,

"ਗੁੱਡੀ, ਤੇਰਾ ਚਾਚਾ ਕਦੋਂ ਪੂਰਾ ਹੋਇਆ ਤੇ ਉਹਦੀ ਉਮਰ ਕਿੰਨੀ ਕੁ ਸੀ ?"

ਕੁੜੀ ਨੇ ਕਿਹਾ, "ਚਾਚੇ ਨੂੰ ਪੂਰਾ ਹੋਇਆਂ ਦੋ ਸਾਲ ਹੋ ਗਏ ਨੇ । ਉਮਰ ਵੀ ਕੀ ਸੀ । ਬਸ ਚਾਚੇ, ਤੇਰੇ ਵਰਗਾ ਸੀ । ਬਸ ਚਾਚੀ ਤੋਂ ਸਾਲ ਛਿਮਾਹੀ ਵੱਡਾ ਸੀ ।" ਅਤੇ ਇਹ ਕਹਿੰਦੀ ਕਹਿੰਦੀ ਲਾਜੋ ਪਾਣੀ ਦੀ ਮੱਘੀ ਚੁੱਕ ਕਿੱਕਰੀ ਹੇਠਾਂ ਬੈਠੀ ਸੋਨਾਂ ਵਲ ਤੁਰ ਪਈ ।

ਅਤੇ ਸੋਹਣ ਨੇ ਇਸ਼ਕ ਦੀ ਪੀੜ ਵਿਚ ਰੁੱਗ ਭਰ-ਭਰ ਸੋਨਾਂ ਲਈ ਹਮਦਰਦੀ ਭਰ ਲਈ । "ਹੱਤ ! ਤੇਰੇ ਖਬੀਸ ਬਾਂਡੇ ਦੀ ਐਸੀ ਤੈਸੀ । ਐਨਾ ਅਨਰਥ ! ਸਾਲਿਆ, ਤੂੰ ਹੀ, ਸਾਰੀ ਦੁਨੀਆਂ ਵਿੱਚ ਇਕ ਰਾਂਝਾ ਰਹਿ ਗਿਆ ਸੀ । ਕੂੰਜ ਕਬੂਤਰੀ ਵਰਗੀ ਮੁਟਿਆਰ ਸਾਲੇ ਗੰਜੇ ਗੋਗੜ ਨੇ ਕੈਦ ਕਰ ਰਖੀ ਏ ।"

ਇਸ ਪਿਛੋਂ ਸੋਹਨ ਦੇ ਦਿਲ ਦਿਮਾਗ ਤੇ ਸੋਨਾ ਦੇ ਇਸ਼ਕ ਨੇ ਪੂਰਾ ਪੂਰਾ ਕਬਜਾ ਕਰ ਲਿਆ । ਬਸ ਹੁਣ ਦੋ ਹੀ ਗੱਲਾਂ ਖੁੱਲ੍ਹਣੀਆਂ ਰਹਿ ਗਈਆਂ ਸਨ । ਸੋਨਾ ਦੀ ਆਵਾਜ ਅਤੇ ਸ਼ਕਲ । ਸੋਹਣ ਨੂੰ ਇਕ ਪਾਸੜ ਇਸ਼ਕ ਦੀ ਅੱਗ ਜਿਹੀ ਲਗ ਗਈ । ਅਤੇ ਉਹਦੇ ਖਾਬਾਂ-ਖਿਆਲਾਂ ਵਿਚ ਸੋਨਾਂ ਦੇ ਭਿੰਨ-ਭਿੰਨ ਚਿੱਤਰ ਘੁੰਮਣ ਲੱਗੇ । ਬੰਤਾ ਬਾਂਡਾ ਉਹਨੂੰ ਜ਼ਹਿਰ ਤੋਂ ਵੀ ਕੌੜਾ ਲੱਗਣ ਲਗ ਪਿਆ ।

ਇਕ ਦਿਨ ਉਹ ਖੂਹ ਦੇ ਧੱਕੜ ਤੇ ਬੈਠਾ ਸੀ ਕਿ ਪਿੰਡ ਵਲੋਂ ਬੰਤਾ ਬਲਦਾਂ ਦੀ ਜੋੜੀ ਹਿੱਕੀ ਆਉਂਦਾ ਦਿਸਿਆ । ਉਹਦੇ ਮਗ਼ਰ-ਮਗਰ ਸੋਨਾਂ ਤੁਰੀ ਆਉਂਦੀ ਸੀ । ਉਸੇ ਤਰ੍ਹਾਂ ਗਾੜ੍ਹੇ ਦੁਪੱਟੇ ਵਿਚ ਮੂੰਹ ਸਿਰ ਲਪੇਟੀ । ਸੋਹਣ ਦਾ ਮੂੰਹ ਕੌੜਾ-ਕੌੜਾ ਹੋ ਗਿਆ । ਦਿਲ ਵਿਚ ਕ੍ਰੋਧ ਦੀ ਲਹਿਰ ਸਰਕੀ । ਕਿਉਂ ਨਾ ਅਗਲ-ਵਾਂਡੀ ਹੋ ਸਾਲੇ ਬਾਂਡੇ ਖਬੀਸ ਨੂੰ ਚੁੱਕ ਕੇ ਹੀਂਸ ਦੇ ਝਾੜ ਵਿਚ ਸੁੱਟਾਂ ਅਤੇ ਵਾਹਣ ਵਿਚੋਂ ਚੁੱਕ ਕੇ ਦੋ ਚਿਲਾਂ ਸਿਰ ਵਿਚ ਮਾਰਾਂ । ਸਾਲਾ ਕਿਵੇਂ ਮੋਰ ਬਣਿਆ ਆਉਂਦਾ ਏ । 'ਹਰਾਮਜਾਦਾ, ਫਰਾਡੀ' । 'ਸਾਲਿਆ' ਅਜੇ ਵੀ ਇਹ ਤੇਥੋਂ ਛੋਟੇ ਦੀ ਬਹੂ ਏ ।' ਬੇਈਮਾਨ, ਸਮੁੱਚੀ ਦੁਨੀਆਂ ਨੂੰ ਧੋਖਾ ਦੇ ਰਿਹਾ ਏ । ਸਾਰੇ ਸਮਾਜ ਨੂੰ ਮੂਰਖ ਤੇ ਬੁੱਧੂ ਸਮਝ ਰਿਹਾ ਏ । ਲਾਹਨਤੀ, ਜਾਹਰਾ ਤਾਂ ਛੋਟੇ ਭਰਾ ਦੀ ਘਰ ਵਾਲੀ ਸ਼ੋ ਕਰੇ । ਗਾੜ੍ਹੇ ਪਰਦੇ ਦੀ ਕੈਦ ਵਿਚ ਰੱਖੇ । ਅਤੇ ਰਾਤ ਦੇ ਹਨੇਰੇ ਵਿਚ ਉਹਦੇ

ਨਾਲ ਹਮਬਿਸਤਰੀ ਕਰੇ । ਗੱਲ੍ਹਾਂ ਚੂਪੇ । ਸਾਲਾ ਉਦੋਂ ਵੀ ਘੁੰਡ ਹੀ ਰਖਾਂਦਾ ਹੋਣਾ ਏ ?

ਅਤੇ ਸੋਹਣ ਅੱਗ ਵਾਂਗ ਭਖ ਕੇ ਤੜਫ ਉੱਠਿਆ । ਉਸਦਾ ਜੀਅ ਕੀਤਾ ਇਸਦੇ ਸਾਹਮਣੇ ਹੀ ਸੋਨਾਂ ਨੂੰ ਕਹਾਂ 'ਵੇਖ ਸੋਨਾ ਰਾਣੀ, ਜੇ ਤੈਨੂੰ ਰੱਬ ਨੇ ਕੋਈ ਰੂਪ ਦੀ ਛਿੱਟ ਦਿੱਤੀ ਏ ਤਾਂ ਚੁੱਕ ਪਰਦਾ । ਲਾਹ ਦੇ ਇਹ ਜਹਾਲਤ ਅਤੇ ਇਹ ਉਮਰ ਭਰ ਦੀ ਗੁਲਾਮੀ ਦਾ ਤੌਂਕ ਲਾਹ ਦੇ । ਅਤੇ ਰੂਪ ਦੀਆਂ ਕਿਰਨਾਂ ਬਖੇਰਦੇ ਕਾਇਨਾਤ ਵਿਚ । ਅਤੇ ਇਸ ਬਾਂਡੇ ਦੀ ਕੈਦੋਂ ਬਾਹਰ ਹੋ । ਪਰਦੇ ਦੇ ਤਾਂ ਉਹ ਮੂਲੋਂ ਹੀ ਵਿਰੁੱਧ ਸੀ । ਅਤੇ ਸੋਨਾਂ ਦਾ ਪਰਦਾ ਤਾਂ ਸਮਾਜ ਦੇ ਅੱਖੀਂ ਘੱਟਾ ਪਾਉਣ ਵਾਲਾ ਪਰਦਾ ਸੀ । ਇਸ ਗਲਤ ਸਮਾਜ ਦਾ ਇਕ ਕੋਝਾ ਫੈਸਲਾ । ਇਕ ਮੁਟਿਆਰ ਸੱਧਰਾਂ ਉਮੰਗਾਂ ਨਾਲ ਜਵਾਨੀ ਦੀ ਸਿਖਰ ਤੇ ਪਤਨੀ ਬਣੀ, ਵਿਧਵਾ ਹੋਈ । ਦੂਜੇ ਚੌਥੇ ਦਿਨ ਫਿਰ ਕੋਈ ਅਣਚਾਹਿਆ ਖੋਸਟ ਉਹਦੇ ਧੱਕੋ-ਧੱਕੀ ਗਲ ਮੜ੍ਹ ਦੇਣਾ ਜਿਹੜਾ ਧੱਕੋ-ਧੱਕੀ ਉਹਦੀ ਮਾਂਗ ਸੰਧੂਰ ਭਰੇ ਅਤੇ ਲੋਕ ਵਖਾਵਾ ਨੂੰਹਾਂ ਵਾਲਾ ਕਰੇ । ਜੇ ਪਾਪੀ ਮਾਪੇ ਬਿਠਾਣ ਹੀ ਲੱਗੇ ਸਨ ਅਤੇ ਬੁੱਢੇ ਖੋਸਟ ਦੇ ਹੀ ਬਠਾਣੀ ਸੀ ਤਾਂ ਕਿਸੇ ਹੋਰ ਲੜ ਲਾ ਦਿੰਦੇ, ਜਿਥੇ ਘੱਟੋ ਘੱਟ ਇਹ ਉਮਰ ਭਰ ਘੁੰਡ ਵਿਚ ਅੱਖਾਂ ਗਾਲਣੋ ਤਾਂ ਬਚਦੀ ।

ਉਸ ਪੀੜ ਤੇ ਕ੍ਰੋਧ ਅੰਦਰ ਹੀ ਅੰਦਰ ਦੱਬੀ । ਉਹਦੇ ਦਿਨ ਰੁੱਖੇ ਅਤੇ ਰਾਤਾਂ ਪੀੜ ਨੇ ਮੱਲ ਲਈਆਂ । ਸੁਪਨੇ ਵਿਚ ਵੀ ਸੋਨਾ ਭਿੰਨ-ਭਿੰਨ ਰੂਪ ਵਿਚ ਆਉਂਦੀ ਅਤੇ ਬੰਤੇ ਦਾ ਗਿਲਾ ਕਰਦੀ ।

ਫਿਰ ਇਕ ਦਿਨ ਉਹ ਆ ਗਿਆ ਜਿਸ ਦਿਨ ਸੋਹਣ ਸਿਖਰ ਦੀ ਪੌੜੀ ਚੜ੍ਹ ਗਿਆ । ਜਦ ਉਹ ਬੇਰੀ ਹੇਠਾਂ ਵਾਰਸ ਦੀ ਹੀਰ ਪੜ੍ਹਦਾ-ਪੜ੍ਹਦਾ ਲੇਟ ਗਿਆ, ਅੱਖਾਂ ਤੇ ਕਿਤਾਬ ਰੱਖੀਂ ਤੇ ਉਹਨੂੰ ਨੀਂਦ ਆ ਗਈ ਕਿ ਉਹਦੇ ਕੰਨਾਂ ਵਿਚ ਮੁਰਲੀ ਵਰਗੀ ਮਿਠੀ ਅਵਾਜ ਟਕਰਾਈ । 'ਜੀ ਜਰਾ ਘਾਹ ਦੀ ਪੰਡ ਚਕਾਈ ।' ਆਵਾਜ ਉਹਨੂੰ ਕੰਨੀ ਰਸ ਘੋਲ ਗਈ । ਇਹੋ ਆਵਾਜ ਤਾਂ ਉਹਨੂੰ ਖਾਬਾਂ ਵਿਚ ਵੀ ਸੁਣਾਈ ਦਿੰਦੀ ਸੀ ਅਤੇ ਜਦ ਅੱਖ ਖੁੱਲਦੀ ਤਾਂ ਆਵਾਜ਼ ਉਹਦੇ ਅੰਦਰੇ ਮਿਠਾਸ ਧੂੜਦੀ

ਰਹਿੰਦੀ । ਪਰ ਅੱਜ ਤਾਂ ਇਹ ਆਵਾਜ਼ ਬਿਨਾਂ ਸੁਪਨੇ ਸਿੱਧੀ ਹੀ ਸੁਣੀ ਸੀ । ਪਰ ਉਹ ਕੰਨਾਂ ਦਾ ਭੁਲੇਖਾ ਸਮਝ ਕੇ ਟੱਸ ਤੋਂ ਮੱਸ ਨਾ ਹੋਇਆ ।

"ਜੀ, ਜਰਾ ਪੰਡ ਚੁਕਾਈਂ ।" ਦੁਬਾਰਾ ਆਵਾਜ਼ ਆਈ ।

ਉਸ ਕਿਤਾਬ ਅੱਖਾਂ ਤੋਂ ਚੁੱਕੀ ਅਤੇ ਉਠ ਕੇ ਬੈਠ ਗਿਆ । ਵੇਖਿਆ ਸੋਨਾਂ ਬੇਰੀ ਨਾਲ ਮੋਢਾ ਲਾਈ ਖਲੋਤੀ ਸੀ । ਉਸੇ ਤਰ੍ਹਾਂ 'ਗੂਹੜੇ' ਘੁੰਡ ਵਿਚ ਲਿਪਟੀ ਹੋਈ । ਸੋਹਣ ਦੇ ਸਿਰ ਵਿਚੋਂ ਸੇਕ ਜਿਹਾ ਨਿਕਲ ਗਿਆ । ਉਹਦੇ ਜਜਬੇ ਕੰਬ ਗਏ । ਉਸ ਆਸੇ-ਪਾਸੇ ਵੇਖਿਆ । ਦਿਲ ਵਿਚ ਆਇਆ । ਸੋਨਾਂ ਨਾਲ ਕੋਈ ਗੱਲ ਕਰਾਂ । ਪਰ ਕੰਬਦੇ ਜਜਬਾਤਾਂ ਵਿਚ ਉਹ ਮੂੰਹੋਂ ਬੋਲ ਨਾ ਸਕਿਆ । ਤੇ ਸਿਰ ਨਾਲ ਇਸ਼ਾਰਾ ਕੀਤਾ 'ਚਲੋ' ਜੋ ਸੋਨਾ ਸਮਝ ਨਾ ਸਕੀ ਜਾਂ ਜਾਣ ਕੇ ਨਜਰ ਅੰਦਾਜ਼ ਕੀਤਾ । ਅਤੇ ਫਿਰ ਕਿਹਾ, "ਜੀ, ਕਪਾਹ ਦੇ ਖੇਤ ਵਿਚ ਘਾਹ ਦੀ ਪੰਡ ਏ, ਜਰਾ ਚਕਾਈਂ ।"

ਉਸ ਉਠ ਕੇ ਖੂਹ ਦੀ ਟਿੰਡ ਵਿਚ ਪਾਣੀ ਦੀ ਓਕ ਭਰ ਮੂੰਹ ਨੂੰ ਲਾਈ ਅਤੇ ਕੰਬਦੇ ਜਜਬੇ ਠੰਢੇ ਕੀਤੇ । "ਚਲ ਸੋਨਾਂ, ਮੈਂ ਆਇਆ ।"

ਅਤੇ ਸੋਨਾਂ ਇਹ ਕਹਿ ਕੇ ਤੁਰ ਪਈ । 'ਜੀ, ਛੇਤੀ ਆਈਂ ।'

ਮਿੱਠੀ ਆਵਾਜ਼ ਤੇ ਵਾਰ-ਵਾਰ ਜੀ ਆਖਣ ਨੇ ਸੋਹਣ ਵਿਚ ਅਪਣੱਤ ਜਿਹੀ ਮਿਠਾਸ ਭਰ ਦਿੱਤੀ । ਇਕ ਪਾਸੇ ਕਮਾਦ ਅਤੇ ਦੂਜੇ ਪਾਸੇ ਮੱਕੀ ਦੀ ਵੱਟ ਤੇ ਜਦ ਉਹ ਤੁਰਿਆ ਕਿ ਸੋਨਾ ਅੱਧੋਂ ਟੱਪ ਖਲੋ ਕੇ ਪਿੱਛੇ ਵੇਖ ਰਹੀ ਸੀ । ਉਸ ਘੁੰਡ ਦੇ ਦੋਵੇਂ ਸਿਰੇ ਦੋਹਾਂ ਹੱਥਾਂ ਵਿਚ ਫੜੇ ਹੋਏ ਸਨ ਤੇ ਵਿਚੋਂ ਇਕ ਝੀਥ ਜਿਹੀ ਬਣਾਈ ਹੋਈ ਸੀ । ਅਤੇ ਫਿਰ ਉਹ ਇਸ ਤਰ੍ਹਾਂ ਝਟਕਾ ਦੇ ਘੁੰਡ ਦੀ ਝੀਥ ਬੰਦ ਕਰ ਕੇ ਲਚਕ ਤੁਰੀ ਜਿਵੇਂ ਮੂੰਹ ਨਾਲ ਡੂੰਮਣੇ ਮਖਿਆਲ ਦੀ ਮੱਖੀ ਆ ਬੈਠੀ ਹੋਵੇ । ਪਰ ਸੋਹਣ ਤਾਂ ਇਸ ਅਨੋਖੀ ਅਦਾ ਤੇ ਮਰ-ਮਰ ਜਾ ਰਿਹਾ ਸੀ ।

ਉਹ ਅੱਗੇ-ਅੱਗੇ ਤੁਰੀ ਕਪਾਹ ਦੇ ਖੇਤ ਦੇ ਐਨ ਵਿਚਾਲੇ ਜਾ ਰਹੀ ਸੀ । ਜਿਥੇ ਉਸ ਘਾਹ ਦੀ ਪੰਡ ਪਾਈ ਹੋਈ ਸੀ । ਇਹ ਪਹਿਲੀ ਵਾਰ ਸੀ ਕਿ ਉਸ ਪਰਿਵਾਰ ਦੇ ਕਿਸੇ ਜੀਅ ਨੇ ਹੱਥ ਵਟਾਣ ਨੂੰ ਕਿਹਾ ਸੀ । ਵੇਲਾ ਸੀ ਮੂੰਹੋਂ ਕੋਈ

ਗਲ ਕੱਢਣ ਦਾ ਅਤੇ ਸੋਹਣ ਨੇ ਵੇਲਾ ਖੁੰਝਣ ਨਾ ਦਿੱਤਾ । ਅਤੇ ਨੇੜੇ ਜਾਂਦਿਆਂ ਹੀ ਪੁੱਛਿਆ, "ਸੋਨਾਂ, ਅੱਜ ਹੋਰ ਜੀਅ ਕਿਧਰ ਗਏ ?"

ਅਤੇ ਸੋਨਾਂ ਨੇ ਉਸੇ ਸੁਰ ਵਿਚ ਕਿਹਾ,"ਜੀ, ਬੁੱਢਾ ਬੁੱਢੀ ਤਾਂ ਕਿਤੇ ਰਿਸਤੇਦਾਰੀ ਵਿਚ ਵਿਆਹ ਗਏ ਨੇ ਤੇ ਲਾਜੋ ਘਰ ਕੰਮ ਧੰਦਾ ਕਰਦੀ ਏ ।"

ਸੋਹਣ ਨੇ ਸੁਝਾਅ ਜਿਹਾ ਦਿੱਤਾ, "ਲਾਜੋ ਨੂੰ ਘੱਲ ਦਿੰਦੇ । ਆਪੇ ਲੈ ਜਾਂਦੀ ।"

ਪਰ ਸੋਨਾ ਨੇ ਗਲ ਹੋਰ ਪਾਸੇ ਤੋਂ ਪੁਛੀ, "ਜੀ, ਇਕ ਗੱਲ ਪੁੱਛਾਂ" ਅਤੇ ਬਿਨਾਂ ਸੋਹਣ ਦੇ ਹੂੰ ਹਾਂ ਕੀਤੇ ਉਸ ਗੱਲ ਪੁੱਛ ਵੀ ਲਈ । 'ਜੀ, ਉਸ ਦਿਨ ਲਾਜੋ ਖੂਹ ਤੋਂ ਪਾਣੀ ਭਰਨ ਕੇ ਆਈ ਤੇ ਕਹਿੰਦੀ ਮਾਸੀ ਚਾਚਾ ਤੇਰੇ ਬਾਰੇ ਬੜਾ ਪੁੱਛਦਾ ਸੀ ।'

ਸੋਹਣ ਸੋਨਾਂ ਦੇ ਹਾਵ-ਭਾਵ ਤਾਂ ਪਹਿਲਾਂ ਬੇਰੀ ਥਲੇ ਹੀ ਸਮਝ ਬੈਠਾ ਸੀ । ਪਰ ਕੁਝ 'ਜੀ, ਛੇਤੀ ਆਈਂ', ਫਿਰ ਵੱਟ ਤੇ ਪਿਛਾਂਹ ਮੁੜ ਕੇ ਵੇਖਣਾ ।' ਫਿਰ ਬਾਂਡੇ ਨੂੰ ਬੁੱਢਾ ਕਹਿਣਾ । ਸਭ ਹਾਂ ਪੱਖੀ ਰੁੱਖ ਸਨ । ਸੋਨਾਂ ਪੰਡ ਦੇ ਆਸੇ-ਪਾਸੇ ਤੋਂ ਘਾਹ ਦੇ ਡੱਕੇ ਚੁਗ ਰਹੀ ਸੀ ਕਿ ਸੋਹਣ ਨੇ ਕਿਹਾ, "ਸੋਨਾਂ, ਬੁੱਢਾ ਬੜਾ ਖੋਚਰੀ ਏ । ਕਿਤੇ ਵਿਆਹ ਤੋਂ ਹੋਰ ਕੋਈ ਸੋਨਾਂ ਨਾ ਲੈ ਆਵੇ ।"

ਪਰ ਸੋਨਾਂ ਨੇ ਝਟ ਕਿਹਾ, "ਜੀ ਪੁਰਾਣੇ ਕੋਠਿਆਂ ਤੋਂ ਲੱਥੇ ਸਿਉਂਕ ਦੇ ਖਾਧੇ ਸਤੀਰਾਂ ਤੇ ਕਿਹੜਾ ਬੈਠਕਾਂ, ਡਿਊੜੀਆਂ ਉਸਰਦੀਆਂ ਨੇ ।"

ਸੋਹਣ ਹੁਣ ਸਿਖਰ ਦੇ ਡੰਡੇ ਨੂੰ ਛੋਹਣ ਵਾਲਾ ਸੀ । ਉਸ ਕਿਹਾ "ਸੋਨਾ, ਅੱਠੇ ਪਹਿਰ ਦੇ ਘੁੰਡ ਵਿਚ ਤੇਰਾ ਸਾਹ ਨਹੀਂ ਘੁੱਟਦਾ ?"

ਸੋਨਾਂ ਪੰਡ ਦੇ ਨਾਲ ਢੋਹ ਲਾ ਕੇ ਬੈਠ ਗਈ ਤੇ ਕਿਹਾ ,"ਜੀ, ਜੀਅ ਤਾ ਕਾਹਲਾ ਪੈਂਦਾ ਏ ਪਰ ਇਹ ਚੰਦਰੇ ਲੋਕਾਂ ਦਾ ਚੰਦਰਾ ਰਿਵਾਜ ।"

ਸੋਹਣ ਨੇ ਕਿਹਾ, "ਸੋਨਾ ਘੁੰਡ ਤਾਂ ਕਰੂਪ ਲੁਕਾਣ ਵਾਸਤੇ ਵਰਤਣਾ ਚਾਹੀਦਾ ਏ । ਕੀ ਤੂੰ ਕਰੂਪ ਏ ?" ਹੁਣ ਸੋਹਣ ਅਣਝੱਕ ਹੋ ਗਿਆ ਸੀ ।

ਸੋਨਾਂ ਨੇ ਕਿਹਾ, "ਜੀ, ਬਹਿ ਜਾ । ਤੇਰੇ ਨਾਲ ਦੋ ਗੱਲਾਂ ਕਰਨੀਆਂ ਨੇ ।"

ਸੋਹਣ ਆਸੇ ਪਾਸੇ ਵੇਖ ਬੈਠ ਗਿਆ ਤੇ ਬਹਿੰਦੇ ਨੇ ਕਿਹਾ, "ਸੋਨਾਂ, ਪਰੇ ਮਾਰ ਇਸ ਚੰਦਰੇ ਰਿਵਾਜ ਨੂੰ ਤੇ ਭੈੜੇ ਸਮਾਜ ਨੂੰ ।"

ਸੋਨਾਂ ਕੁਝ ਨਾ ਬੋਲੀ । ਪਰ ਉਹਦਾ ਸਾਹ ਤੇਜ-ਤੇਜ ਚਲਣ ਲੱਗ ਪਿਆ । ਤੇ ਛਾਤੀ ਦਾ ਉਭਾਰ ਉਬਲਣ ਲਗ ਗਿਆ ।

ਸੋਹਣ ਦੇ ਜਜਬਾਤ ਬੇ-ਕਾਬੂ ਹੋ ਗਏ ਅਤੇ ਅਚੇਤ ਹੀ ਉਹਦੇ ਕੰਬਦੇ ਹੱਥ ਸੋਨਾਂ ਦੇ ਘੁੰਡ ਦੇ ਦੋਹਾਂ ਕਿਨਾਰਿਆਂ ਨੂੰ ਛੋਹੇ । ਅਤੇ ਉਸ ਹੌਲੀ-ਹੌਲੀ ਘੁੰਡ ਮੋੜ ਕੇ ਸੋਨਾਂ ਦੇ ਸਿਰ ਤੇ ਅਟਕਾ ਦਿੱਤਾ ।

ਸੋਨਾਂ ਨੇ ਲਾਜ ਨਾਲ ਅੱਖਾਂ ਬੰਦ ਅਤੇ ਗਰਦਨ ਨੀਵੀਂ ਕਰ ਲਈ । ਸੋਹਣ ਨੇ ਕੰਬਦੇ ਜਜਬਾਤ ਤੇ ਕਾਬੂ ਪਾਉਣ ਦੀ ਪੂਰੀ ਵਾਹ ਲਾਈ । ਪਰ ਜਜਬੇ ਬੇਕਾਬੂ ਹੋ ਗਏ । ਉਸ ਸੱਜੇ ਹੱਥ ਦੀ ਤਲੀ ਸੋਨਾਂ ਦੀ ਸੇਬ ਸੰਧੂਰੀ ਠੋਡੀ ਹੇਠਾਂ ਰੱਖੀ ਅਤੇ ਮੂੰਹ ਉਤਾਂਹ ਕੀਤਾ । ਹੁਣ ਸੋਨਾਂ ਦਾ ਸੁੰਦਰ ਮੁੱਖੜਾ ਉਸਦੇ ਸਾਹਮਣੇ ਸੀ । ਉਹ ਇਕ ਟਕ ਉਹਦੇ ਚਿਹਰੇ ਤੇ ਅੰਗ-ਅੰਗ ਨੂੰ ਨਿਹਾਰ ਰਿਹਾ ਸੀ । ਉਹ ਤਾਂ ਉਹਦੇ ਖਿਆਲੀ ਚਿੰਨ੍ਹ ਚਿਤਰਾਂ ਤੋਂ ਕਿਤੇ ਵਧ ਸੁੰਦਰ ਸੀ । ਭਾਵੇਂ ਪਲਕਾਂ ਅਜੇ ਅੱਖਾਂ ਨੂੰ ਢਕੀਂ ਬੈਠੀਆਂ ਸਨ । ਉਸ ਥਿੜਕਦੀ ਜਬਾਨ ਨਾਲ ਕਿਹਾ, "ਸ—ਸੋਨਾ ਅੱਖਾਂ ਖੋਹਲ ਅਤੇ ਮੇਰੀਆਂ ਅੱਖਾਂ ਵਿਚ ਵੇਖ ਤੇ ਤੈਨੂੰ ਮੇਰੀ ਤੜਪ ਦਾ ਪਤਾ ਲੱਗੇ ।"

ਪਰ ਸੋਨਾਂ ਦੀਆਂ ਬੰਦ ਮੋਟੀਆਂ ਅੱਖਾਂ ਚੋਂ ਮੋਤੀ ਧੱਕੋ - ਧੱਕੀ ਨਿਕਲ ਆਏ ਜੋ ਸ਼ਾਇਦ ਪਿਆਰ ਨਾਲ ਪੰਘਰੇ ਜਾਂ ਕੈਦੋ ਬੰਦ ਦੇ ਦੁੱਖ ਨਾਲ ।

ਉਸ ਫਿਰ ਤਰਲਾ ਮਾਰਿਆ, "ਸੋਨਾਂ, ਅੱਖਾਂ ਖੋਹਲ । ਤੇ ਮੇਰੀਆਂ ਅੱਖਾਂ, ਮੇਰੇ ਅੰਗ-ਅੰਗ ਵਿਚ ਆਪਣਾ ਨੂਰ ਛਿੜਕ ਦੇ ।"

ਸੋਨਾਂ ਦੀਆਂ ਸੁੰਦਰ ਸਿੱਪ ਪਲਕਾਂ ਕੰਵਲ ਪੱਤੀਆਂ ਵਾਂਗ ਖੁੱਲੀਆਂ ਅਤੇ ਸੋਹਣ ਝੀਲ ਨੀਲੀਆਂ ਅੱਖਾਂ ਵਿਚ ਗੋਤਾ ਖਾ ਗਿਆ । ਯਾ ਖੁਦਾ ਉਹਦੇ ਸਬਰ ਦੀ ਕਿਸ਼ਤੀ ਝੀਲ ਅੱਖਾਂ ਦੀਆਂ ਕਹਰ ਛੱਲਾਂ ਵਿਚ ਡਿੱਕੋ-ਡੋਲੇ ਖਾਣ ਲਗ ਪਈ । ਅੱਖਾਂ ਨਾਲ ਅੱਖਾਂ ਮਿਲੀਆਂ ਤਾਂ ਸੋਨਾਂ ਦਾ ਸੋਨੇ ਵਰਗਾ ਸਰੀਰ ਬਾਂਹ ਦੇ ਨਾਲ ਉੱਲਰ ਕੇ ਉਹਦੀ ਬੁੱਕਲ ਵਿਚ ਆ ਗਿਆ । ਪੰਘਰਿਆਂ ਹੋਇਆ ਸੋਨਾ, ਉਹਦੇ ਤਪਦੇ ਹੋਂਠ,

ਉਸ ਦੀਆਂ ਅੱਖਾਂ, ਹੋਂਠ, ਮੂੰਹ, ਮੱਥਾ ਚੁੰਮ ਗਏ । ਕਪਾਹ ਦੇ ਡੇਂਢਲੂ ਖਿੜ-ਖਿੜ ਹੱਸ ਪਏ । ਦੋ ਖ਼ੂਬਸੂਰਤ ਜਵਾਨ, ਦਿਲ ਨਾਲ-ਨਾਲ ਧੜਕੇ ਤੇ ਇਕ ਮਿਕ ਹੋ ਗਏ ।

ਫਿਰ ਰੋਜ਼ ਡੇਂਢਲੂ ਹਸਦੇ ਰਹੇ । ਖਿੜਦੇ ਰਹੇ । ਤੇ ਹੁਣ ਬਾਂਡਾ ਜਦੋਂ ਪਿੰਡੋਂ ਤੁਰਦਾ ਤਾਂ ਸੋਨਾਂ ਉਹਦੇ ਨਾਲ ਨਾ ਤੁਰਦੀ, ਜਾਂ ਅੱਗੇ ਜਾਂ ਬਹੁਤ ਪਿੱਛੇ । ਘੁੰਡ ਉਹ ਵਾਂਡੇ ਤੋਂ ਹੀ ਕੱਢਦੀ । ਜਦੋਂ ਆਉਂਦੀ ਸਿੱਧੀ ਸੋਹਣ ਕੋਲ ਆ ਬੈਠਦੀ । ਦੂਰ ਕੰਮ ਕਰਦਾ ਵਾਂਡਾ ਮੱਥੇ ਦਾ ਮੁੜਕਾ ਪੂੰਝ ਫਿਰ ਆਪਣੇ ਕੰਮ ਲਗ ਜਾਂਦਾ ਜਾਂ ਪਾਸੇ ਟਲ ਜਾਂਦਾ ।

ਇਕ ਦਿਨ ਸੋਹਣ ਨੇ ਕੰਨੀ ਸੁਣਿਆ । ਮਨਭਰੀ ਬਾਂਡੇ ਨੂੰ ਆਖ ਰਹੀ ਸੀ, "ਜਰਾ ਨਿਗ੍ਹਾ ਰੱਖਿਆ ਕਰ, ਸੋਨਾਂ ਦੇ ਚਾਲੇ ਕੁਝ ਚੰਗੇ ਨਹੀਂ ?"

"ਕਿਉਂ ?"

"ਉਹ ਸੋਹਣ ਦੇ ਬੜਾ ਨੇੜੇ ਰਹਿੰਦੀ ਬਹਿੰਦੀ ਏ ।"

ਅੱਗੋਂ ਬਾਂਡੇ ਨੇ ਕਿਹਾ, "ਹਾਏ ਕਮਲੀ ਨੀ ਤਾਂ । ਜੇ ਮਹਾਰਾਜ ਕਿਤੇ ਓਹੋ ਦੇ ਦੇਵੇ ।"

ਮਨਭਰੀ ਨੇ ਕਿਹਾ , "ਓਹੋ ਕੀ ?" ....

ਬਾਂਡੇ ਨੇ ਬੜੇ ਠਰ੍ਹੰਮੇ ਨਾਲ ਕਿਹਾ, " ਜੇ ਰਾਮ ਜੀ ਮਿਹਰ ਕਰੇ ਅਤੇ ਇਕ ਓਹੋ ਦੇ ਦੇਵੇ ਨਿਆਣਾ । ਆਪੇ ਉਹਦੇ ਧਿਆਨ ਲਗ ਜਾਏਗੀ । ਕੀ ਓਹੋ ਹੋ ਚੱਲਿਆ ਏ ।"

# ਧੂੜਾਂ ਦੱਬੇ ਮੋਤੀ

ਪਿਆਰੀ ਜਦੋਂ ਦੁਬਾਰਾ ਪਿੰਡ ਆਈ ਤਾਂ ਉਹ ਪਿਆਰੀ ਨਹੀਂ ਜੈਨੀ ਸੀ। ਮਿਸ ਜੈਨੀ। ਪੱਛਮੀ ਲਿਬਾਸ ਵਿੱਚ ਜਦੋਂ ਉਹ ਤਾਰਾਂ ਦੇ ਚੱਕਿਆਂ ਵਾਲੀ ਮੋਟਰ ਕਾਰ ਵਿੱਚੋਂ ਉੱਤਰੀ ਤਾਂ ਰਬੜ ਦੀ ਗੁੱਡੀ ਵਾਂਗ ਲੱਗ ਰਹੀ ਸੀ। ਕਿਸੇ ਦੇ ਪਛਾਣ ਵਿੱਚ ਨਾ ਆਈ। ਪਛਾਣ ਵਿੱਚ ਵੀ ਕੀ ਆਉਣਾ ਸੀ। ਤੇਰਾਂ-ਚੌਦਾਂ ਸਾਲ ਪਹਿਲਾਂ ਇਕ ਨਿੱਕੀ ਜਿਹੀ ਕੁੜੀ ਅਤੇ ਉਹ ਵੀ ਘੱਟੇ-ਮਿੱਟੀ ਅਤੇ ਗੋਹੇ ਵਿਚ ਲਿਬੜੀ ਤੇ ਲੀਰਾਂ ਲਿਪਟੀ ਪਿਆਰੋ ਅਤੇ ਕਿੱਥੇ ਫੁੱਟ ਵਰਗਾ ਗੋਰਾ ਰੰਗ। ਉੱਨੀ ਵੀਹ ਸਾਲ ਦੀ ਭਰ ਜਵਾਨ। ਫਿਰ ਪੱਛਮੀ ਰੰਗ ਢੰਗ, ਸਿਰ ਤੇ ਫੁੱਲਦਾਰ ਹੈਟ, ਯੂਰਪੀ ਢੰਗ ਦੇ ਕੱਟੇ ਹੋਏ ਫੈਸ਼ਨਦਾਰ ਵਾਲ ਅਤੇ ਪੱਟਾਂ ਤੱਕ ਉੱਚੀ ਸਕਰਟ ਯਾਨੀ ਫਰਾਕ; ਪਿੰਡਲੀਆਂ ਤੱਕ ਖਿੱਚੀਆਂ ਮੈਚਿੰਗ ਜੁਰਾਬਾਂ, ਪਤਲੀ ਉਚੀ ਅੱਡੀ ਵਾਲੀ ਗੁਰਗਾਬੀ, ਹੱਥਾਂ ਤੇ ਸਫੈਦ ਦਸਤਾਨੇ। ਚਿੱਟੇ ਫਰੇਮ ਵਾਲੀ ਠੰਡੀ ਐਨਕ। ਗਲ ਵਿਚ ਦੋ ਲੜੀ ਮੋਤੀਆਂ ਦੀ ਮਾਲਾ। ਰੂਪ ਅਤੇ ਜਵਾਨੀ। ਉਹ ਤਾਂ ਪੂਰੀ ਦੀ ਪੂਰੀ ਵਿਲਾਇਤੀ ਮੇਮ ਲੱਗ ਰਹੀ ਸੀ। ਨੈਣ-ਨਕਸ਼ ਤਾਂ ਉਹਨੂੰ ਵਿਧਾਤਾ ਨੇ ਪਹਿਲਾਂ ਹੀ ਚੰਗੇ ਦਿੱਤੇ ਹੋਏ ਸਨ। ਉੱਤੋਂ ਪੱਛਮੀ ਤਹਿਜੀਬ, ਉੱਚੀ ਤਾਲੀਮ, ਦਰੁੱਸਤ ਖੁਰਾਕ, ਚੰਗੀ ਸੁਸਾਇਟੀ। ਸੋਨੇ ਉਤੇ ਸੁਹਾਗਾ ਸੀ। ਫਿਰ ਮਖਮੂਰ ਨੀਲੀਆਂ ਅੱਖਾਂ।

ਮਿਸ ਜੈਨੀ ਤੇਰਾਂ ਚੌਦਾਂ ਸਾਲਾਂ ਪਿੱਛੋਂ ਆਪਣੀ ਭੈਣ ਕਰਤਾਰੋ ਨੂੰ ਮਿਲਣ ਆਈ ਸੀ। ਨਾਲੇ ਆਪਣੀ ਸ਼ਾਦੀ ਬਾਰੇ ਦੱਸਣ ਆਈ ਸੀ ਜੋ ਦੋ ਦਿਨ ਬਾਅਦ ਇੱਕ ਅੰਗਰੇਜ ਨੌਜਵਾਨ ਨਾਲ ਹੋਣੀ ਸੀ ਜੋ ਉਹਦੇ ਨਾਲ ਆਇਆ ਸੀ। ਕਾਰ ਵਿਚ ਦੋ ਬੰਦੇ ਹੋਰ ਸਨ। ਇਕ ਬੁੱਢਾ ਪਾਦਰੀ ਅਤੇ ਪਾਦਰੀ ਦੀ ਅੰਗਰੇਜ਼ ਘਰਵਾਲੀ। ਜੈਨੀ ਉਹਨਾਂ ਨਾਲ ਇੰਗਲਿਸ਼ ਇਸ ਤਰ੍ਹਾਂ ਬੋਲ ਰਹੀ ਸੀ ਜਿਵੇਂ ਇੰਗਲਿਸ ਉਹਦੀ ਮਾਦਰੀ ਭਾਸਾ ਹੋਵੇ।

ਦਿੱਤੂ ਮਜ਼ਹਬੀ ਨੇ ਜਦੋਂ ਕਰਤਾਰੀ ਨੂੰ ਵਿਆਹ ਕੇ ਲਿਆਂਦਾ ਤਾਂ ਪੰਜ ਕੁ ਸਾਲਾਂ ਦੀ ਪਿਆਰੋ ਨਾਲ ਹੀ ਆਈ ਸੀ। ਪਿਆਰੋ ਕਰਤਾਰੋ ਦੀ ਮਾਤਰ ਮਾਂ ਚੋਂ

ਭੈਣ ਸੀ । ਪਿੱਛੇ ਵਾਲੀ ਵਾਰਸ ਕੋਈ ਨਾ ਹੋਣ ਕਰਕੇ ਕਰਤਾਰੋ ਦੀ ਮਾਸੀ ਨੇ ਦਿੱਤੂ ਨਾਲ ਸ਼ਰਤ ਕਰ ਲਈ ਸੀ ਕਿ ਇਹ ਨੀਲੀਆਂ ਅੱਖਾਂ ਵਾਲੀ ਕੁੜੀ ਪਿਆਰੋ ਵੀ ਨਾਲ ਪਾਲਣੀ ਪਵੇਗੀ ਅਤੇ ਜਵਾਨ ਹੋਈ ਤੋਂ ਵਿਆਹ ਸਾਡੀ ਮਰਜ਼ੀ ਨਾਲ ਕਰਨਾ ਪਵੇਗਾ ਅਤੇ ਇਸ ਕੰਮ ਲਈ ਉਸ ਆਪਣਾ ਮੁੰਡਾ ਵੀ ਸਾਂਤਰ ਲਿਆ ਸੀ ਜਿਹੜਾ ਕਿਸੇ ਜੱਟ ਨਾਲ ਡੰਗਰਾਂ ਦਾ ਪਾਲੀ ਸੀ ਅਤੇ ਨਾਂ ਸੀ ਛੱਜੂ ।

ਦਿੱਤੂ ਬੜਾ ਸਾਊ-ਸੁਭਾਅ ਸੀ । ਕਰਤਾਰੋ ਅਤੇ ਪਿਆਰੋ ਦਾ ਪਿਓ ਇੱਕ ਸੀ । ਪਰ ਮਾਵਾਂ ਅੱਡ ਅੱਡ ਸਨ । ਕਰਤਾਰੋ ਦੀ ਮਾਂ ਮਰ ਗਈ ਤਾਂ ਪਿਓ ਨੇ ਹੋਰ ਸ਼ਾਦੀ ਕਰ ਲਈ ਸੀ । ਦੂਜੀ ਵਿੱਚੋਂ ਪਿਆਰੋ ਹੋਈ ਅਤੇ ਪਿਉ ਮਰ ਗਿਆ । ਅਤੇ ਪਿਆਰੋ ਅਜੇ ਦੋ ਸਾਲ ਦੀ ਹੀ ਸੀ ਕਿ ਪਿਆਰੋ ਦੀ ਮਾਂ ਵੀ ਮਰ ਗਈ ਅਤੇ ਦੋਵੇਂ ਯਤੀਮ ਹੋ ਗਈਆਂ । ਦੋਹਾਂ ਦਾ ਪਾਲਣ ਪੋਸ਼ਣ ਕਰਤਾਰੋ ਦੀ ਮਾਸੀ ਨੇ ਕੀਤਾ ਅਤੇ ਤਿੰਨ ਸਾਲਾਂ ਬਾਅਦ ਕਰਤਾਰੋ ਦੇ ਹੱਥ ਪੀਲੇ ਕਰਕੇ ਉਹਨੂੰ ਦਿੱਤੂ ਨਾਲ ਵਿਆਹ ਦਿੱਤਾ ਅਤੇ ਸ਼ਰਤ ਕਰਕੇ ਪਿਆਰੋ ਨੂੰ ਵੀ ਨਾਲ ਭੇਜ ਦਿੱਤਾ ।

ਦਿੱਤੂ ਸੀਰ ਸਪੱਟਾ ਜਾਂ ਦਿਹਾੜੀ ਦੱਪਾ ਕਰਦਾ ਸੀ ਅਤੇ ਕਰਤਾਰੋ ਦੋ ਚਾਰ ਘਰਾਂ ਦੇ ਗੋਹੇ ਕੂੜੇ ਦੀ ਸੇਪ ਕਰਦੀ ਸੀ । ਪਿਆਰੋ ਪੱਖੋਂ ਉਹ ਬੜੀ ਹੀ ਕੁਰੱਖਤ ਸੀ । ਪਰ ਦਿੱਤੂ ਪਿਆਰੋ ਨਾਲ ਬੜਾ ਮੋਹ ਕਰਦਾ ਸੀ । ਉਹ ਚਾਹੁੰਦਾ ਸੀ ਕਿ ਇਸ ਵਿਚਾਰੀ ਦਾ ਪਾਲਣ-ਪੋਸ਼ਣ ਚੰਗੀ ਤਰ੍ਹਾਂ ਹੋਵੇ ਅਤੇ ਕੋਈ ਉਲਾਂਭਾ ਨਾ ਹੋਵੇ । ਅਤੇ ਉਹ ਔਖਾ ਸੌਖਾ ਪਿਆਰੋ ਨੂੰ ਸਕੂਲ ਵੀ ਪੜ੍ਹਾਉਣਾ ਚਾਹੁੰਦਾ ਸੀ ਪਰ ਕਰਤਾਰੋ ਪਿਆਰੋ ਨੂੰ ਸਵੇਰੇ ਹੀ ਨਿੱਕੀ ਜਿਹੀ ਟੋਕਰੀ ਚੁਕਾ ਕੇ ਨਾਲ ਲੈ ਤੁਰਦੀ ਅਤੇ ਰੂੜੀਆਂ ਦੇ ਚੱਕਰ ਲਵਾਂਦੀ ਰਹਿੰਦੀ । ਦਿੱਤੂ ਟੋਕਦਾ, "ਕਰਤਾਰੋ, ਕਿਉਂ ਇਸ ਮਾਸੂਮ ਯਤੀਮ ਦੀ ਬਦ-ਦੁਆ ਲੈਂਦੀ ਏਂ ? ਕੁਝ ਤਰਸ ਕਰਿਆ ਕਰ ।"

ਪਰ ਕਰਤਾਰੋ ਬੜੀ ਕਠੋਰ ਅਤੇ ਜ਼ਿੱਦਣ ਸੀ । ਉਹ ਕਹਿੰਦੀ, "ਜੇ ਇਹ ਮਾਂ ਮ੍ਹਿੱਟਰ ਏ ਤਾਂ ਮੈਂ ਕਿਹੜਾ ਨਹੀਂ ਸੀ ਮਾਂ ਮ੍ਹਿੱਟਰ ? ਇਹ ਦੀ ਮਾਂ ਨੇ ਮੈਨੂੰ ਬਥੇਰਾ ਤੰਗ ਕੀਤਾ ਅਤੇ ਮੈਂ ਹੁਣ ਗਿਣ-ਗਿਣ ਕੇ ਇਹਦੇ ਤੋਂ ਬਦਲੇ ਲੈਣੇ ਨੇ । ਨਾਲੇ ਵਿਹਲੀ ਨੂੰ ਕੌਣ ਕਰਕੇ ਖੁਆਵੇ । ਹੱਡ ਹਰਾਮ ਨਹੀਂ ਕਰਨੀ । ਕਰੇ ਤੇ ਖਾਵੇ ।"

ਪਰ ਦਿੱਤੇ ਨੇ ਪਿਆਰੀ ਨੂੰ ਸਕੂਲ ਦਾਖਲ ਕਰਵਾ ਦਿੱਤਾ। ਸਵੇਰੇ ਜਦ ਪਿਆਰੀ ਸਕੂਲ ਜਾਣ ਲਈ ਫੱਟੀ ਬਸਤਾ ਚੁਕਦੀ ਤਾਂ ਕਰਤਾਰੋ ਘੂਰ ਕੇ ਕਹਿੰਦੀ, "ਫੱਟੀ ਰੱਖ ਅਤੇ ਟੋਕਰੀ ਚੱਕ । ਮੈਂ ਕੋਈ ਨੌਕਰ ਨਹੀਂ ਕਿਸੇ ਦੀ । ਸਾਰਾ ਦਿਨ ਟੁੱਟ ਟੁੱਟ ਮਰਾਂ ਤੇ ਤੂੰ ਵਿਹਲੀ ਹਰਾਮ ਦੀਆਂ ਖਾਈ ਜਾਵੇਂ ।"

ਅਤੇ ਉਹ ਵਿਚਾਰੀ ਪਾਣੀ ਭਰੀਆਂ ਅੱਖਾਂ ਨਾਲ ਟੋਕਰੀ ਚੁੱਕ ਤੁਰਦੀ । ਜਿੱਥੋਂ ਵੀ ਉਹਨੂੰ ਸਕੂਲ ਦੀ ਘੰਟੀ ਸੁਣਦੀ,ਟੋਕਰੀ ਸੁੱਟ ਸਕੂਲ ਵੱਲ ਭੱਜ ਪੈਂਦੀ । ਕਈ ਵਾਰ ਤਾਂ ਕਰਤਾਰੋ ਹੱਥ ਵਿੱਚ ਮਾਂਜਾ ਜਾਂ ਛਮਕ ਫੜੀ ਗਾਲਾਂ ਕੱਢਦੀ ਮਗਰ ਹੀ ਭੱਜੀ ਆਉਂਦੀ ਅਤੇ ਸਕੂਲ ਵੜਦੀ ਨੂੰ ਧਰੂਹ ਕੇ ਲੈ ਜਾਂਦੀ ਅਤੇ ਘਰ ਲਿਜਾ ਕੇ ਵਿਹੜੇ ਵਿੱਚ ਖਲੋਤੀ ਕਿੱਕਰ ਨਾਲ ਜਾਂ ਮੰਜੇ ਨਾਲ ਨੂੜ ਕੇ ਜੋ ਚੀਜ ਹੱਥ ਆਉਂਦੀ ਉਸੇ ਨਾਲ ਹੀ ਪਿੰਜ ਕੱਢਦੀ ਅਤੇ ਪਿਆਰੋ ਦੇ ਬੰਧਨ ਉਦੋਂ ਖੁਲਦੇ ਜਦ ਦਿੱਤੂ ਨੂੰ ਪਤਾ ਲਗਦਾ ਅਤੇ ਉਹ ਹਥਲਾ ਕੰਮ ਛੱਡ ਉੱਠ ਭੱਜਦਾ । ਇਸ ਅਮਲ ਤੇ ਕਈ ਵਾਰੀ ਦਿੱਤੂਨੇ ਕਰਤਾਰੀ ਦੀ ਕੁੱਟ ਮਾਰ ਵੀ ਕੀਤੀ । ਪਰ ਕਰਤਾਰੋ ਨੂੰ ਤਾਂ ਖੁਦਾ ਨੇ ਹੱਡੀ ਹੀ ਐਸੀ ਲਾਈ ਹੋਈ ਸੀ ਕਿ ਉਹਦੇ ਉੱਤੇ ਮਾਰ ਦਾ ਅਤੇ ਸਮਝਾਉਣ ਦਾ ਕੋਈ ਅਸਰ ਨਾ ਹੁੰਦਾ । ਬੰਦਖਲਾਸੀ ਹੋਣ ਪਿੱਛੋਂ ਪਿਆਰੀ ਫਿਰ ਸਕੂਲ ਆ ਜਾਂਦੀ । ਉਹਦੀਆਂ ਨਰਮ ਨਾਜੁਕ ਕਲਾਈਆਂ ਉੱਤੇ ਰੱਸੀਆਂ ਦੇ ਨਿਸ਼ਾਨ ਇਸ ਤਰ੍ਹਾਂ ਉਕਰੇ ਹੁੰਦੇ ਜਿਵੇਂ ਚੂੜੀਆਂ ਪਾਈਆਂ ਹੋਣ । ਪਿੰਡਾ ਛਮਕਾਂ ਦੀਆਂ ਲਾਸਾਂ ਨਾਲ ਉਭਰਿਆ ਹੁੰਦਾ ।

ਸਕੂਲ ਦਾ ਬੁੱਢਾ ਮਾਸਟਰ ਅਨੰਤ ਰਾਮ ਪਿਆਰੀ ਨਾਲ ਬੜਾ ਹਿੱਤ ਰੱਖਦਾ.। ਜਖਮ ਤੇ ਲਾਸਾਂ ਪਲੋਸਦਾ - ਪਲੋਸਦਾ ਰੋਣ ਹਾਕਾ ਹੋ ਜਾਂਦਾ । ਇਸੇ ਮਾਰ ਕੁੱਟ ਵਿੱਚ ਹੀ ਪਿਆਰੀ ਤੀਜੀ ਜਮਾਤ ਪਾਸ ਕਰ ਗਈ ।

ਫਿਰ ਇਕ ਦਿਨ ਪਿੰਡ ਵਿਚ ਪਾਦਰੀਆਂ ਦਾ ਗਰੁੱਪ ਆਇਆ ਉਹਨਾਂ ਵਿੱਚ ਦੋ ਮਰਦ ਤੇ ਦੋ ਔਰਤਾਂ ਸਨ । ਉਹਨਾਂ ਦਾ ਕੈਂਪ ਕੋਈ ਅੱਧਾ ਮੀਲ ਹਟਵਾਂ ਟਿੱਬਿਆਂ ਵਿਚ ਲੱਗਾ ਹੋਇਆ ਸੀ । ਉਹਨਾਂ ਸਾਰੇ ਵਿਹੜੇ ਦੇ ਮਰਦ ਔਰਤਾਂ ਇੱਕਠੇ ਕਰਕੇ ਪਵਿੱਤਰ ਮਾਂ ਮਰੀਅਮ ਅਤੇ ਮਸੀਹ ਦੀ ਮਹਾਨ ਜ਼ਿੰਦਗੀ ਤੇ ਰੌਸ਼ਨੀ ਪਾਈ ।

ਸਲੀਬ ਦੇ ਨਿਸ਼ਾਨ ਦੀ ਵਿਆਖਿਆ ਕੀਤੀ । ਬਾਈਬਲ ਅੰਜੀਲ ਚੋਂ ਯਸ਼ੂ ਦੇ ਪਵਿੱਤਰ ਵਿਚਾਰ ਦੱਸੇ । ਫਿਰ ਸਾਰੇ ਵਿਹੜੇ ਨੂੰ ਹੀ ਮਜ਼੍ਹਬੀਆਂ ਤੋਂ ਇਸਾਈ ਯਾਨੀ ਈਸਾ ਮਸੀਹ ਨੂੰ ਮੰਨਣ ਵਾਲੇ ਬਣਾ ਦਿੱਤੇ । ਯਾਨੀ ਮਜਹਬ ਤਬਦੀਲ ਕਰ ਦਿੱਤਾ । ਮਠਿਆਈਆਂ ਤੇ ਬਿਸਕੁਟਾਂ ਦੇ ਪੈਕਟ ਵੰਡੇ । ਫਿਰ ਸਾਰੇ ਨਵੇਂ ਬਣੇ ਈਸਾਈਆਂ ਨੂੰ ਰਾਤ ਨੂੰ ਪੁਰ ਲੁਤਫ ਖਾਣੇ ਦੀ ਦਾਅਵਤ ਦਿੱਤੀ । ਇਹ ਦਾਅਵਤ ਉਹਨਾਂ ਦੇ ਕੈਂਪ ਵਿੱਚ ਹੋਈ । ਖਾਣੇ ਤੋਂ ਬਾਅਦ ਉਹਨਾਂ ਮਸੀਹ ਦੀ ਜ਼ਿੰਦਗੀ ਤੇ ਇੱਕ ਫਿਲਮ ਵਿਖਾਈ । ਸਵੇਰ ਨੂੰ ਉਹਨਾਂ ਸਭ ਨੂੰ ਫਿਰ ਬੁਲਾਇਆ ਅਤੇ ਬੱਚਿਆਂ ਦੀ ਸਿਹਤ ਸੰਭਾਲ ਅਤੇ ਖੁਰਾਕ ਅਤੇ ਤਾਲੀਮ ਉੱਤੇ ਜ਼ੋਰ ਦਿੱਤਾ । ਫਿਰ ਛੋਟੇ ਛੋਟੇ ਬੱਚਿਆਂ ਉੱਤੇ ਰਾਤ ਦੀ ਵੇਖੀ ਫਿਲਮ ਅਤੇ ਲੈਕਚਰ ਦਾ ਪ੍ਰਭਾਵ ਜਾਨਣ ਲਈ ਸਵਾਲ ਕੀਤੇ । ਸਭ ਤੋਂ ਚੰਗੇ ਜਵਾਬ ਪਿਆਰੀ ਨੇ ਦਿੱਤੇ ।

ਪਾਦਰੀ ਨੇ ਪੁੱਛਿਆ, "ਇਹ ਬੱਚੀ ਕਿਸਦੀ ਏ ?"

ਤਾਂ ਪਿਆਰੀ ਦੀ ਵਿੱਥਿਆ ਸੁਣ ਕੇ ਪਾਦਰੀ ਦਾ ਦਿਲ ਭਰ ਆਇਆ । ਉਸ ਨੇ ਦਿੱਤੂ ਨੂੰ ਕਿਹਾ, "ਇਹ ਲੜਕੀ ਸਾਡੇ ਨਾਲ ਭੇਜ ਦਿਓ । ਇਹਦੇ ਕੁੱਲ ਖਰਚ ਈਸਾਈ ਮਿਸ਼ਨਰੀ ਕਰੇਗੀ ।"

ਦਿੱਤੂ ਨੇ ਝੱਟ ਹਾਂ ਕਰ ਦਿੱਤੀ । ਅੰਨ੍ਹੇ ਨੂੰ ਕੀ ਚਾਹੀਦਾ ? ਦੋ ਅੱਖਾਂ । ਕਰਤਾਰੀ ਅੰਦਰੇ ਹੀ ਅੰਦਰ ਜਲੀ, ਕੁੜ੍ਹੀ । ਸਾਰਾ ਵਿਹੜਾ ਹੀ ਇਹ ਚਾਹੁੰਦਾ ਸੀ ਅਤੇ ਪਿਆਰੀ ਨੂੰ ਪਾਦਰੀ ਨਾਲ ਲੈ ਗਏ ।

ਛੇ ਕੁ ਮਹੀਨੇ ਦਿੱਤੂ ਜਿਲ੍ਹੇ ਦੇ ਗਿਰਜਾਘਰ ਜਾ ਕੇ ਪਿਆਰੀ ਨੂੰ ਮਿਲ ਆਉਂਦਾ ਰਿਹਾ । ਉਸ ਤੋਂ ਬਾਅਦ ਮਿਸ਼ਨ ਨੇ ਉਹਨੂੰ ਵਲੈਤ ਭੇਜ ਦਿੱਤਾ । ਕਰਤਾਰੀ ਮਿਸ਼ਨ ਦੇ ਦਫਤਰ ਗਈ ਅਤੇ ਔਖੀ ਫਿੱਕੀ ਹੋ ਆਈ ।

ਅਤੇ ਜਦੋਂ ਬਾਰਾਂ ਤੇਰ੍ਹਾਂ ਸਾਲ ਬਾਅਦ ਪਿਆਰੀ ਮਿਸ ਜੈਨੀ ਦੇ ਰੂਪ ਵਿੱਚ ਪਿੰਡ ਆਈ ਤਾਂ ਉਹਦਾ ਰੂਪ, ਉਹਦੀ ਜਵਾਨੀ, ਉਹਦੀ ਛੱਬ ਵੇਖਕੇ ਹਰ ਇਕ ਚਕਰਾ ਗਿਆ । ਬਾਰਾਂ ਤੇਰ੍ਹਾਂ ਸਾਲ ਵਲੈਤ ਵਿੱਚ ਰਹਿਣ ਕਰਕੇ ਉਹਨੂੰ ਮਾਦਰੀ ਜੁਬਾਨ ਵੀ ਭੁੱਲ ਗਈ ਹੋਈ ਸੀ । ਪਾਦਰੀ ਅਤੇ ਉਹਦੇ ਘਰ ਵਾਲੀ ਦੋਵੇਂ ਆਏ

ਸਨ । ਜੈਨੀ ਅਤੇ ਉਹਦੇ ਮੰਗੇਤਰ ਨੂੰ ਨਾਲ ਲੈ ਕੇ ਤਾਂ ਕਿ ਦੋ ਦਿਨਾਂ ਬਾਅਦ ਜੈਨੀ ਦੀ ਸ਼ਾਦੀ ਵਿੱਚ ਦਿੱਤੂ ਅਤੇ ਕਰਤਾਰੀ ਵੀ ਸ਼ਾਮਿਲ ਹੋਣ । ਦਿੱਤੂ ਤਾਂ ਇਨਾਂ ਖੁਸ਼ ਸੀ ਕਿ ਉਸ ਤੋਂ ਖੁਸ਼ੀ ਸਮੇਟੀ ਨਹੀਂ ਸੀ ਜਾਂਦੀ । ਪਰ ਕਰਤਾਰੀ ਅੰਦਰੋ ਅੰਦਰ ਸੜ ਭੁੱਜ ਕੇ ਕੋਲੇ ਹੋਈ ਪਈ ਸੀ । ਮੈਂ ਗੋਹੇ ਕੂੜੇ ਵਿੱਚ ਲਿਬੜੀ ਮੈਲੀ ਕੁਚੈਲੀ ਤੇ ਇਹ ਹੱਥ ਲਾਇਆਂ ਮੈਲੀ ਹੋਵੇ । ਜਦੋਂ ਸ਼ਾਮੀਂ ਉਹ ਮੁੜਨ ਲੱਗੇ ਤਾਂ ਦਿੱਤੂ ਨੇ ਪਾਦਰੀ ਅੱਗੇ ਬੇਨਤੀ ਕੀਤੀ, "ਸਾਹਿਬ ਜੀ, ਇੱਕ ਰਾਤ ਤਾਂ ਜੈਨੀ ਨੂੰ ਸਾਡੇ ਕੋਲ ਰਹਿਣ ਦਿਓ ।"

ਅਤੇ ਜੈਨੀ ਦੀ ਰਾਇ ਪੁੱਛ ਕੇ ਪਾਦਰੀ ਮੰਨ ਗਿਆ । ਜੈਨੀ ਦਾ ਵੀ ਦਿਲ ਕਰਦਾ ਸੀ ਜਿੱਥੇ ਬਚਪਨ ਦੇ ਕੌੜੇ ਸਾਲ ਕੱਟੇ ਹਨ ਇਕ ਰਾਤ ਤਾਂ ਹੋਰ ਰਹਾਂ ।

ਉਹਨਾਂ ਦਾ ਕੈਂਪ ਅੱਠ ਦਸ ਮੀਲ ਹਟਵਾਂ ਕਿਸੇ ਹੋਰ ਪਿੰਡ ਸੀ । ਉਹ ਜੈਨੀ ਨੂੰ ਛੱਡ ਕੇ ਚਲੇ ਗਏ । ਅਜੇ ਉਹ ਗਏ ਹੀ ਸਨ ਕਿ ਉਤੋਂ ਉਤੋਂ ਮੁਸਕਰਾਂਦੀ ਕਰਤਾਰੀ ਗਿਰਗਟ ਵਾਂਗ ਰੰਗ ਬਦਲ ਗਈ । ਉਹਦਾ ਅੰਦਰਲਾ ਕ੍ਰੋਧ ਬਾਹਰ ਆ ਗਿਆ। ਉਹਦਾ ਰੁਖ ਅਤਿ ਕੌੜਾ ਹੋ ਗਿਆ । ਉਹ ਅੰਦਰ ਬਾਹਰ ਆਉਂਦੀ ਬੁੜ ਬੁੜ ਕਰਨ ਲੱਗੀ । ਪੱਛਮੀ ਰੰਗ ਵਿਚ ਰੰਗੀ ਜੈਨੀ ਜਿਹਨੂੰ, ਮਾਦਰੀ ਭਾਸ਼ਾ ਭੁੱਲੀ ਹੋਈ ਸੀ, ਕੁੱਝ ਨਾ ਸਮਝ ਸਕੀ । ਅਤੇ ਕੁਰਸੀ ਤੇ ਬੈਠੀ ਇੱਕ ਇੰਗਲਿਸ਼ ਰਸਾਲਾ ਫੋਲੀ ਗਈ ।

ਕਰਤਾਰੀ ਉਬਲ ਪਈ ਤੇ ਸਿੱਧਾ ਰੁਖ ਕੀਤਾ, "ਹਾਏ ! ਨੀ ਪਿਆਰੋ ।"

ਜੈਨੀ ਨੇ ਰਸਾਲਾ ਪਰ੍ਹਾਂ ਕਰਦਿਆਂ ਕਿਹਾ, "ਮਾਈ ਨੇਮ 'ਜ ਮਿਸ ਜੈਨੀ, ਨਾਟ ਪਿਆਰੋ ।"

ਪਰ ਜੈਨੀ ਫੈਨੀ ਕਰਤਾਰੋ ਕੀ ਜਾਣਦੀ ਸੀ । ਉਸ ਅੱਗ ਵਾਂਗ ਬਲਕੇ ਕਿਹਾ "ਮੇਰੀ ਮਾਂ ਦੀ ਸੌਕਣ ਦੀ ਧੀ, ਮੇਰੀ ਮਾਤਰ ਭੈਣ, ਮੈਂ ਨਰਕ ਭੋਗਾਂ ਤੂੰ ਮੌਜਾਂ ਕਰੇਂ । ਗੁੱਲੇ ਵੱਢੇਂ । ਮਨ ਮਰਜੀ ਦਾ ਖਸਮ ਕਰੇਂ ।" ਅਤੇ ਉਸ ਚੁੱਪ ਬੈਠੇ ਦਿੱਤੂ ਨੂੰ ਕਿਹਾ, "ਮੈਂ ਨਹੀਂ ਇਹ ਹੋਣ ਦੇਣਾ । ਤੂੰ ਜਾ ਕੇ ਮਾਸੀ ਨੂੰ ਤੇ ਛੱਜੂ ਨੂੰ ਲਿਆ

ਜਿਹਨਾਂ ਨੂੰ ਤੂੰ ਵਾਅਦਾ ਦਿੱਤਾ ਹੋਇਆ ਸੀ । ਉਹਨਾਂ ਵਿਚਾਰਿਆਂ ਤਾਂ ਇਹਦੇ ਪਿੱਛੇ ਅਜੇ ਕੋਈ ਸਾਕ ਨਹੀਂ ਲਿਆ ।"

ਦਿੱਤੂ ਨੇ ਕਿਹਾ, "ਕਰਤਾਰੋ, ਰੌਲਾ ਨਾ ਪਾ । ਮੇਰਾ ਵਾਅਦਾ ਇਹਨੂੰ ਪਾਲਣ ਪੋਸਣ ਤੇ ਚੰਗਾ ਬਣਾਉਣ ਦਾ ਸੀ । ਸਵੇਰੇ ਜਾਵਾਂਗਾ ਤੇ ਪਰਸੋਂ ਸ਼ਾਦੀ ਤੇ ਉਹਨਾਂ ਨੂੰ ਵੀ ਬੁਲਾ ਲਿਆਵਾਂਗਾ । ਮੈਂ ਤਾਂ ਐਨਾ ਖੁਸ਼ ਆਂ ਕਿ ਪਿਆਰੀ ਨੇ ਆਪਣੀ ਜ਼ਿੰਦਗੀ ਬਣਾ ਲਈ ਏ ।"

ਜੈਨੀ ਕੁਝ ਨਾ ਸਮਝਦੀ ਹੋਈ ਵੀ ਦੋਹਾਂ ਦੇ ਮੂੰਹਾਂ ਦੇ ਹਾਵ-ਭਾਵ ਪੜ੍ਹ ਰਹੀ ਸੀ । ਅਤੇ ਉਹ ਕਰਤਾਰੋ ਦੇ ਮੱਥੇ ਦੀਆਂ ਤਿਊੜੀਆਂ ਤੇ ਤਿੱਖੀ ਸੁਰ ਵਿੱਚ ਬੋਲਣ ਤੋਂ ਇੰਹ ਸਮਝ ਰਹੀ ਸੀ ਕਿ ਗੱਲ ਕੋਈ ਖਾਸ ਏ । ਉਸ ਦਿੱਤੂ ਵੱਲ ਇਸ਼ਾਰਾ ਕਰਕੇ ਕਿਹਾ, "ਵੱਟ ?"

ਦਿੱਤੂ ਨੇ ਕਿਹਾ, "ਸ਼ਾਦੀ ਵਿਆਹ ਬਾਰੇ ।"

ਜੈਨੀ ਨੇ ਕਿਹਾ, "ਆਈ ਹੈਵ ਟੂ ਮੈਰੀ ਵਿਦ ਮਾਈ ਔਨ ਵਿਲ ।"

ਕਰਤਾਰੀ ਉਹਦੇ ਮੂੰਹ ਵੱਲ ਖਿੱਝੀ ਖਿੱਝੀ ਦੇਖਦੀ ਰਹੀ ਜਿਸ ਤੇ ਜੈਨੀ ਨੇ ਸਮਝਿਆ ਇਹਦੇ ਪੱਲੇ ਕੁੱਝ ਨਹੀਂ ਪਿਆ ਅਤੇ ਉਸ ਪੁਰਾਣੀ ਯਾਦ ਖੁਰਲ ਕੇ ਕੁਝ ਮਾਤ ਭਾਸ਼ਾ ਦੇ ਬੋਲ ਲੱਭੇ ਤੇ ਕਿਹਾ, "ਮਾਈ ਸਿਸਟਰ ਹਮਾੜਾ ਸਮਾਜ ਆਂਖੇ ਬੰਡ ਕਰ ਜੀਨਾ ਨਹੀ ਮਾਂਗਤਾ । ਗਰਲ ਆਪਣੇ ਪਸੰਦ ਕਾ ਲਰਕਾ ਮਾਂਗਤਾ ।"

ਐਨੀ ਗੱਲ ਕਹਿਣੀ ਸੀ ਕਿ ਕਰਤਾਰੀ ਨੇ ਬੈਠੀ ਜੈਨੀ ਦੇ ਛੱਤਿਆਂ ਨੂੰ ਜਾ ਹੱਥ ਪਾਇਆ । "ਕੁੱਤੀ, ਮੈਨੂੰ, 'ਗਰੇਜੀਆਂ ਸਿਖਾਂਦੀ ਏ ।"

ਜੈਨੀ ਨੇ ਸਿਰ ਛੰਡਿਆ ਅਤੇ ਬਿਜਲੀ ਦੀ ਤੇਜ਼ੀ ਨਾਲ ਖੜੀ ਹੋ ਗਈ । "ਡੌਂਟ ਟੱਚ ਮੀ ।" ਅਤੇ ਨਾਲ ਹੀ ਖਿੱਚ ਕੇ ਕਰਤਾਰੀ ਦੇ ਮੂੰਹ ਤੇ ਚਪੇੜ ਮਾਰੀ ।

ਕਰਤਾਰੋ ਭੰਬਤਰ ਗਈ । ਅਤੇ ਅਜੇ ਸੰਭਲੀ ਹੀ ਸੀ ਕਿ ਜੈਨੀ ਨੇ ਉਛਲ ਕੇ ਕਰਤਾਰੀ ਦੀ ਛਾਤੀ ਵਿਚ ਲਤ ਮਾਰੀ । ਅਤੇ ਕਰਤਾਰੀ ਚੱਕਰ ਖਾ ਕੇ ਡਿੱਗ ਪਈ ।

"ਨਾਨ ਸੈਂਨਸ, ਈਡੀਅਟ, ਡਰਟੀ ਬਿਚ ।" ਅਤੇ ਦੂਜੀ ਵਾਰ ਲੱਤ ਮਾਰਨ

ਹੀ ਲੱਗੀ ਸੀ ਕਿ ਦਿੱਤੂ ਭੱਜਕੇ ਅੱਗੇ ਆ ਗਿਆ ।

ਕਰਤਾਰੀ ਨੇ ਦੁਹਾਈ ਪਾ ਦਿੱਤੀ । "ਬਚਾਈਂ ਵੇ ਹਾੜਾ, ਇਸ ਮੇਮਣੀ ਤੋਂ ।"

ਦਿੱਤੂ ਨੇ ਕਿਹਾ, "ਬੱਸ ਬੱਸ ਬਹੁਤ ਹੋ ਗਈ ਸੂ ।" ਅਤੇ ਉਸ ਕਰਤਾਰੀ ਨੂੰ ਕਿਹਾ, "ਹੋਣੀ ਈ ਤੇਰੇ ਨਾਲ ਇਹੋ ਹੀ ਚਾਹੀਦੀ ਸੀ । ਮੈਂ ਹੁਣ ਤੈਨੂੰ ਕੁਝ ਨਹੀਂ ਕਹਿੰਦਾ ਕਿਉਂਕਿ ਘਰ ਪ੍ਰਾਹੁਣੇ ਆਏ ਹੋਏ ਹਨ ।"

ਦਿੱਤੂ ਤੇ ਜੈਨੀ ਦੀ ਨਿੱਖਰੀ ਸ਼ਖਸ਼ੀਅਤ ਦਾ ਪੂਰਾ ਪ੍ਰਭਾਵ ਸੀ ਅਤੇ ਉਹ ਖੁਸ਼ ਸੀ ਕਿ ਇਹ ਸਾਰੀ ਉਮਰ ਦੀ ਗੁਲਾਮੀ ਤੋਂ ਛੁੱਟ ਗਈ ਏ ।

ਕਰਤਾਰੋ ਨੇ ਰਾਤ ਰੋਟੀ ਨਾ ਖਾਧੀ ਕਿਉਂਕਿ ਬਰੀਕ ਅਤੇ ਤਿੱਖੀ ਅੱਡੀ ਦੀ ਸੱਟ ਉਹਦੀ ਛਾਤੀ ਵਿਚ ਰੜਕ ਰਹੀ ਸੀ ।

ਸਵੇਰੇ ਪਾਦਰੀ ਅਤੇ ਜੈਨੀ ਦਾ ਮੰਗੇਤਰ ਆਏ ਤਾਂ ਕਰਤਾਰੀ ਨੇ ਝੱਟ ਅੱਗੇ ਹੋ ਕੇ ਕਿਹਾ, "ਸਾਹਿਬ ਜੀ, ਅਸੀਂ ਬੜੇ ਖੁਸ਼ ਹਾਂ ਜੈਨੀ ਦੀ ਸ਼ਾਦੀ ਤੇ ।"

ਪਰ ਕਰਤਾਰੀ ਵਿਆਹ ਦੇ ਜਸ਼ਨ ਵਿੱਚ ਨਾ ਗਈ । ਦਿੱਤੂ ਹੀ ਗਿਆ ।

ਕਰਤਾਰੀ ਮਗਰੋਂ ਕਹਿੰਦੀ ਫਿਰੇ, "ਪਿਆਰੋ ਤਾਂ ਕਹਿੰਦੀ ਸੀ ਮੈਨੂੰ ਛੱਜੂ ਲੜ ਲਾ ਦਿਓ, ਪਰ ਮੈਂ ਹੀ ਨਾ ਮੰਨੀ । ਛੱਜੂ ਤਾਂ ਹੁਣ ਸ਼ਹਿਰ ਬੂਟਾਂ ਦਾ ਕੰਮ ਕਰਦਾ ਏ ਅਤੇ ਇਹੋ ਜਿਹੀਆਂ ਉੱਥੇ ਰੋਜ਼ ਆਉਂਦੀਆਂ ਨੇ ।"

# ਨੱਜੋ ਦਾ ਖੂਹ

ਹਲ ਤਾਂ ਹਾਸ਼ਮ ਨੇ ਜੋਅ ਲਿਆ ਪਰ ਉਹਦੇ ਵਿੱਚ ਇਨ੍ਹਾਂ ਵੀ ਸਤ ਬਲ ਨਹੀਂ ਸੀ ਕਿ ਚੰਗੀ ਤਰ੍ਹਾਂ ਬਲਦ ਹੱਕ ਸੁਕੇ ਅਤੇ ਨਾਂ ਹੀ ਬਲਦਾਂ ਵਿਚ ਹੱਲ ਖਿਚਣ ਦੀ ਸਤਿਆ ਸੀ । ਪੂਰਾ ਹਫਤਾ ਹੀ ਹੋ ਗਿਆ ਸੀ ਨਾਂ ਤਾਂ ਹਾਸ਼ਮ ਨੇ ਚੱਜ ਨਾਲ ਅੰਨ ਮੂੰਹ ਪਾਇਆ ਸੀ ਨਾਂ ਹੀ ਬਲਦਾਂ ਨੂੰ ਪਾਣੀ ਪੱਠਾ ਮਿਲਿਆ ਸੀ । ਸਗੋਂ ਹਾਸ਼ਮ ਨੇ ਤਾਂ ਪੂਰੇ ਸਾਤੇ ਦੀਆਂ ਰਾਤਾਂ ਵੀ ਉਨੀਂਦੇ ਹੀ ਕੱਟੀਆਂ ਸਨ । ਸੂਰਜ ਉੱਭਰ ਕੇ ਸਿਰ ਤੇ ਚੜ੍ਹਨ ਨੂੰ ਕਰਦਾ ਸੀ । ਧੁੱਪ ਜਵਾਨੀ ਚੜ੍ਹ ਗਈ ਸੀ । ਪਰ ਨੀਮ ਬੇਹੋਸ਼ੀ ਵਿੱਚ ਹਾਸ਼ਮ ਨੂੰ ਇਹ ਵੀ ਪਤਾ ਨਹੀਂ ਸੀ ਕਿਵੇਂ ਵਾਹਿਆ ਅਤੇ ਕਿੰਨਾਂ ਵਾਹਿਆ । ਉਹ ਤਾਂ ਬੇਸੁਰਤੀ ਜਿਹੀ ਵਿਚ ਹੀ ਹਲ ਦੀ ਜੰਘੀ ਫੜ ਬਲਦਾਂ ਦੇ ਮਗਰ ਲੱਤਾਂ ਧਰੂਹ ਰਿਹਾ ਸੀ । ਬੇਤਾਕਤੀ ਇੰਨੀ ਸੀ ਕਿ ਬਲਦਾਂ ਨੂੰ ਸੋਟੀ ਤਾਂ ਕੀ ਲਾਉਣੀ ਸੀ ਹਾ-ਤੱਤਾ ਨੇੜੇ ਉਤਾਂਹ ਦੀ ਆਵਾਜ ਵੀ ਮੂੰਹੋਂ ਕੱਢਣੀ ਔਖੀ ਸੀ । ਉਹਦੀ ਜੀਭ ਤਾਲੂ ਨਾਲ ਚਿਪਕੀ ਹੋਈ ਸੀ । ਭੁੱਖ ਨਾਲ ਉਹਦੀਆਂ ਆਂਦਰਾਂ ਵਿੱਚ ਅੱਗ ਜਿਹੀ ਬਲ ਰਹੀ ਸੀ ਅਤੇ ਪਿਆਸ ਨਾਲ ਸੰਘ ਐਨਾ ਸੁਕਾ ਸੀ ਕਿ ਨਾ ਲੁਆਬ (ਥੁੱਕ) ਬਣਦਾ ਸੀ ਅਤੇ ਨਾ ਸੰਘ ਦੀ ਕਾਂ ਘੰਡੀ ਅੱਗੇ ਪਿੱਛੇ ਹੁੰਦੀ ਸੀ । ਟੁੱਟਾ ਥੱਕਾ ਸਰੀਰ ਇਸ ਤਰ੍ਹਾਂ ਸੀ ਜਿਵੇਂ ਇਸ ਵਿਚ ਲਹੂ ਚਰਬੀ ਨਹੀਂ ਸਗੋਂ ਫੱਕ ਜਾਂ ਸੁਆਹ ਭਰੀ ਹੋਵੇ ।

ਸਵੇਰ ਤੋਂ ਹੀ ਉਹਦੀਆਂ ਧੁੰਦਲਾਈਆਂ ਅੱਖਾਂ ਬਾਰ-ਬਾਰ ਬੇਇਰਾਦਾ ਪਿੰਡ ਵਲੋਂ ਆਉਂਦੇ ਪਹੇ ਤੇ ਫੈਲਦੀਆਂ ਰਹੀਆਂ ਅਤੇ ਕੋਈ ਹਿਉਲਾ, ਕੋਈ ਅਕਾਰ ਲਭਦੀਆਂ ਅਤੇ ਉਹਦੀ ਨਜ਼ਰ ਪਾਟਣ ਲੱਗ ਜਾਂਦੀ ਅਤੇ ਫਿਰ ਉਹ ਧਰਤੀ ਦੀ ਹਿੱਕ ਚੀਰਦੇ ਹਲ ਦੀ ਫਾਲੀ ਤੇ ਗੱਡ ਦਿੰਦਾ । ਫਾਲੀ ਉਹਨੂੰ ਆਪਣੀ ਹਿੱਕ ਚੀਰਦੀ ਲਗਦੀ ਅਤੇ ਦੂਜੇ ਪਲ ਉਹਦੀ ਨਿਗਾਹ ਫਿਰ ਪਹੀ ਤੇ ਦੂਰ ਤੱਕ ਕੁੱਝ ਲੱਭਣ ਲੱਗ ਜਾਂਦੀ ।

ਆਖਰ ਉਸ ਨੇ ਅਰਲੀਆਂ ਪੱਟ ਬਲਦ ਪੰਜਾਲੀਓਂ ਕੱਢੇ ਅਤੇ ਰੱਸੇ ਲਪੇਟ

ਦਿੱਤੇ । ਭੁੱਖੇ ਤਿਹਾਏ ਬਲਦ ਕੱਲਰ ਦੀ ਦਾਂਦਰੀ ਨਾਲ ਲਗਦੀ ਛਪੜੀ ਵੱਲ ਧਾ ਕੇ ਪੈ ਗਏ ।

ਇਹ ਨਿੱਕੀ ਪਰ ਡੂੰਘੀ ਛੱਪੜੀ ਕਈ ਸਾਲ ਪਹਿਲਾਂ ਹਾਸ਼ਮ ਦੇ ਪਿਓ ਨਵਾਬ ਨੇ ਆਪ ਕ਼ਹੀ ਫੜ ਪੁੱਟ ਪੁੱਟ ਬਣਾਈ ਸੀ । ਖੂਹ ਖੇਤ ਪਿੰਡੋਂ ਦੂਰ ਹੋਣ ਕਰਕੇ ਅਤੇ ਪਾਣੀ ਦੀ ਘਾਟ ਹੋਣ ਤੇ ਉਹ ਪੰਜਵੇਂ ਸੱਤਵੇਂ ਖੂਹ ਜੋੜਕੇ ਇਸ ਨਿੱਕੇ ਤਲਾਅ ਨੂੰ ਸਾਫ ਸੁਥਰੇ ਪਾਣੀ ਨਾਲ ਨੱਕੋ ਨੱਕ ਭਰ ਦਿੰਦਾ । ਜਿੱਥੇ ਉਹਦੇ ਆਪਣੇ ਪਸ਼ੂ ਪਾਣੀ ਪੀਂਦੇ, ਉਥੇ ਦੂਰ-ਦੂਰ ਤੱਕ ਰਕੜ ਕੱਲਰ ਵਿੱਚ ਉਤਾਰਾ ਕਰਦੇ ਟੱਪਰੀਵਾਸ ਕਾਫਲਿਆਂ ਦੇ ਪਸ਼ੂਆਂ ਨੂੰ ਵ਼ੀ ਪੀਣ ਨੂੰ ਪਾਣੀ ਇੱਥੋਂ ਹੀ ਮਿਲਦਾ । ਚਿੜੀ, ਜਨੌਰ, ਪੰਛੀ ਪੰਖੇਰੂ ਸਭ ਲਈ ਇਸ ਉਜਾੜ ਵਿੱਚ ਇਹ ਪਾਣੀ ਅੰਮ੍ਰਿਤ ਸਰੋਵਰ ਸੀ । ਸਾਲੋ ਸਾਲ ਪਾਣੀ ਦੀ ਸਿੱਲ੍ਹ ਤਰਾਵਟ ਰਹਿਣ ਕਾਰਨ ਛੱਪੜੀ ਦੇ ਚੁਫੇਰੇ ਇਕ ਛੋਟਾ ਜਿਹਾ ਜੰਗਲ ਉੱਗ ਆਇਆ ਸੀ । ਹੀਂਸ, ਕੇਂਦੂ, ਝੰਡਾਂ ਤੋਂ ਬਿਨਾਂ ਢੱਕ, ਬੇਰੀ, ਕਿੱਕਰ ਫਲਾਹ਼ੀ, ਟਾਹਲੀਆਂ ਅਤੇ ਨਿੰਮ ਜਿਹੇ ਦਰਖਤਾਂ ਨੇ ਛਪੱੜੀ ਦਾ ਚੁਫੇਰਾ ਹੀ ਘੇਰ ਰੱਖਿਆ ਸੀ । ਅਤੇ ਇਹ ਨਿੱਕਾ ਜਿਹਾ ਵਣ ਕੱਲਰ ਕੋਲ ਰੇਗਿਸਤਾਨ ਵਿੱਚ ਨਖਲਿਸਤਾਨ ਵਾਂਗ ਚਮਕਦਾ ਸੀ । ਇਸ ਸੁੰਦਰ ਵਣ ਦੀ ਜਿੱਥੇ ਉਹਨਾਂ ਨੂੰ ਛਾਂ ਦੀ ਮੌਜ ਸੀ ਉਥੇ ਲੱਕੜ, ਬਾਲਣ, ਅਰਲੀ ਪੰਜਾਲੀ ਸਭ ਸਰਦਾ ਸੀ । ਇਸ ਤੋਂ ਬਿਨਾਂ ਬਣ ਪੰਛੀਆਂ, ਚਿੜੀ ਬਿਜੜੇ ਦੇ ਰਹਿਣ ਵਸੇਰੇ ਦੀ ਵੀ ਚੰਗੀ ਥਾਂ ਸੀ ।

ਦੂਰ ਦੂਰ ਤੱਕ ਫੈਲੇ ਕੱਲਰ ਵਿਚ ਆਮ ਟੱਪਰੀਵਾਸ ਤੇ ਵਪਾਰੀ ਕਬੀਲੇ ਉਤਰਦੇ ਹੀ ਰਹਿੰਦੇ ਸਨ । ਕਦੇ ਸ਼ਿਕਰੀਗਰ, ਕਦੇ ਬਾਜੀਗਰ, ਬਾਗੜੀ, ਲੁਹਾਰ, ਭੇੜ-ਕੁੱਟ, ਊਠਾਂ ਵਾਲੇ ਬਲੋਚ, ਭੇਡਾਂ ਵਾਲੇ ਵਾਬਰੀਏ, ਮੱਝਾਂ ਵਾਲੇ ਗੁੱਜਰ, ਖੋਤਿਆਂ, ਘੋੜਿਆਂ ਅਤੇ ਕੁੱਤਿਆਂ ਵਾਲੇ ਗਿੱਦੜ-ਮਾਰ ਅਤੇ ਸਭ ਲਈ ਪਾਣੀ ਪੀਣ ਦਾ ਸਾਧਨ ਹਾਸ਼ਮ ਦਾ ਖੂਹ ਅਤੇ ਇਹੋ ਛੱਪੜੀ ਸੀ ।

ਬਲਦ ਛੱਡ ਉਹ ਲੱਤਾਂ ਧੂਹੰਦਾ ਖੂਹ ਦੀ ਮਣ ਤੱਕ ਆਇਆ । ਪਰ ਅੱਖਾਂ ਫਿਰ ਪਿੰਡੋਂ ਆਉਂਦੇ ਰਾਹ ਤੇ ਜਾ ਟਿਕੀਆਂ । ਭਵੰਤਰੀਆਂ ਅੱਖਾਂ ਨੂੰ ਝਾਉਲਾ

ਜਿਹਾ ਪਿਆ । ਅੱਧੀ ਕੁ ਪੈਲੀ ਦੀ ਵਿੱਥ ਤੇ ਹੱਥ ਰੋਟੀ ਫੜੀ ਭੂਰੇ ਵਾਲਾਂ ਵਾਲੀ ਨੱਜੋ ਆਉਂਦੀ ਦਿਸੀ । ਹਾਸ਼ਮ ਦੀਆਂ ਖਿਲਰੀਆਂ ਸ਼ਕਤੀਆਂ ਇਕ ਦੱਮ 'ਕੱਠੀਆਂ ਹੋ ਗਈਆਂ । ਉਸ ਬਿਜਲੀ ਵਾਂਗ ਤੇਜੀ ਕੀਤੀ । ਝਪਟ ਕੇ ਬਹਿਬਲ ਹੋ ਕੁੜੀ ਨੂੰ ਗੋਦੀ ਚੁੱਕ ਛਾਤੀ ਨਾਲ ਘੁੱਟ ਕੇ ਮੱਥਾ ਚੁੰਮਿਆ, "ਮੇਰੀ ਭੈਣ ਨੱਜੋ" । ਠਠੰਬਰੀ ਕੁੜੀ ਦੀ ਚੀਕ ਨਿਕਲ ਗਈ, ਹਾਸ਼ਮ ਦਾ ਸਰੀਰ ਕੰਬਿਆ ਅਤੇ ਬਾਹਵਾਂ ਢਿੱਲੀਆਂ ਹੋ ਗਈਆਂ ... ਨਹੀਂ ... ਨਹੀਂ ... ਨਹੀਂ । ਉਹ ਹੌਂਕ ਰਿਹਾ ਸੀ । ਉਹਦੀ ਪਿਆਰੀ ਖਿਡੌਣੇ ਜਿਹੀ ਭੈਣ ਨਜੋ ਕਿੱਥੇ ਸੀ । ਉਹ ਤਾਂ ਉਹਦੀ ਪੀੜਾਂ ਪਿੰਜੀ ਰੂਹ ਦਾ ਭੁਲੇਖਾ ਸੀ । ਉਹ ਤਾਂ ਉਹਦੇ ਸਿਰ ਚੜ੍ਹੇ ਖਾਰੇ ਪਾਣੀ ਅਥਰੂਆਂ ਦਾ ਪਾਗਲਪਨ ਸੀ ।

ਉਹ ਕੁੜੀ ਤਾਂ ਕੱਲਰ ਵਿੱਚ ਦੋ ਦਿਨ ਪਹਿਲਾਂ ਉਤਰੇ ਬਲੋਚ ਕਬੀਲੇ ਦੀ ਸੀ ਅਤੇ ਪਿੰਡ ਵੱਲੋਂ ਕੋਈ ਸੌਦਾ ਲੈ ਕੇ ਆ ਰਹੀ ਸੀ । ਗੋਦੀ ਵਿਚੋਂ ਤਿਲਕ ਗਈ ਬਲੋਚ ਕੁੜੀ ਨੂੰ ਛੱਡ ਕੇ ਡਿੱਗਦਾ ਕੰਬਦਾ ਖੂਹ ਤੇ ਆ ਗਿਆ । ਉਸ ਨੂੰ ਇੰਝ ਲੱਗਾ ਜਿਵੇਂ ਸੂਝ ਬੂਝ ਦੀਆਂ ਨਾਜੁਕ ਤੰਦਾਂ ਪਲ ਛਿਣ ਵਿਚ ਹੀ ਦਿਮਾਗੋਂ ਟੁੱਟ ਜਾਣਗੀਆਂ ਅਤੇ ਉਹ ਪਾਗਲ ਹੋ ਜਾਵੇਗਾ । ਲੰਬੀ ਰੱਸੀ ਨਾਲ ਬੰਨੀ ਹੋਈ ਮਿੱਟੀ ਦੀ ਟਿੰਡ ਉਸ ਖੂਹ ਵਿਚੋਂ ਭਰ ਕੇ ਕੱਢੀ । ਖੂਹ ਦੀ ਮੌਣ ਤੇ ਰੱਖ ਉਹ ਪੈਰਾਂ ਭਾਰ ਬੈਠ ਗਿਆ । ਪਾਟ ਰਹੀਆਂ, ਧੁੰਦਲੀਆਂ, ਉਨੀਂਦਰੀਆਂ ਅੱਖਾਂ ਅਤੇ ਸੇਕ ਮਾਰਦੀਆਂ ਪੁੜਪੜੀਆਂ ਤੇ ਪਾਣੀ ਦੇ ਠੰਡੇ ਛਿੱਟੇ ਮਾਰੇ ਅਤੇ ਉਹ ਦੀ ਨਜ਼ਰ ਤਿੰਨ ਚਾਰ ਇੱਟਾਂ ਤੇ ਤਾਜੇ ਲੱਗੇ ਸੀਮਿੰਟ ਤੇ ਪਈ । ਹੱਥ ਹਿੱਲਿਆ ਕਿ ਟਿੰਡ ਸਣੇ ਰੱਸੀ ਖੂਹ ਵਿਚ ਜਾ ਪਈ । ਅੱਖਾਂ ਅੱਗੇ ਹੱਥ ਰੱਖ ਉਸ ਤਾਜੇ ਲੱਗੇ ਸੀਮਿੰਟ ਤੇ ਸਿਰ ਰੱਖ ਭੁੱਬ ਮਾਰੀ ਤੇ ਫੁੱਟ ਫੁੱਟ ਰੋ ਪਿਆ । ਚਿਰਾਂ ਦੇ ਕਪਾਲ ਚੜ੍ਹੇ ਖਾਰੇ ਅੱਥਰੂ ਮੁੜ ਪਏ । ਅਤੇ ਅੱਖਾਂ ਤੋਂ ਪਾਣੀ ਦੀਆਂ ਧਾਰਾਂ ਬਣ ਤੁਰੀਆਂ । ਬੈਂਤ ਮਜਨੂ ਵਾਂਗ ਕੰਬਦੀ ਡਰੀ ਸਹਿਮੀ ਬਲੋਚ ਕੁੜੀ ਸਹਿਮੀ ਠੰਠਬਰੀ ਵੇਖਦੀ ਰਹੀ । ਫਿਰ ਛੱਪੜੀ ਕੋਲ ਦੀ ਹੋ ਕੱਲਰ ਵਿਚ ਉਤਰੇ ਕਾਫਲੇ ਨੂੰ ਸਿਧੀ ਹੋ ਗਈ ।

ਇਸ ਤੋਂ ਕੋਈ ਸਤਾਰਾਂ ਅਠਾਰਾਂ ਸਾਲ ਪਹਿਲਾਂ ਠੀਕ ਇਸੇ ਥਾਂ ਤੇ ਹਾਸ਼ਮ

ਨੂੰ ਗੋਦੀ ਵਿਚ ਲਈ (ਜਦ ਉਹ ਅਜੇ ਅੱਠ ਮਹੀਨਿਆਂ ਦਾ ਸੀ) ਹਾਸ਼ਮ ਦਾ ਸੁੱਘੜ ਤੇ ਸਾਊ ਪਿਓ ਨਵਾਬ ਰੋ ਰਿਹਾ ਸੀ । ਬੇਵੱਸ, ਬੇਉਮੀਦ ? .... ? ....?

ਨਵਾਬ ਹੋਰੀਂ ਦੋ ਭਰਾ ਸਨ । ਵੱਡਾ ਜਮਾਲ ਖਾਂ ਅਤੇ ਛੋਟਾ ਨਵਾਬ ਖਾਂ । ਦੋਹਾਂ ਭਰਾਵਾਂ ਦਾ ਬੜਾ ਹਿੱਤ, ਬੜਾ ਮੋਹ ਸੀ । ਜਮਾਲ ਖਾਂ ਵਿਆਹਿਆ ਹੋਇਆ ਸੀ ਅਤੇ ਨਵਾਬ ਅਜੇ ਪੜ੍ਹਦਾ ਸੀ ਅਤੇ ਜਮਾਲ ਦੀ ਹੀ ਛੋਟੀ ਸਾਲੀ ਨੂੰ ਮੰਗਿਆ ਹੋਇਆ ਸੀ । ਖੇਤੀ ਦਾ ਕੰਮ ਨਾ ਚਲਦਾ ਵੇਖਕੇ ਨਵਾਬ ਸੱਤਵੀਂ ਵਿੱਚੋਂ ਹਟਕੇ ਖੇਤੀ ਵਿੱਚ ਜਮਾਲ ਨਾਲ ਜੁੱਟ ਗਿਆ । ਜਮਾਲ ਦੀ ਸੁੰਦਰ ਬੀਵੀ ਹਸੈਨ ਬੇਗਮ ਨੇ ਪਲੇਠੀ ਦੇ ਪੁੱਤਰ ਕਾਸਮ ਤੋਂ ਪਿਛੋਂ ਦੋ ਬੱਚਿਆਂ ਨੂੰ ਜਨਮ ਦਿੱਤਾ । ਪਰ ਬਚਿਆ ਕੋਈ ਵੀ ਨਾਂ ।ਨਵਾਬ ਨਿੱਕੇ ਜਿਹੇ ਭਤੀਜੇ ਕਾਸਮ ਨੂੰ ਬੜਾ ਲਾਡ ਤੇ ਪਿਆਰ ਕਰਦਾ ਤੇ ਸਾਰਾ ਦਿਨ ਫੁਲ ਵਾਂਗ ਚੁੱਕੀ ਫਿਰਦਾ ।

ਕਾਸਮ ਅਜੇ ਗਿਆਰਵੇਂ ਬਾਰਵੇਂ ਸੀ ਕਿ ਜਮਾਲ ਦਾ ਸਾਇਆ ਸਿਰੋਂ ਉੱਠ ਗਿਆ। ਹੁਣ ਖੇਤੀ ਦਾ ਪੂਰਾ ਬੋਝ ਨਵਾਬ ਉੱਤੇ ਆ ਗਿਆ । ਹੁਸੈਨ ਬੀਬੀ ਨੇ ਕਾਸਮ ਨੂੰ ਸਕੂਲੋਂ ਹਟਾਣਾ ਚਾਹਿਆ ਪਰ ਨਵਾਬ ਖਾਂ ਨਾ ਮੰਨਿਆ । ਹੁਸੈਨ ਬੀਬੀ ਅਤੇ ਨਵਾਬ ਦੀ ਉਮਰ ਦਾ ਚੋਖਾ ਫਰਕ ਸੀ । ਪਰ ਰਿਸ਼ਤੇਦਾਰ ਅਤੇ ਪਿੰਡ ਦੇ ਪਤਵੰਤਿਆਂ ਦੇ ਦਬਾਓ ਹੇਠਾਂ ਆਪਣੀ ਮੰਗ ਛੱਡ ਹੁਸੈਨ ਬੀਬੀ ਤੇ ਚਾਦਰ ਪਾਉਣੀ ਪਈ । ਕਾਸਮ ਪੰਦਰਵੇਂ ਵਰ੍ਹੇ ਸੀ । ਹੁਸੈਨ ਬੀਬੀ ਨੇ ਹਾਸਮ ਨੂੰ ਜਨਮ ਦਿੱਤਾ । ਘਰ ਵਿੱਚ ਤਿੰਨਾਂ ਤੋਂ ਚਾਰ ਜੀ ਹੋ ਗਏ । ਪਰ ਹਾਸਮ ਨੇ ਅਜੇ ਦੋ ਮਹੀਨੇ ਹੀ ਮਾਂ ਦਾ ਦੁੱਧ ਚੁੰਘਿਆ ਸੀ ਕਿ ਹੁਸੈਨ ਬੀਬੀ ਪੂਰੀ ਹੋ ਗਈ । ਘਰ ਉੱਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਖੇਤੀ ਅਤੇ ਘਰ ਦੋਵੇਂ ਕੰਮ ਖੱਚਕ ਗਏ ।

ਕਾਸਮ ਨੇ ਸਕੂਲ ਦੀ ਪੜ੍ਹਾਈ ਛੱਡ ਦਿੱਤੀ । ਦੂਰੋਂ ਪਾਰੋਂ ਕਈ ਰਿਸ਼ਤੇਦਾਰ ਦਬਾਓ ਪਾਉਂਦੇ ਰਹੇ ਕਿ ਨਵਾਬ ਸ਼ਾਦੀ ਕਰ ਲੈ ਪਰ ਨਵਾਬ ਆਪਣੇ ਭਤੀਜੇ ਕਾਸਮ ਨੂੰ ਕੋਈ ਦੁੱਖ ਨਹੀਂ ਸੀ ਦੇਣਾ ਚਾਹੁੰਦਾ ਅਤੇ ਉਹ ਹਰ ਇੱਕ ਨੂੰ ਨਾਂਹ ਹੀ ਕਰੀ ਗਿਆ । ਕੀ ਪਤਾ ਕੋਈ ਕਿਹੋ ਜਿਹੇ ਸੁਭਾਅ ਦੀ ਸੁਆਣੀ ਆਵੇ ਤੇ ਦੋਵੇਂ ਬਾਲ ਹੀ ਸੰਗੀੜੇ ਜਾਣ । ਪਰ ਰੋਟੀ ਟੁੱਕ ਪਕਾਉਣ ਦਾ ਸੰਕਟ ਤੇ ਬੋਟ ਜਿਹਾ ਹਾਸ਼ਮ ।

ਨਵਾਬ ਨੇ ਕਾਸਮ ਵਾਸਤੇ ਭੱਜ ਨੱਠ ਕੀਤੀ ਅਤੇ ਝੱਟ ਮੰਗਣੀ ਤੇ ਪੱਟ ਵਿਆਹ ਕਰਕੇ ਭਤੀਜਾ ਵਿਆਹ ਲਿਆ। ਚਲੋ ਚੁੱਲਾ ਤਪੇਗਾ ਨਾਲੇ ਹਾਸਮ ਦੀ ਸਾਂਭ ਸੰਭਾਲ ਹੋ ਜਾਵੇਗੀ।

ਕਾਸਮ ਦੇ ਲੜ ਲਗੀ ਫਜਲਾਂ ਦਾ ਸੁਭਾ ਚੰਗਾ ਸੀ। ਉਸ ਆਉਂਦਿਆ ਘਰ ਸਾਂਭ ਲਿਆ। ਉਹ ਰੋਟੀ ਤੋਂ ਬਿਨਾਂ ਮਾਂ ਮ੍ਰਿਟਰ ਹਾਸ਼ਮ ਦੀ ਵੀ ਚੰਗੀ ਦੇਖ ਭਾਲ ਕਰਦੀ। ਪਰ ਮਾੜੇ ਭਾਗਾਂ ਨੂੰ ਮਹੀਨੇ ਪਿਛੋਂ ਫਜਲਾਂ ਦੀ ਪਖੰਡਣ ਅਤੇ ਅਤਿ ਕਮੀਨੀ ਮਾਂ ਨੇ ਆ ਡੇਰੇ ਲਾਏ। ਧੀ ਹੀ ਧੀ ਸੀ ਅਤੇ ਹੋਰ ਉਹਦਾ ਫਜਲਾਂ ਤੋਂ ਬਿਨਾਂ ਕੋਈ ਨਹੀਂ ਸੀ। ਫੱਫੇ ਕੁਟਣੀ ਬੁੜੀ ਨੇ ਆਉਂਦਿਆਂ ਹੀ ਘਰ ਵਿੱਚ ਸੇਹ ਦੇ ਤੱਕਲੇ ਗੱਡ ਦਿੱਤੇ। "ਵੇਖ ਧੀਏ, ਕਿਸੇ ਦੀ ਪੰਡ ਤੂੰ ਕਿਉਂ ਚੁੱਕੇਂ। ਇਸ ਚੰਦਰੇ ਨੇ ਜੰਮਦਿਆਂ ਹੀ ਮਾਂ ਨੂੰ ਖਾ ਲਿਆ। ਇਹਦੀ ਤਾਂ ਛੋਹ ਹੀ ਚੰਦਰੀ ਏ। ਕੱਲ੍ਹ ਨੂੰ ਤੇਰੇ ਵੀ ਕੋਈ ਬਾਲ ਹੋਵੇਗਾ। ਇਸ ਨੂੰ ਪਰ੍ਹਾਂ ਹੀ ਰੱਖਿਆ ਕਰ।"

ਫਿਰ ਸਾਰਾ ਸਾਰਾ ਦਿਨ ਅਲਾਣੀ ਮੰਜੀ ਤੇ ਪਿਆ ਨਿੱਕਾ ਜਿਹਾ ਹਾਸਮ ਟਿਆਂਕਦਾ ਰਹਿੰਦਾ।

ਨਵਾਬ ਲਈ ਇੱਕ ਨਵੀਂ ਮੁਸੀਬਤ ਖੜੀ ਹੋ ਗਈ। ਮਮਤਾ ਦੇ ਮਾਰੇ ਤੋਂ ਹਾਸਮ ਦਾ ਰੋਣਾ ਸਹਿਆ ਨਾ ਜਾਂਦਾ। ਇਕ ਦੋ ਵਾਰ ਉਸ ਫਜਲਾਂ ਨੂੰ ਆਖਿਆ ਪਰ ਬੁੱਢੀ ਪਹਿਲਾਂ ਹੀ ਪਟਾਕ ਪੈਂਦੀ, "ਹਾਂ ਹਾਂ ਹਸਾਏ ਦਾ ਕਿਹੜਾ ਨਾਂ ਏ। ਰੋਂਦੇ ਦੇ ਹੀ ਉਲਾਂਭੇ ਹੁੰਦੇ ਨੇ।"

ਨਵਾਬ ਦਿਲ ਹੀ ਦਿਲ ਬੁਝ ਗਿਆ। ਕਾਸਮ ਨੂੰ ਉਸ ਕਿਹਾ ਪਰ ਪਾਸਾ ਹੀ ਪੁੱਠਾ ਪਿਆ।

"ਚਾਚਾ, ਤੇਰੇ ਮੁੰਡੇ ਪਿੱਛੇ ਮੈਂ ਹੁਣ ਜਨਾਨੀ ਤਾਂ ਨਹੀਂ ਘਰੋਂ ਕੱਢ ਦੇਣੀ। ਜੇ ਤੈਥੋਂ ਨਹੀਂ ਜਰਿਆ ਜਾਂਦਾ। ਕੰਮ ਅੱਡ ਕਰ ਲੈ।"

ਕਾਸਮ ਤਾਂ ਪੂਰਾ ਯਾਨੀ ਫਜਲਾਂ ਤੋਂ ਵੀ ਵੱਧ ਸੱਸ ਦੀ ਉਂਗਲੀ ਤੇ ਚੜ੍ਹ ਗਿਆ ਹੋਇਆ ਸੀ। ਨਵਾਬ ਨੂੰ ਇਹ ਉਮੀਦ ਹੀ ਨਹੀਂ ਸੀ ਕਿ ਜਿਸ ਭਤੀਜੇ ਨੂੰ ਉਹ ਐਨਾ ਪਿਆਰ ਦਿੰਦਾ ਰਿਹਾ ਉਹ ਐਨਾ ਰੁੱਖਾ ਅਤੇ ਮੂੰਹ ਪਾੜ ਬੋਲੇਗਾ।

ਕਾਸਮ ਦੀ ਗਲ ਸੁਣ ਉਹਦਾ ਦਿਲ ਬੁਝ ਗਿਆ ਅਤੇ ਉਸ ਪਿੰਡ ਦੀ ਨਿਆਈਂ ਵਾਲਾ ਝੋਟੇ ਦੇ ਸਿਰ ਵਰਗਾ ਟੱਕ ਕਾਸਮ ਨੂੰ ਦੇ ਦਿੱਤਾ । ਆਪ ਪਿੰਡੋਂ ਦੂਰ ਕੱਲਰ ਨਾਲ ਲਗਵਾਂ ਖੂਹ ਲੈ ਲਿਆ । ਚੌੜੇ ਵਿਹੜੇ ਵਿਚ ਰਾਤੋ ਰਾਤ ਸਿਰ ਸਿਰ ਉਚੀ ਕੰਧ ਨਿਕਲ ਗਈ ।

ਫਜਲਾਂ ਨੇ ਮਾਂ ਦੀ ਮਦਦ ਨਾਲ ਪੋਚਾ ਪਾਂਡੂ, ਨੀਲ ਬੜੀ ਫੇਰ ਘਰ ਲਿਸ਼ਕਾ ਲਿਆ ।

ਪਰ ਦੁਨੀਆਂ ਅਤੇ ਆਪਣਿਆਂ ਤੋਂ ਚੋਟ ਖਾ ਕੇ ਉਦਾਸੇ ਨਵਾਬ ਨੇ ਘਰ ਨੂੰ ਜਿੰਦਾ ਲਾ ਹਾਸ਼ਮ ਨੂੰ ਚੁੱਕਿਆ ਅਤੇ ਛੱਪੜੀ ਨੇੜੇ ਪਿੰਡੋਂ ਦੂਰ ਦਰੱਖਤਾਂ ਦੀ ਝਿੜੀ ਵਿੱਚ ਆ ਕੁੱਲੀ ਪਾਈ । ਵਾਧੂ ਡੰਗਰ ਵੱਛਾ ਉਸ ਵੇਚ ਦਿੱਤਾ । ਇੱਕ ਦੁੱਧ ਵਾਲੀ ਗਾਂ ਅਤੇ ਇੱਕ ਬਲਦਾਂ ਦੀ ਜੋੜੀ ਰੱਖ ਲਈ ਅਤੇ ਡੰਗਰਾਂ ਲਈ ਹੀਂਸ ਦੇ ਸੰਘਣੇ ਜਿਹੇ ਬਿੜੇ ਕੋਲ ਛੱਪਰ ਬੰਨ੍ਹ ਕੁੱਲੀ ਬਣਾਈ ਅਤੇ ਦੁਨੀਆਂ ਤੋਂ ਬੇਰੁਖ ਹੋ ਇੱਕ ਕਿਸਮ ਦੀ ਫਕੀਰੀ ਧਾਰ ਲਈ । ਚੁੰਘਣੀ ਵਿਚ ਗਾਂ ਦਾ ਦੁੱਧ ਪਾ ਉਹ ਹਾਸਮ ਨੂੰ ਪਿਲਾਉਂਦਾ । ਰੁੱਖ ਨਾਲ ਬੰਨੀ ਪੀੜ੍ਹੀ ਤੇ ਪਾ ਕੇ ਝੂਟਾ ਦੇ ਦਿੰਦਾ ਅਤੇ ਆਪ ਕੰਮ ਵਿੱਚ ਜੁੱਟ ਜਾਂਦਾ । ਕਹੀ, ਖੁਰਪਾ, ਦਾਤਰੀ, ਪਰ ਕੰਨ ਉਹਦਾ ਸਦਾ ਹਾਸ਼ਮ ਵੱਲ ਲੱਗਾ ਰਹਿੰਦਾ ਅਤੇ ਜੇ ਹਲ ਵਾਹੁੰਦਾ ਤਾਂ ਦੁੱਪਟੇ ਯਾਨੀ ਕੱਪੜੇ ਦੀ ਝੋਲੀ ਬਣਾ ਹਾਸ਼ਮ ਨੂੰ ਵਿਚ ਪਾ ਪਿੱਠ ਤੇ ਬੰਨ੍ਹ ਲੈਂਦਾ ਤੇ ਬਲਦਾਂ ਮਗਰ ਤੁਰਿਆ ਰਹਿੰਦਾ ।

ਪਰ ਇੱਕ ਦਿਨ ਹਾਸ਼ਮ ਜਿਉਂ ਸਵੇਰ ਤੋਂ ਟਿਆਂਕਣ ਲੱਗਾ, ਵਾਹਵਾ ਦਿਨ ਚੜ੍ਹ ਆਇਆ । ਪਰ ਉਹ ਇੱਕ ਛਿਣ ਨਾ ਰੋਣੋਂ ਹਟਿਆ । ਨਵਾਬ ਨੇ ਵਾਰ-ਵਾਰ ਦੁੱਧ ਵਾਲੀ ਚੁੰਘਣੀ ਉਹਦੇ ਮੂੰਹ ਵਿੱਚ ਪਾਈ ਪਰ ਬਾਲ ਨੇ ਹੋਂਠ ਨਾ ਦੱਬੇ । ਭੁੱਖ ਲੱਗੀ ਇੱਕ ਹੱਥ ਨਾਲ ਆਟਾ ਮਲ ਤਵੇ ਤੇ ਰੋਟੀ ਪਾਈ ਪਰ ਬਾਲ ਦੇ ਰੋ ਰੋ ਸੰਘ ਘਘਿਆਣ ਨਾਲ ਤਰਸ ਦੇ ਨਾਲ-ਨਾਲ ਉਹਨੂੰ ਖਿੱਝ ਵੀ ਆਈ ਅਤੇ ਉਸ ਨੇ ਤਵਾ ਸਣੇ ਕੱਚੀ ਰੋਟੀ ਪਰ੍ਹਾਂ ਵਗਾਹ ਮਾਰਿਆ । ਹਾਸ਼ਮ ਨੂੰ ਚੁੱਕਿਆ । ਕੌਲੀ ਤੇ ਚਮਚਾ ਮਾਰ ਮਾਰ ਟੱਲੀ ਵਜਾਈ । ਦੋਹਾਂ ਹੱਥਾਂ ਨਾਲ ਤਾੜੀ ਮਾਰ-ਮਾਰ ਮਾਘੇ ਮਾਰੇ, ਗਿੱਧਾ ਪਾਇਆ । ਆਹ ਅਰ ਅਰਰਰਰਰ ਅਰ ਦੀ ਅਵਾਜ ਕੱਢੀ । ਪਰ ਬਾਲ ਰੋਣੋਂ ਨਾ

ਹਟਿਆ । ਕਿਤੇ ਪੇਟ ਵਿੱਚ ਪੀੜ ਈ ਨਾ ਹੋਵੇ । ਪੋਲੇ ਹੱਥ ਪੇਟ ਟੋਹਿਆ ਪਰ ਪੇਟ ਤਾਂ ਰੂੰ-ਵਰਗਾ ਪੋਲਾ ਸੀ । ਸ਼ੀ-ਸ਼ੀ, ਸ਼ੀ-ਸ਼ੀ ਕਰ ਪਿਸ਼ਾਬ ਕਰਾਇਆ । ਪਰ ਪਿਸ਼ਾਬ ਤਾਂ ਥੋੜਾ ਚਿਰ ਪਹਿਲਾਂ ਉਹਦੇ ਉੱਤੇ ਹੀ ਕੀਤਾ ਸੀ । "ਬਹੁੜੀ ਓਏ, ਰੱਬਾ ! ਕੀ ਯਤਨ ਕਰਾਂ ?" ਸਵੇਰ ਤੋਂ ਨਰਮ ਦੁਪਹਿਰਾ ਹੋ ਗਿਆ ਸੀ । ਪਰ ਉਹਦਾ ਕੋਈ ਯਤਨ ਨਾ ਕਾਰਗਰ ਹੋਇਆ । ਰੋਂਦੇ ਬਾਲ ਨੂੰ ਮੋਢੇ ਲਾ ਝੁੱਗੀ ਵਿਚੋਂ ਨਿਕਲ ਉਹ ਵੱਟੋ ਵੱਟ ਹੋ ਤੁਰਿਆ । "ਆਹ ਤੇਰਾ ਰੁੱਖ, ਆਖ ਵੇਖ ਫੁੱਲ, ਆਹ ਤੇਰੀਆਂ ਪੈਲੀਆਂ ।" ਖੂਹ ਤੇ ਆ ਗਿਆ । ਟਿੰਡਾਂ ਢੋਲਕੀ ਵਾਂਗ ਤਾਲ ਦੇ ਕੇ ਵਜਾਈਆਂ । ਗਾਧੀ ਤੇ ਬੈਠ ਹੁਲਾਰਾ ਖਾਧਾ । ਢੱਕ ਦਾ ਨਰੰਗੀ ਫੁੱਲ ਤੋੜਿਆ । ਪਰ ਬਾਲ ਦੀ ਰੋਣ ਸੁਰ ਹੋਰ ਉੱਚੀ ਹੋ ਗਈ । ਕਰੋਧ ਦਾ ਹੌਕਾ ਨਿਕਲਿਆ ਤੇ ਜੰਨਤ ਨਸੀਬ ਹੁਸੈਨ ਬੀਬੀ ਨੂੰ ਕੋਸਣਾ ਦਿਤਾ, "ਕਰਮਾਂ ਵਾਲੀਏ, ਤੇਰੀ ਥਾਂ ਖੁਦਾ ਮੈਨੂੰ ਹੀ ਲੈ ਜਾਂਦਾ । ਜਾਂ ਤੂੰ ਇਹਨੂੰ ਵੀ ਨਾਲ ਹੀ ਲੈ ਜਾਂਦੀ !" ਅਤੇ ਬੇਵਸ ਹੋ, ਬੇ-ਉਮੀਦ ਹੋ ਖੂਹ ਦੀ ਮੁੰਡੇਰ ਨਾਲ ਢੋਹ ਲਾ ਕੇ ਬੈਠ ਗਿਆ । ਰੋਂਦਾ ਬਾਲ ਝੋਲੀ ਵਿਚ ਪਾ ਗੋਡਿਆਂ ਵਿੱਚ ਸਿਰ ਦੇ ਫੁੱਟ-ਫੁੱਟ ਰੋ ਪਿਆ । ਉਸ ਉਜਾੜ ਵਿੱਚ ਦੋ ਹੀ ਤਾਂ ਉਹ ਜੀਅ ਸਨ । ਜਾਂ ਫਿਰ ਪਰ੍ਹਾਂ-ਪਰ੍ਹਾਂ ਹਟਵਾਂ ਕੱਲਰ ਵਿੱਚ ਉਤਰਿਆਂ ਗੁੱਜਰਾਂ ਦਾ ਡੇਰਾ । ਕੌਣ ਸੁਣੇ ਫਰਿਆਦ । ਮਮਤਾ ਮਾਰੇ ਨਵਾਬ ਦੇ ਰੋ ਪੈਣ ਤੋਂ ਸਿਵਾ ਉਸ ਕੋਲ ਚਾਰਾ ਵੀ ਕੀ ਸੀ ।

ਥੋੜੀ ਜਿਹੀ ਹਟਵੀਂ ਇੱਕ ਨੌਜਵਾਨ ਗੁੱਜਰ ਔਰਤ ਮੱਝਾਂ ਨੂੰ ਮੋੜੇ ਲਾਉਂਦੀ ਨਵਾਬ ਦੀ ਬੇਵਸੀ ਤੇ ਬਾਲ ਦਾ ਰੋਣਾ ਕਾਫੀ ਦੇਰ ਤੋਂ ਵੇਖ ਰਹੀ ਸੀ । ਮੱਝਾਂ ਥੋੜਾ ਪਰ੍ਹਾਂ ਹਟਾ ਉਹ ਚੁੱਪ ਚਾਪ ਖੂਹ ਤੇ ਸਿਸਕਦੇ ਨਵਾਬ ਨੇੜੇ ਆਈ ਅਤੇ ਬਿਨਾਂ ਕੁੱਝ ਮੂੰਹੋਂ ਬੋਲੇ ਹੱਥ ਵੱਧਾ ਕੇ ਰੋਂਦੇ ਨਵਾਬ ਦੀ ਝੋਲੀ ਵਿਚੋਂ ਰੋਂਦਾ ਬਾਲ ਚੁੱਕ ਲਿਆ ਅਤੇ ਛਾਤੀ ਨਾਲ ਘੁੱਟਿਆ । .... ਬਾਲ ਚੁੱਪ ! ਪਰ ਨਵਾਬ ਪੀੜ ਤੇ ਕਰਬ ਨਾਲ ਅਜੇ ਵੀ ਸਿਸਕ ਰਿਹਾ ਸੀ । ਉਸ ਚਾਦਰ ਦੇ ਪੱਲੇ ਨਾਲ ਅੱਖਾਂ ਚੋਂ ਅੱਥਰੂ ਪੂੰਝੇ । ਜਦ ਤਾਈਂ ਗੁੱਜਰੀ ਮੁੰਡੇ ਨੂੰ ਲੈ ਕੇ ਝੁੱਗੀ ਕੋਲ ਚਲੀ ਗਈ ਸੀ ਅਤੇ ਨਵਾਬ ਉੱਠਕੇ ਉਹਦੀਆਂ ਮੱਝਾਂ ਵੱਲ ਚਲਾ ਗਿਆ । ਕੱਲਰ 'ਚੋਂ ਵਲ ਕੇ ਮੱਝਾਂ ਉਸ ਬਲਦਾਂ ਲਈ

ਰਾਖਵੇਂ ਘਾਹ ਤੇ ਕਰ ਦਿੱਤੀਆਂ । "ਖਾਓ ਕਰਮਾਂ ਵਾਲੀਓ" ਅਤੇ ਆਪ ਹੌਲੀ-ਹੌਲੀ ਝੁੱਗੀ ਵੱਲ ਤੁਰਿਆ ।

ਗੁੱਜਰੀ ਨੇ ਚੌਥੀ ਰੋਟੀ ਸੇਕ ਕੇ ਛਾਬੇ ਵਿਚ ਸੁੱਟੀ । ਤਵਾ ਲਾਹਿਆ ਅਤੇ ਗੋਦੀ ਵਿਚ ਪਾਏ ਬਾਲ ਨੂੰ ਸਣੇ ਚੁੰਘਣੀ ਚੁੱਕ ਕੇ ਖੜੀ ਹੋ ਗਈ । "ਮੈਂ ਇਹਨੂੰ ਨਾਲ ਲੈ ਚਲੀ ਆਂ । ਰੋਟੀ ਖਾ ਅਤੇ ਸ਼ਾਮੀ ਆ ਕੇ ਪਤਾ ਲੈ ਲਵੀਂ ।" ਅਤੇ ਬਿਨਾਂ ਨਵਾਬ ਦੀ ਹਾਂ ਨਾਂਹ ਦੇ ਮੁੰਡਾ ਲੈ ਕੇ ਝੁੱਗੀ ਚੋਂ ਬਾਹਰ ਨਿਕਲ ਗਈ । ਮੱਝਾਂ ਹੱਕੀਆਂ ਤੇ ਡੇਰੇ ਨੂੰ ਸਿੱਧੀ ਹੋ ਗਈ ।

ਨਵਾਬ ਵਿਚ ਇਕ ਅਜੀਬ ਜਿਹਾ ਉਤਰਾਅ, ਚੜ੍ਹਾਅ ਆਇਆ ਅਤੇ ਪੂਰੇ ਜੁਸੇ ਵਿਚ ਵੇਗ-ਮਈ ਮਿਠਾਸ ਜਿਹੀ ਭਰ ਗਈ । ਜਵਾਨ ਗੁੱਜਰ ਔਰਤ ਦੀ ਹਮਦਰਦੀ, ਮਿੱਠੀ ਸ਼ੀਰੀਂ ਜਬਾਨ ਫਿਰ ਰੰਗ ਰੂਪ । ਸਭ ਕੁੱਝ ਮੋਹ ਲੈਣ ਵਾਲਾ ਸੀ । ਰੋਟੀ ਖਾ ਉਹ ਕੰਮੀ ਕਾਰੀਂ ਲੱਗ ਗਿਆ । ਪੱਠਾ ਦੱਥਾ ਪਾਉਂਦਿਆਂ ਕਰਦਿਆਂ ਸ਼ਾਮ ਹੋ ਗਈ । ਡੰਗਰ ਵੱਛਾ ਬੰਨ੍ਹ ਉਸ ਕੱਲਰ ਵੱਲ ਡੇਰੇ ਦਾ ਰੁੱਖ ਕੀਤਾ ਤਾਂ ਕੇ ਮੁੰਡਾ ਲੈ ਆਵਾਂ ।

ਗੁੱਜਰ ਕਬੀਲੇ ਦੇ ਸਤ ਅੱਠ ਘਰ ਸਨ ਅਤੇ ਪਰਾਲੀ ਦੇ ਕੁਨੂੰ ਅਤੇ ਪਰਾਲੀ ਦੀਆਂ ਛੱਪਰਾਂ ਛੰਨਾਂ ਵਿਚ ਹੀ ਰਹਿੰਦੇ ਸਨ । ਡੇਰੇ ਦੇ ਚਾਰੇ ਪਾਸੇ ਮੱਝਾਂ, ਝੋਟੀਆਂ, ਕਟਰੂ, ਪਲੀਆਂ ਪਾ ਪਾ ਬੱਧੇ ਹੋਏ ਸਨ । ਨੇੜੇ ਜਾਂਦਿਆਂ ਹੀ ਇੱਕ ਮੁੰਡੇ ਨੇ ਉਹ ਨੂੰ ਉਸ ਘਰ ਪਹੁੰਚਾ ਦਿੱਤਾ ਜਿੱਥੇ ਉਹਦਾ ਬਾਲ ਸੀ ।

ਪਰਾਲੀ ਦੇ ਨਿੱਘੇ ਨਰਮ ਅਤੇ ਗਰਮ ਬਿਸਤਰ ਤੇ ਇੱਕ ਬਿਰਧ ਮਾਈ ਹਾਸ਼ਮ ਨੂੰ ਗੋਦੀ ਵਿੱਚ ਲਈ ਬੈਠੀ ਸੀ ਅਤੇ ਨੇੜੇ ਹੀ ਇੱਕ ਬਿਰਧ ਬਾਬਾ ਅਤੇ ਅਧਖੜ ਬੰਦਾ ਹੁੱਕਾ ਪੀ ਰਿਹਾ ਸੀ । ਨੇੜੇ ਹੀ ਇਕ ਹੋਰ ਔਰਤ ਰੋਟੀਆਂ ਪਕਾ ਰਹੀ ਸੀ ਅਤੇ ਨੌਜਵਾਨ ਔਰਤ ਜਿਹੜੀ ਹਾਸ਼ਮ ਨੂੰ ਲੈ ਕੇ ਆਈ ਸੀ ਉਹ ਕੁੱਝ ਹਟਵਾਂ ਮੱਝ ਦੀ ਧਾਰ ਕੱਢ ਰਹੀ ਸੀ । ਸਲਾਮ ਦੁਆ, ਅਲੈਕ ਸ਼ਲੈਕ ਤੋਂ ਬਾਅਦ ਬੁੱਢੇ ਗੁੱਜਰ ਨੇ ਉਹਨੂੰ ਬੜੇ ਆਦਰ ਨਾਲ ਪਰਾਲੀ ਦੇ ਮੂੜ੍ਹੇ ਉੱਤੇ ਬਿਠਾਇਆ । ਦੂਜੇ ਮਰਦ ਨੇ ਹੁੱਕੇ ਦੀ ਨੜੀ ਉਸ ਵਲ ਫੇਰੀ ਪਰ ਉਸ ਕਿਹਾ, "ਨਹੀਂ, ਮੈਂ ਤੰਬਾਕੂ

ਨਹੀਂ ਪੀਂਦਾ ।"

ਬੁੱਢੇ ਨੇ ਨੜੀ ਸਹਾਰ ਧਾਰ ਕੱਢ ਹਟੀ ਔਰਤ ਨੂੰ ਕਿਹਾ, "ਦਾਰਾਂ ? ਪੁੱਤਰ ਰੋਟੀ ਲਿਆਓ ! ਚੌਧਰੀ ਆਇਆ ਏ ।"

ਦਾਰਾਂ ਨੇ ਮੱਝ ਥਲੇ ਕੱਟੀ ਛੱਡੀ ਅਤੇ ਟੋਕਣੀ ਦੁੱਧ ਦੀ ਚੁਲ੍ਹੇ ਨੇੜੇ ਰੱਖੀ ਅਤੇ ਹੱਥ ਧੋ ਰੋਟੀਆਂ ਚੋਪੜਨ ਲੱਗ ਪਈ । ਫਿਰ ਬੜੇ ਸੁਚੱਜੇ ਢੰਗ ਨਾਲ ਰੋਟੀ ਪਰੋਸ ਤਿੰਨਾਂ ਦੇ ਅੱਗੇ ਰੱਖ ਦਿੱਤੀ ।

ਨਾਂਹ-ਨਾਂਹ ਕਰਦਿਆਂ ਵੀ ਨਵਾਬ ਨੂੰ ਘਿਓ ਵਿੱਚ ਤਰ ਬਤਰ ਰੋਟੀ ਖਾਣੀ ਪਈ । ਮਾਈ ਅੱਗੇ ਰੋਟੀ ਰੱਖ ਦਾਰਾਂ ਨੇ ਹਾਸ਼ਮ ਨੂੰ ਚੱਕ ਲਿਆ । ਦੋ ਵਾਰ ਲਾਡ ਨਾਲ ਉਛਾਲਿਆ ਅਤੇ ਫਿਰ ਗੋਦੀ ਵਿੱਚ ਲੈ ਥੋੜਾ ਹਟਵਾਂ ਬੈਠ ਗਈ ।

ਫਿਰ ਮਾਝੇ ਦੁੱਧ ਦੇ ਭਰੇ ਛੰਨਿਆਂ ਨਾਲ ਇਧਰ ਉਧਰ ਦੀਆਂ ਗੱਲਾਂ ਚੱਲ ਪਈਆਂ । ਬੁੱਢੇ ਗੁੱਜਰ ਨੇ ਨਵਾਬ ਤੋਂ ਕੁਰੇਦ-ਕੁਰੇਦ ਸਾਰਾ ਕੁੱਝ ਪੁੱਛਿਆ ਅਤੇ ਨਵਾਬ ਨੇ ਜਦ ਆਪਣੀ ਵਿਥਿਆ ਸੁਣਾਈ ਤਾਂ ਸਾਰਾ ਗੁੱਜਰ ਪਰਿਵਾਰ ਹਮਦਰਦੀ ਅਤੇ ਤਰਸ ਨਾਲ ਭਰਿਆ ਪਿਆ ਸੀ ।

"ਚੰਗਾ, ਭਲੇ ਲੋਕੋ, ਰਾਤ ਚੋਖੀ ਲੰਘ ਗਈ ਏ । ਕੋਈ ਡੰਗਰ ਈ ਨਾ ਖੁਲ੍ਹ ਜਾਵੇ । ਹੁਣ ਮੈਂ ਚਲਦਾ ਹਾਂ ।" ਅਤੇ ਨਵਾਬ ਨੇ ਮੁੰਡਾ ਲੈਣ ਲਈ ਦਾਰਾਂ ਵਲ ਹੱਥ ਵਧਾਏ ।

ਦਾਰਾਂ ਨੇ ਘੂਕ ਸੁੱਤੇ ਹਾਸ਼ਮ ਨੂੰ ਦੋ ਵਾਰੀ ਛਾਤੀ ਨਾਲ ਘੁੱਟਿਆ, ਚੁੰਮਿਆ ਅਤੇ ਫਿਰ ਬੇਦਿਲੀ ਨਾਲ ਬੱਚਾ ਨਵਾਬ ਦੇ ਹੱਥਾਂ ਤੇ ਰੱਖ ਦਿੱਤਾ । ਨਵਾਬ ਦੇ ਕੰਨਾਂ ਨੂੰ ਸਾਹਾਂ ਦੀ ਸਰਗੋਸ਼ੀ ਟਕਰਾਈ ।

"ਇਹਨੂੰ ਰਾਤ ਮੇਰੇ ਕੋਲ ਹੀ ਰਹਿਣ ਦਿੰਦੇ ।"

ਤੁਰਨ ਲੱਗਿਆਂ ਮਾਈ ਨੇ ਕਿਹਾ," ਪੁੱਤਰ ਇਹ ਬੋਟ ਨਹੀਂ ਬਿਨਾਂ ਮਾਵਾਂ ਤੋਂ ਪਲਦੇ । ਕਿਤੇ ਕੋਈ ਚੰਗੀ ਥਾਂ ਲੱਭ ਕੇ ਇਹਨੂੰ ਮਾਂ ਦੀ ਗੋਦੀ ਦਾ ਨਿੱਘ ਦੇ ।"

ਪਰ ਨਵਾਬ ਇਹ ਕਹਿੰਦਾ-ਕਹਿੰਦਾ ਤੁਰ ਪਿਆ, "ਮਾਂ ਜੀ, ਇਕ ਧੱਕਾ ਖਾ ਬੈਠਾਂ । ਕੀ ਪਤਾ ਕੋਈ ਇਹੋ ਜਿਹੀ ਮਿਲੇ ਕਿ ਅਗਲੇ ਹਾਲੋਂ ਵੀ ਜਾਵਾਂ ।"

ਅਤੇ ਉਹ ਹਨੇਰੀ ਰਾਤ ਵਿਚ ਡੇਰਿਓਂ ਬਾਹਰ ਨਿਕਲ ਆਇਆ । ਉਸ ਚਾਦਰ ਦੀ ਬੁੱਕਲ ਵਿੱਚ ਹਾਸ਼ਮ ਨੂੰ ਲਪੇਟ ਸੀਨੇ ਨਾਲ ਲਾਇਆ । ਪਰ ਪਤਾ ਨਹੀਂ ਕੀ ਉਹਦੇ ਹੱਥਾਂ ਵਿੱਚ ਕੰਡੇ ਸਨ । ਹਾਸ਼ਮ ਫਿਰ ਟਿਆਂਕ ਪਿਆ । ਉਸ ਝੁੱਗੀ ਵਿੱਚ ਆ ਦੀਵਾ ਲਾਇਆ ਅਤੇ ਦੁੱਧ ਕੋਸਾ ਕੀਤਾ ਅਤੇ ਤੋਤਲੀ ਜਬਾਨ ਨਾਲ ਤੋਤਕੜੇ ਗਾਏ । ਪਰ ਰਾਤ ਅੱਧੀ ਹੋ ਗਈ । ਰੋਂਦੇ ਬਾਲ ਦੀਆਂ ਘਗਾਂ ਬੈਠ ਗਈਆਂ । ਰਗਾਂ ਖੁਸ਼ਕ ਪਰ ਲਾਲ ਹੋ ਗਈਆਂ । ਲਾਲ ਹੋਂਠ ਪੀਲੇ ਕਾਲੇ ਹੋਣ ਲੱਗ ਪਏ ।

ਨਵਾਬ ਦੀ ਮਾਨਸਿਕ ਪੀੜ ਪਿੜ ਬੰਨ੍ਹ ਖਲੋਤੀ । ਉਬਾਲ ਉੱਠਿਆ, 'ਡੇਰ਼ੇ ਦਾਰਾ ਕੋਲ ਲੈ ਜਾਵਾਂ । ਪਰ ਕੀ ਚੰਗਾ ਲੱਗਾਂਗਾ ? ਉਹ ਕੀ ਸੋਚਣਗੇ ? ਉਹ ਤਾਂ ਪਹਿਲਾਂ ਹੀ ਅਹਿਸਾਨ ਥੱਲੇ ਦੱਬਿਆ ਗਿਆ ਸੀ । ਪਰ ਫੁੱਲ ਤਾਂ ਪਲੋ ਪਲ ਮੁਰਝਾ ਰਿਹਾ ਸੀ । ਕਿਤੇ ਪਾਣੀ ਦੀ ਪਿਆਸ ਨਾ ਹੋਵੇ ?' ਘੜੇ ਨੂੰ ਹੱਥ ਲਾਇਆ । ਸੁੱਕਾ ਕਪਾਹ ਪਾਨ ਜੋਗਾ ਹੋਇਆ ਪਿਆ ਸੀ । ਖੂਹ ਤੋਂ ਟਿੰਡ ਭਰ ਲਿਆਵਾਂ । ਟਿਆਂਕਦਾ ਬਾਲ ਮੰਜੇ ਤੇ ਲਿਟਾ ਉਹ ਪਾਣੀ ਲੈਣ ਹਨੇਰੇ ਵਿੱਚ ਖੂਹ ਨੂੰ ਹੋ ਤੁਰਿਆ । ਪਾਣੀ ਦੀ ਟਿੰਡ਼ ਭਰਕੇ ਕੱਢੀ । ਜਦ ਮੁੜਕੇ ਕੁਲੀ ਨੇੜੇ ਆਇਆ ਤਾਂ ਬਾਲ ਦੀ ਅਵਾਜ ਨਾ ਆਈ । ਜਾਹ ਜਾਂਦੀਏ ! ਲੱਤਾਂ ਢੂੱਲ ਗਈਆਂ । ਦਿਲ ਫੱਟੜ ਪੱਛੀ ਵਾਂਗ ਫੜਕਿਆ । ਅੱਖਾਂ ਅੱਗੇ ਹਨੇਰਾ ਹੋ ਗਿਆ । ਕੀ ਵੇਖਾਂਗਾ ? ਪਿੱਛੇ ਮੁੜਾਂ ਤੇ ਖੂਹ ਵਿੱਚ ਛਾਲ ਮਾਰ ਮਰਾਂ ਅਤੇ ਆਪਣੇ ਦੁੱਖਾਂ ਦਾ ਅੰਤ ਕਰ ਲਵਾਂ । ਮੁੜ ਪਿਆ । ਚਾਰ ਕਦਮ ਪੁੱਟੇ । ਖੜਕਦੇ ਬਰਤਨ ਦੀ ਆਵਾਜ ਆਈ । ਪਿੱਛੇ ਕੰਨ ਲਾਇਆ । ਕੋਈ ਬਿੜਕ ਨਾ ਹੋਈ । ਵੇਖ ਤਾਂ ਲਵਾਂ । ਹੌਂਸਲਾ ਕਰ ਮੁੜ ਪਿਆ । ਝੁਗੀ ਦੇ ਬੂਹੇ ਵਿਚ ਆਇਆ । ਬੂਹੇ ਵਿਚ ਹੀ ਪੈਰ ਜਕੜੇ ਗਏ । ਅੱਖਾਂ ਟੱਡੀਆਂ ਹੀ ਰਹਿ ਗਈਆਂ । ਖੁਸ਼ੀ ਤੇ ਹੈਰਾਨੀ ਕੀ ਮੈਂ ਖਾਬ ਵਿਚ ਤਾਂ ਨਹੀਂ ? ਦਾਰਾਂ ਪੀੜ੍ਹੀ ਤੇ ਬੈਠੀ ਸੀ ਅਤੇ ਹਾਸ਼ਮ ਉਹਦੀ ਗੋਦੀ ਵਿਚ ਗੁਟਕ ਰਿਹਾ ਸੀ । ਉਸ ਤਾਲੂ ਨਾਲ ਚਿਪਕੀ ਜਬਾਨ ਪੂਰੀ ਹਿੰਮਤ ਨਾਲ ਲਾਹੀ । ਥੁੱਕ ਨਿਗਲ ਸੰਘ ਤਰ ਕੀਤਾ । ,

"ਦਾਰ੍ਹਾਂ, ਐਨੀ ਹਨੇਰੀ ਰਾਤ ਤੇ ਤੂੰ ......।"

"ਹਾਂ ....... ... ਹਾਂ ਮੈਂ .......... ਮੈਂ ਤੈਨੂੰ ਕਿਹਾ ਸੀ ਇਹਨੂੰ ਮੇਰੇ ਕੋਲ ਹੀ ਰਹਿਣ ਦੇ।" ਉਹਦੇ ਕਹਿਣ ਵਿੱਚ ਅਪਣੱਤ ਜਿਹਾ ਰੋਸਾ ਸੀ ਅਤੇ ਹੌਸਲੇ ਭਰਿਆ ਠਰੰਮਾਂ।

ਕੁਝ ਪਲ ਤਾਂ ਨਵਾਬ ਨੂੰ ਕੋਈ ਗੱਲ ਨਾ ਔਹੜੀ। ਉਹ ਮੰਜੇ ਤੇ ਬੈਠ ਗਿਆ ਅਤੇ ਕਿਹਾ, "ਐਨੀ ਕਾਲੀ ਬੋਲੀ ਰਾਤ ਵਿਚ ਦਾਰਾਂ, ਤੈਨੂੰ ਨਹੀਂ ਸੀ ਆਉਣਾ ਚਾਹੀਦਾ।"

"ਹੂੰ, ਅਤੇ ਤੂੰ ਬਾਲ ਨੂੰ ਰਵਾਂਦਾ ਰਹਿੰਦਾ।" ਦਾਰਾਂ ਨੇ ਇਸ ਤਰ੍ਹਾਂ ਅਪਣੱਤ ਦਾ ਹੱਕ ਜਤਾਇਆ।

ਨਵਾਬ ਨੇ ਫਿਰ ਕਿਹਾ, "ਨਹੀਂ ਦਾਰਾਂ, ਮੈਂ ਕਲ੍ਹ-ਕਲ੍ਹ ਵਿੱਚ ਹੀ ਤੇਰੇ ਅਹਿਸਾਨ ਹੇਠਾਂ ਦਬਿਆ ਗਿਆ। ਨਾਲੇ ਮੈਂ ਆਪਣਾ ਭਾਰ ਕਿਸੇ ਹੋਰ ਦੇ ਸਿਰ ਤੇ ਕਿਵੇਂ ਰੱਖਾਂ ?"

ਮਿੱਠੀ ਜਿਹੀ ਮੁਸਕਾਨ ਨਾਲ ਦਾਰਾਂ ਨੇ ਕਿਹਾ, "ਭਲਿਆ, ਜਿਸ ਚੀਜ਼ ਨੂੰ ਰੂਹ ਮੰਨ ਲਵੇ ਉਹਦਾ ਬੋਝ ਨਹੀਂ ਹੁੰਦਾ, ਸਗੋਂ ਖੁਸ਼ੀ ਹੁੰਦੀ ਏ। ਮੇਰੀ ਰੂਹ ਤੜਪੀ। ਛੋਹਰ ਜ਼ਰੂਰ ਰੋਂਦਾ ਹੋਣਾ ਏ ਅਤੇ ਮੈਂ ਸਭ ਨੂੰ ਸੁਤਿਆਂ ਛੱਡ ਉੱਠ ਤੁਰੀ। ਇਸ ਨੂੰ ਮਾਂ ਦੀ ਮਮਤਾ, ਮਾਂ ਦੀ ਗੋਦੀ ਦਾ ਨਿੱਘ, ਮਾਂ ਦਾ ਪਿਆਰ ਚਾਹੀਦਾ ਏ। ਇਸ ਲਈ ਕੋਈ ਮਾਂ ਲੱਭ।"

ਨਵਾਬ ਨੇ ਲੰਬਾ ਹੌਕਾ ਭਰਿਆ, "ਕਿਸਮਤ ਦੀ ਗੱਲ ਏ, ਦਾਰਾਂ। ਜੇ ਇਹਦੇ ਨਸੀਬਾਂ ਵਿਚ ਮਾਂ ਦਾ ਪਿਆਰ ਹੁੰਦਾ ਤਾਂ ਹੁਸੈਨਾ ਹੀ ਨਾ ਮਰਦੀ। ਫਿਰ ਕਿੱਥੋਂ ਲੱਭਾਂ ? ਕੌਣ ਬਣੇਗੀ ਇਹਦੀ ਮਾਂ ?"

ਦਾਰਾਂ ਹਾਸ਼ਮ ਨੂੰ ਲੈ ਕੇ ਉੱਠ ਖੜੋਤੀ ਅਤੇ ਕਿਹਾ, " ਮੈਂ-ਮੈਂ ਬਣਾਂਗੀ ਇਹਦੀ ਮਾਂ।"

ਨਵਾਬ ਦੀਆਂ ਅੱਖਾਂ ਹੈਰਾਨੀ ਨਾਲ ਫੈਲ ਗਈਆਂ। "ਇਹ ਕਿਵੇਂ !"

"ਹਾਂ-ਹਾਂ, ਮੈਂ ਬਣਾਂਗੀ ਇਹ ਦੀ ਮਾਂ। ਮੈਂ ਮੁੰਡਾ ਲੈ ਚਲੀ ਆਂ। ਸੋਚ

ਲੈ । ਜੇ ਮਰਜੀ ਹੋਏ ਤਾਂ ਹਾਂ ਕਰੀਂ ।" ਅਤੇ ਮੁੰਡਾ ਲੈ ਉਹ ਹਨ੍ਹੇਰੇ ਵਿੱਚ ਗੁੰਮ ਹੋ ਗਈ ।

ਅਤੇ ਨਵਾਬ ਦੀ ਦਿਨ ਚੜ੍ਹਦੇ ਤੱਕ ਅੱਖ ਨਾ ਲੱਗੀ । ਦੋ ਬੋਲ ਉਹਦੇ ਕੰਨਾਂ ਤੇ ਖੜਕਦੇ ਰਹੇ । ਸੋਚ ਲੈ, ਮਰਜੀ ਹੋਏ ਤਾਂ ਹਾਂ ਕਹੀਂ .... ਮੈਂ - ਮੈਂ ਬਣਾਂਗੀ ਇਹਦੀ ਮਾਂ । ਪਰ ਇਹ ਚੱਕਰ ਕੀ ਏ ? ਕੀ ਦਾਰਾਂ ਸ਼ਾਦੀ ਸ਼ੁਦਾ ਨਹੀਂ ਜਾਂ ਹੋਰ ਕੋਈ ਗੱਲ ? ਤੜਕਸਾਰ ਇੱਕ ਨੀਂਦ ਦਾ ਠੌਂਕਾ ਆਇਆ ਤਾਂ ਉਸ ਹਾਸ਼ਮ ਨੂੰ ਦਾਰਾਂ ਦੀ ਛਾਤੀ ਚੁੰਘਦਿਆਂ ਵੇਖਿਆ ।

ਮੂੰਹ ਹਨੇਰੇ ਹੀ ਉਸ ਬਲਦਾਂ ਨੂੰ ਪੱਠੇ ਪਾਏ ਅਤੇ ਮਨ ਬਣਾਇਆ ਹਾਸ਼ਮ ਦਾ ਪਤਾ ਲੈਣ ਦਾ । ਵਿਹਲਾ ਹੋ ਅਜੇ ਤੁਰਨ ਹੀ ਲੱਗਾ ਸੀ ਕਿ ਬੁੱਢਾ ਗੁੱਜਰ ਤੇ ਬਿਰਧ ਮਾਈ ਝੁੱਗੀ ਵਲ ਆਉਂਦੇ ਦਿਸੇ । ਦਿਲ ਧੜਕਿਆ ਪਰ ਕੰਬਦੇ ਅਲੈਕ ਸ਼ਲੈਕ ਤੋਂ ਬਾਅਦ ਉਹ ਤਿੰਨੇ ਝੁੱਗੀ ਵਿੱਚ ਮੰਜੇ ਤੇ ਬੈਠ ਗਏ ।

ਬੁੱਢੇ ਗੁੱਜਰ ਨੇ ਗੱਲ ਤੋਰੀ । "ਚੌਧਰੀ, ਦਾਰਾਂ ਮੇਰੀ ਧੀ ਏ । ਦਸ ਸਾਲ ਪਹਿਲਾਂ ਅਸਾਂ ਇਹਦਾ ਵਿਆਹ ਬੜੀ ਠਾਠ-ਬਾਠ ਨਾਲ ਕੀਤਾ, ਪਰ ਮੰਦ ਭਾਗਾ ਵਿਆਹ ਤੋਂ ਦੋ ਦਿਨ ਪਿਛੋਂ ਫੌਤ ਹੋ ਗਿਆ । ਮੇਰੀ ਧੀ ਦਾਰਾਂ ਦਾ ਐਸਾ ਦਿਲ ਟੁੱਟਾ ! ਅਸਾਂ ਸੌ ਜਤਨ ਕੀਤੇ ਹੋਰ ਕਿਤੇ ਬਿਠਾਣ ਦੇ । ਕਿਸੇ ਹੋਰ ਲੜ ਲਾਉਣ ਦੇ ਪਰ ਦਾਰਾਂ ਨੇ ਸਾਡੀ ਇੱਕ ਨਾ ਮੰਨੀ । ਆਖਰ ਜਵਾਨ ਧੀ ਉਮਰ ਭਰ ਘਰ ਬਿਠਾਣੀ ਔਖੀ ਸੀ । ਅਸਾਂ ਚੰਗੇ ਤੋਂ ਚੰਗੇ ਘਰ ਟਿਕਾਣੇ ਵੇਖੇ, ਦੱਸੇ । ਪਰ ਉਹ ਇਹ ਆਖ ਕੇ ਸਾਨੂੰ ਲਾ-ਜ਼ਵਾਬ ਕਰ ਦਿੰਦੀ । 'ਬਾਬਾ ਮੈਂ ਤੁਹਾਡੇ ਉੱਤੇ ਬੋਝ ਨਹੀਂ ਬਣਦੀ । ਮੈਂ ਕੰਮ ਕਰਾਂਗੀ । ਤੁਸੀਂ ਰੋਟੀ ਕੱਪੜਾ ਦਈ ਜਾਓ । ਐਨੇ ਵਿੱਚ ਮੈਂ ਮਹਿੰਗੀ ਨਹੀਂ ।' ਪਰ ਕੁਦਰਤ ਖੁਦਾ ਦੀ ! ਕੱਲ੍ਹ ਤੇਰੇ ਇਸ ਨਿੱਕੇ ਜੇਹੇ ਬਾਲ ਨੇ ਕੀ ਜਾਦੂ ਕੀਤਾ ਕਿ ਉਹਦੀ ਮਾਂ-ਮਮਤਾ ਜਾਗ ਪਈ । ਕੱਲ੍ਹ ਤੋਂ ਹੀ ਉਹ ਇਸ ਬਾਲ ਨੂੰ ਅਪਣਾ ਲੈਣ ਤੇ ਘਰ ਕਰਨ ਬਾਰੇ ਆਖ ਰਹੀ ਏ ਅਤੇ ਹੁਣ ਅਸੀਂ ਤੇਰੀ ਰਜਾਮੰਦੀ, ਤੇਰੀ ਮਰਜੀ ਜਾਨਣ ਬਾਰੇ ਆਏ ਹਾਂ ।"

ਫਿਰ ਉਸੇ ਸ਼ਾਮ ਦਾਰਾਂ ਨਹੀਂ ਸਰਦਾਰ ਬੇਗਮ ਅਤੇ ਨਵਾਬ ਖਾਂ ਨੇ ਹੱਕ

ਨਿਕਾਹ ਕੀਤਾ ਅਤੇ ਅਗਲੀ ਸਵੇਰ ਦੋਹਾਂ ਨੇ ਆ ਕੇ ਪਿੰਡ ਵਾਲੇ ਮਕਾਨ ਦਾ ਚਿਰਾਂ ਤੋਂ ਲੱਗਾ ਜਿੰਦਰਾ ਖੋਲਿਆ ਜਦ ਹਾਸ਼ਮ ਦਾਰਾਂ ਦੀ ਗੋਦੀ ਵਿੱਚ ਸੀ ।

ਸਰਦਾਰ ਬੇਗਮ ਨੇ ਆਪਣੇ ਸਾਊਪੁਣੇ ਅਤੇ ਮਿੱਠੀ ਜ਼ੁਬਾਨ ਨਾਲ ਹਰ ਇੱਕ ਮਨ ਨੂੰ ਮੋਹ ਲਿਆ । ਦੋਹਾਂ ਨੇ ਰਲ ਕੇ ਹਿੰਮਤ ਨਾਲ ਘਰ ਖੇਤ ਦਾ ਕੰਮ ਰੇੜ੍ਹ ਲਿਆ । ਹਾਸ਼ਮ ਨੂੰ ਉਹ ਤਲੀ ਤੇ ਛਾਲੇ ਵਾਂਗ ਰੱਖਦੀ । ਹਾਸ਼ਮ ਨੂੰ ਇੱਕ ਅਤਿ ਨਿੱਘੀ ਮਾਂ ਅਤੇ ਨਵਾਬ ਨੂੰ ਇੱਕ ਸੁਘੜ ਸੁਆਣੀ ਅਤੇ ਖੇਤਾਂ ਨੂੰ ਇੱਕ ਚੰਗੀ ਮਾਲਕਣ ਮਿਲ ਗਈ ਕਿ ਹਰ ਪੱਖੋਂ ਲਹਿਰ ਬਹਿਰ ਹੋ ਗਈ ।

ਹਾਸ਼ਮ ਚੌਥੀ ਵਿੱਚ ਪੜ੍ਹਦਾ ਸੀ ਜਦ ਸਰਦਾਰ ਬੇਗਮ ਨੇ ਜਪਾਨੀ ਖਿਡੌਣੇ ਵਰਗੀ ਗੋਰੀ ਚਿੱਟੀ ਬੱਚੀ ਨਜ਼ਮਾ ਨੂੰ ਜਨਮ ਦਿੱਤਾ । ਇਸ ਤੋਂ ਪਹਿਲਾਂ ਦੋ ਬਾਲ ਹੋਏ ਸਨ, ਪਰ ਦੋਏਂ ਹੀ ਬਿਨਾਂ ਸਾਹਾਂ ਤੋਂ । ਨਜ਼ਮਾ ਇੱਕ ਸਾਲ ਦੀ ਹੋਈ ਸੀ ਕਿ ਸਰਦਾਰ ਬੇਗਮ ਜੱਨਤ ਨਸੀਬ ਹੋਈ । ਆਖਰੀ ਸਾਹਾਂ ਉਤੇ ਸਰਦਾਰ ਬੇਗਮ ਨੇ ਹਾਸ਼ਮ ਤੇ ਨਜਮਾ ਨੂੰ ਚੁੰਮਿਆ ਅਤੇ ਨਵਾਬ ਨੂੰ ਕਿਹਾ, "ਲੈ ਭਲੇ ਲੋਕਾ, ਮੇਰਾ ਪੁੱਤਰ, ਮੇਰੀ ਧੀ ਤੇਰੇ ਹਵਾਲੇ । ਹਾਸ਼ਮ ਨੂੰ ਪੜ੍ਹਨੋ ਨਾ ਹਟਾਈਂ ।"

ਪਰ ਨਵਾਬ ਸਰਦਾਰਾਂ ਦੀ ਮੌਤ ਦੀ ਸੱਟ ਨਾ ਸਹਾਰ ਸਕਿਆ ਅਤੇ ਦਿਮਾਗੀ ਤੁਆਜਨ ਖੋ ਬੈਠਾ ਅਤੇ ਸਕੂਲ ਦੇ ਚੁਸਤ ਮੁੰਡੇ ਹਾਸਮ ਨੂੰ ਛੇਵੀਂ ਵਿੱਚੋਂ ਹੀ ਸਕੂਲ ਛੱਡਣਾ ਪਿਆ ਅਤੇ ਪੂਰੇ ਘਰ ਅਤੇ ਬਾਹਰ ਦਾ ਬੋਝ ਚੁੱਕਣਾ ਪਿਆ । ਰੋਟੀ ਟੁੱਕ ਖੇਤੀ ਪਾਤੀ । ਫਿਰ ਨਿੱਕੀ ਜਿਹੀ ਨੱਜੋ ਦੀ ਸੰਭਾਲ । ਦਿਨ ਰਾਤ ਉਹਨੂੰ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ । ਤਿੰਨ ਸਾਢੇ ਤਿੰਨ ਸਾਲ ਨਵਾਬ ਨੇ ਬਿਨਾਂ ਸੁਰਤ ਸੰਭਾਲ ਤੋਂ ਕੱਢੇ ਅਤੇ ਫੌਤ ਹੋ ਗਿਆ ਅਤੇ ਪੰਦਰਾਂ ਸਾਲ ਦੇ ਹਾਸਮ ਅਤੇ ਪੰਜ ਸਾਲ ਦੀ ਨੱਜੋ ਦੇ ਸਿਰੋਂ ਆਖਰੀ ਸਾਇਆ ਵੀ ਉਠ ਗਿਆ ।

ਹੁਣ ਪੂਰੇ ਘਰ ਦੀ ਗੱਡੀ ਹੀ ਹਾਸ਼ਮ ਦੇ ਕੰਧੇ ਆ ਪਈ । ਦਿਨ ਰਾਤ ਜਫਰ ਜਾਲਦਿਆਂ ਦੋ ਢਾਈ ਸਾਲ ਲੰਘ ਗਏ । ਨਿੱਕੀ ਜਿਹੀ ਨੱਜੋ ਕੂਲੇ ਗੁਲਾਬੀ ਹੱਥਾਂ ਨਾਲ ਨਿੱਕੀਆਂ-ਨਿੱਕੀਆਂ ਰੋਟੀਆਂ ਪਕਾਉਂਦੀ । ਗੁੜ-ਗੰਢਾ ਜਾਂ ਅਚਾਰ ਜਾਂ ਚਟਣੀ ਕੁੱਟ ਰੋਟੀ ਪੋਣੇ ਵਿੱਚ ਬੰਨ੍ਹ ਖੇਤ ਨੂੰ ਤੁਰ ਪੈਂਦੀ । ਹਾਸ਼ਮ ਦੂਰੋਂ ਜਦ ਨੱਜੋ

ਨੂੰ ਆਉਂਦੀ ਵੇਖਦਾ ਤਾਂ ਖਿੜ ਭਰੀ ਖੁਸ਼ੀ ਚੜ੍ਹ ਜਾਂਦੀ । ਉਹ ਨਹੀਂ ਸੀ ਚਾਹੁੰਦਾ ਕਿ ਨਿੱਕੀ ਜਿਹੀ ਬਾਲੜੀ ਨੱਜੋ ਮਾਲੂਕ ਕੂਲੇ ਹੱਥ ਫੂਕੇ ਅਤੇ ਬਲੌਰ ਵਰਗੀਆਂ ਸੁੰਦਰ ਅੱਖਾਂ ਧੂੰਏ ਵਿੱਚ ਖਰਾਬ ਕਰੇ ਜਾਂ ਧੁੱਪ ਵਿੱਚ ਖੇਤ ਆ ਕੇ ਰੰਗ ਕਾਲਾ ਕਰੇ । ਖੁਸ਼ੀ ਇਸ ਗੱਲੋਂ ਕਿ ਉਹਦੇ ਬਾਰ-ਬਾਰ ਰੋਕਣ ਤੇ ਵੀ ਉਹ ਮੋਹ ਮਾਰੀ ਖੇਤ ਆ ਜਾਂਦੀ ਤੇ ਕਹਿੰਦੀ, "ਵੀਰੇ, ਤੇਰੇ ਬਿਨਾਂ ਮੇਰਾ ਦਿਲ ਨਹੀਂ ਲਗਦਾ ।"

ਦੂਰੋਂ ਆਉਂਦੀ ਨੱਜੋ ਨੂੰ ਵੇਖ ਉਹ ਹੱਥਲਾ ਕੰਮ ਵਿੱਚੇ ਛੱਡ ਅਗਲ ਵਾਂਹਡੀ ਉਠ ਭੱਜਦਾ ਤੇ ਝੱਪਟ ਕੇ ਨੱਜੋ ਨੂੰ ਮੋਢੇ ਤੇ ਬਿਠਾ ਲੈਂਦਾ ਤੇ ਖੂਹ ਤੱਕ ਨਾ ਉਤਾਰਦਾ ਅਤੇ ਫਿਰ ਖੂਹ ਦੀ ਮੌਣ ਤੇ ਬਿਠਾਕੇ ਕਹਿੰਦਾ, "ਮੇਰੀ ਗੁੜੀਆ ਭੈਣ, ਜੇ ਤੂੰ ਕੱਲ੍ਹ ਨੂੰ ਭੀ ਆਈ ਤਾਂ ਮੈਂ ਰੋਟੀ ਨਹੀਂ ਖਾਣੀ ।" ਅਤੇ ਨੱਜੋ ਦੀਆਂ ਸੁੰਦਰ ਅੱਖਾਂ ਵਿੱਚ ਪਾਣੀ ਛਲਕ ਪੈਂਦਾ । ਫਿਰ ਹਾਸ਼ਮ ਉਹਨੂੰ ਖਿੱਚਕੇ ਗੋਦੀ ਬਿਠਾ ਲੈਂਦਾ ਤੇ ਕਹਿੰਦਾ, "ਨਹੀਂ ਨਹੀਂ ਮੇਰੀ ਬੀਬੀ ਭੈਣ, ਮੈਂ ਤਾਂ ਕਹਿੰਦਾਂ ਤੇਰੇ ਖੇਡਣ ਦੇ ਦਿਨ ਨੇ । ਤੂੰ ਬਾਲਾਂ ਨਾਲ ਖੇਡਿਆ ਕਰ ।"

ਨੱਜੋ ਕਹਿੰਦੀ, "ਵੀਰੇ, ਮੈਨੂੰ ਖੇਡ ਨਹੀਂ ਤੂੰ ਚੰਗਾ ਲੱਗਦਾ ਏ ।"

ਫਿਰ ਦੋਵੇਂ ਇੱਕ ਦੂਜੇ ਦੇ ਮੂੰਹ ਵਿੱਚ ਬੁਰਕੀਆਂ ਪਾਉਂਦੇ । ਹਾਸ਼ਮ ਦਾ ਵੀ ਨਜਮਾਂ ਤੋਂ ਬਿਨਾਂ ਕਿਹੜਾ ਦਿਲ ਲਗਦਾ ਸੀ । ਕਹੀ ਦੇ ਹਰ ਟੱਕ, ਖੂਹ ਦੇ ਹਰ ਗੇੜ੍ਹੇ, ਹਲ ਦੇ ਹਰ ਮੋੜ ਉਹ ਪਿੰਡ ਵਾਲੇ ਪਹੇ ਤੇ ਨੱਜੋ ਦੀ ਤਲਾਸ਼ ਵਿੱਚ ਅੱਖਾਂ ਵਿਛਾ ਦਿੰਦਾ । ਰੋਟੀ ਖਾ ਉਹ ਕੰਮ ਲੱਗ ਜਾਂਦਾ ਅਤੇ ਨੱਜੋ ਕੋਲ ਖੇਡਦੀ ਮਿੱਠੀਆਂ-ਮਿੱਠੀਆਂ ਗੱਲਾਂ ਕਰੀਂ ਜਾਂਦੀ । ਘਾਹ ਦੀਆਂ ਤਿੜਾਂ ਪੁਟ-ਪੁਟ ਬਲਦਾਂ ਦੇ ਮੂੰਹ ਵਿਚ ਪਾਈ ਜਾਂਦੀ ਅਤੇ ਸ਼ਾਮੀ ਘਰ ਮੁੜਨ ਲਗਿਆਂ ਜਦ ਹਾਸ਼ਮ ਪੱਠਿਆਂ ਦੀ ਪੰਡ ਚੁੱਕਦਾ ਤਾਂ ਨਜ਼ਮਾ ਵੀ ਪੱਠੇ ਚੁੱਕਣ ਦੀ ਜਿੱਦ ਕਰਦੀ ।

"ਨਹੀਂ ਮੇਰੀ ਬੀਬੀ ਭੈਣ, ਭਰਾ ਦੇ ਹੁੰਦਿਆਂ ਭੈਣਾ ਨਹੀਂ ਪੱਠੇ ਚੁਕਦੀਆਂ ।"

ਫਿਰ ਉਹ ਬਲਦ ਹਿੱਕ ਮਗਰ ਤੁਰ ਪੈਂਦੀ । ਘਰ ਆ ਕੇ ਦੋਵੇਂ ਰੋਟੀ ਪਕਾਉਂਦੇ ਖਾਂਦੇ, ਪੱਠਾ ਦੱਥਾ ਪਾ, ਵਿਹਲੇ ਹੋ ਕੰਮ ਨਿਪਟਾ ਮੰਜੀ ਤੇ ਪਏ ਬੁਝਾਰਤਾਂ, ਚੁਟਕਲੇ ਅਤੇ ਅੜੌਣੀਆਂ ਸੁਲਝਾਂਦੇ । ਨਜ਼ਮਾਂ ਕਿਸੇ ਰਾਜੇ, ਕਿਸੇ ਪਰੀ ਦੀ ਕਹਾਣੀ

ਦੀ ਮੰਗ ਕਰਦੀ ਅਤੇ ਹਾਸ਼ਮ ਕਿਸੇ ਪਰੀ, ਕਿਸੇ ਰੂਪਮਤੀ ਸ਼ੈਹਜਾਦੀ ਦੀ ਕਹਾਣੀ ਸ਼ੁਰੂ ਕਰ ਦਿੰਦਾ । ਜਦੋਂ ਉਹ ਕਿਸੇ ਪਰੀ ਜਾਂ ਸ਼ਹਿਜਾਦੀ ਦੇ ਰੂਪ ਦੀ ਸਿਫਤ ਕਰਦਾ ਤਾਂ ਨਜਮਾਂ ਕਹਿੰਦੀ,

"ਵੀਰੇ, ਉਹ ਬਹੁਤ ਸੋਹਣੀ ਸੀ ?"

"ਹੂੰ, ਹਾਂ, ਹਾਂ ਨਜ਼ਮਾ, ਪਰੀਆਂ ਤੇ ਸ਼ਹਿਜਾਦੀਆਂ ਸਦਾ ਹੀ ਸੋਹਣੀਆਂ ਹੁੰਦੀਆਂ ਨੇ ।"

ਨਜ਼ਮਾ ਕਹਿੰਦੀ, "ਮਾਂ ਤੋਂ ਵੀ ?"

"ਨਹੀਂ, ਨਹੀਂ, ਨਾ ਮਾਂ ਤੋਂ, ਨਾ ਨਜ਼ਮਾਂ ਤੋਂ । ਹੋਰ ਸਭ ਤੋਂ ।"

"ਅਤੇ ਵੀਰੇ, ਸ਼ਹਿਜ਼ਾਦਾ ?"

"ਹਾਂ, ਸ਼ਹਿਜਾਦੇ ਵੀ ਬਹੁਤ ਸੋਹਣੇ ਹੁੰਦੇ ਨੇ ।"

ਅਤੇ ਨਜ਼ਮਾਂ ਕਹਿੰਦੀ, "ਮੇਰੇ ਵੀਰੇ ਤੋਂ ਵੀ ?"

"ਉਹ ਹਾਂ ਹਾਂ ।"

ਅਤੇ ਨਜ਼ਮਾਂ ਗੁੱਸੇ ਹੋ ਜਾਂਦੀ ਅਤੇ ਉਦੋਂ ਤੱਕ ਹੁੰਗਾਰਾ ਨਾ ਭਰਦੀ ਜਿੰਨਾ ਚਿਰ ਉਹ ਇਹ ਨਾਂ ਕਹਿੰਦਾ, 'ਨਹੀਂ ਨਜ਼ਮਾ, ਤੇਰੇ ਵੀਰੇ ਤੋਂ ਕੋਈ ਸੋਹਣਾ ਨਹੀਂ ਹੋ ਸਕਦਾ' ਅਤੇ ਉਹ ਖਿੜ ਜਾਂਦੀ ਅਤੇ ਕਹਾਣੀ ਓਨਾ ਚਿਰ ਚਲਦੀ ਰਹਿੰਦੀ ਜਿੰਨਾ ਚਿਰ ਨਜ਼ਮਾਂ ਦੀਆਂ ਅੱਖਾਂ ਵਿੱਚ ਨੀਂਦ ਦੇਵੀ ਨਾ ਆ ਬਿਰਾਜਦੀ । ਕਦੀ ਕਦੀ ਦੋਹਾਂ ਵਿਚ ਮਾਂ ਬਾਪ ਦੀ ਯਾਦ ਆ ਹਾਵੀ ਹੁੰਦੀ ਤੇ ਮਾਹੌਲ ਸੋਗਵਾਰ ਹੋ ਜਾਂਦਾ । ਦੋਹਾਂ ਦੀਆਂ ਅੱਖਾਂ ਹੰਝੂਆਂ ਨਾਲ ਭਿੱਜ ਜਾਂਦੀਆਂ । ਪਰ ਦੋਵੇਂ ਹੀ ਇੱਕ ਦੂਜੇ ਦੇ ਅੱਥਰੂ ਪੂੰਝਦੇ ।

ਇੱਕ ਦਿਨ ਹਾਸ਼ਮ ਕਿਤੋਂ ਥੋੜਾ ਜਿਹਾ ਸੀਮਿੰਟ ਲਿਆਇਆ ਤੇ ਰੇਤਾ ਰਲਾ ਖੂਹ ਦੀ ਮੌਣ ਦੇ ਉਤੇ ਅਤੇ ਬਰਾਬਰ ਤਿੰਨ ਚਾਰ ਇੱਟਾਂ ਤੇ ਸੀਮਿੰਟ ਦੀ ਤਹਿ ਲਾਈ । ਉੱਤੇ ਥੱਲੇ ਦੋਹੀਂ ਥਾਈਂ ਨਾ ਲਿਖਿਆ 'ਨੱਜੋ ਦਾ ਖੂਹ' । ਮੌਣ ਦੇ ਉਤੇ ਤੁਰਦੀ ਨਜ਼ਮਾ ਨੇ ਤਾਜੇ ਸੀਮਿੰਟ ਤੇ ਦੋ ਪੈਰ ਧਰੇ ਤੇ ਪੈਰ ਚਿੱਤਰ ਬਣ ਗਏ ।

ਹਾਸ਼ਮ ਬੜਾ ਹੱਸਿਆ, "ਨੱਜੋ ਮੈਂ ਤਾਂ ਖੂਹ ਤੇ ਤੇਰਾ ਨਾਂ ਲਿਖਿਆ ਸੀ ।

ਪਰ ਤੂੰ ਤਾਂ ਅੰਗੂਠੇ ਲਾ ਕੇ ਪੱਕਾ ਈ ਕਰ ਲਿਆ ਏ ।"

ਅਤੇ ਫਿਰ ਇੱਕ ਦਿਨ ਨੱਜੋ ਨੂੰ ਬੁਖਾਰ ਨੇ ਆ ਘੇਰਿਆ । ਕੀ ਕੀ ਯਤਨ ਨਾ ਕੀਤੇ ਹਾਸ਼ਮ ਨੇ ਨੱਜੋ ਦਾ ਤਾਪ ਲਾਹੁਣ ਵਾਸਤੇ । ਤਿੰਨ ਦਿਨ, ਤਿੰਨ ਰਾਤਾਂ ਬਿਨਾਂ ਪਾਣੀ ਦੀ ਮੱਛੀ ਵਾਂਗ ਤੜਫੀ ਅਤੇ ਚੌਥੇ ਦਿਨ ਉਹ ਹਾਸ਼ਮ ਦੀ ਗੋਦੀ ਵਿਚ ਹੀ ਦਮ ਤੋੜ ਗਈ । ਹਾਸ਼ਮ ਦੀ ਨਿੱਕੀ ਜਿਹੀ ਸਤੁੰਸ਼ਟ ਤੇ ਪਿਆਰੀ ਜੰਨਤ ਹੀ ਉੱਜੜ ਗਈ । ਸਾਰੇ ਵਜੂਦ ਦਾ ਲਹੂ ਪੀਲਾ ਪਾਣੀ ਬਣ ਗਿਆ । ਅੱਖਾਂ ਇੱਕ ਤਿੱਪ ਵੀ ਪਾਣੀ ਬਾਹਰ ਨਾ ਸੁੱਟ ਸਕੀਆਂ ਅਤੇ ਖਾਰਾ ਪਾਣੀ ਕਪਾਲ ਨੂੰ ਚੜ੍ਹ ਗਿਆ । ਕਰਬ ਅਤੇ ਪੀੜ ! ਦੂਰ-ਦੂਰ ਤੱਕ ਸੁੰਨੀ ਦੁਨੀਆਂ ! ਅਣਹੋਣੀ ਸੱਟ ! ਉਹਨੂੰ ਸਕਤਾ ਜਿਹਾ ਹੋ ਗਿਆ । ਹਸਦੀ ਹਸਾਉਂਦੀ ਟਹਿਕਦੀ ਚੰਪਾ ਕਲੀ ਨਜਮਾਂ ਮਣਾ ਮੂੰਹੀ ਮਿੱਟੀ ਹੇਠ ਦੱਬੀ ਗਈ ।

ਬੜੇ ਬਜ਼ੁਰਗਾਂ ਬੰਦਿਆਂ ਮਾਈਆਂ ਨੇ ਪੀੜਾਂ ਭਰੀਆਂ ਕਹਾਣੀਆਂ ਸੁਣਾ-ਸੁਣਾ ਭਾਣਾ ਮੰਨਣ ਦੀ ਪ੍ਰੇਰਨਾ ਦਿੱਤੀ ਪਰ ਹਾਸ਼ਮ ਉਤੇ ਤਾਂ ਦੁੱਖਾਂ ਦੇ ਪਹਾੜ ਟੁੱਟ ਪਏ ਸਨ । ਚੁੱਪ, ਨਾ ਹੂੰ ਨਾ ਹਾਂ । ਨਾ ਪਾਣੀ, ਨਾ ਰੋਟੀ । ਸੁੱਕੀਆਂ ਅੱਖਾਂ ਵਿਚ ਪਾਣੀ ਦੀ ਗਿਲਾਣ ਨਾ ਨੀਂਦ ।

"ਸੁਖ ਮੈਂ ਬਹੁ ਸੰਗੀ ਭਏ ।" ਸੁੱਖ ਤਾਂ ਵੰਡਾਣ ਲਈ ਬਹੁਤ ਬੰਦੇ ਹੁੰਦੇ ਨੇ ਪਰ ਦੁੱਖ ਵੰਡਾਣ ਵਾਲਾ ਟੋਹ-ਟੋਹ ਕੇ ਵੀ ਨਹੀਂ ਲੱਭ ਸਕਦਾ । ਅਤੇ ਫਿਰ ਪੂਰਾ ਸਾਤਾ ਹੀ ਲੰਘ ਗਿਆ ਭੁੱਖਿਆਂ, ਤਿਹਾਇਆਂ, ਉਨੀਂਦਿਆਂ ਪਰ ਨੀਮ ਬੇਹੋਸ਼ੀ ਵਿੱਚ ਭੁੱਖੇ ਤਿਹਾਏ ਬਲਦ ਉਸ ਪੰਜਾਲੀ ਵਿੱਚ ਲਿਆ ਫਸਾਏ । ਪਰ ਨੀਮ ਬੇਹੋਸ਼ੀ ਵਿੱਚ ਉਦਾਸ ਰੁੱਖੀਆਂ ਅੱਖਾਂ ਪਿੰਡ ਵਾਲੇ ਪਹੇ ਤੇ ਨਜ਼ਮਾਂ ਦੀ ਤਲਾਸ ਵਿੱਚ ਫੈਲੀਆਂ ਰਹੀਆਂ । ਭਟਕਦੀਆਂ ਨਜ਼ਰਾਂ ਨੇ ਜਦ ਨਿੱਕੀ ਬਲੋਚ ਕੁੜੀ ਤੇ ਭੁਲੇਖਾ ਖਾਧਾ, ਇੱਕ ਪਲ ਉਮਾਹ ਨਾਲ ਰੂਹ ਖਿੜੀ । ਪਰ ਫਿਰ ਦਿਲ ਰੂਹ ਦਿਮਾਗ ਧੱਕਾ ਖਾ ਗਿਆ । ਖੂਹ ਦੀ ਮੌਣ ਤੇ ਲੱਗੇ ਸੀਮਿੰਟ ਤੇ ਲਿਖਿਆ ਸੀ ਨੱਜੋ ਦਾ ਖੂਹ ਅਤੇ ਨੱਜੋ ਦੇ ਪੈਰ ਦਾ ਚਿੱਤਰ ਲੱਗਾ ਹੋਇਆ ਸੀ । ਉਹਦੀ ਨਿਗਾਹ ਪਈ ਤਾਂ ਰੋਣ ਨੂੰ ਥਾਂ ਮਿਲ ਗਈ । ਪੈਰ ਚਿੱਤਰ ਤੇ ਸਿਰ ਰੱਖ ਉਹ ਫੁੱਟ-ਫੁੱਟ ਕੇ ਰੋ ਪਿਆ । ਚਿਰਾਂ ਤੋਂ ਰੋਕੇ

ਖਾਰੇ ਪਾਣੀ ਦਾ ਕੜ ਟੁੱਟ ਗਿਆ ਤੇ ਪਾਣੀ ਕਪਾਲ ਤੋਂ ਅੱਖਾਂ ਵੱਲ ਮੁੜ ਪਿਆ । ਅੱਖਾਂ ਦੇ ਸੁੱਕੇ ਖੁਸ਼ਕ ਚਸ਼ਮੇ ਉਬਲ ਪਏ । ਦਿਮਾਗ ਹੌਲਾ ਹੋਗਿਆ ਅਤੇ ਅੱਖਾਂ ਨੀਂਦ ਨਾਲ ਮੀਟੀਆਂ ਗਈਆਂ । ਨੀਂਦ ਬੇਹੋਸ਼ੀ ਬਣ ਗਈ ।

ਖੂਹ ਤੇ ਪਾਣੀ ਭਰਨ ਆਈਆਂ ਬਲੋਚ ਸਵਾਣੀਆਂ ਦੇ ਡੋਲ ਖੜਕਦੇ ਰਹੇ । ਗਾਗਰਾਂ ਤੇ ਕਲਸੇ ਗੜਵੇ ਬਗਬਗਾਂਦੇ ਰਹੇ । ਨਰਮ ਕਲਾਈਆਂ ਦੇ ਕੰਗਣ ਛਣ ਛਣਾਂਦੇ ਰਹੇ । ਪਸ਼ਮੀਨੇ ਦੀਆਂ ਜਾਕਟਾਂ ਤੇ ਲੱਗੇ ਸ਼ੀਸ਼ੇ ਚਮਕਦੇ ਤੇ ਮੋਤੀ ਦਮਕਦੇ ਰਹੇ ਪਰ ਹਾਸ਼ਮ ਨੂੰ ਹੋਸ਼ ਨਾ ਆਈ । ਦਿਨ ਗਿਆ, ਰਾਤ ਗਈ, ਦਿਨ ਸਿਖਰੋਂ ਢਲ ਤੀਜੇ ਪਹਿਰੇ ਹੋਇਆ । ਉਹ ਸੁਪਨੇ ਵਿੱਚ ਇੱਕ ਸੰਘਣੇ ਵਣ ਵਿਚ ਭਟਕ ਰਿਹਾ ਸੀ । ਸੁਨਹਿਰੀ ਵਾਲਾਂ ਵਾਲੀ ਨੱਜੋ ਕਦੀ ਲੁਕ ਜਾਂਦੀ ਕਦੇ ਸਾਹਮਣੇ ਆ ਜਾਂਦੀ । ਉਹ ਭਜਦਾ ਉਹਨੂੰ ਫੜਨ ਲਈ । ਉਹ ਹੋਰ ਅੱਗੇ ਨੱਸ ਜਾਂਦੀ । ਪਰਬਤ ਵੱਲੋਂ ਉਤਰਦਾ ਇੱਕ ਸ਼ੂਕਦੇ ਪਾਣੀ ਦਾ ਵਹਿਣ ਆਇਆ ਨੱਜੋ ਉਸ ਵਿੱਚ ਉੱਤਰ ਗਈ । ਉਸ ਤਰਲਾ ਮਾਰਿਆ, "ਨਾ, ਨੱਜੋ, ਨਾ । ਪਾਣੀ ਸ਼ੂਕ ਰਿਹਾ ਹੈ । ਡੁੱਬ ਜਾਵੇਂਗੀ ।"

ਨੱਜੋ ਹੱਸਦੀ ਜਾਂਦੀ ਅਤੇ ਕਹਿੰਦੀ, "ਆ ਜਾ ਵੀਰੇ, ਲੰਘ ਆ । ਇਸ ਨਦੀ ਤੋਂ ਪਾਰ ਉਹ ਸ਼ਹਿਜਾਦੀ ਏ ਜਿਹਦੀ ਤੂੰ ਕਹਾਣੀ ਸੁਣਾਉਂਦਾ ਸੀ । ਆਜਾ ਵੇਖ, ਇਹ ਪਾਣੀ ਜੰਮਿਆ ਹੋਇਆ ਏ।"

ਉਸ ਵੇਖਿਆ ਨੱਜੋ ਪਾਣੀ ਦੇ ਉੱਤੇ ਇਸ ਤਰ੍ਹਾਂ ਖਲੋਤੀ ਹੋਈ ਸੀ ਜਿਵੇਂ ਸ਼ੀਸ਼ੇ ਦੀ ਸਿਲ ਤੇ ਪਰ ਹੇਠਾਂ ਪਾਣੀ ਸ਼ੂਕ ਰਿਹਾ ਸੀ । "ਨੱਜੋ, ਮੇਰੀ ਭੈਣ ਤੂੰ ਐਨੇ ਦਿਨ ਕਿੱਥੇ ਰਹੀ । ਮੈਂ ਤੈਨੂੰ ਭਾਲਦਾ ਰਿਹਾ । ਮੈਂ ਤੇਰੇ ਬਾਝੋਂ ਬਹੁਤ ਰੋਇਆ ।"

"ਫਿਰ ਦਸਾਂਗੀ ਤੂੰ ਲੰਘ ਆ । ਲੰਘ ਆ ਵੀਰੇ, ਫਿਰ ਪਾਣੀ ਪੰਘਰ ਜਾਏਗਾ । ਲੰਘ ਆ ਤੈਨੂੰ ਰੂਪਮਤੀ ਸ਼ਹਿਜਾਦੀ ਦਿਖਾਵਾਂ । ਉਹ ਬਹੁਤ ਸੁੰਦਰ ਬਹੁਤ ਸੋਹਣੀ ਏ ।"

ਕੜਕ ਨਾਲ ਜੰਮੇ ਪਾਣੀ ਵਿੱਚ ਦਰਾੜਾਂ ਪੈ ਗਈਆਂ ਅਤੇ ਨਜ਼ਮਾ ਹੇਠਾਂ

ਨਿੱਘਰ ਗਈ । ਪਾਣੀ ਦੇ ਛਿੱਟੇ ਉਹਦੇ ਮੂੰਹ ਤੇ ਵੱਜੇ । ਉਹਨੂੰ ਝੁਣਝੁਣੀ ਆ ਗਈ । ਉਸ ਚੀਕ ਕੇ ਕਿਹਾ,"ਨਜ਼ਮਾ" ਅਤੇ ਦੋਵੇਂ ਹੱਥ ਗਿੱਲੇ ਮੂੰਹ ਤੇ ਆ ਟਿਕੇ । ਨੀਂਦ ਟੁੱਟ ਗਈ ਤੇ ਹੋਸ਼ ਆ ਗਈ ।

"ਅੱਲ ਹਮਦੋ ਉਲਿਲਾ ਹੇ ਵਾਹਦ ਹੂ ਲਾ ਸ਼ਰੀਕ ਐ ਕਾਦਰੇ ਮੁਤਲਕ ਰਹਿਮ ਕਰ, ਰਹਿਮ ਕਰ, ਰਹਿਮ ਕਰ ।" ਕਿਸੇ ਮੱਧਮ ਸੁਰ ਵਿੱਚ ਦੁਆ ਪੜ੍ਹੀ ਤੇ ਕੂਲਾ ਜਿਹਾ ਕੱਪੜਾ ਉਹਦੇ ਮੂੰਹ ਤੇ ਫਿਰਿਆ ।

"ਹੋਸ਼ ਕਰ ਜੀਵੇਂ, ਅੱਖਾਂ ਪੁਟ ।"

"ਨਾਜੋ ?" ਉਸ ਥੋੜ੍ਹੀ ਜਿਹੀ ਹੋਸ਼ ਕੀਤੀ, "ਨ ..... ਨਾਜੋ ।"

"ਅੱਖਾਂ ਪੁੱਟ ਜੀਵੇਂ, ਮੈਂ ਹਾਂ, ਮੈਂ ਗੁਲਨਾਰ ਹਾਂ, ਹਾਂ.... ਹਾਂ ਅੱਖਾਂ ਪੁੱਟ ਹੋਸ਼ ਕਰ, ਮੈਂ ਹਾਂ ਗੁਲਨਾਰ ਬਾਨੋ, ਬਲੋਚ ਸਰਦਾਰ ਜਾਫਰ ਖਾਂ ਦੀ ਧੀ ।"

ਹਾਸ਼ਮ ਹੁਣ ਹੋਸ਼ ਵਿੱਚ ਸੀ । ਉਸ ਹੌਲੀ-ਹੌਲੀ ਬੋਝਲ ਪਲਕਾਂ ਚੁੱਕੀਆਂ । ਉਹਦੇ ਮੂੰਹ ਤੇ ਬਲੋਚ ਸੁੰਦਰੀ ਗੁਲਨਾਰ ਦੀਆਂ ਰੇਸ਼ਮੀ, ਫੁਲੇਲ ਮਹਿਕ, ਮੀਢੀਆਂ ਪਲੰਮ ਰਹੀਆਂ ਸਨ । "ਹੋਸ਼ ਕਰ ਜੀਵੇਂ, ਤੂੰ ਕਲ੍ਹ ਦਾ ਬੇਹੋਸ਼ ਏਂ । ਮੈਂ ਤੈਨੂੰ ਬੇ ਹੋਸ਼ ਪਏ ਨੂੰ ਖੂਹ ਤੋਂ ਚੁਕਵਾ ਕੇ ਲੈ ਆਂਦਾ । ਕਬੀਲੇ ਦੇ ਸਰਦਾਰ ਨੇ ਤੈਨੂੰ ਬੂਟੀਆਂ ਘੋਲ ਪਿਲਾਈਆਂ । ਮੈਂ ਪੂਰਾ ਵੇਲਾ ਤੇ ਸਾਰੀ ਰਾਤ ਤੇਰੇ ਸਿਰਾਹਣੇ ਬੈਠ ਕੇ ਕੱਟੀ, ਜੀਵੇਂ । ਹਕੀਮ ਬਾਬਾ ਨੇ ਆਖਿਆ ਸੀ ਜਦੋਂ ਇਹਦੇ ਮੂੰਹੋ ਕੋਈ ਵਾਜ ਨਿਕਲੇ ਜਾਂ ਅੰਗ ਫਰਕੇ, ਪਾਣੀ ਦਾ ਛਿੱਟਾ ਮਾਰੋ ।" ਬਲੋਚ ਸੁੰਦਰੀ ਖੁਸ਼ੀ ਵਿੱਚ ਖੀਵੀ ਉਹਦੇ ਮੱਥੇ ਤੇਹੱਥ ਫੇਰ ਰਹੀ ਸੀ ।

ਹਾਸ਼ਮ ਨੂੰ ਇਹ ਵੀ ਕੋਈ ਸੁਪਨਾ ਕੋਈ ਖਾਬ ਹੀ ਲੱਗਾ । ਉਸ ਆਪਣੇ ਕੰਨ ਤੇ ਚੂੰਢੀ ਵੱਢ ਕੇ ਤਸੱਲੀ ਕੀਤੀ । ਬਹੁ ਰੰਗੇ ਪਸਮੀਨੇ ਦੇ ਸ਼ਾਨਦਾਰ ਅੰਦਰਸ ਵਾਲੇ ਖੇਮੇ ਵਿੱਚ ਕਬੀਲੇ ਦਾ ਬੁੱਢਾ ਹਕੀਮ ਫਿਰ ਆਇਆ । ਹੁਣ ਕੋਈ ਡਰ ਨਹੀਂ । ਚੀਨੀ ਦੀ ਕਟੋਰੀ ਵਿਚ ਘੋਲ ਕੋਈ ਬੂਟੀ ਹੋਰ ਪਿਆਈ । ਫਿਰ ਗੁਲਨਾਰ ਨੇ ਉਹਨੂੰ ਮੋਢਿਆ ਤੋਂ ਸਹਾਰ ਵੱਡੇ ਗੋਲ ਸਿਰਹਾਣੇ ਨਾਲ ਢੋਹ ਲਵਾਈ । ਨਾਜ਼ੁਕ ਗੁਲਾਬੀ ਹੱਥ ਵਿੱਚ ਚਮਚ ਫੜ ਖਮੀਰਾ ਗੋਜਬਾਨ ਉਹਦੇ ਮੂੰਹ ਵਿਚ ਪਾਇਆ ।

ਉਹ ਖਾ ਗਿਆ । ਹਾਸ਼ਮ ਇਸ ਤਰ੍ਹਾਂ ਜਿਵੇਂ ਕਿਸੇ ਪਰੀ ਦੇਸ਼ ਵਿਚ ਆ ਪਹੁੰਚਾ ਹੋਵੇ ਜਿਹਦਾ ਰੰਗ ਉਹ ਨਜ਼ਮਾ ਨੂੰ ਕਹਾਣੀ ਸੁਣਾਉਂਦਿਆਂ ਬੰਨ੍ਹਦਾ ਹੁੰਦਾ ਸੀ । ਭੁਖੀਆਂ ਆਂਦਰਾਂ ਨੇ ਮਾਜੂਨਾ ਵਿਚੋਂ ਬਲ ਪ੍ਰਾਪਤ ਕੀਤਾ ਅਤੇ ਉਸ ਵਿੱਚ ਬੋਲਣ ਦੀ ਹਿੰਮਤ ਹੋ ਗਈ ।

ਬਲੋਚ ਸੁੰਦਰੀ ਗੁਲਨਾਰ ਨੇ ਪੁੱਛਿਆ, "ਜੀਵੇਂ, ਇਹ ਨਜ਼ਮਾਂ ਕੌਣ ਏ ?"

ਉਹਨੂੰ ਸਭ ਕੁਝ ਯਾਦ ਆਉਣ ਲੱਗਾ । "ਹੂੰ .... ਹਾਂ .... ਹਾਂ ਨਜ਼ਮਾ, ਹਾ ਨਾਜੋ ।" ਉਸ ਹੋਕਾ ਭਰ ਕੇ ਆਖਿਆ, "ਨਾਜੋ ਮੇਰੀ ਜ਼ਿੰਦਗੀ, ਮੇਰੀ ਰੂਹ, ਮੇਰੀ ਦੁਨੀਆ, ਮੇਰੇ ਸਾਹਾਂ ਦੀ ਸੁਗੰਧ, ਮੇਰਾ ਸਭ ਕੁਝ ਸੀ ।"

ਗੁਲਨਾਰ ਦੇ ਸੂਹੇ ਗੁਲਾਬੀ ਚਿਹਰੇ ਤੇ ਪਲਿੱਤਣ ਦੇ ਚਿੰਨ੍ਹ ਉੱਭਰੇ ।

ਹਾਸ਼ਮ ਦੀਆਂ ਅੱਖਾਂ ਵਿੱਚੋਂ ਦੋ ਹੰਝੂ ਤਿਲਕ ਕੇ ਡਿੱਗ ਪਏ । ਉਸ ਲੰਬਾ ਹੌਕਾ ਭਰਿਆ ਤੇ ਕਿਹਾ, "ਨਜ਼ਮਾ ਹੀ ਇਸ ਦੁਨੀਆਂ ਵਿੱਚ ਮੇਰਾ ਇੱਕੋ ਇਕ ਸਹਾਰਾ ਸੀ । ਮੇਰੀ ਛੋਟੀ ਜਿਹੀ, ਖਿਡੌਣਾ ਜਿਹੀ ਭੈਣ ਜਿਹਨੂੰ ਮੌਤ ਨੇ ਮੈਥੋਂ ਖੋਹ ਲਿਆ ਤੇ ਮੇਰੇ ਸਭ ਸਹਾਰੇ ਟੁੱਟ ਗਏ ।"

ਬਲੋਚ ਸੁੰਦਰੀ ਦੇ ਮੁੱਖ ਤੇ ਜਿਥੇ ਇੱਕ ਪਲ ਪਹਿਲਾਂ ਪਲਿੱਤਣ ਉੱਭਰੀ ਸੀ ਸੰਧੂਰੀ ਸੇਬ ਵਾਂਗ ਦਗਦਾ ਚਿਹਰਾ ਹੋਰ ਵੀ ਸੂਹਾ ਹੋ ਗਿਆ । ਅਨਾਰ ਦੇ ਫੁੱਲ ਵਾਂਗ ਖਿੜੀ ਬਲੋਚ ਸੁੰਦਰੀ ਨੇ ਪੁੱਛਿਆ, "ਜੀਵੇਂ, ਹੋਰ ਘਰ ਦੇ ਜੀਅ ?"

ਤੇ ਹਾਸ਼ਮ ਨੇ ਰੁਕ-ਰੁਕ ਅਟਕ-ਅਟਕ ਆਪਣੀ ਹੱਡ ਬੀਤੀ ਸੁਣਾਈ ਤੇ ਅੰਤ ਵਿੱਚ ਕਿਹਾ, "ਕਾਸ਼ ! ਖੁਦਾ ਨਜ਼ਮਾਂ ਤੋਂ ਪਹਿਲਾਂ ਮੈਨੂੰ ਹੀ ਚੁੱਕ ਲੈਂਦਾ ।"

ਗੁਲਨਾਰ ਨੇ ਆਪਣਾ ਕੂਲਾ ਗੁਲਾਬੀ ਹੱਥ ਹਾਸ਼ਮ ਦੇ ਹੋਠਾਂ ਉੱਤੇ ਰੱਖ ਲਿਆ । "ਨਹੀਂ ਨਹੀਂ ਜੀਵੇਂ, ਖੁਦਾ ਲੰਬੀ ਹਿਆਤੀ ਦੇਵੇ ।" ਕੁਝ ਦੇਰ ਬਲੋਚ ਨੱਢੀ ਨੇ ਭਿੱਜੇ ਮਨ ਨੂੰ ਸ਼ਾਂਤ ਕੀਤਾ ਤੇ ਕਿਹਾ, "ਜੀਵੇਂ ਚੰਨਾ, ਇਧਰ ਵੇਖ ਮੈਂ ... ਮੈਂ .... ਹਾਂ .... ਮੈਂ ਗੁਲਨਾਰ ਬਾਨੋ । ਮੈਂ ਤੇਰੀ ਹਾਂ ਅਤੇ ਤੇਰਾ ਸਭ ਕੁਝ ਹੈ ।"

ਹਾਸ਼ਮ ਨੇ ਹੱਕਾ ਬੱਕਾ ਹੋਏ ਅੱਖਾਂ ਝਪਕੀਆਂ ।

ਮਿੱਠੀ ਮੱਧ ਮੁਸਕਾਨ ਨਾਲ ਬਲੋਚ ਹਸੀਨਾ ਨੇ ਫਿਰ ਕਿਹਾ, "ਹਾਂ ਹਾਂ

ਚੰਨਾ, ਮੈਂ ਤੇਰੇ ਫੱਟਾਂ ਤੇ ਮਲ੍ਹਮ ਲਾਵਾਂਗੀ । ਮੈਂ ਤੇਰੀ ਹਾਂ ।"

ਗੁਲਨਾਰ ਬਾਨੋ ਬਲੋਚ ਸਰਦਾਰ ਜਾਫਰ ਖਾਂ ਦੀ ਇਕਲੌਤੀ ਧੀ ਸੀ ਅਤੇ ਬਲੋਚ ਹਸੀਨਾ ਨੇ ਹਾਸ਼ਮ ਦੀਆਂ ਅੱਖਾਂ ਦੇ ਹੰਝੂ ਮੋਤੀਆਂ ਵਾਂਗ ਚੁਗ ਲਏ । ਦਿਲ ਦੀ ਪੀੜ ਇੱਕੋ ਡੀਕੇ ਹੀ ਪੀ ਲਈ ।

ਅਤੇ ਫਿਰ ਇੱਕ ਦਿਨ ਡਫ- ਮਜੀਰਾ ਵੱਜਿਆ । ਪ੍ਰਭਾਤੀ ਦੀ ਧੁਨ ਦੂਰ-ਦੂਰ ਤੱਕ ਸੁਰਾਂ ਬਖੇਰ ਗਈ । ਬਲੋਚ ਨੱਢੀਆਂ ਤੇ ਬਲੋਚ ਛੈਲਿਆਂ ਨੇ ਮਜੀਰੇ ਦੀ ਤਾਲ ਤੇ ਰੁਮਾਲ ਲਹਿਰਾਏ । ਸਾਰੀ ਰਾਤ ਦਿਨ ਚੜ੍ਹਦੇ ਤੱਕ ਨਾਚ ਹੋਇਆ । ਨਜ਼ਰਾਂ, ਨਿਆਜਾਂ, ਵਧਾਈਆਂ, ਸਲਾਮੀਆਂ ਹੋਈਆਂ । ਕੋਰਮੇ, ਸ਼ੋਰਬੇ ਅਤੇ ਅਖਨੀਆਂ ਵੰਡੀਆਂ ਗਈਆਂ ਅਤੇ ਅਗਲੀ ਸਵੇਰ ਬਲੋਚ ਕਾਫਲਾ ਕੂਚ ਕਰ ਗਿਆ। ਕਾਫਲਾ ਜਾ ਰਿਹਾ ਸੀ । ਉਠਾਂ ਉਠਣੀਆਂ ਦੇ ਗਲਾਂ ਦੀਆਂ ਹਮੇਲਾਂ ਤੇ ਗੋਡਿਆਂ ਤੇ ਬੰਨੇ ਘੁੰਗਰੂ ਛਣਕ ਰਹੇ ਸਨ । ਹਰੀਆਂ, ਕਾਲੀਆਂ ਲਾਲ ਪਸ਼ਮਾਂ ਦੀਆਂ ਹਮੇਲਾਂ ਤੇ ਸਿਤਾਰਿਆਂ, ਮੋਤੀਆਂ ਅਤੇ ਪਸ਼ਮੀਨੇ ਦੇ ਗੇਂਦਾ ਵਰਗੇ ਫੁੱਲਾਂ ਨਾਲ ਸਿੰਗਾਰੀ ਡਾਚੀ ਤੇ ਮਖਮਲੀ ਪਰਦਿਆਂ ਨਾਲ ਸਿੰਗਾਰੀ ਉਮਾਰੀ ਵਿੱਚ ਹਾਸ਼ਮ ਅਤੇ ਲਾਲ ਕਾਲੇ ਜਾਲੀਦਾਰ ਨਕਾਬ ਵਿਚੋਂ ਵੀ ਬਲੋਚ ਹਸੀਨਾ ਗੁਲਨਾਰ ਬੇਗਮ ਦਾ ਰੂਪ ਸੁੱਕਰ ਤਾਰੇ ਵਾਂਗ ਰਿਸ਼ਮਾਂ ਛੱਡ ਰਿਹਾ ਸੀ ।

ਫਿਰ ਖੇਤ ਬੇ-ਵਾਰਸੇ ਹੋ ਗਏ । ਉਜੱੜ ਗਏ । ਖੂਹ ਬਰਬਾਦ ਹੋ ਗਿਆ । ਗਾਧੀ, ਕਾਂਜਣ, ਢੋਲ, ਚਕਲੀ, ਮਾਹਲ, ਪਾੜਛਾ, ਬੈੜ, ਲੱਠ, ਧਕੜ, ਝਲਣ ਸਭ ਲੋਕਾਂ ਪੁੱਟ ਲਏ । ਸਿਰਫ ਛੱਪੜੀ ਦੇ ਰੁੱਖ ਬਚੇ ਜਿੱਥੇ ਕਿਸੇ ਅੱਲਾ ਵਾਲੇ ਉਦਾਸੇ ਫਕੀਰ ਨੇ ਆ ਕੁਟੀਆ ਪਾਈ ਅਤੇ ਧੂਣੀ ਰਮਾਈ ।

ਕਾਫਲੇ ਆਉਂਦੇ ਰਹੇ । ਕਿਆਮ ਕਰਦੇ ਰਹੇ । ਕਦੀ ਬਾਗੜੀ ਲੋਹਾਰ, ਠੰਡੀ ਕੁੱਟ, ਕਦੇ ਗਿੱਦੜ ਮਾਰ, ਕੁਚ ਬੰਨ ਗੰਢੀਲੇ, ਕੱਛੂ ਖਾਣੇ, ਕੀਕਣੇ ਭੇਡ ਕੁੱਟ, ਬਾਵਰੀਏ, ਸਿਕਲੀਗਰ ਸਭ ਡੱਲ ਦਾ ਪਾਣੀ ਪੀਂਦੇ ਅਤੇ ਬੋਕੇ ਭਰ ਭਰ ਪਸ਼ੂਆਂ ਨੂੰ ਪਿਲਾਉਂਦੇ ।

ਕਈ ਸਾਲ ਲੰਘ ਗਏ ਕਿ ਗੁੱਜਰਾਂ ਅਤੇ ਬਲੋਚਾਂ ਦਾ ਇਕੱਠਾ ਉਤਾਰਾ

ਹੋਇਆ । ਊਠਾਂ ਤੇ ਮੱਝਾਂ ਦਾ ਮੇਲਾ ਲੱਗ ਗਿਆ । ਬਲੋਚਾਂ ਤੇ ਗੁੱਜਰਾਂ ਨੇ ਇੱਕਲੇ ਬੈਠ ਵਾਰਤਾ ਕੀਤੀ । ਫਿਰ ਦੋਹਾਂ ਕਬੀਲਿਆਂ ਨੇ ਛੱਪੜੀ ਕੋਲ ਬੈਠੇ ਅੱਲਾ ਲੋਕ ਨਾਲ ਵਾਰਤਾ ਕੀਤੀ ।

ਅਗਲੇ ਦਿਨ ਖੂਹ ਦੀ ਮੁਰੰਮਤ ਸ਼ੁਰੂ ਹੋਈ । ਨਵੀਂ ਹਲਟੀ, ਨਵੀਂ ਮਾਹਲ ਪੈ ਗਈ । ਲੋਕਾਂ ਜਿਦੋ ਜਿਦੀ ਬਲਦ ਜੁੱਤੇ । ਚਿਰਾਂ ਦੀ ਸੁੱਕੀ ਛੱਪੜੀ ਕੰਢਿਆਂ ਤੱਕ ਉੱਛਲ ਪਈ । ਊਠਾਂ ਤੇ ਰੰਗ, ਇੱਟਾਂ, ਚੂਨਾ, ਸੀਮਿੰਟ ਆ ਗਿਆ । ਸੀਮਿੰਟ ਲੱਗੀਆਂ ਤਿੰਨ ਇੱਟਾਂ, ਜਿਥੇ ਨਜਮਾ ਦਾ ਪੈਰ ਚਿੰਨ੍ਹ ਸੀ ਸਹੀ ਸਲਾਮਤ ਸੀ । ਪੈਰ ਚਿੱਤਰ ਨੂੰ ਵਿਚ ਲੈ ਕੇ ਇਕ ਅਤਿ ਸੁੰਦਰ ਮਕਬਰਾ ਬਣਨਾ ਸ਼ੁਰੂ ਹੋਇਆ । ਦਿਨ ਰਾਤ ਇੱਕ ਕਰ ਮਕਬਰਾ ਬਣ ਗਿਆ ।

ਫਿਰ ਇੱਕ ਦਿਨ ਢੋਲ ਤੇ ਡੱਗਾ ਵੱਜਿਆ । ਮਿੱਠੇ ਚੋਲਾਂ ਦੀਆਂ ਦੇਗਾਂ ਮਹਿਕ ਪਈਆਂ । ਦੂਰ-ਦੂਰ ਤੋਂ ਲੋਕ ਮੇਲੇ ਤੇ ਆਏ । ਅਖਾੜੇ ਗੁੱਡੇ । ਪਹਿਲਵਾਨਾਂ ਨੇ ਮਾਲੀਆਂ ਜਿੱਤੀਆਂ । ਕਵਾਲਾਂ ਨੇ ਕਵਾਲੀਆਂ ਗਾ ਗਾ ਰੰਗ ਬੰਨ੍ਹ ਦਿੱਤਾ । ਮਲੰਗਾਂ ਨੇ ਅੱਲਾ ਹੂ ... ਅਲਾ ਹੂ ਅਲਾਪਦਿਆਂ ਜਲੀਆਂ ਪਾਈਆਂ । ਫਿਰ ਭਰੇ ਇੱਕਠ ਵਿੱਚ ਬਲੋਚ ਕਬੀਲੇ ਦੇ ਸਰਦਾਰ ਨੇ ਮਕਬਰੇ ਦਾ ਬੂਹਾ ਖੋਲਿਆ । ਸਭ ਤੋਂ ਪਹਿਲਾਂ ਸਰਦਾਰ ਤੇ ਉਹਦੀ ਸੁਆਣੀ ਅੰਦਰ ਗਏ । ਜੋਤ ਲਾਈ ਅਤੇ ਨਿੱਕੀ ਜਿਹੀ ਕੁੜੀ, ਜਿਹਦੀ ਉਮਰ ਛੇ ਸੱਤ ਸਾਲ ਸੀ, ਗੋਰੀ ਚਿੱਟੀ ਜਪਾਨੀ ਖਿਡੌਣਾ ਜਿਹੀ, ਜੀਹਦੇ ਸੁਨਹਰੀ ਵਾਲ ਤੇ ਸੁੰਦਰ ਅੱਖਾਂ, ਸ਼ਾਇਦ ਉਹ ਬਲੋਚ ਸਰਦਾਰ ਦੀ ਧੀ ਸੀ, ਨੂੰ 'ਵਾਜ਼ ਮਾਰੀ, "ਆ ਬੇਟੀ ਨਜ਼ਮਾਂ, ਆ ਵੇਖ ਪੈਰ ਚਿੰਨ੍ਹ ।"

ਕੁੜੀ ਨੇ ਪਹਿਲਾਂ ਹੀ ਚਿੰਨ੍ਹ ਤੇ ਪੈਰ ਰੱਖ ਕਿਹਾ, "ਹਾਂ ਅੱਬਾ, ਇਹ ਮੈਂ ਲਾਇਆ ਸੀ ।"

ਫਿਰ ਬਲੋਚ ਸਰਦਾਰ ਤੇ ਉਹਦੀ ਬੇਗਮ ਨੇ ਮੁੱਠੀਆਂ ਭਰ ਭਰ ਲੋਕਾਂ ਵਿਚ ਪੈਸੇ ਸੁੱਟੇ ਅਤੇ ਮਕਬਰੇ ਦਾ ਬੂਹਾ ਹਰ ਇਕ ਲਈ ਖੋਲ ਦਿੱਤਾ । ਹਰ ਕੋਈ ਅੰਦਰ ਜੋਤ ਲਾਉਣ ਤੇ ਦਰੂਦ ਪੜ੍ਹਨ ਗਿਆ ।

ਅਗਲੀ ਸਵੇਰ ਕਾਫਲਾ ਕੂਚ ਕਰ ਗਿਆ । ਹਰ ਇੱਕ ਵਰਗ ਵਿਚ

ਚਰਚਾ ਸੀ ਪਈ ਬਲੋਚ ਸਰਦਾਰ ਹਾਸ਼ਮ ਖਾਂ ਨੇ ਹਜ਼ਾਰਾਂ ਰੁਪਏ ਮਕਬਰੇ ਤੇ ਅਤੇ ਖਰਾਇਤ ਵਿਚ ਖਰਚੇ । ਫਿਰ ਆਏ ਸਾਲ ਮੇਲਾ ਲਗਦਾ ਰਿਹਾ । ਨੱਜੋ ਦੇ ਖੂਹ ਦਾ ਮੇਲਾ । ਅਤੇ ਕਾਫਲੇ ਆਉਂਦੇ ਰਹੇ । ਗੁੱਜਰ ਆਉਂਦੇ ਪਰ ਬਲੋਚ ਕਾਫਲਾ ਕਦੀ ਨਾ ਆਇਆ ।

# ਐਕਸੀਡੈਂਟ

"ਸੁੱਖ ਵਸਦੀ ਰਹੇ ! ਰਾਮ ਦਾਸ ਗੁਰੂ ਤੇਰੀ ਨਗਰੀ, ਧੰਨ-ਧੰਨ ਸ੍ਰੀ ਗੁਰੂ ਰਾਮਦਾਸ । ਰਾਮਦਾਸ ਤੇਰੀ ਆਸ ।" ਵਾਹਿਗੁਰੂ-ਵਾਹਿਗੁਰੂ ਦਾ ਸਿਮਰਨ ਕਰਦਾ ਰੋਟੀ ਦਾ ਡੱਬਾ ਹੱਥ ਵਿਚ ਫੜੀ ਉਹ ਗਿਲਵਾਲੀ ਗੇਟ ਤੋਂ ਆਉਂਦਾ ਅਤੇ ਚਾਟੀਵਿੰਡ ਗੇਟ ਦੇ ਅੰਦਰਲੇ ਪਾਸੇ ਚੌਕ ਮੋਨੀ ਵਿਚ ਬੰਦ ਦੁਕਾਨ ਦੇ ਥੜੇ ਉੱਤੇ ਆ ਬਹਿੰਦਾ । ਉਦੋਂ ਅਜੇ ਸਵੇਰ ਦੇ ਚਾਰ ਹੀ ਵੱਜੇ ਹੁੰਦੇ ਅਤੇ ਉਹ ਮੋਹਨ ਦੀ ਉਡੀਕ ਕਰਨ ਲਗਦਾ ।

ਮੋਹਨ ਸਦਾ ਹੀ ਉਸ ਤੋਂ ਪੰਦਰਾਂ ਵੀਹ ਮਿੰਟ ਲੇਟ ਆਉਂਦਾ । ਸਤ ਸ੍ਰੀ ਅਕਾਲ ਤੋਂ ਬਾਅਦ ਦੋਵੇਂ ਹੀ ਰੋਟੀ ਦੇ ਡੱਬੇ ਫੜੀ ਨਾਲੋ ਨਾਲ ਤੁਰ ਪੈਂਦੇ । ਧੰਨ-ਧੰਨ ਸ੍ਰੀ ਗੁਰੂ ਰਾਮਦਾਸ, ਗੁਰੂ ਬਾਜ਼ਾਰ, ਬਾਬਾ ਅਟਲ, ਕੌਲਸਰ ਬਾਬੇ ਚੌਕ, ਪਾਪੜਾਂ ਵਾਲੇ ਬਾਜ਼ਾਰ, ਕਾਠੀਆਂ ਵਾਲੇ ਬਾਜ਼ਾਰ, ਕਰਮੋ ਡਿਉੜੀ, ਅਮਰਤ ਬਾਜ਼ਾਰ, ਰਾਮ ਬਾਗ ਗੇਟ ਤੋਂ ਹੁੰਦੇ ਹਏ ਕੰਪਨੀ ਬਾਗ ਤੇ ਠੰਡੀ ਖੂਹੀ, ਲਾਰੰਸ ਰੋਡ ਤੱਕ ਉਹ ਕੱਠੇ ਜਾਂਦੇ । ਉਹ ਜਿਸ ਕਾਰਖਾਨੇ ਵਿਚ ਸੁਪਰਵਾਈਜ਼ਰ ਸੀ, ਉਹ ਉੱਥੋਂ ਥੋੜਾ ਅੱਗੇ ਸੀ । ਮੋਹਨ ਉਸ ਤੋਂ ਕਾਫੀ ਅੱਗੇ ਦੂਨੀ ਚੰਦ ਰੋਡ ਤੇ ਜਾਂਦਾ ਸੀ । ਜਦੋਂ ਉਹ ਵਿਛੜਨ ਲਗਦੇ ਤਾਂ ਉਹ ਮੋਹਨ ਨੂੰ ਕਹਿੰਦਾ , "ਮੋਹਨ ਬੇਟਾ, ਕੰਮ ਸਾਫ ਸੁਥਰਾ ਅਤੇ ਦਿਲ ਲਾ ਕੇ ਕਰੋ । ਸਦਾ ਸੱਚ ਬੋਲੋ ।"

ਫਿਰ ਪੰਜ ਵਜੇ ਜਦੋ ਮਿੱਲਾਂ ਦੇ ਘੁਗੂ ਚੀਖ ਕੇ ਛੁੱਟੀ ਦਾ ਪਤਾ ਦਿੰਦੇ ਤਾਂ ਸਰਦਾਰੀ ਲਾਲ ਕਾਰਖਾਨੇ ਵਿਚੋਂ ਨਿਕਲ ਕੇ ਲਾਰੰਸ ਰੋਡ ਤੇ ਆ ਬਹਿੰਦਾ ਤੇ ਅੱਧਾ ਪੌਣਾ ਘੰਟਾ ਉਡੀਕ ਕਰਦਾ ਅਤੇ ਜਦੋਂ ਮੋਹਨ ਆ ਜਾਂਦਾ ਦੋਵੇਂ ਉਹਨਾਂ ਰਾਹਾਂ ਤੇ ਤੁਰ ਪੈਂਦੇ ਜਿਨ੍ਹਾਂ ਤੋਂ ਉਹ ਸਵੇਰੇ ਆਏ ਸਨ ਅਤੇ ਜਦ ਮੋਨੀ ਚੌਕ ਵਿਚ ਵਿਛੜਨ ਲਗਦੇ ਤਾਂ ਗਲੀ ਨੰਬਰ ਇਕ, ਜਿਸ ਵਿਚ ਮੋਹਨ ਦਾ ਘਰ ਸੀ, ਦੇ ਸਿਰੇ ਤੇ ਖਲੋ ਕੇ ਸਰਦਾਰੀ ਲਾਲ ਕਹਿੰਦਾ, "ਅੱਛਾ ਬੇਟਾ ਮੋਹਨ, ਸ਼ੁਭ ਰਾਤਰੀ ! ਦੱਬ ਕੇ ਖਾਓ ਅਤੇ ਰੱਜ ਕੇ ਨੀਂਦ ਲਵੋ ਅਤੇ ਆਪਣੀ ਸਿਹਤ ਦਾ ਖਿਆਲ ਰੱਖੋ"।

ਇਹ ਉਹਨਾਂ ਦਾ ਰੋਜ ਦਾ ਹੀ ਅਮਲ ਸੀ । ਸ਼ੁਰੂ-ਸ਼ੁਰੂ ਵਿਚ ਤਾਂ ਮੋਹਨ ਨੂੰ ਸਰਦਾਰੀ ਲਾਲ ਤੋਂ ਬੜੀ ਕੋਫਤ ਹੋਈ । ਨਾਲ ਤੁਰਦਿਆਂ ਉਹਦਾ ਦਮ ਘੁਟਦਾ । ਪਰ ਹੌਲੀ-ਹੌਲੀ ਉਹ ਸਰਦਾਰੀ ਲਾਲ ਦੀ ਪ੍ਰਭਾਵਸ਼ਾਲੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਗਿਆ ।

ਇਕ ਦਿਨ ਜਦ ਉਹ ਮੂੰਹ ਹਨੇਰੇ ਨਿਕਲ ਕੰਮ ਉੱਤੇ ਜਾ ਰਿਹਾ ਸੀ ਤਾਂ ਚੌਂਕ ਬਾਬਾ ਸਾਹਿਬ ਵਿਚ ਉਹਦਾ ਸਰਦਾਰੀ ਲਾਲ ਨਾਲ ਸਾਹਮਣਾ ਹੋਇਆ । ਇਹ ਪਹਿਲਾ ਦਿਨ ਸੀ । ਸਰਦਾਰੀ ਲਾਲ ਵੀ ਕੰਮ ਉੱਤੇ ਜਾ ਰਿਹਾ ਸੀ । ਦੋਹਾਂ ਨੇ ਇਕ ਦੂਜੇ ਨੂੰ ਪਛਾਣ ਲਿਆ । ਮੋਹਨ ਉੱਤੇ ਤਾਂ ਨਦਾਮਤ ਹਾਵੀ ਸੀ । ਮੋਹਨ ਦੀ ਸਮਝ ਵਿਚ ਸਰਦਾਰੀ ਲਾਲ ਤੇ ਕਰੋਧ ਦਾ ਅੰਸ਼ ਹੋਵੇ । ਬਿਨਾਂ ਇਕ ਦੂਜੇ ਨਾਲ ਬੋਲੇ ਉਹ ਲਾਰੰਸ ਰੋਡ ਤੱਕ ਤੁਰੇ ਗਏ । ਕਦੀ ਨਾਲੋ-ਨਾਲ ਕਦੀ ਅੱਗੇ ਪਿੱਛੇ । ਜਦੋਂ ਵਿਛੜਨ ਲੱਗੇ ਤਾਂ ਸਰਦਾਰੀ ਲਾਲ ਨੇ ਪੁਛਿਆ, "ਕਾਕਾ ਕਿੱਥੇ ਕੰਮ ਕਰਦੇ ਹੋ ?"

"ਜੀ, ਜੀ ਮੈਂ ਦੁਨੀ ਚੰਦ ਰੋਡ ਤੇ ਵੀ ਮਹਾਰਾਜ ਵੀਵਿੰਗ ਮਿੱਲ ਵਿਚ ਜਾਂਦਾ ਹਾਂ "। ਮੋਹਨ ਨੇ ਬਿਨਾਂ ਉਸ ਵਲ ਦੇਖੇ ਦੱਸਿਆ ।

"ਕੀ ਕੰਮ ?"

"ਜੀ, ਮੈਂ ਬੁਨਕਰ ਹਾਂ ।"

"ਕਿੱਥੋਂ ਆਉਂਦੇ ਹੋ ?"

"ਜੀ ਮੋਨੀ ਚੌਂਕ, ਗਲੀ ਨੰਬਰ ਇਕ ਤੋਂ ।"

ਫਿਰ ਉਹ ਲਾਰੰਸ ਰੋਡ ਟੱਪ ਦੋਵੇਂ ਨਿਖੜ ਗਏ । ਮੋਹਨ ਸਾਰਾ ਦਿਨ ਪਛਤਾਂਦਾ ਰਿਹਾ, "ਭਲਾ ਸਾਰਾ ਅਤਾ ਪਤਾ ਦੱਸਣ ਦੀ ਕੀ ਲੋੜ ਸੀ । ਨਾ ਜਾਣੇ ਕੱਲ੍ਹ ਨੂੰ ਕੋਈ ਗਲਤ ਗਲ ਹੋ ਜਾਏ ਅਤੇ ਜਦੋਂ ਸ਼ਾਮ ਨੂੰ ਪੰਜ ਵਜੇ ਕਾਰਖਾਨਿਉਂ ਛੁੱਟੀ ਕਰ ਮੁੜਿਆ ਤਾਂ ਸਰਦਾਰੀ ਲਾਲ ਲਾਰੰਸ ਰੋਡ ਤੇ ਬੈਠਾ ਉਡੀਕ ਰਿਹਾ ਸੀ । 'ਆ ਗਏ ਕਾਕਾ' ਆਖ ਕੇ ਉਹ ਉਹਦੇ ਨਾਲ ਤੁਰ ਪਿਆ । ਪੂਰਾ ਪੰਧ ਉਹ ਇਕ ਦੂਜੇ ਨਾਲ ਬਿਨਾਂ ਬੋਲੇ ਤੁਰਦੇ ਗਏ । ਜਦ ਮੋਨੀ ਚੌਂਕ ਵਿਚ ਵਿਛੜਨ ਲੱਗੇ ਤਾਂ ਸਰਦਾਰੀ ਲਾਲ ਨੇ ਪੁਛਿਆ, "ਕਾਕਾ ਇੱਥੇ ਏ ਤੁਹਾਡਾ ਘਰ ?"

"ਜੀ ਹਾਂ, ਗਲੀ ਨੰ: ਇਕ, ਮਕਾਨ ਨੰ: ਪੰਜ ।"

ਗਲੀ ਮੁੜਦੇ ਨੂੰ ਉਸ ਫਿਰ ਪੁਛਿਆ, "ਕਾਕਾ, ਨਾਂ ਕੀ ਏ ਤੇਰਾ ?"

"ਜੀ ਮੋਹਨ"

"ਮੋਹਨ ਕਾਕਾ, ਕਿੰਨੇ ਵਜੇ ਕੰਮ ਤੇ ਜਾਂਦੇ ਓ ?"

"ਜੀ ਸਾਢੇ ਚਾਰ ਪੌਣੇ ਪੰਜ ਘਰੋਂ ਤੁਰਦਾ ਹਾਂ ।"

ਫਿਰ ਸਰਦਾਰੀ ਲਾਲ ਨੇ ਆਪਣੇ ਬਾਰੇ ਕਹਿ ਦਿੱਤਾ, "ਮੇਰਾ ਨਾਂ ਸਰਦਾਰੀ ਲਾਲ ਏ ਅਤੇ ਘਰ ਦਾ ਤੈਨੂੰ ਪਤਾ ਹੀ ਏ ਅਤੇ ਮੈ ਟੀਨ ਦੇ ਡੱਬੇ ਬਨਾਣ ਵਾਲੇ ਕਾਰਖਾਨੇ ਵਿਚ ਸੁਪਰਵਾਈਜ਼ਰ ਦੀ ਡਿਊਟੀ ਤੇ ਹਾਂ ।"

ਫਿਰ ਦੋਵੇਂ ਆਪਣੇ-ਆਪਣੇ ਘਰਾਂ ਨੂੰ ਤੁਰ ਪਏ । ਮੋਹਨ ਸਾਰਾ ਦਿਨ ਤਾਂ ਪਛਤਾਂਦਾ ਰਿਹਾ ਕਿ ਥੋੜੀ ਵਾਕਫੀ ਦੇਣ ਦੀ ਕੀ ਲੋੜ ਸੀ ਪਰ ਸ਼ਾਮੀ ਤਾਂ ਉਹ ਸਭ ਕੁਝ ਹੀ ਦੱਸ ਬੈਠਾ ਸੀ । ਨਾਮ ਅਤੇ ਘਰ ਦਾ ਨੰਬਰ ਦਸ ਕੇ ਰਹਿੰਦੀ ਕਸਰ ਵੀ ਕੱਢ ਦਿੱਤੀ । ਅਗਲੀ ਸਵੇਰ ਜਦ ਉਹ ਮੋਨੀ ਚੌਂਕ 'ਚੋਂ ਲੰਘਣ ਲੱਗਾ ਤਾਂ ਸਰਦਾਰੀ ਲਾਲ ਜੋ ਕਿ ਇਕ ਬੈਂਚ ਤੇ ਬੈਠਾ ਸੀ ਉੱਠ ਕੇ ਉਹਦੇ ਨਾਲ ਤੁਰ ਪਿਆ ਅਤੇ ਕਿਹਾ "ਮੋਹਨ, ਮੈਂ ਤਾਂ ਚਾਰ ਵਜੇ ਹੀ ਇੱਥੇ ਆ ਬੈਠਾ ।"

ਮੋਹਨ ਨੇ ਕਿਹਾ, "ਜੀ, ਮੈਂ ਤਾਂ ਸਾਢੇ ਚਾਰ ਪੌਣੇ ਪੰਜ ਹੀ ਘਰੋਂ ਤੁਰਦਾ ਹਾਂ ।" ਪਰ ਫਿਰ ਦਿਲ ਹੀ ਦਿਲ ਪਛਤਾਇਆ । ਆਖਰ ਸਭ ਕੁਝ ਕਿਉਂ ਦਸ ਰਿਹਾ ਹਾਂ । ਕਿੰਨਾ ਮੂਰਖ ਹਾਂ ! ਜਾਣਦਾ ਵੀ ਹਾਂ ਕਿ ਇਹਦੇ ਦਿਮਾਗ ਵਿਚ ਮੇਰੇ ਬਾਰੇ ਕਰੋਧ ਦਾ ਅੰਸ਼ ਜ਼ਰੂਰ ਹੋਵੇਗਾ ।

ਦੋਵੇਂ ਨਾਲ-ਨਾਲ ਤੁਰਦੇ ਲਾਰੰਸ ਰੋਡ ਤੇ ਆਏ ਅਤੇ ਨਿਖੜਨ ਲੱਗੇ ਤਾਂ ਸਰਦਾਰੀ ਲਾਲ ਨੇ ਕਿਹਾ, "ਮੋਹਨ ਬੇਟਾ, ਸਦਾ ਸੱਚ ਬੋਲੋ । ਕੰਮ ਦਿਲ ਲਾ ਕੇ ਇਮਾਨਦਾਰੀ ਨਾਲ ਕਰੋ !" ਉਹਦਾ ਕਹਿਣ ਦਾ ਢੰਗ ਅੱਤ ਮਿੱਠਾ ਤੇ ਅਪਣੱਤ ਭਰਿਆ ਸੀ ਪਰ ਫਿਰ ਮੋਹਨ ਖੱਡੀ ਦੇ ਤਾਣੇ ਦੀਆਂ ਤੰਦਾਂ ਨਾਲ ਖਿਆਲਾਂ ਦੀਆਂ ਤੰਦਾਂ ਵੀ ਗੰਢਦਾ ਗਿਆ ਕਿ ਸਰਦਾਰੀ ਲਾਲ ਨੇ ਬੁਰੀ ਨੀਯਤ ਨਾਲ ਪੁਛਿਆ ਏ ਜਾਂ ਸੁਭਾਵਿਕ ਹੀ ? ਪਰ ਜੇ ਬੁਰੀ ਨੀਯਤ ਹੁੰਦੀ ਤਾਂ ਉਹ ਮੈਨੂੰ ਲਗਨ ਇਮਾਨਦਾਰੀ

ਤੇ ਸਦਾ ਸੱਚ ਬੋਲਣ ਦੀ ਸਿੱਖਿਆ ਕਿਉਂ ਦਿੰਦਾ ।

ਗੱਲ ਕਿਹੜਾ ਪੁਰਾਣੀ ਸੀ । ਅਜੇ ਦਸ ਦਿਨ ਪਹਿਲਾਂ ਦੀ ਤਾਂ ਗੱਲ ਸੀ । ਜਦ ਉਹ ਓਵਰਹਾਲ ਸਾਈਕਲ ਨੂੰ ਪੂਰੇ ਜ਼ੋਰ ਨਾਲ ਭਜਾਈ ਗਿਲਵਾਲੀ ਗੇਟ ਦੇ ਅੰਦਰਲੇ ਪਾਸੇ ਰਿੰਗ ਬਜ਼ਾਰ ਵਿਚੋਂ ਜਾ ਰਿਹਾ ਸੀ ਇਕ ਨੌਜਵਾਨ ਲੜਕੀ ਕਾਹਲੀ ਨਾਲ ਅੰਦਰੋਂ ਨਿਕਲੀ ਤੇ ਉਹਦੇ ਵਿਚ ਆ ਟਕਰਾਈ । ਉਸ ਜ਼ੋਰ ਨਾਲ ਬਰੇਕਾਂ ਲਾਈਆਂ ਤੇ ਉਹ ਸਿਰ ਭਾਰ ਡਿੱਗਾ ਪਰ ਚੁਫਾਲ ਗਿਰ ਕੇ ਲੜਕੀ ਬੇਹੋਸ਼ ਹੋ ਗਈ ਸੀ । ਅਜੇ ਉਹ ਸੰਭਲਿਆ ਵੀ ਨਹੀਂ ਸੀ ਕਿ ਲੋਕਾਂ ਦੀ ਭੀੜ 'ਕੱਠੀ ਹੋ ਗਈ । ਉਹ ਬੇਹੋਸ਼ ਪਈ ਲੜਕੀ ਨੂੰ ਚੁੱਕ ਕੇ ਅੰਦਰ ਲੈ ਗਏ । ਦੋ ਤਿੰਨ ਬੰਦਿਆਂ ਨੇ ਉਸ ਨੂੰ ਬਾਹਾਂ ਤੋਂ ਫੜ ਕੇ ਅੰਦਰ ਵਿਹੜੇ ਵਿਚ ਕੰਧ ਨਾਲ ਜਾ ਬਿਠਾਇਆ । ਕਿਸੇ ਨੇ ਉਹਦੀ ਸਾਇਕਲ ਵਿਹੜੇ ਵਿਚ ਲਿਆ ਖੜ੍ਹਾਈ । ਜਿੰਦਾ ਲਗਾ ਕੇ ਚਾਬੀ ਜੇਬ ਵਿਚ ਪਾ ਲਈ । ਸਾਰਾ ਘਰ ਮਰਦਾਂ ਔਰਤਾਂ ਨਾਲ ਭਰ ਗਿਆ । ਲੋਕ ਉਦਾਸੇ ਪਰ ਹਰਖੇ ਹੋਏ ਸਨ । ਭਾਂਤ-ਭਾਂਤ ਦੇ ਲੋਕ ਅਤੇ ਭਾਂਤ-ਭਾਂਤ ਦੀਆਂ ਗੱਲਾਂ ਹੋ ਰਹੀਆਂ ਸਨ ।

"ਜ਼ਾਹਰਾ ਤਾਂ ਕੋਈ ਸੱਟ ਝਰੀਟ ਨਹੀਂ ਸੀ । ਗੁੱਝੀ ਸੱਟ ਹੋਣੀ ਏ ।"

"ਦਹਿਲ ਕੇ ਵੀ ਤਾਂ ਬੇਹੋਸ਼ ਹੋ ਸਕਦੀ ਹੈ ।"

"ਕੁਝ ਵੀ ਹੋਵੇ ਲੜਕੀ ਬਚਦੀ ਨਹੀਂ ਦਿਸਦੀ ।"

"ਹੇ ਸੱਚੇ ਪਾਤਸ਼ਾਹ ਗੁਰੂ ਰਾਮਦਾਸ ਮਿਹਰ ਕਰੀਂ, ਵਿਚਾਰਿਆਂ ਦਾ ਇੱਕੋ ਇਕ ਸਹਾਰਾ । ਉਹ ਵੀ ਧੀ ਦਾ ਧੰਨ ।" ਜਨਾਨੀਆਂ ਤਰਾਹ-ਤਰਾਹ ਕਰਕੇ ਬੇਨਤੀਆਂ ਅਰਦਾਸ਼ਾਂ ਕਰ ਰਹੀਆਂ ਸਨ ।

ਜਿਹੜਾ ਆਉਂਦਾ ਉਹ ਪੁੱਛ਼ਦਾ, 'ਕਿਹੜਾ ਏ ਉਹ ਸਾਇਕਲ ਵਾਲਾ ? ਅੰਨੇ ਹੋ ਕੇ ਚਲਾਂਦੇ ਨੇ ਪਤਾ ਨਹੀਂ ਅੱਗੇ ਕਿਹੜੇ ਮੋਰਚੇ ਤੇ ਜਾਣਾ ਹੁੰਦਾ ਏ । ਇਹਨੂੰ ਪੁਲਸ ਦੇ ਹਵਾਲੇ ਕਰੋ ।"

ਹਰ ਕੋਈ ਉਸ ਨੂੰ ਅੱਖਾਂ ਨਾਲ ਹੀ ਪੀ ਜਾਣਾ ਚਾਹੁੰਦਾ ਸੀ । ਉਹ ਮਨ ਹੀ ਮਨ ਅਰਦਾਸਾਂ ਕਰ ਰਿਹਾ ਸੀ । "ਸੱਚੇ ਪਾਤਸ਼ਾਹ, ਮੇਰਾ ਕਸੂਰ ਤਾਂ ਕੋਈ ਨਹੀਂ

ਸੀ ਅਤੇ ਜੇ ਕੋਈ ਕਸੂਰ ਹੈ ਵੀ ਤਾਂ ਮੈਨੂੰ ਮਾਫ ਕਰ ਅਤੇ ਇਨਾਂ ਦੀ ਲੜਕੀ ਹੋਸ਼ ਵਿਚ ਆਵੇ ।"

ਇਕ ਘੰਟੇ ਦੀ ਭੱਜੋ ਨੱਠੀ ਤੋਂ ਮਗਰੋਂ ਲੜਕੀ ਹੋਸ਼ ਵਿਚ ਆਈ । ਲੋਕਾਂ ਵਿਚ ਖਿਚਾ ਦਾ ਮਾਹੌਲ ਖਤਮ ਹੋ ਗਿਆ ਅਤੇ ਖੁਸ਼ੀ ਦੀ ਲਹਿਰ ਦੌੜ ਗਈ । ਲੋਕ ਵਾਹਿਗੁਰੂ ਦਾ ਸ਼ੁਕਰ ਅਦਾ ਕਰਦਿਆਂ ਖਿੰਡ ਗਏ । ਫਿਰ ਲੜਕੀ ਦਾ ਪਿਤਾ ਅੰਦਰੋਂ ਬਾਹਰ ਆਇਆ । ਉਹ ਇਸ ਤੋਂ ਪਹਿਲਾਂ ਅਸਲੋਂ ਕੁਝ ਨਹੀਂ ਸੀ ਬੋਲਿਆ । ਉਸ ਉਹਨੂੰ ਚਾਬੀ ਦਿੰਦਿਆਂ ਆਖਿਆ, "ਜਾ ਕਾਕਾ, ਤੂੰ ਤਾਂ ਸਾਡਾ ਘਰ ਹੀ ਬਰਬਾਦ ਕਰ ਦੇਣਾ ਸੀ ।"

ਉਹ ਬਿਨਾਂ ਕੁਝ ਬੋਲੇ ਬਿਨਾਂ ਸਫਾਈ ਦਿੱਤੇ ਨਦਾਮਤ ਨਮੋਸ਼ੀ, ਕੈਦ ਰਿਹਾਈ ਸਭ ਦੇ ਮਿਲਵੇਂ ਜ਼ਜਬੇ ਨਾਲ ਤੁਰਨ ਲੱਗਾ ਤਾਂ ਇਕ ਬੰਦਾ ਜਿਹਦੀ ਛੋਲਿਆਂ ਦੀ ਰੇਹੜੀ ਉਸੇ ਥਾਂ ਸੀ ਜਿੱਥੇ ਉਹ ਬਰੇਕ ਲਾ ਕੇ ਡਿੱਗਿਆ ਸੀ ਉਸ ਨੇ ਕਿਹਾ, "ਸ਼ਾਹ ਜੀ, ਸੱਚ ਪੁਛੋ ਇਸ ਵਿਚਾਰੇ ਦਾ ਕੋਈ ਕਸੂਰ ਨਹੀਂ ਸੀ । ਇਸ ਵਿਚਾਰੇ ਨੇ ਤਾਂ ਏਨੀ ਸਖਤ ਬਰੇਕ ਮਾਰੀ ਕਿ ਪੈਰ ਤੇ ਹੀ ਡਿੱਗਾ । ਲੜਕੀ ਹੀ ਅੰਦਰੋਂ ਤੇਜ਼ੀ ਨਾਲ ਆਈ ਅਤੇ ਨਾਲ ਆ ਟਕਰਾਈ । ਸੱਟ ਤਾਂ ਇਹਨੂੰ ਵੀ ਜ਼ਰੂਰ ਲਗੀ ਹੋਵੇਗੀ ।"

ਅਤੇ ਸਚਮੁੱਚ ਹੀ ਉਹਦਾ ਮੋਢਾ ਬੁਰੀ ਤਰ੍ਹਾਂ ਚਸਕ ਰਿਹਾ ਸੀ । ਉੱਚੀ ਥੜੀ ਤੋਂ ਉਸ ਮਸਾਂ ਸਾਈਕਲ ਲਾਹਿਆ ਸੀ ਅਤੇ ਅੱਜ ਸਰਦਾਰੀ ਲਾਲ ਨੇ ਉਸ ਨਾਲ ਪਹਿਚਾਣ ਕਰ ਲਈ ਸੀ । ਬੁਰੀ ਜਾਂ ਚੰਗੀ ਨੀਯਤ ਨਾਲ । ਨਹੀਂ, ਨਹੀਂ, ਸਰਦਾਰੀ ਲਾਲ ਜੇ ਬੁਰੀ ਨੀਯਤ, ਮੰਦ ਭਾਵ ਵਾਲਾ ਬੰਦਾ ਹੁੰਦਾ ਤਾਂ ਉਸ ਦਿਨ ਹੀ ਉਸ ਨਾਲ ਬੁਰਾ ਵਿਹਾਰ ਕਰਦਾ । ਅਤੇ ਜਦ ਉਹ ਕੰਮ ਤੋਂ ਛੁਟੀ ਕਰ ਸਾਢੇ ਪੰਜ ਵਜੇ ਲਾਰੰਸ ਰੋਡ ਤੇ ਆਇਆ ਤਾਂ ਉਸੇ ਥਾਂ ਤੇ ਹੀ ਬੈਠਾ ਸਰਦਾਰੀ ਲਾਲ ਉਸਦੀ ਉਡੀਕ ਕਰ ਰਿਹਾ ਸੀ ਅਤੇ ਧੱਕੋ ਧੱਕੀ ਦੇ ਪੰਧ ਸਾਥੀ ਦਾ ਉਹਨੂੰ ਫਿਰ ਸਾਥ ਕਰਨਾ ਪਿਆ । ਜਦੋਂ ਉਹ ਪੂਰੀ ਪਾਪੜਾਂ ਵਾਲਾ ਬਜ਼ਾਰ ਲੰਘੇ ਤਾਂ ਸਰਦਾਰੀ ਲਾਲ ਨੇ ਕਿਹਾ, "ਮੋਹਨ ਜੀ, ਬੇਟਾ ਚਾਹ ਦੀ ਪਿਆਲੀ ਹੋ ਜਾਏ ।"

ਉਹਨੂੰ ਮਜਬੂਰਨ ਚਾਹ ਪੀਣ ਲਈ ਬਹਿਣਾ ਪਿਆ ਅਤੇ ਜਦੋਂ ਉਹ ਮੇਜ਼

ਦੇ ਸਾਹਵੇਂ ਬੈਠ ਗਏ ਤਾਂ ਸਰਦਾਰੀ ਲਾਲ ਨੇ ਪੁਛਿਆ, "ਬੇਟਾ, ਹੋਰ ਘਰ ਵਿਚ ਕੌਣ-ਕੌਣ ਏ ?" .

"ਜੀ, ਸਭ ਕੁਝ ਏ ਪਰ ਕੁਝ ਵੀ ਨਹੀਂ । ਸਮਝੋ ਮੈਂ ਹੀ ਮੈਂ ਹਾਂ ।"

ਸਰਦਾਰੀ ਲਾਲ ਉਹਦੇ ਦਿਲ ਦੀ ਪੀੜ ਸਮਝ ਗਿਆ ਸੀ । ਕੁਝ ਦੇਰ ਦੋਵੇਂ ਚੁਪ ਚਾਪ ਚਾਹ ਦੀਆਂ ਚੁਸਕੀਆਂ ਲੈਂਦੇ ਰਹੇ ।

ਉਸ ਫਿਰ ਪੁਛਿਆ, "ਬੇਟਾ ਮੋਹਨ, ਜਿਸ ਦਿਨ ਤੇਰਾ ਐਕਸੀਡੈਂਟ ਹੋਇਆ ਸੀ ਅਤੇ ਤੂੰ ਮੇਰੇ ਘਰ ਵਿਚ ਭਾਂਤ-ਭਾਂਤ ਦਿਆਂ ਲੋਕਾਂ ਵਿਚ ਘਿਰਿਆ ਹੋਇਆ ਸੀ ਉਦੋਂ ਤੂੰ ਆਪਣੇ ਮਨ ਵਿਚ ਕੀ ਸੋਚ ਰਿਹਾ ਸੀ ।"

ਮੋਹਨ ਦਾ ਰੰਗ ਕੁਝ ਫਿਕਾ ਪੈ ਗਿਆ । ਹਥੋਂ ਥਿੜਕਦੀ ਪਿਆਲੀ ਉਸ ਟੇਬਲ ਤੇ ਰੱਖੀ । ਕੁਝ ਸੰਭਲ ਗਿਆ ਕਿਉਂਕਿ ਸਰਦਾਰੀ ਲਾਲ ਵਲੋਂ ਬੇਟਾ ਕਹਿਣਾ ਉਸਨੂੰ ਧਰਵਾਸ ਦੇ ਰਿਹਾ ਸੀ । ਉਸਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਸਰਦਾਰੀ ਲਾਲ ਬੇਟਾ ਲਫ਼ਜ਼ ਦਿਲ ਦੀਆਂ ਡੂੰਘਾਈਆਂ ਵਿਚੋਂ ਅਦਾ ਕਰ ਰਿਹਾ ਸੀ । ਫਿਰ ਵੀ ਉਸ ਕੰਬਦੇ ਝਿਜਕਦੇ ਕਿਹਾ "ਜੀ, ਮੇਰਾ ਕਸੂਰ ਤਾਂ ਕੋਈ ਵੀ ਨਹੀਂ ਸੀ ਪਰ ਕਸੂਰ ਹੈ ਵੀ ਸੀ, ਰਹੀ ਗਲ ਮੈਂ ਕੀ ਸੋਚ ਰਿਹਾ ਸੀ । ਮੈਂ ਆਪਣੇ ਬਾਰੇ ਕੁਝ ਨਹੀਂ ਸੀ ਸੋਚ ਰਿਹਾ ਕਿ ਮੇਰੇ ਨਾਲ ਕੀ ਬਣੇਗਾ ਕੀ ਨਹੀਂ । ਮੈਂ ਤਾਂ ਸਿਰਫ ਮਨ ਹੀ ਮਨ ਅਰਦਾਸ ਕਰ ਰਿਹਾ ਸੀ ਕਿ ਹੇ ਵਾਹਿਗੁਰੂ ! ਇਹਨਾਂ ਦੀ ਕੁੜੀ ਨੂੰ ਠੀਕ ਕਰ"।

ਸਰਦਾਰੀ ਲਾਲ ਨੇ ਫਿਰ ਕਿਹਾ, "ਬੇਟਾ, ਤੈਨੂੰ ਪਤਾ ਲਗਾ ਹੋਵੇਗਾ ਕਿ ਸਾਡੀ ਇਕ ਲੜਕੀ ਹੀ ਏ ।"

ਮੋਹਨ ਹੁਣ ਹੌਸਲੇ ਵਿਚ ਸੀ । ਉਸ ਕਿਹਾ, "ਹਾਂ, ਮੈਂ ਲੋਕਾਂ ਦੀਆਂ ਗੱਲਾਂ ਤੋਂ ਹਿਸਾਬ ਲਾ ਲਿਆ ਸੀ । ਮੈਂ ਇਹ ਵੀ ਸੋਚਿਆ ਸੀ ਜੇ ਕੋਈ ਮੰਦਭਾਗੀ ਘਟਨਾ ਹੋ ਗਈ ਤਾਂ ਮੈਂ ਇਹਨਾਂ ਅੱਗੇ ਬੇਨਤੀ ਕਰਾਂਗਾ ਕਿ ਥਾਣੇ ਥਪਾਣੇ ਦੇਣ ਨਾਲੋਂ ਮੈਨੂੰ ਹੀ ਰਖ ਲਵੋ । ਮੈਂ ਤੁਹਾਡੀ ਸੇਵਾ ਕਰਕੇ ਕੁਝ ਗੈਪ ਪੂਰਾ ਕਰਾਂਗਾ । ਅਗੋਂ ਤੁਸੀਂ ਕੀ ਕਰਨਾ ਸੀ ਇਹ ਤੁਹਾਨੂੰ ਪਤਾ ਹੋਵੇ !

ਸਰਦਾਰੀ ਲਾਲ ਨੇ ਬੜੇ ਠਰੰਮੇਂ ਨਾਲ ਕਿਹਾ, "ਬੇਟਾ, ਕੋਈ ਮੰਦੀ ਘਟਨਾ

ਹੋ ਜਾਂਦੀ ਤਾਂ ਅਸੀਂ ਬਰਬਾਦ ਹੋ ਜਾਣਾ ਸੀ, ਇਹ ਸਾਡੀ ਕਿਸਮਤ । ਪਰ ਅਸਾਂ ਹੋਰ ਕਿਸੇ ਨੂੰ ਕਿਉਂ ਬਰਬਾਦ ਕਰਨਾ ਸੀ। "

ਚਾਹ ਪੀ ਕੇ ਉਠੇ ਤਾਂ ਮੋਹਨ ਨੇ ਪੈਸੇ ਦੇਣ ਲਈ ਜੇਬ ਵਿਚ ਹੱਥ ਪਾਇਆ ਤਾਂ ਸਰਦਾਰੀ ਲਾਲ ਨੇ ਕਿਹਾ, "ਬੇਟਾ, ਵੱਡਿਆਂ ਦੇ ਹੁੰਦਿਆਂ ਛੋਟੇ ਨਹੀਂ ਜੇਬ ਦਿਖਾਂਦੇ ।"

ਉਸ ਦਿਨ ਪਿਛੋਂ ਸਰਦਾਰੀ ਲਾਲ ਦੀ ਬਜ਼ੁਰਗੀ ਦਾ ਮੋਹਨ ਤੇ ਪੂਰਾ ਪ੍ਰਭਾਵ ਪੈ ਗਿਆ ਸੀ । ਮੋਹਨ ਦੀ ਉਮਰ ਕੋਈ ਸਾਢੇ ਉੱਨੀ ਸਾਲ ਸੀ ਅਤੇ ਸਰਦਾਰੀ ਲਾਲ ਪਚਵਿੰਜਾ ਸੱਠ ਦੇ ਗੇੜ ਸੀ । ਇਸ ਪਿੱਛੋਂ ਦੋਹਾਂ ਦਾ ਸੁਬ੍ਹਾ ਸ਼ਾਮ ਦਾ ਸਾਥ ਬਣ ਗਿਆ । ਦੋਹਾਂ ਦਾ ਦੂਰ ਤਕ ਦਾ ਪੈਂਡਾ ਸਾਂਝਾ ਸੀ ਪਰ ਕੰਮ ਅੱਡੋ-ਅੱਡ ਥਾਈਂ ਸੀ । ਸਰਦਾਰੀ ਲਾਲ ਘਰ ਲਿਜਾਣ ਲਈ ਰਾਹ ਵਿਚ ਕੋਈ ਫਲ ਕੋਈ ਮਠਿਆਈ ਖਰੀਦਦਾ ਤਾਂ ਧੱਕੋ-ਧੱਕੀ ਮੋਹਨ ਦੀ ਜੇਬ ਵੀ ਭਰ ਦਿੰਦਾ । ਜੇ ਕਿਸੇ ਦਿਨ ਮੋਹਨ ਉਸ ਨੂੰ ਉਦਾਸ ਦਿਖਾਈ ਦਿੰਦਾ ਤਾਂ ਉਹ ਕਹਿੰਦਾ, "ਮੋਹਨ ਬੇਟਾ, ਏਸ ਉਮਰ ਵਿਚ ਉਦਾਸੀ ਕਿਉ ?"

ਸ਼ਾਮੀ ਜਦੋਂ ਨਿਖੜਨ ਲਗਦੇ ਤਾਂ ਸਰਦਾਰੀ ਲਾਲ ਇਸ ਗਲ ਤੇ ਜ਼ੋਰ ਦਿੰਦਾ, "ਬੇਟਾ, ਇਸ ਐਤਵਾਰ ਤੂੰ ਸਾਡੇ ਘਰ ਚਲ ।"

ਪਰ ਮੋਹਨ ਹਰ ਵਾਰ ਇਹ ਕਹਿ ਕੇ ਟਾਲ ਦਿੰਦਾ, "ਇਸ ਨਹੀਂ ਅਗਲੇ ਐਤਵਾਰ ।"

ਐਤਵਾਰ ਆਉਂਦੇ ਰਹੇ ਅਤੇ ਲੰਘਦੇ ਰਹੇ ਪਰ ਸਰਦਾਰੀ ਲਾਲ ਮੋਹਨ ਨੂੰ ਘਰ ਤਕ ਨਾ ਲਿਜਾ ਸਕਿਆ । ਸਰਦਾਰੀ ਲਾਲ ਦੀ ਸਿੱਕ ਸੀ ਪਰ ਪੂਰੀ ਨਾ ਹੋਈ । ਇਕ ਦਿਨ ਸ਼ਾਮੀ ਚਾਹ ਦੀ ਦੁਕਾਨ ਤੇ ਦੋਵੇਂ ਚਾਹ ਪੀਣ ਬੈਠੇ ਤਾਂ ਸਰਦਾਰੀ ਲਾਲ ਨੇ ਕਿਹਾ, "ਬੇਟਾ ਮੋਹਨ, ਇਕ ਗੱਲ ਪੁੱਛਾਂ, ਠੀਕ ਜਵਾਬ ਦਿਉਗੇ ?"

"ਕਿਉਂ ਨਹੀਂ ਮੇਰੇ ਮਾਨਯੋਗ । ਮੈਂ ਤਾਂ ਤੁਹਾਡੇ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਅਹਿਸਾਨਾਂ ਥੱਲੇ ਦੱਬਿਆ ਹੋਇਆ ਹਾਂ । ਕੁਝ ਵੀ ਪੁਛੋ ।"

"ਨਹੀਂ, ਨਹੀਂ, ਬੇਟਾ ਅਹਿਸਾਨ ਕਾਹਦਾ । ਹਰ ਬੰਦਾ ਆਪਣਾ-ਆਪਣਾ

ਫਰਜ਼ ਨਿਭਾਂਦਾ ਏ । ਮੈਂ ਸਿਰਫ ਏਨਾਂ ਹੀ ਪੁੱਛਣਾ ਏ ਕਿ ਤੈਨੂੰ ਮੇਰੇ ਘਰ ਤਕ ਜਾਣ ਦੀ ਝਿਜਕ ਕਿਉਂ ਏ ਜਦ ਕਿ ਮੈਂ ਰੋਜ-ਰੋਜ ਕਹਿੰਦਾ ਹਾਂ ਅਤੇ ਤੂੰ ਟਾਲ ਮਟੋਲ ਕਰ ਜ਼ਾਂਦਾ ਏ ।"

"ਸਚ ਦੱਸਾਂ ਮਾਨਯੋਗ, ਮੈਨੂੰ ਉਸ ਥਾਂ ਤੋਂ ਡਰ ਲਗਦਾ ਏ ਜਿੱਥੇ ਮੇਰਾ ਐਕਸੀਡੈਂਟ ਹੋਇਆ ਸੀ । ਦੂਜੇ, ਜਿਨ੍ਹਾਂ ਲੋਕਾਂ ਵਿਚ ਮੈਂ ਮੁਲਜ਼ਮ ਬਣਿਆ ਸੀ ਉਹਨਾਂ ਦੀਆਂ ਨਜ਼ਰਾਂ ਤੋਂ ਮੈਨੂੰ ਡਰ ਲੱਗਦਾ ਏ । ਅਤੇ ਉਹ ਘਰ ਵਾਲੇ ਮੈਨੂੰ ਕੀ ਚੰਗਾ ਕਹਿਣਗੇ ।" ਸਚਮੁਚ ਹੀ ਮੋਹਨ ਦੀ ਰੂਹ ਕੰਬ ਜਾਂਦੀ ਸੀ ਉਸ ਥਾਂ ਨੂੰ ਯਾਦ ਕਰਕੇ ।

ਸਰਦਾਰੀ ਲਾਲ ਨੇ ਬੜੀ ਗੰਭੀਰਤਾ ਨਾਲ ਕਿਹਾ, "ਮੋਹਨ ਬੇਟਾ, ਇਹ ਤੇਰੇ ਸਾਊਪੁਣੇ, ਪਵਿੱਤਰ ਮਨ ਦੀ ਪਵਿੱਤਰ ਆਤਮਾ ਦੀ ਸੋਚ ਏ । ਬੇਟਾ ਸ਼ਹਿਰਾਂ ਦੇ ਭੀੜ ਭੜੱਕੇ ਵਿਚ ਨਿੱਤ ਐਕਸੀਡੈਂਟ ਹੁੰਦੇ ਨੇ । ਵਕਤੀ ਗਲ ਹੁੰਦੀ ਏ । ਸਦਾ ਲੋਕਾਂ ਦੀਆਂ ਅੱਖਾਂ ਕਿਸੇ ਨੂੰ ਮੁਲਜ਼ਮ ਨਹੀਂ ਸਮਝਦੀਆਂ । ਰਹੀ ਘਰ ਦੀ ਗੱਲ । ਸਵਾਏ ਮੇਰੇ ਨਾ ਮੇਰੀ ਲੜਕੀ ਅਤੇ ਨਾ ਹੀ ਲੜਕੀ ਦੀ ਮਾਂ ਤੈਨੂੰ ਜਾਣਦੀ ਏ ।"

ਸਰਦਾਰੀ ਲਾਲ ਦੀ ਗੱਲ ਠੀਕ ਸੀ । ਲੜਕੀ ਅੰਦਰੋਂ ਨਿਕਲਦੀ ਹੀ ਟਕਰਾਈ ਸੀ ਅਤੇ ਬੇਹੋਸ਼ ਹੋ ਗਈ । ਮਾਂ ਅੰਦਰ ਹੀ ਬੇਹੋਸ਼ ਲੜਕੀ ਦੇ ਕੋਲ ਬੈਠੀ ਸੀ । ਇਸ ਲਈ ਨਾ ਸਰਦਾਰੀ ਲਾਲ ਦੀ ਲੜਕੀ ਅਤੇ ਨਾ ਹੀ ਉਹਦੀ ਘਰਵਾਲੀ ਮੋਹਨ ਨੂੰ ਜਾਣਦੀਆਂ ਸਨ ਨਾ ਵੇਖਿਆ ਸੀ ।

ਸਰਦਾਰੀ ਲਾਲ ਨੇ ਕਿਹਾ, "ਮੋਹਨ, ਮੇਰੀ ਵੀ ਅਤੇ ਮੇਰੇ ਘਰ ਵਾਲਿਆਂ ਦੀ ਵੀ ਇੱਛਾ ਏ, ਤੂੰ ਮਨ ਬਣਾ ਅਤੇ ਕਿਸੇ ਵੀ ਐਤਵਾਰ ਸਾਡੇ ਘਰ ਆ ।"

ਮੋਹਨ ਨੇ ਕਿਹਾ, "ਮੈ ਤੁਹਾਡਾ ਹੁਕਮ ਨਹੀਂ ਮੋੜ ਸਕਦਾ । ਮੈਨੂੰ ਮੌਕਾ ਦਿਉ ਮੈਂ ਆਪਣੇ ਆਪ ਨੂੰ ਇਸ ਯੋਗ ਬਣਾ ਸਕਾਂ ਕਿ ਮੈਂ ਕਿਸੇ ਉਸ ਨਜ਼ਰ ਦਾ ਸਾਹਮਣਾ ਕਰ ਸਕਾਂ ਜੋ ਮੇਰੇ ਲਈ ਉਸ ਦਿਨ ਕਰੋਧ ਵਿਚ ਸੁਰਖ ਹੋ ਗਈ ਹੋਵੇ।"

ਦਿਨ ਲੰਘਦੇ ਗਏ, ਸਰਦਾਰੀ ਲਾਲ ਰੋਜ ਦੋ ਟੈਮ ਮੋਹਨ ਦੀ ਉਡੀਕ ਕਰਦਾ । ਸ਼ਾਮੀ ਮੋਹਨ ਪੰਜ ਵਜੇ ਅਤੇ ਕਈ ਵਾਰ ਇਸ ਤੋਂ ਵੀ ਵੱਧ ਟੈਮ ਲਾਂਦਾ

ਪਰ ਸਰਦਾਰੀ ਲਾਲ ਨੇ ਕਦੀ ਇਸ ਗੱਲ ਦਾ ਗਿਲਾ ਨਾ ਕੀਤਾ ਅਤੇ ਸਗੋਂ ਖਿੜੇ ਮੱਥੇ ਉਡੀਕ ਕਰਦਾ । ਕਈ ਵਾਰ ਉਹ ਘੰਟਾ ਭਰ ਲੇਟ ਸਾਢੇ ਛੇ ਵਜੇ ਵੀ ਆਇਆ । ਕਿਉਂ ਜੋ ਕਈ ਵਾਰ ਓਵਰ ਟੈਮ ਵੀ ਮਿਲ ਜਾਂਦਾ ਅਤੇ ਉਹ ਹੁਣ ਕਈ ਦਿਨਾਂ ਤੋਂ ਲੇਟ ਆ ਰਿਹਾ ਸੀ ਅਤੇ ਸਰਦਾਰੀ ਲਾਲ ਪੁੱਛਣ ਲੱਗ ਪਿਆ, "ਮੋਹਨ ਬੇਟੇ, ਓਵਰ ਟੈਮ ?"

"ਜੀ ਨਹੀਂ, ਓਵਰ ਟਾਈਮ ਤਾਂ ਨਹੀਂ ਸੀ ।" ਮੋਹਨ ਕੁਝ-ਕੁਝ ਝੂਠ ਬੋਲਦਾ ।

"ਫਿਰ ਬੇਟਾ, ਇਹ ਪੱਚੀ ਮਿੰਟ ਲੇਟ ਕਿਥੇ ਹੋ ਜਾਂਦੇ ਓ ? ਨਾਲੇ ਬੇਟਾ ਤੂੰ ਕੁਝ ਪਰੇਸ਼ਾਨ ਕੁਝ ਖੋਇਆ-ਖੋਇਆ ਜੇਹਾ ਕਿਉਂ ਰਹਿਨਾ ਏ ?"

ਅਤੇ ਉਹ ਕੰਮ ਦਾ ਥਕੇਵਾਂ ਜਾਂ ਹੌਲੀ ਤੁਰਨਾਂ ਜਾਂ ਕੋਈ ਹੋਰ ਬਹਾਨਾ ਬਣਾ ਦੇਂਦਾ । ਮੋਹਨ ਲੇਟ ਕਿਥੇ ਹੁੰਦਾ ਏ ਇਹ ਤਾਂ ਸਰਦਾਰੀ ਲਾਲ ਨਹੀਂ ਸੀ ਜਾਣਦਾ ਪਰ ਮੋਹਨ ਇਕ ਨਵੀਂ ਉਲਝਨ ਵਿਚ ਪੈ ਗਿਆ ਸੀ । ਜਦੋਂ ਉਹ ਕਾਰਖਾਨੇ ਤੋਂ ਨਿਕਲਦਾ ਤਾਂ ਇਕ ਗੋਰੀ, ਚਿੱਟੀ, ਸੁੰਦਰ ਲੜਕੀ ਬਾਂਹ ਦੀ ਬੁੱਕਲ ਵਿਚ ਕਿਤਾਬਾਂ ਕਾਪੀਆਂ ਲਈ ਨੇੜੇ ਦੀ ਇਕ ਪੁਲੀ ਤੇ ਖਲੋਤੀ ਹੁੰਦੀ । ਅਤੇ ਜਦੋਂ ਗੇਟੋਂ ਨਿਕਲ ਵੀਹ ਕਦਮ ਅੱਗੇ ਪੁਲੀ ਦੇ ਨੇੜੇ ਪਹੁੰਚਦਾ ਤਾਂ ਉਹ ਇਕ ਭਰਵੀਂ ਨਜ਼ਰ ਉਸ ਵਲ ਵੇਖਦੀ ਅਤੇ ਮੋਹਨ ਹੋਰ ਹੌਲੀ ਹੋ ਜਾਂਦਾ । ਉਸ ਤੋਂ ਅੱਗੇ ਲੰਘਣ ਤੋਂ ਉਹਨੂੰ ਝਿਜਕ ਜਿਹੀ ਲਗਦੀ । ਚੌਂਕ ਤੱਕ ਉਹ ਇਸ ਤਰ੍ਹਾਂ ਤੁਰੇ ਆਉਂਦੇ । ਚੌਂਕ ਵਿਚੋਂ ਉਹ ਰਿਕਸ਼ਾ ਲੈਂਦੀ ਅਤੇ ਇਕ ਮੁਸਕਾਂਦੀ ਉਤਸੁਕਤਾ ਭਰੀ ਨਜ਼ਰ ਉਸ ਵਲ ਵੇਖਦੀ ਅਤੇ ਰਿਕਸ਼ਾ ਮੁਖਾਲਫ ਸਿਮਤ ਤੁਰ ਪੈਂਦੀ । ਅਤੇ ਜਿੰਨਾ ਚਿਰ ਰਿਕਸ਼ਾ ਅਗਲਾ ਮੋੜ ਮੁੜ ਦਿਸਣੋ ਨਾ ਹਟ ਜਾਂਦੀ ਉਹ ਇਕ ਥਾਂ ਤੇ ਬੱਝਿਆ ਖਲੋਤਾ ਵੇਖਦਾ ਰਹਿੰਦਾ । ਅਤੇ ਜਦੋਂ ਰਿਕਸ਼ਾ ਓਝਲ ਹੋ ਜਾਂਦੀ ਉਹ ਦੂਜੇ ਪਾਸੇ ਲਾਰੰਸ ਰੋਡ ਵੱਲ ਤੁਰ ਪੈਂਦਾ ਜਿੱਥੇ ਸਰਦਾਰੀ ਲਾਲ ਉਹਦੀ ਉਡੀਕ ਵਿਚ ਬੈਠਾ ਹੁੰਦਾ ।

ਪਹਿਲਾਂ ਪਹਿਲਾਂ ਤਾਂ ਉਹਦਾ ਅਨੁਮਾਨ ਸੀ ਕਿ ਇਸ ਲੜਕੀ ਦਾ ਨਜ਼ਦੀਕੀ ਜਾਂ ਕੋਈ ਰਿਸ਼ਤੇਦਾਰ ਕਾਰਖਾਨੇ ਵਿੱਚ ਕੰਮ ਕਰਦਾ ਹੋਵੇਗਾ ਪਰ ਕਈ

ਦਿਨਾਂ ਵਿਚ ਕਿਸੇ ਨੂੰ ਵੀ ਉਸ ਨਾਲ ਜਾਂਦਿਆਂ ਉਸ ਨਾ ਵੇਖਿਆ । ਅਤੇ ਖਿਆਲ ਕੀਤਾ ਕਿ ਸੁਭਾਵਿਕ ਹੀ ਏ । ਅੱਗੇ ਤੋਂ ਕਿਤੋਂ ਪੜ੍ਹ-ਪੜ੍ਹਾ ਕੇ ਆਉਂਦੀ ਹੋਵੇ । ਪਰ ਨਹੀਂ ਇਕ ਦਿਨ ਤਾਂ ਉਹਦਾ ਅੱਧਾ ਘੰਟਾ ਓਵਰ ਟਾਈਮ ਸੀ ਅਤੇ ਲੜਕੀ ਪੰਜ ਦੀ ਬਜਾਏ ਸਾਢੇ ਪੰਜ ਵੀ ਪੁਲੀ ਤੇ ਖਲੋਤੀ ਸੀ । ਕਈ ਵਾਰ ਉਸਦੇ ਦਿਲ ਵਿਚ ਖਿਆਲ ਆਇਆ ਇਸਨੂੰ ਇਸ ਗੱਲ ਦਾ ਭੇਤ ਪੁੱਛ ਹੀ ਲਵਾਂ । ਪਰ ਬੁਲਾਵਾਂ ਕੀ ਕਹਿ ਕੇ ? ਸਾਇਦ ਸੁਭਾਵਿਕ ਪੁੱਛੀ ਗੱਲ ਦਾ ਗਲਾਣਾ ਬਣ ਜਾਏ । ਉਸ ਮਨ ਹੀ ਮਨ ਉਸਦਾ ਨਾ ਸ਼ੀਲਾ ਤਖ਼ਲੀਕ ਕਰ ਲਿਆ ।

ਸਰਦਾਰੀ ਲਾਲ ਰੋਜ ਪੰਦਰਾਂ-ਵੀਹ ਮਿੰਟ ਲੇਟ ਆਉਣ ਬਾਰੇ ਟੋਕਦਾ ਰਿਹਾ । ਪਰ ਉਸ ਦਿਨ ਤਾਂ ਉਹ ਪੂਰੇ ਡੇਢ ਘੰਟਾ ਲੇਟ ਸੀ । ਅਤੇ ਵਿਚਾਰਾ ਸਰਦਾਰੀ ਲਾਲ ਸੜਕ ਤੇ ਬੈਠਾ ਤਾਂਘ ਵਿਚ ਅੱਖਾਂ ਪਕਾ ਰਿਹਾ ਸੀ ।

ਮੋਹਨ ਨੂੰ ਆਪਣੇ ਆਪ ਵਿਚ ਹੀਣਤ ਮਹਿਸੂਸ ਹੋਈ । ਅਤੇ ਉਸ ਸਰਦਾਰੀ ਲਾਲ ਨੂੰ ਕਿਹਾ , "ਤੁਸੀਂ ਟਾਇਮ ਨਾਲ ਘਰ ਚਲੇ ਜਾਇਆ ਕਰੋ ।"

ਪਰ ਸਰਦਾਰੀ ਲਾਲ ਨੇ ਕਿਹਾ, "ਬੇਟਾ, ਮੈਨੂੰ ਤੇਰੀ ਉਡੀਕ ਵਿਚ ਵੀ ਆਨੰਦ ਆਉਂਦਾ ਏ । ਅਤੇ ਤੇਰੇ ਤੋਂ ਬਿਨਾਂ ਮੈਥੋਂ ਇਹ ਪੰਧ ਹੀ ਨਿਬੜਦਾ ਦਿਸਦਾ ਨਹੀਂ ।" ਸਰਦਾਰੀ ਲਾਲ ਅਪਣੱਤ ਦੀ ਤਹਿ ਨੂੰ ਛੋਹ ਗਿਆ ਸੀ ।

ਪਰ ਮੋਹਨ ਤਾਂ ਉਲਝਨ ਦਾ ਸ਼ਿਕਾਰ ਸੀ । ਇਕ ਪਾਸੇ ਸਰਦਾਰੀ ਲਾਲ ਦੀ ਭਾਵਨਾ ਪਿਆਰ, ਕੁਰਬਾਨੀ ਤੇ ਦੂਜੇ ਪਾਸੇ ਉਹ ਸੁੰਦਰ ਲੜਕੀ ਜਿਸਦਾ ਮਨੌਂਨੀਤ ਨਾ ਉਸ ਸ਼ੀਲਾ ਰੱਖ ਲਿਆ ਸੀ । ਅਤੇ ਉਹ ਬਿਨਾਂ ਬੋਲੇ ਚਾਲੇ, ਬਿਨਾਂ ਵਾਕਫੀ ਉਹਦੇ ਖਾਬਾਂ ਖਿਆਲਾਂ ਵਿਚ ਪ੍ਰਵੇਸ ਕਰ ਗਈ ਸੀ ।

ਇਕ ਦੋ ਦਿਨਾਂ ਬਾਅਦ ਉਸ ਇੰਸਪੈਕਟਰ ਨੂੰ ਕਿਹਾ, "ਜੀ, ਮੈਨੂੰ ਦੋ ਘੰਟੇ ਓਵਰ ਟਾਇਮ ਦਿਉ ।"

ਬਾਡਰ ਖੁਲਾ ਸੀ । ਉਸਨੂੰ ਓਵਰ ਟਾਇਮ ਮਿਲ ਗਿਆ । ਪਰ ਉਹ ਪੰਜ ਵਜੇ ਤੋਂ ਬਾਅਦ ਓਵਰ ਟਾਇਮ ਲਾਉਣ ਵੇਲੇ ਪਛਤਾਇਆ ਬਹੁਤ । ਦੋ ਘੰਟੇ, ਪੂਰੇ ਦੋ ਘੰਟੇ । ਸਿਰਫ ਸ਼ੀਲਾ ਵਲੋਂ ਆਪਣੀ ਜਲਨ ਮਿਟਾਣ ਲਈ ? ਪਰ ਵਿਚਾਰੇ

ਸਰਦਾਰੀ ਲਾਲ ਦਾ ਕਸੂਰ ? ਦੋ ਘੰਟੇ ਤੇਰੇ ਲਈ ਸੜਕ ਤੇ ਬੈਠਾ ਸੁੱਕਦਾ ਰਹੇ ਤਾਂ ਕਿਉਂ ? ਪਰ ਹੁਣ ਤਾਂ ਜੋ ਹੋਣਾ ਸੀ ਉਹ ਹੋ ਗਿਆ । ਅਤੇ ਜਦੋਂ ਦੋ ਘੰਟੇ ਓਵਰ ਟਾਈਮ ਲਾ ਕੇ ਉਹ ਗੇਟ ਤੇ ਆਇਆ ਤਾਂ ਸਾਹਮਣੇ ਪੁਲੀ ਖਾਲੀ ਸੀ, "ਚਲੋ ਇਹ ਵੀ ਠੀਕ ਹੋਇਆ", ਪਰ "ਠੀਕ ਹੋਇਆ" ਉਹਦੇ ਮਨ ਤੇ ਸਪਸ਼ਟ ਨਹੀਂ ਸੀ ਅਤੇ ਉਦਾਸੀ ਦੇ ਚਿੰਨ ਹਾਵੀ ਸਨ ।

ਸੂਰਜ ਛਿਪ ਗਿਆ ਸੀ । ਅਤੇ ਉਦਾਸ-ਉਦਾਸ ਜਿਹਾ ਹਨੇਰਾ ਸੀ ਕਿ ਗੇਟ ਤੇ ਤਲਾਸੀ ਲੈਂਦੇ ਗੋਰਖੇ ਗੇਟ ਕੀਪਰ ਨੇ ਉਸਨੂੰ ਕਿਹਾ, "ਮੋਹਨ, ਜਬ ਪਾਂਚ ਵਜਾ ਤੋ ਸਬ ਵਰਕਰ ਚਲਾ ਗਿਆ ਤੋ ਇਕ ਖੂਬਸੂਰਤ ਲੜਕੀ ਆਇਆ ਔਰ ਪੂਛਾ । ਸਬ ਵਰਕਰ ਚਲਾ ਗਿਆ ? ਹਮ ਬੋਲਾ, ਨਾਈ ਬੀਬੀ, ਕੁਝ ਵਰਕਰ ਉਵਰ ਟਾਇਮ ਪਰ ਹੈ । ਤੋ ਤੁਮਾਰਾ ਬਾਬਤ ਪੁੱਛਾ । ਹਮ ਬੋਲਾ ਅੰਦਰ ਹੈ । ਲੜਕੀ ਬੋਲਾ, ਕਿਤਨਾ ਓਵਰ ਟਾਈਮ ਹੈ ? ਹਮ ਬੋਲਾ, ਪੂਰਾ ਦੋ ਘੰਟੇ ਤੋ ਬੋ ਚਲਾ ਗਿਆ । ਉਸ ਲੜਕੀ ਨੇ ਏਕ ਦਿਨ ਪਹਿਲੇ ਵੀ ਪੂਛਾ ਥਾ ਤੁਮਾਰੇ ਬਾਰੇ ।"

ਮੋਹਨ ਦਾ ਦਿਲ ਥੋੜਾ ਜਿਹਾ ਧੱਕਾ ਖਾ ਗਿਆ । ਕੀ ਉਹ ਮੇਰੀ ਹੀ ਉਡੀਕ ਵਿਚ ਖਲੋਂਦੀ ਸੀ ? ਫਿਰ ਮੈਂ ਇਹ ਅਨਿਆਏ ਕਿਉਂ ਕੀਤਾ ? ਉਹ ਟੁੱਟਿਆ ਜਿਹਾ ਤੁਰਨ ਲੱਗਾ ਤਾਂ ਸਾਹਮਣੇ ਵਾਲੇ ਪਾਰਕ ਵਿਚੋਂ ਉਸਨੂੰ ਸ਼ੀਲਾ ਕਾਪੀਆਂ ਸਮੇਟ ਆਉਂਦੀ ਦਿਸੀ । ਦੋ ਘੰਟਿਆਂ ਦੀ ਲੰਬੀ ਇੰਤਜਾਰ, ਉਹ ਖਲੋ ਗਿਆ । ਉਹ ਪੁਲੀ ਉਤੇ ਆ ਗਈ । ਉਹ ਪੁਲੀ ਵਲ ਵਧਿਆ । ਉਹ ਸਦਾ ਵਾਂਗ ਤੁਰ ਪਈ । ਅੱਜ ਉਹਦੇ ਚਿਹਰੇ ਤੇ ਮੁਸਕਾਨ ਨਹੀਂ ਸੀ ਸਗੋਂ ਗਿਲਾ ਅਤੇ ਥਕਾਵਟ ਦੇ ਚਿੰਨ੍ਹ ਸਨ । ਅਤੇ ਸ਼ਾਇਦ ਇਸ ਲਈ ਉਸ ਮੋਹਨ ਵਲ ਭਰਵੀਂ ਨਜ਼ਰ ਨਹੀਂ ਸੀ ਵੇਖਿਆ । ਉਹਦੇ ਗਿਲੇ ਦੇ ਹਾਵ ਭਾਵ ਉਹਦੀ ਤੋਰ ਤੋਂ ਵੀ ਝਲਕਦੇ ਸਨ । ਥੋੜੀ ਹੀ ਦੂਰ ਗਏ ਸਨ ਕਿ ਉਸਦੀ ਕਿਤਾਬਾਂ ਦੀ ਬੁੱਕਲ ਵਿਚੋਂ ਇਕ ਛੋਟੀ ਕਿਤਾਬ ਸਰਕ ਕੇ ਹੇਠਾਂ ਡਿਗ ਪਈ ਜਿਸਦਾ ਉਸ ਕੋਈ ਖਿਆਲ ਨਾ ਕੀਤਾ । ਇਸ ਤੋਂ ਇਹ ਜਾਹਿਰ ਹੁੰਦਾ ਸੀ ਕਿ ਦੋ ਘੰਟੇ ਦੀ ਉਡੀਕ ਵਿਚ ਉਹ ਕਾਫੀ ਬਦ-ਹਵਾਸ ਹੋ ਗਈ ਸੀ । ਮੋਹਨ ਨੇ ਨੀਵੇਂ ਹੋ ਕਿਤਾਬ ਚੁੱਕੀ । ਖੋਹਲ ਕੇ ਵੇਖੀ । ਨਾਮ ਲਿਖਿਆ ਸੀ । ਗੌਰ

ਨਾਲ ਪੜ੍ਹਿਆ, "ਕਿਰਨ ਬੱਤਰਾ ।" ਅੱਛਾ ਨਾ ਏ । ਕਿਰਨ, ਚੰਦ ਦੀ, ਸੂਰਜ ਦੀ ਕੁਝ ਵੀ ਸਮਝੋ । ਉਹ ਰੰਗ ਰੂਪ ਤੋਂ ਚਮਕਦੀ ਕਿਰਨ ਹੀ ਸੀ । ਅੱਜ ਉਸਨੂੰ ਬਹਾਨਾ ਹੱਥ ਆ ਗਿਆ ਸੀ ਦੋ ਬੋਲ ਬੋਲਣ ਦਾ । ਉਹ ਕੁੱਝ ਤਿੱਖੇ ਪੈਰ ਹੋਇਆ ਤੇ ਨਾਲ ਰਲ ਕੇ ਕਿਹਾ, "ਲਉ ਕਿਰਨ ਜੀ, ਤੁਹਾਡੀ ਕਿਤਾਬ ।"

ਅਤੇ ਉਹ ਚੌਂਕ ਤੱਕ ਪਹੁੰਚ ਗਏ । ਉਸਦਾ ਦਿਲ ਧੜਕ ਰਿਹਾ ਸੀ । ਉਹ ਬਿਨਾਂ ਉਸ ਵਲ ਵੇਖੇ ਰਿਕਸ਼ੇ ਵਿੱਚ ਬੈਠ ਗਈ । ਰਿਕਸ਼ਾ ਤੁਰਨ ਲੱਗੀ ਤਾਂ ਉਸ ਹਿੰਮਤ ਕਰ ਕੇ ਕਿਹਾ, "ਕਿਰਨ ਜੀ, ਤੁਹਾਡੀ ਕਿਤਾਬ ।"

ਲੜਕੀ ਦੇ ਚਿਹਰੇ ਤੇ ਸੰਕਟ ਤੇ ਉਦਾਸੀ ਦੇ ਸਾਏ ਉੱਡੇ ਅਤੇ ਹੋਠਾਂ ਉਤੇ ਮਧੁਰ ਮੁਸਕਾਨ ਆ ਗਈ । ਉਸ ਕਿਤਾਬ ਫੜਦਿਆਂ ਕਿਹਾ, "ਧੰਨਵਾਦ, ਮੇਰਾ ਨਾਂ ਸ਼ੀਲਾ ਵਰਮਾ ਏ ਅਤੇ ਇਹ ਕਿਤਾਬ ਮੇਰੀ ਸਹੇਲੀ ਦੀ ਏ ।"

ਅਤੇ ਰਿਕਸ਼ਾ ਚਲ ਗਈ । ਉਹ ਬੁੱਤ ਬਣਿਆ ਖਲੋਤਾ ਰਿਹਾ । ਰਿਕਸ਼ਾ ਦੂਰ ਤੱਕ ਬਿਜਲੀ ਦੇ ਬਲਬਾਂ ਵਿਚ ਜਾਂਦੀ ਦਿਸਦੀ ਰਹੀ । ਅਤੇ ਜਦ ਰਿਕਸ਼ਾ ਨਜ਼ਰੋਂ ਓਂਝਲ ਹੋ ਗਈ ਤਾਂ ਉਹ ਆਪਣੇ ਰਾਹ ਤੁਰ ਪਿਆ । ਉਸਦੇ ਕੰਨਾ ਦੁਆਲੇ ਰਸ ਘੋਲਦੇ ਬੋਲ ਗੂੰਜ ਰਹੇ ਸਨ । "ਧੰਨਵਾਦ, ਮੇਰਾ ਨਾਂ ਸ਼ੀਲਾ ਵਰਮਾ ਏ", ਜਿੰਨੀ ਸੁੰਦਰ ਲੜਕੀ ਉਨਾਂ ਸੁੰਦਰ ਸ਼ਬਦ ਉਚਾਰਨ ਅਤੇ ਉਨੀ ਹੀ ਸੁਰੀਲੀ ਆਵਾਜ਼ । ਉਹ ਪੌਣੇ ਤਿੰਨ ਘੰਟੇ ਲੇਟ ਲਾਰੰਸ ਰੋਡ ਤੇ ਆਇਆ । ਪਰ ਸਰਦਾਰੀ ਲਾਲ ਗਿਆ ਨਹੀਂ । ਉਥੇ ਹੀ ਬੈਠਾ ਸੀ ।

"ਮੋਹਨ ਬੇਟਾ, ਇਨਾਂ ਲੰਬਾ ਓਵਰ ਟਾਈਮ । ਮੈਂ ਤਾ ਸੋਚਿਆਂ ਅੱਜ ਰਾਤ ਇੱਥੇ ਹੀ ਕੱਟਣੀ ਪਵੇਗੀ ।"

"ਜੀ, ਜੀ ਹਾਂ, ਬਾਡਰ ਖੁੱਲਾ ਏ ਨਾ । ਦੋ ਘੰਟੇ ਦਾ ਉਵਰ ਟਾਇਮ ਮਿਲਿਆ ਸੀ ।"

"ਪਰ ਤੂੰ ਤਾਂ ਬੇਟਾ ਪੌਣਾਂ ਘੰਟਾ ਹੋਰ ਵਾਧੂ ਲਾ ਆਇਆ ਏਂ ।"

ਮੋਹਨ ਸੱਚ-ਸੱਚ ਦਸਦਾ ਹੋਇਆ ਚੁੱਪ ਹੀ ਹੋ ਗਿਆ ਤੇ ਕਿਹਾ, "ਲੇਟ ਬਹੁਤ ਹੋ ਗਏ ਆਂ, ਰਿਕਸ਼ਾ ਕਰ ਲਈਏ ।"

ਸਰਦਾਰੀ ਲਾਲ ਨੇ ਕਿਹਾ, "ਨਹੀਂ, ਬੇਟਾ ਮੇਰਾ ਪ੍ਰਣ ਏ ਜਿੰਨਾ ਚਿਰ ਲੱਤਾਂ ਦੇ ਰਿਕਸ਼ੇ ਚਲਦੇ ਨੇ, ਰਿਕਸ਼ਾ ਨਹੀਂ ਕਰਨੀ ।"

ਅਤੇ ਉਹ ਉਹਨਾਂ ਜਾਣਿਆਂ ਪਛਾਣਿਆਂ ਰਾਹਾਂ ਤੇ ਘਰਾਂ ਨੂੰ ਤੁਰ ਪਏ ।

ਅਗਲੇ ਦਿਨ ਮੋਹਨ ਨੇ ਪ੍ਰਣ ਕਰ ਲਿਆ ਕਿ ਵਾਹ ਲਗਦੇ ਓਵਰ ਟਾਇਮ ਕਦੇ ਨਹੀਂ ਲਾਵੇਗਾ । ਅਤੇ ਠੀਕ ਪੰਜ ਵਜੇ ਜਦ ਉਹ ਗੇਟ ਤੋਂ ਬਾਹਰ ਆਇਆ ਤਾਂ ਸੀਲਾ ਪੁਲੀ ਉਤੇ ਖਲੋਤੀ ਸੀ । ਉਹ ਸਦਾ ਵਾਂਗ ਤੁਰਿਆ । ਸ਼ੀਲਾ ਅਗਾਂਹ ਤੁਰਨ ਦੀ ਬਜਾਏ ਚਾਰ ਕਦਮ ਉਸ ਵਲ ਵਧੀ ਤੇ ਕਿਹਾ, "ਮੋਹਨ, ਅੱਜ ਓਵਰ ਟਾਇਮ ਨਹੀਂ ਸੀ ਲਾਉਣਾ ?"

ਉਹ ਹੈਰਾਨ ਹੋਇਆ, "ਇਸ ਨੂੰ ਮੇਰਾ ਨਾਮ ਕਿਥੋਂ ਪਤਾ ਲੱਗਾ ? ਹੋ ਸਕਦਾ ਏ ਕਿਸੇ ਤੋਂ ਪੁੱਛ ਲਿਆ ਹੋਵੇ ਜਾਂ ਮੇਰੇ ਵਾਂਗ ਹੀ ਤਖਲੀਕ ਕਰ ਲਿਆ ਹੋਵੇ । ਮਨੋਨੀਤ ਕਰ ਲਿਆ ਹੋਵੇ । ਕਹਿੰਦੇ ਨੇ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ ।"

ਸ਼ੀਲਾ ਦੀ ਗਲ ਦਾ ਉਤਰ ਉਸ ਐਨਾ ਹੀ ਦਿੱਤਾ, "ਸ਼ੀਲਾ ਜੀ, ਹੁਣ ਓਵਰ ਟਾਇਮ ਕਦੀ ਨਹੀਂ ਲੱਗੇਗਾ ।"

ਸ਼ੀਲਾ ਨੇ 'ਬਹੁਤ ਖੂਬ' ਕਿਹਾ ਅਤੇ ਦੋਵੇਂ ਨਾਲੋ ਨਾਲ ਤੁਰ ਪਏ । ਅੱਗੇ ਪਿੱਛੇ ਨਹੀਂ ਸਗੋਂ ਮੋਢੇ ਨਾਲ ਮੋਢਾ ਜੋੜ ਕੇ ।

ਕੁਝ ਦੂਰ ਜਾਂਦੇ ਸ਼ੀਲਾ ਨੇ ਕਿਹਾ, "ਮੋਹਨ ।"

"ਹੂੰ ।"

"ਇਕ ਗੱਲ ਕਹਾਂ ?"

"ਕਿਉਂ ਨਹੀਂ ।"

"ਕੁਝ ਦੇਰ ਇਸ ਪਾਰਕ ਵਿਚ ਬੈਠ ਜਾਈਏ ? ਕੁਝ ਗੱਲਾਂ ਕਰਾਂਗੇ ।"

"ਠੀਕ ਏ ਜਿਵੇਂ ਤੁਹਾਡੀ ਮਰਜੀ"

ਅਤੇ ਉਹ ਦੋਵੇਂ ਪਾਰਕ ਵਿਚ ਘਾਹ ਤੇ ਜਾ ਬੈਠੇ । ਕੁਝ ਦੇਰ ਚੁੱਪ ਵਰਤੀ ਰਹੀ ਅਤੇ ਸ਼ੀਲਾ ਨੇ ਚੁੱਪ ਤੋੜੀ । "ਮੋਹਨ, ਮੈਂ ਨਿੱਤ ਦਿਨ ਗੇਟ ਤੇ ਤੁਹਾਡਾ ਇੰਤਜ਼ਾਰ ਕਰਦੀ ਰਹੀ ਹਾਲਾਂ ਕਿ ਮੈਨੂੰ ਛੁੱਟੀ ਚਾਰ ਵਜੇ ਹੁੰਦੀ ਏ ਕਿਉਂ ਕਿ ਮੇਰੇ

ਦਿਲ ਨੇ ਜੀਵਨ ਪੰਧ ਬਾਰੇ ਤੁਹਾਡਾ ਇੰਤਖਾਬ ਕਰ ਲਿਆ । ਤੁਸੀਂ ਨਿੱਤ ਦਿਨ ਮੇਰੇ ਮਗਰ ਤੁਰਦੇ ਰਹੇ ਪਰ ਇਕ ਵਾਰ ਵੀ ਇਸ਼ਾਰਾ ਨਾ ਕਰ ਸਕੇ । ਤੁਸੀਂ ਦੱਸੋ ਤੁਸੀਂ ਮੇਰਾ ਸਾਥ ਚਾਹੁੰਦੇ ਹੋ ਕਿ ਨਹੀਂ ?"

ਮੋਹਨ ਨੇ ਝਿਜਕਦੇ ਕਿਹਾ, "ਹੋ ਸਕਦਾ ਏ ਮੈਂ ਇਸ ਲਾਇਕ ਨਾ ਹੋਵਾਂ ।"

"ਕਿਉਂ ?"

"ਸ਼ਾਇਦ ! ਮੇਰੀ ਜ਼ਿੰਦਗੀ ਏਨੀ ਸੁਖਾਵੀਂ ਨਾ ਹੋਵੇ ।"

"ਮਤਲਬ ?"

"ਮਤਲਬ ਇਹ ਕਿ ਮੈਂ ਗਰੀਬ ਹੋਵਾਂ ।"

"ਇਹ ਮੈਂ ਤੁਹਾਨੂੰ ਨਹੀਂ ਪੁੱਛਿਆ ।"

"ਸ਼ਾਇਦ ! ਮੈਂ ਬੇ ਘਰ ਹੋਵਾਂ ।"

"ਇਹ ਮੇਰਾ ਸਵਾਲ ਨਹੀਂ ਸੀ ।"

"ਮੈਂ ਮਜ਼ਦੂਰ ਹਾਂ । ਉਹ ਵੀ ਬੁਨਕਰ ਹੱਥ ਖੱਡੀ ਦਾ ।"

"ਇਹ ਮੇਰੇ ਸਵਾਲ ਦਾ ਜਵਾਬ ਨਹੀਂ ।"

"ਸ਼ਾਇਦ ਮੈਂ ਤਾਲੀਮੀ ਤੌਰ ਤੇ ਪਛੜਿਆ ਹੋਵਾਂ ।"

ਸੀਲਾ ਨੇ ਨੀਝ ਲਾ ਕੇ ਉਸ ਵਲ ਵੇਖਦਿਆਂ ਕਿਹਾ, "ਮੋਹਨ, ਮੈਂ ਜਾਣਦੀ ਹਾਂ ਤੁਸੀਂ ਮਜਦੂਰ ਹੋ ਅਤੇ ਇਹ ਵੀ ਜਾਣਦੀ ਹਾਂ ਦੁਨੀਆਂ ਦੀ ਕਿਸ਼ਤੀ ਦਾ ਖਵਈਆ ਮਜ਼ਦੂਰ ਏ । ਸ਼ਾਇਦ ਇਸ ਕਰਕੇ ਮੇਰੇ ਦਿਲ ਨੇ ਤੁਹਾਨੂੰ ਚੁਣਿਆ ਏ । ਮੇਰਾ ਸਵਾਲ ਸੀ ਤੁਸੀਂ ਮੈਨੂੰ ਚਾਹੁੰਦੇ ਹੋ ਜਾਂ ਨਹੀਂ ।"

ਹੁਣ ਮੋਹਣ ਦੀ ਝਿਜਕ ਟੁੱਟ ਗਈ ਸੀ । ਉਸ ਕਿਹਾ, "ਸ਼ੀਲਾ, ਦਿਲ ਤਾਂ ਮੇਰਾ ਵੀ ਲੁੱਟਿਆ ਗਿਆ ਏ ।"

"ਫਿਰ ਮੋਹਨ ਜੀ, ਝਿਜਕ ਕਾਹਦੀ ? ਬਿਨਾਂ ਦਿਲ ਦੇ ਚੋਰ ਹਾਜਰ ਏ । ਗਿਰਫਤਾਰ ਕਰ ਲੋ ।" ਸ਼ੀਲਾ ਨੇ ਹਸਦੇ ਹੋਏ ਕਿਹਾ ।

"ਬਿਨਾਂ ਦਿਲ ਦੇ ਕਿਵੇਂ ?" ਮੋਹਨ ਨੇ ਹੈਰਾਨ ਹੋ ਕੇ ਪੁਛਿਆ ।

ਸ਼ੀਲਾ ਨੇਕਿਹਾ, "ਹਾਂ ... ਹਾਂ ਬਿਨਾ ਦਿਲ ਦੇ । ਦਿਲ ਤਾਂ ਮੈਂ ਤੁਹਾਨੂੰ

ਦੇ ਚੁੱਕੀ ਹਾਂ ।"

ਦੋਹਾਂ ਦੇ ਜਨਮ ਜਨਮ ਸਾਥ ਦੇ ਵਾਅਦੇ ਹੋ ਗਏ । ਹੱਥਾਂ ਨਾਲੋਂ ਹੱਥ ਉਸ ਵੇਲੇ ਖੁੱਲੇ ਜਦ ਸ਼ੀਲਾ ਰਿਕਸ਼ੇ ਵਿਚ ਬੈਠੀ । ਰਿਕਸ਼ਾ ਚਲ ਪਈ ।

"ਅੱਛਾ ਮੋਹਨ ਜੀ, ਸ਼ੁਭ ਰਾਤਰੀ !"

ਮੋਹਨ ਦੇ ਅੰਦਰ ਖੁਸ਼ੀ ਭਰਿਆ ਦਰਦ ਸੀ ਅਤੇ ਉਹਦੇ ਪੈਰ ਧਰਤੀ ਉੱਤੇ ਪੈਂਦੇ ਥਿੜਕ ਰਹੇ ਸਨ । ਸਰਦਾਰੀ-ਲਾਲ ਦੇ ਕੋਲ ਆਇਆ ਤਾਂ ਉਹਦਾ ਦਿਲ ਕੀਤਾ ਇਹਨੂੰ ਬਾਹਵਾਂ ਵਿਚ ਲੈ ਕੇ ਸਭ ਕੁਝ ਦਸ ਦੇਵਾਂ । ਪਰ ਉਹ ਜਬਤ ਕਰ ਗਿਆ ਇਹ ਖਿਆਲ ਕਰਕੇ ਕਿ ਗੱਲ ਕੁਝ ਹੋਰ ਅੱਗੇ ਵਧ ਲਵੇ ।

ਉਸ ਪਿਛੋਂ ਮੋਹਨ ਤੇ ਸ਼ੀਲਾ ਰੋਜ ਹੀ ਮਿਲਦੇ ਰਹੇ । ਪਾਰਕ ਵਿੱਚ ਬੈਠਦੇ ਰਹੇ ਕਿਉਂਕਿ ਕਈ ਵਾਰੀ ਮੋਹਨ ਚਾਰ ਵਜੇ ਹੀ ਛੁੱਟੀ ਕਰ ਲੈਂਦਾ ਸੀ । ਦੋਹਾਂ ਦਾ ਆਪਸੀ ਮੋਹ, ਆਪਸੀ ਪਿਆਰ ਸਿਖਰਾਂ ਛੋਹ ਗਿਆ ।

ਮੌਸਮ ਮਹਿਕ ਰਿਹਾ ਸੀ । ਪਾਰਕ ਵਿਚ ਖਿੜੇ ਫੁੱਲ ਪੂਰੇ ਜੋਬਨ ਤੇ ਸਨ । ਮੋਹਨ ਘਾਹ ਤੇ ਲੇਟਿਆ ਕੁਝ ਸੋਚ ਵਿਚ ਡੁੱਬਾ ਹੋਇਆ ਸੀ ਕਿ ਸ਼ੀਲਾ ਨੇ ਕਿਹਾ,

"ਮੋਹਨ ।"

"ਹੂੰ ।"

"ਕੀ ਸੋਚ ਰਹੇ ਓ ?"

"ਕੁਝ ਨਹੀਂ, ਸ਼ੀਲਾ ।"

"ਮੈਂ .... ਕੁਝ ਕਹਿਣਾ ਚਾਹੁੰਦੀ ਹਾਂ ।"

"ਕਹੋ ।"

"ਮੈਂ ਚਾਹੁੰਦੀ ਹਾਂ ਗੱਲ ਕੁਝ ਅੱਗੇ ਤੁਰੇ ।"

"ਕਿਵੇਂ ?"

"ਜਿਵੇਂ ਤੁਸੀਂ ਮੇਰੇ ਨਾਲ ਘਰ ਚਲੋ ਤਾਂ ਕਿ ਜੀਵਨ ਪੰਧ ਵੱਲ ਪੈਰ ਵੱਧੇ ।"

ਮੋਹਨ ਨੇ ਗੰਭੀਰਤਾ ਨਾਲ ਕਿਹਾ, "ਸ਼ੀਲਾ, ਮੈਂ ਸੋਚ ਰਿਹਾ ਹਾਂ ਕਿ ਕੀ

ਹੋਵੇਗਾ ਜੇ ਤੇਰੇ ਘਰ ਪਰਿਵਾਰ ਨੇ ਮੈਨੂੰ ਪਸੰਦ ਨਾ ਕੀਤਾ ।"

"ਨਹੀਂ ! ਨਹੀਂ ! ਮੋਹਨ, ਜੋ ਮੇਰੀ ਪਸੰਦ ਏ ਉਹ ਹੀ ਘਰਦਿਆਂ ਦੀ ਪਸੰਦ ਹੋਵੇਗੀ ।" ਸ਼ੀਲਾ ਨੇ ਹੌਸਲਾ ਦਿੱਤਾ ।

"ਸ਼ੀਲਾ ਇਸ ਤਰ੍ਹਾਂ ਬਿਨਾਂ ਸੱਦੇ ਬੁਲਾਏ ਜਾਣਾ । ਘਰ ਵਾਲੇ ਤੇ ਹੋਰ ਲੋਕ ਕੀ ਸੋਚਣਗੇ ?" ਮੋਹਨ ਨੂੰ ਝਿਜਕ ਸੀ ।

ਸ਼ੀਲਾ ਨੇ ਫਿਰ ਹੌਸਲਾ ਦਿੱਤਾ, "ਮੋਹਨ ਜੀ, ਜੋ ਮੈਂ ਸੋਚਾਂਗੀ ਉਹ ਹੀ ਸਭ ਸੋਚਣਗੇ ।" ਸ਼ੀਲਾ ਦਾ ਇਰਾਦਾ ਦ੍ਰਿੜ੍ਹ ਸੀ ।

ਮੋਹਨ ਨੇ ਫਿਰ ਕਿਹਾ, "ਅੱਛਾ ਸ਼ੀਲਾ, ਤੁਸਾਂ ਕੀ ਤੇ ਕਿਵੇਂ ਸੋਚਿਆ ਏ ?"

"ਮੈਂ ਸੋਚਿਆ ਏ ਤੁਸੀਂ ਆਉਂਦੇ ਐਤਵਾਰ ਮੇਰੇ ਨਾਲ ਘਰ ਚੱਲੋਗੇ । ਬਾਕੀ ਸਭ ਮੈਂ ਆਪੇ ਸੰਭਾਲ ਲਵਾਂਗੀ" ਸ਼ੀਲਾ ਨੇ ਕਿਹਾ ।

ਐਤਵਾਰ ਤਾਂ ਅਗਲਾ ਹੀ ਦਿਨ ਸੀ । ਸੋ ਦੋਹਾਂ ਪ੍ਰੋਗਰਾਮ ਬਣਾ ਲਿਆ । ਸਵੇਰੇ ਦਸ ਵਜੇ ਕੰਪਨੀ ਬਾਗ ਫੁਹਾਰੇ ਕੋਲ ਮਿਲਾਂਗੇ ।

ਅਤੇ ਮੋਹਨ ਜਦ ਸਰਦਾਰੀ ਲਾਲ ਕੋਲ ਪਹੁੰਚਾ ਤਾਂ ਬਹੁਤ ਖੁਸ਼ ਸੀ ਅਤੇ ਖੁਸ਼ੀ ਉਸ ਤੋਂ ਲੁਕਾਈ ਨਹੀਂ ਸੀ ਲੁਕ ਰਹੀ । ਫਿਰ ਵੀ ਉਸ ਮਨ ਬਣਾਇਆ ਕਿ ਕਲ ਨੂੰ ਕੰਮ ਸਿਰੇ ਲੱਗ ਜਾਣ ਤੇ ਹੀ ਆਪਣੇ ਮੁਹਸਨ ਬਾਬੇ ਨੂੰ ਖੁਸ਼ੀ ਵਿਚ ਸ਼ਾਮਲ ਕਰਾਂਗਾ ।

ਤੁਰੇ ਜਾਂਦੇ ਸਰਦਾਰੀ ਲਾਲ ਨੇ ਸੋਚਿਆ, ਮੋਹਨ ਕਈ ਦਿਨਾਂ ਤੋਂ ਖਿੜਿਆ ਖਿੜਿਆ ਰਹਿੰਦਾ ਏ । ਹੋ ਸਕਦਾ ਏ, ਇਹਦੇ ਮਨ ਤੋਂ ਮੇਰੇ ਘਰ ਜਾਣ ਲਈ ਝਿਜਕ ਹੱਟ ਗਈ ਹੋਵੇ । ਬੋਝ ਲਹਿ ਗਿਆ ਹੋਵੇ ।

ਜਦੋਂ ਉਹ ਰਾਹ ਵਿਚ ਇਕ ਪਿਆਲੀ ਚਾਹ ਪੀਣ ਲਈ ਬੈਠੇ ਤਾਂ ਸਰਦਾਰੀ ਲਾਲ ਨੇ ਕਿਹਾ, "ਬੇਟਾ, ਕਲ ਨੂੰ ਐਤਵਾਰ ਏ । ਕੀ ਤੁਸੀਂ ਮੇਰੇ ਘਰ ਛੁੱਟੀ ਗੁਜਾਰੋਗੇ ?"

ਮੋਹਨ ਨੇ ਕਿਹਾ, "ਬਜੁਰਗ ਬਾਬਾ, ਮੈਂ ਹੁਣ ਸੰਤੁਸ਼ਟ ਅਤੇ ਬੜਾ ਖੁਸ਼ ਹਾਂ ਅਤੇ ਨਾ ਹੀ ਮੇਰੇ ਦਿਲ ਦਿਮਾਗ ਉਤੇ ਕੋਈ ਬੋਝ ਏ ਅਤੇ ਮੈਂ ਅਤਿ ਖੁਸ਼ੀ ਨਾਲ

ਤੁਹਾਡੇ ਘਰ ਜਾ ਸਕਦਾ ਹਾਂ । ਪਰ ਕਲ ਨੂੰ ਨਹੀ । ਹਾਂ, ਅਗਲੇ ਐਤਵਾਰ ।"

ਸਰਦਾਰੀ ਲਾਲ ਦਾ ਥੋੜਾ ਖਿੜਿਆ ਦਿਲ ਮੁਰਝਾ ਗਿਆ । "ਬੇਟਾ, ਕਲ ਨੂੰ ਕਿਉਂ ਨਹੀਂ ? ਦੇਖ ਬੇਟਾ, ਮੈਂ ਆਪਣੇ ਦਿਲ ਦੀ ਚਿਰਾਂ ਤੋਂ ਦੱਬੀ ਗਲ ਸਪਸ਼ਟ ਕਰਦਾ ਹਾਂ । ਨਾਹ ਨਾ ਕਰੀਂ । ਮੈਂ ਤੈਨੂੰ ਆਪਣੀ ਸੁੰਦਰ ਸੁਸ਼ੀਲ ਤੇ ਸਾਊ ਬੇਟੀ ਲਈ ਜੀਵਨ ਸਾਥੀ ਵਜੋਂ ਚੁਣਿਆ ਹੈ ਅਤੇ ਇਹ ਫੈਸਲਾ ਮੈਂ ਪਹਿਲੇ ਹੀ ਦਿਨ ਕਰ ਲਿਆ ਸੀ ਅਤੇ ਇਹ ਗਲ ਮੈਂ ਆਪਣੇ ਅੰਦਰ ਹੀ ਅੰਦਰ ਰੱਖੀ ਤਾਂ ਕਿ ਤੈਨੂੰ ਘਰ ਲਿਜਾ ਕੇ ਸਭ ਨੂੰ ਦੱਸਾਂ । ਸੋ ਬੇਟਾ, ਕਲ ਨੂੰ ਤੂੰ ਘਰ ਚਲ ਤਾਂ ਕੇ ਸਾਰੇ ਘਰ ਵਿਚ ਖੁਸ਼ੀ ਦੀ ਲਹਿਰ ਦੌੜ ਜਾਏ ।"

ਮੋਹਨ ਉਤੇ ਜਿਵੇਂ ਬਿਜਲੀ ਗਿਰ ਪਈ ਹੋਵੇ । ਅਸਮਾਨ ਟੁੱਟ ਪਿਆ ਹੋਵੇ । ਸਰਦਾਰੀ ਲਾਲ ਦੀ ਸਫ਼ਕਤ ਥਲੇ ਤਾਂ ਉਹ ਪਹਿਲਾਂ ਹੀ ਦਬਿਆ ਪਿਆ ਸੀ । ਕੁਝ ਨਾ ਬੋਲਦਾ ਸਗੋਂ ਸਿਰ ਨਿਵਾ ਦੇਦਾਂ । ਪਰ ਹੁਣ ਤਾਂ ਪਾਣੀ ਸਿਰੋਂ ਲੰਘ ਗਿਆ ਹੋਇਆ ਸੀ । "ਮਾਨਯੋਗ ਬਾਬਾ, ਤੁਸੀਂ ਮੇਰੇ ਪਿਤਾ ਸਮਾਨ ਹੋ । ਮੈਂ ਤੁਹਾਡੀ ਗੱਲ ਕਦੇ ਨਾ ਮੋੜਦਾ । ਪਰ ਮੈਂ ਕਿਸੇ ਹੋਰ ਦਾ ਬਚਨਬੱਧ ਹੋ ਚੁੱਕਾ ਹਾਂ ਅਤੇ ਕਲ ਐਤਵਾਰ ਨੂੰ ਹੀ ਮੈਂ ਉਸ ਦੇ ਮਾਤਾ ਪਿਤਾ ਦੇ ਸਾਹਮਣੇ ਹੋਣ ਦਾ ਬਚਨ ਦੇ ਆਇਆ ਹਾਂ ।"

ਸਰਦਾਰੀ ਲਾਲ ਦਾ ਸਿਰ ਚਕਰਾ ਗਿਆ ਅਤੇ ਮੂੰਹ ਖੁਲ੍ਹੇ ਦਾ ਖੁੱਲ੍ਹਾ ਰਹਿ ਗਿਆ । ਫਿਰ ਉਸ ਢਹਿੰਦੇ ਦਿਲ ਨਾਲ ਕਿਹਾ, "ਮੋਹਨ ਬੇਟਾ ?"

"ਹਾਂ, ਹਾਂ, ਪਿਤਾ ਸਰੂਪ, ਮੈਂ ਝੂਠ ਨਹੀਂ ਬੋਲਦਾ ।"

ਸਰਦਾਰੀ ਲਾਲ ਨੇ ਹੋਰ ਕੁਝ ਕਹਿਣਾ ਠੀਕ ਨਹੀਂ ਸਮਝਿਆ । ਜਾਂ ਉਹ ਬੁਝ ਚੁੱਕੇ ਦਿਲ 'ਚੋਂ ਕੁਝ ਕਹਿ ਨਾ ਸਕਿਆ । ਉਹ ਪੀੜ ਨੂੰ ਅੰਦਰੇ ਹੀ ਅੰਦਰ ਪੀ ਗਿਆ ਅਤੇ ਕਿਹਾ, "ਠੀਕ ਹੈ ਬੇਟਾ ਮੋਹਨ, ਖੁਸ਼ ਰਹੋ । ਮੈਂ ਅਜੇ ਘਰ ਵਿੱਚ ਗਲ ਨਾ ਕੀਤੀ । ਨਹੀਂ ਮੈਂ ਕਿਸੇ ਪਾਸੇ ਜੋਗਾ ਨਾ ਰਹਿੰਦਾ । ਮੂੰਹ ਦਿਖਾਣਾ ਔਖਾ ਹੋ ਜਾਂਦਾ । ਅੱਛਾ ਬੇਟਾ, ਜਿਵੇਂ ਤੇਰੀ ਮਰਜ਼ੀ, ਜਿਵੇਂ ਤੈਨੂੰ ਚੰਗਾ ਲਗੇ । ਹਾਂ, ਪਰ ਜੇ ਤੈਨੂੰ ਕੋਈ ਅੜਚਨ ਪਵੇ ਜਾਂ ਥੋੜੀ ਨਾਂਹ ਨੁਕਰ ਹੋ ਜਾਵੇ ਤਾਂ ਮੇਰੇ ਘਰ ਦੇ ਬੂਹੇ

ਸਦਾ ਖੁੱਲ੍ਹੇ ਹਨ ।" ਰੁਮਾਲ ਕੱਢ ਕੇ ਉਸ ਅੱਖਾਂ ਦੇ ਕੋਨਿਆਂ ਤੇ ਸਿਮ ਆਇਆ ਪਾਣੀ ਸਮੇਟਿਆ ਅਤੇ ਉਠ ਖਲੋਤਾ ਅਤੇ ਸਾਰੇ ਰਾਹ ਉਹ ਬਿਨਾਂ ਬੋਲੇ ਲੱਤਾਂ ਘਸੀਟ ਕੇ ਤੁਰਦਾ ਰਿਹਾ ਜਿਵੇਂ ਇਕ ਦਮ ਬੁੱਢਾ ਜਾਂ ਕਮਜ਼ੋਰ ਹੋ ਗਿਆ ਹੋਵੇ ।

ਮੋਹਨ ਜਦ ਘਰ ਆਇਆ ਤਾਂ ਅਸਲੋਂ ਬੁਝਿਆ ਜਿਹਾ ਸੀ । ਸਾਰੀ ਰਾਤ ਉਸ ਨੂੰ ਨੀਂਦ ਨਾ ਆਈ ਅਤੇ ਉਹ ਸੋਚਾਂ ਦੀ ਚੱਕੀ ਦੇ ਪੁੜਾਂ ਹੇਠ ਪਿਸਦਾ ਰਿਹਾ । ਇਕ ਦਿਲ ਜ਼ਰੂਰ ਟੁੱਟੇਗਾ । ਸੀਲਾ ਜਾਂ ਸਰਦਾਰੀ ਲਾਲ । ਇਕ ਪਾਸੇ ਉਹ ਸੁੰਦਰ ਲੜਕੀ ਸੀਲਾ ਜਿਸ ਆਪ ਹਿੰਮਤ ਨਾਲ ਉਹਦਾ ਹੱਥ ਪਕੜਿਆ ਅਤੇ ਜੀਵਨ ਪੰਧ ਤੁਰਨ ਲਈ ਪ੍ਰਣ ਲਿਆ । ਦੂਜੇ ਪਾਸੇ ਸਾਊ ਸਾਫ ਦਿਲ ਸਰਦਾਰੀ ਲਾਲ ਅਤੇ ਉਸ ਦੀ ਉਸ ਵੱਲ ਤਾਂਘ । ਇਹੋ ਜਿਹੇ ਬਜ਼ੁਰਗ ਦਾ ਦਿਲ ਤੋੜਨਾ ਇਨਸਾਨੀਅਤ ਦੀ ਤੌਹੀਨ ਏ । ਹੱਤਕ ਏ । ਪਰ ਸ਼ੀਲਾ ਨੂੰ ਮੈਂ ਬਚਨ ਦੇ ਬੈਠਾ ਹਾਂ । ਉਹਦਾ ਕੀ ਬਣੇਗਾ ? ਸਾਰੀ ਰਾਤ ਉਹ ਸਰਦਾਰੀ ਲਾਲ ਦੇ ਅਥਰੂਆਂ ਵਿਚ ਡੁੱਬਦਾ ਰਿਹਾ ਅਤੇ ਤੜਕਸਾਰ ਉਸ ਸਰਦਾਰੀ ਲਾਲ ਦੇ ਹੱਕ ਵਿੱਚ ਫੈਸਲਾ ਕਰ ਲਿਆ ਅਤੇ ਇਸ ਲਈ ਉਹ ਆਪਣੇ ਪਿਆਰ ਦੀ ਕੁਰਬਾਨੀ ਦੇਣ ਲਈ ਤੁਲ ਗਿਆ । ਸਰਦਾਰੀ ਲਾਲ ਨੂੰ ਸਹਾਰੇ ਦੀ ਲੋੜ ਹੈ ਅਤੇ ਸ਼ੀਲਾ ਵਰਗੀ ਸੁੰਦਰ ਸੁਸ਼ੀਲ ਲੜਕੀ ਨੂੰ ਚੰਗੇ ਤੋਂ ਚੰਗਾ ਸਾਥੀ ਮਿਲ ਸਕਦਾ ਏ । ਤੇ ਉਹ ਸਵੇਰੇ ਨਹਾ ਧੋ ਕੇ ਤਿਆਰ ਹੋ ਗਿਆ । ਸਰਦਾਰੀ ਲਾਲ ਦੇ ਘਰ ਵੱਲ ਤੁਰ ਪਿਆ । ਅਜੇ ਥੋੜੀ ਹੀ ਦੂਰ ਗਿਆ ਸੀ ਕਿ ਅੱਗੋਂ ਸਰਦਾਰੀ ਲਾਲ ਆਉਂਦਾ ਦਿਸਿਆ । ਬੁਝਿਆ ਬੁਝਿਆ, ਥੱਕਿਆ ਥੱਕਿਆ ਜਿਹਾ । ਜਿਵੇਂ ਸਾਰੀ ਰਾਤ ਪੀੜ ਵਿੱਚ ਪਿੰਜਿਆ ਜਾਂਦਾ ਰਿਹਾ ਹੋਵੇ । ਨੇੜੇ ਆਇਆ ਤਾਂ ਸਰਦਾਰੀ ਲਾਲ ਨੇ ਕਿਹਾ, "ਚੰਗਾ ਹੋਇਆ ਬੇਟਾ, ਤੂੰ ਮਿਲ ਗਿਆ । ਮੈਂ ਤੇਰੇ ਵੱਲ ਹੀ ਚੱਲਿਆ ਸੀ । ਮੈਂ ਸਾਰੀ ਰਾਤ ਬਹੁਤ ਹੀ ਇਸ ਗੱਲ ਤੇ ਦੁੱਖੀ ਹੋਇਆ ਕਿ ਮੈਂ ਤੇਰੀ ਖੁਸ਼ੀ ਵਿਚ ਖੁਸ਼ ਨਹੀਂ ਹੋਇਆ । ਸਗੋਂ ਆਪਣਾ ਮਤਲਬ ਅੱਗੇ ਕਰ ਲਿਆ । ਮੈਂ ਕਿੰਨਾ ਮਤਲਬਪ੍ਰਸਤ ਹਾਂ । ਸੋ ਬੇਟਾ, ਮੈਂ ਤੈਨੂੰ ਇਹ ਕਹਿਣ ਆਇਆ ਸੀ ਤੂੰ ਕਿਸੇ ਗੱਲ ਦਾ ਫਿਕਰ ਨਾ ਕਰੀਂ । ਮੈਂ ਤੇਰਾ ਪੂਰਾ ਕਾਰਜ ਆਪਣੇ ਪੁੱਤਰਾਂ ਵਾਂਗ ਕਰਾਂਗਾ ।"

ਮੋਹਨ ਨੇ ਨੀਵਾਂ ਹੋ ਕੇ ਸਰਦਾਰੀ ਲਾਲ ਦੇ ਪੈਰ ਫੜ ਲਏ। "ਮੈਨੂੰ ਮਾਫ ਕਰੋ ! ਬਾਬਾ, ਮੈਂ ਰਾਤੀਂ ਤੁਹਾਡੀ ਗੱਲ ਮੋੜ ਕੇ ਤੁਹਾਡਾ ਦਿਲ ਦੁਖਾਇਆ । ਮੈਂ ਤੁਹਾਨੂੰ ਇਹ ਗੱਲ ਦੱਸਣ ਚੱਲਿਆ ਸੀ ਕਿ ਮੈਂ ਤੁਹਾਡੀ ਗੱਲ ਤੇ ਫੁੱਲ ਚਾੜ੍ਹਨ ਦਾ ਮਨ ਬਣਾ ਲਿਆ ਏ ।" ਮੋਹਨ ਕਹਿ ਤਾਂ ਗਿਆ ਪਰ ਸ਼ੀਲਾ ਦਾ ਖਿਆਲ ਕਰਕੇ ਉਹ ਦਿਲ ਹੀ ਦਿਲ ਕੁਰਲਾ ਉਠਿਆ ।

ਸਰਦਾਰੀ ਲਾਲ ਨੇ ਉਹਨੂੰ ਛਾਤੀ ਨਾਲ ਲਾ ਲਿਆ ।

"ਖੁਸ਼ ਰਹੋ, ਬੇਟਾ । ਤੂੰ ਮੇਰੀ ਲਾਜ ਰੱਖ ਲਈ । ਚੱਲ ਘਰ ਨੂੰ ਚੱਲੀਏ ।" ਸਰਦਾਰੀ ਲਾਲ ਦਾ ਨੂੰ ਨੂੰ ਖਿੜ ਗਿਆ ।

"ਨਹੀਂ ਬਾਬਾ, ਮੈਂ ਅੱਜ ਨਹੀਂ ਜਾ ਸਕਦਾ ।"

"ਕਿਉਂ ?"

"ਕਿਉਂਕਿ ਅੱਜ ਮੈਂ ਉਸ ਲੜਕੀ ਨਾਲ ਉਹਦੇ ਘਰ ਜਾਣ ਦਾ ਵਾਅਦਾ ਕੀਤਾ ਸੀ । ਅਤੇ ਜਾਣਾ ਮੇਰਾ ਇਖਲਾਕੀ ਫਰਜ਼ ਏ । ਨਾ ਜਾਵਾਂ ਤਾਂ ਬੁਰੀ ਗੱਲ ਏ । ਉਹ ਮੇਰੀ ਉਡੀਕ ਵਿੱਚ ਬੈਠੀ ਹੋਵੇਗੀ । ਮੈਂ ਜਾਵਾਂਗਾ । ਸਮਝਾ ਬੁਝਾ ਕੇ ਮਨਾਵਾਂਗਾ । ਉਹ ਸੁੰਦਰ ਲੜਕੀ ਆਪਣਾ ਸੁੰਦਰ ਭਵਿੱਖ ਬਣਾਏ ਅਤੇ ਮੇਰੀ ਪ੍ਰੀਤ ਵਿੱਚ ਨਾ ਬੱਝੀ ਬੈਠੀ ਰਹੇ ।"

ਸਰਦਾਰੀ ਲਾਲ ਨੇ ਮੋਹਨ ਦੇ ਸਿਰ ਤੇ ਫਿਰ ਪਿਆਰ ਦਿੱਤਾ । "ਸ਼ਾਬਾਸ਼ ! ਬੇਟਾ, ਕਿਸੇ ਨਾਲ ਵਿਸ਼ਵਾਸ਼ਘਾਤ ਨਹੀਂ ਕਰੀਦਾ । ਜੇ ਲੜਕੀ ਮੰਨ ਜਾਵੇ ਤਾਂ ਬੇਹਤਰ । ਨਹੀਂ ਬੇਟਾ ਦਿਲ ਉਹਦਾ ਵੀ ਨਹੀਂ ਤੋੜਨਾ ਅਤੇ ਜੇ ਕੋਈ ਵਿੱਚ ਜੇ ਜਕ ਹੋਈ ਤਾਂ ਸ਼ਾਮ ਤੱਕ ਘਰ ਆ ਜਾਣਾ । ਮੈਂ ਇੰਤਜ਼ਾਰ ਕਰਾਂਗਾ" ਅਤੇ ਦੋਵੇਂ ਵਿਛੜ ਗਏ ।

ਮੋਹਨ ਸਿੱਧਾ ਕੰਪਨੀ ਬਾਗ ਵੱਲ ਤੁਰ ਪਿਆ । ਮੋਹਨ ਫੈਸਲਾ ਤਾਂ ਕਰ ਬੈਠਾ ਸੀ ਪਰ ਉਹਦੀ ਰੂਹ ਰੇਤੇ ਰਲ ਰਹੀ ਸੀ । ਜ਼ਮੀਰ ਮਲਾਮਤ ਕਰ ਰਹੀ ਸੀ । ਆਖਰ ਮੈਂ ਸੁੰਦਰ ਫੁਲਾਂ ਦੇ ਮਹਿਕਦੇ ਬਗੀਚੇ ਵਿਚ ਅੱਗ ਤਾਂ ਨਹੀਂ ਸੁੱਟਣ ਜਾ ਰਿਹਾ । ਕੀ ਇਹ ਪਾਪ, ਧੋਖਾ, ਨੀਚਤਾ ਨਹੀਂ ? ਮੈਂ ਕੀ ਕੀਤਾ ? ਇੱਕ ਅਣਵੇਖੀ ਲੜਕੀ ਲਈ ਸ਼ੀਲਾ ਵਰਗੀ ਲੜਕੀ ਨੂੰ ਉਲਝਣ ਤੇ ਪਾਗਲਪਨ ਦਾ ਸ਼ਿਕਾਰ ਕਰ

ਦੇਣਾ ? ਜਿਸਨੇ ਆਪਣੀ ਪਾਕ ਪਵਿੱਤਰ ਪ੍ਰੀਤ ਰਾਹੀਂ ਆਪਣੇ ਆਪ ਪ੍ਰੀਤ ਗੰਢ ਕੇ ਜੀਵਨ ਪੰਧ ਲਈ ਡੋਰ ਬੰਨ੍ਹੀ ਹੋਵੇ । ਜਦ ਉਸ ਨੂੰ ਦਸਾਂਗਾ ਉਸ ਉੱਤੇ ਕੀ ਬੀਤੇਗੀ ਅਤੇ ਮੇਰੇ ਬਾਰੇ ਕੀ ਸੋਚੇਗੀ ? ਧੋਖੇ ਬਾਜ, ਫਰੇਬੀ ਅਤੇ ਨਾ ਜਾਣੇ ਹੋਰ ਕੀ ਕੁਝ । ਉਹ ਮਨ ਹੀ ਮਨ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਤੁਰਿਆ ਜਾ ਰਿਹਾ ਸੀ । ਜਿਉਂ ਜਿਉਂ ਕੰਪਨੀ ਬਾਗ ਨੇੜੇ ਆ ਰਿਹਾ ਸੀ ਉਹਦਾ ਅੰਗ ਅੰਗ ਬੇਹਿਸ ਅਤੇ ਝੂਠਾ ਹੁੰਦਾ ਜਾ ਰਿਹਾ ਸੀ । ਕਿਵੇਂ ਇਹ ਮਨਹੂਸ ਖ਼ਬਰ ਸੁਣਾਵਾਂਗਾ ? ਅਤੇ ਕਿਵੇਂ ਉਹ ਬਰਦਾਸ਼ਤ ਕਰੇਗੀ ? ਉਹਨੂੰ ਇੰਝ ਲੱਗਾ ਜਿਵੇਂ ਉਹਦਾ ਦਿਮਾਗ ਉਖੜਦਾ ਜਾ ਰਿਹਾ ਏ । ਮੈਂ ਇਹ ਕੀ ਕੀਤਾ ? ਬਜ਼ੁਰਗ ਬਾਬਾ ਨੂੰ ਤਾਂ ਸਹਾਰਾ ਈ ਚਾਹੀਦਾ ਸੀ ਅਤੇ ਸਹਾਰਾ ਤਾਂ ਮੈਂ ਸ਼ੀਲਾ ਨੂੰ ਆਪਣਾ ਕੇ ਬੇਟਾ ਬਣ ਕੇ ਵੀ ਦੇ ਸਕਦਾ ਸੀ । ਬਿਨਾਂ ਕਿਸੇ ਦੀਆਂ ਆਸਾਂ ਉਮੰਗਾਂ ਤੇ ਪਾਣੀ ਫੇਰੇ । ਸ਼ੀਲਾ ਤਾਂ ਉਹਦੇ ਨੂੰ ਨੂੰ ਰਗ ਰਗ ਸਮਾਈ ਹੋਈ ਸੀ । ਇਹਨਾਂ ਖਿਆਲਾਂ ਦੀ ਉਧੇੜ ਬੁਣ ਵਿਚ ਹੀ ਉਹ ਕੰਪਨੀ ਬਾਗ ਵਿੱਚ ਜਾ ਪਹੁੰਚਾ ਜਿੱਥੇ ਸ਼ੀਲਾ ਗੋਲ ਫੁਹਾਰੇ ਦੇ ਛੋਟੇ ਜਿਹੇ ਹੌਜ਼ ਤੇ ਬੈਠੀ ਉਡੀਕ ਰਹੀ ਸੀ । ਅੱਜ ਉਹਦਾ ਰੂਪ, ਉਹਦਾ ਉਮਾਹ ਪੂਰੇ ਸਿਖਰਾਂ ਤੇ ਸੀ । ਮੋਹਨ ਉਹਦੀ ਛਬ ਅਤੇ ਚਿਹਰੇ ਤੇ ਨੂਰ ਖੇੜਾ ਦੇਖ ਕੇ ਹੋਰ ਵੀ ਪੀਲਾ ਹੋ ਗਿਆ । ਉਹ ਵੀ ਰਸ ਨੁੱਚੜੇ ਨਿੰਬੂ ਵਰਗਾ । ਅਸਲੋਂ ਹੀ ਫੂਕ ।

ਜਦ ਉਹ ਲੱਤਾਂ ਘਸੀਟਦਾ ਸ਼ੀਲਾ ਦੇ ਕੋਲ ਆਇਆ ਤਾ ਸ਼ੀਲਾ ਨੇ ਕਿਹਾ, "ਮੋਹਨ, ਅੱਜ ਤਾਂ ਖੁਸ਼ੀ ਤੇ ਖੇੜੇ ਦਾ ਦਿਨ ਸੀ ਪਰ ਮੈਂ ਅੱਜ ਵੀ ਉਡੀਕਦੀ ਰਹੀ । ਇਸ ਖੁਸ਼ੀ ਦੇ ਮੌਕੇ ਤੇ ਤੁਹਾਡਾ ਚਿਹਰਾ ਕਿਉਂ ਉਤਰਿਆ ਹੈ ? ਤੁਸੀਂ ਇਨੇ ਉਦਾਸ ਕਿਉਂ ਹੋ ?"

ਪਰ ਮੋਹਨ ਦਾ ਰਾਤੀਂ ਨੀਂਦ ਨਾ ਆਉਣ ਦਾ ਬਹਾਨਾ ਵੀ ਸ਼ੀਲਾ ਨੂੰ ਸੰਤੁਸ਼ਟ ਨਾ ਕਰ ਸਕਿਆ । ਭਾਵੇਂ ਮੋਹਨ ਨੇ ਉਦਾਸੀ ਉਤੇ ਧੱਕੋ ਧੱਕੀ ਮੁਸਕਾਨ ਦਾ ਰੰਗ ਚਾੜ੍ਹਦਿਆਂ ਕਿਹਾ, "ਸ਼ੀਲਾ, ਤੁਹਾਨੂੰ ਉਡੀਕ ਕਰਨੀ ਪਈ ਮੈਨੂੰ ਅਫਸੋਸ ਏ ।"

ਪਰ ਸ਼ੀਲਾ ਨੇ ਕਿਹਾ, "ਪ੍ਰੀਤ ਪਿਆਰ ਵਿੱਚ ਉਡੀਕ ਦਾ ਵੀ ਇੱਕ ਅਨੋਖਾ ਆਨੰਦ ਹੁੰਦਾ ਏ ਅਤੇ ਫਿਰ ਇਹੋ ਜਿਹੇ ਉਡੀਕ ਆਨੰਦ ਦਾ ਅੱਜ ਆਖਰੀ

ਦਿਨ ਏ ।"

ਮੋਹਨ ਨੇ ਕਿਹਾ, "ਫਿਰ ?"

"ਫਿਰ ਕੀ, ਅਸੀਂ ਜੀਵਨ ਪੰਧ ਵਿੱਚ ਇੱਕ ਹੋ ਤੁਰਾਂਗੇ । ਪੈਰ ਨਾਲ ਪੈਰ, ਮੋਢੇ ਨਾਲ ਮੋਢਾ, ਹੱਥ ਵਿੱਚ ਹੱਥ ਫੜਕੇ", ਸ਼ੀਲਾ ਨੇ ਵੇਗਵੱਸ ਹੋ ਕੇ ਕਿਹਾ ।

ਮੋਹਨ ਹੋਰ ਮੱਧਿਆ ਗਿਆ। ਉਹ ਅੰਦਰੋਂ ਹੀ ਅੰਦਰ ਕੁਰਲਾ ਰਿਹਾ ਸੀ । ਮੈਂ ਤਾਂ ਅੰਮ੍ਰਿਤ ਵਿੱਚ ਜ਼ਹਿਰ ਘੋਲਣ ਆਇਆ ਹਾਂ । ਗੱਲ ਕਿੱਥੋਂ ਤੇ ਕਿਵੇਂ ਸ਼ੁਰੂ ਕਰਾਂ ? ਉਹਨੂੰ ਸਮਝ ਨਹੀਂ ਸੀ ਆ ਰਿਹਾ ? ਇਹ ਸੂਹੇ ਗੁਲਾਬ ਵਾਂਗ ਦਗਦਾ ਰੂਪ ਕੁਝ ਪਲ ਬਾਅਦ ਮੇਰੀ ਗੱਲ ਸੁਣਕੇ ਮੁਰਝਾ ਜਾਏਗਾ । ਪਰ ਮਜ਼ਬੂਰੀ ਮੌਤ ਦਾ ਹੀ ਦੂਜਾ ਨਾਂ ਏ। ਫਿਰ ਵੀ ਉਸ ਕੁਝ ਦੇਰ ਗੱਲ ਮੂੰਹ ਵਿਚ ਹੀ ਦੱਬੀ ਰੱਖਣ ਦਾ ਮਨ ਬਣਾਇਆ । ਉਹਦਾ ਦਿਲ ਉਹਦੀ ਰੂਹ ਤਰਾਸ ਤਰਾਸ ਕਰ ਰਹੀ ਸੀ । ਮੋਹਨ, ਤੂੰ ਪਾਪ ਤਾਂ ਕਰੇਂਗਾ ਪਰ ਇਹ ਮੁਰਝਾਇਆ ਫੁੱਲ ਤੇਰੇ ਕੋਲੋਂ ਦੇਖ ਕੇ ਬਰਦਾਸ਼ਤ ਨਹੀਂ ਹੋਣਾ ।

ਸ਼ੀਲਾ ਨੇ ਕਿਹਾ, "ਮੋਹਨ, ਚਲੀਏ । ਦੇਰ ਕਾਫੀ ਹੋ ਗਈ ਏ ।"

ਮੋਹਨ ਨੇ ਬੁਝੇ ਜਿਹੇ ਕਿਹਾ, "ਸ਼ੀਲਾ, ਮੈਂ ਚਾਹੁੰਦਾ ਹਾਂ ਕੁਝ ਦੇਰ ਹੋਰ ਬੈਠ ਜਾਈਏ ਅਤੇ ਕੁਝ ਗੱਲਾਂ ਵਿਚਾਰ ਲਈਏ । ਅਗਲੇ ਕਦਮ ਬਾਰੇ ਕੁਝ ਹੋਰ ਵਿਚਾਰ ਕਰ ਲਈਏ ।"

ਸ਼ੀਲ਼ਾ ਬਿਨ਼ਾਂ ਕੁਝ ਹੋਰ ਕਹੇ ਹੌਜ ਦੇ ਕੰਢੇ ਉੱਤੇ ਬੈਠ ਗਈ । ਕੁਝ ਦੇਰ ਦੋਵੇਂ ਬੈਠ ਕੇ ਪਾਣੀ ਵਿਚ ਅਠਖੇਲੀਆਂ ਕਰਦੀਆਂ ਬਹੁਰੰਗੀਆਂ ਮੱਛੀਆਂ ਨੂੰ ਵੇਖਦੇ ਰਹੇ । ਮੋਹਨ ਦੇ ਦਿਲ ਵਿਚ ਇਕ ਝੱਖੜ ਝੁਲ ਰਿਹਾ ਸੀ ਕਿ ਆਖਰ ਕਹੇ ਤਾਂ ਕੀ ਤੇ ਕਿਵੇਂ ਕਹੇ । ਅਖੀਰ ਗਲ ਉਬਲ ਆਈ ਅਤੇ ਉਸ ਚੁੱਪ ਤੋੜਦਿਆਂ ਕਿਹਾ,

"ਸ਼ੀਲਾ .... ਜੀ .... ਅਸੀਂ ਏਨੇ ਤਿੱਖੇ ਕਿਉਂ ਚਲ ਰਹੇ ਹਾਂ ?"

"ਕਿਵੇਂ ?"

"ਆਹੀ, ਬੰਧਨ ਬੰਨ੍ਹਣ ਦੇ ।"

ਮੋਹਨ ਦੀ ਗਲ ਨੇ ਸ਼ੀਲਾ ਦੇ ਦਿਮਾਗ ਤੇ ਸ਼ੱਕ ਜਿਹਾ ਪੈਦਾ ਕਰ ਦਿੱਤਾ ਅਤੇ ਉਸ ਕਿਹਾ,

"ਮੋਹਨ, ਤੁਹਾਨੂੰ ਕੋਈ ਝਿਜਕ ਏ ਬੰਧਨ ਬੱਧ ਹੋਣ ਵਿਚ ?"

"ਨਹੀਂ . . . . ਨਹੀਂ ਸ਼ੀਲਾ, ਤੁਸੀਂ ਜਰਾ ਸੋਚ ਲਵੋ । ਮੇਰਾ ਤੁਸੀਂ ਕੁਝ ਨਹੀਂ ਵੇਖਿਆ । ਮੈਂ ਸ਼ਾਇਦ ਤੁਹਾਡੇ ਲਾਇਕ ਨਾ ਹੋਵਾਂ ।"

ਸ਼ੀਲਾ ਦੇ ਚੇਹਰੇ ਤੇ ਕੁਝ ਘਬਰਾਹਟ ਦੀਆਂ ਪਰਛਾਈਆਂ ਉਭਰੀਆਂ ਅਤੇ ਉਸ ਕਿਹਾ, "ਮੋਹਨ, ਤੁਸੀਂ ਇਹ ਗਲ ਬਹੁਤ ਪੱਛੜਕੇ ਅਤੇ ਬੇਮਤਲਬ ਬੇਮੌਕਾ ਕਹੀ ਏ । ਕੀ ਤੁਸੀਂ ਮੈਨੂੰ ਪਸੰਦ ਨਹੀਂ ਕਰਦੇ ?"

ਮੋਹਨ ਨੇ ਹੌਕਾ ਲਿਆ ਅਤੇ ਕਿਹਾ, "ਕੌਣ ਬਦਨਸੀਬ ਏ ਜੋ ਇਨਕਾਰ ਕਰੇ ।"

"ਫਿਰ ਐਨ ਸਿਰੇ ਲਗੀ ਗਲ ਵਿਚ ਕਿੰਤੂ ਕਿਉਂ ?"

"ਮੈਂ ਆਪਣੇ ਆਪ ਨੂੰ ਤੇਰੇ ਲਾਇਕ ਨਹੀਂ ਸਮਝਦਾ ।"

ਸ਼ੀਲਾ ਕੁਝ ਦੇਰ ਚੁਪ ਬੈਠੀ ਸੋਚਦੀ ਰਹੀ ਕਿ ਸ਼ਾਇਦ ਮੋਹਨ ਨੂੰ ਕੋਈ ਅੜਚਨ ਏ ਜੋ ਪਹਿਲਾਂ ਮੈਨੂੰ ਨਾ ਦੱਸੀ ਹੋਵੇ । ਸ਼ੀਲਾ ਦੇ ਦਿਮਾਗ ਵਿਚ ਸ਼ੱਕ ਦੇ ਬੀ ਪੂਰੇ ਪੁੰਗਰ ਪਏ ਫਿਰ ਉਸ ਕਿਹਾ :

"ਮੋਹਨ"

"ਹੂੰ ।"

"ਤੁਸੀਂ ਕਹਿੰਦੇ ਹੋ ਮੈਂ ਤੁਹਾਨੂੰ ਪਸੰਦ ਹਾਂ ਅਤੇ ਮੇਰੀ ਪਸੰਦ ਤੁਸੀਂ ਹੋ । ਫਿਰ ਇਹ ਲਾਇਕ ਬੇਲਾਇਕ ਦਾ ਚੱਕਰ ਕੀ ਏ ?"

ਮੋਹਨ ਨੇ ਸੋਚਿਆ, ਹੁਣ ਗਲ ਤੁਰ ਪਈ ਏ । ਸਹਿਣ ਸ਼ਕਤੀ ਜਾਗੀ ਏ । ਹੁਣ ਉਚਿਤ ਹੈ ਕਿ ਅਸਲ ਗਲ ਕਹਿ ਦਿਆਂ ।

ਪਰ ਫਿਰ ਵੀ ਉਸ ਝਿਜਕਦੇ ਹੋਏ ਕਿਹਾ, "ਸ਼ੀਲਾ, ਮੇਰੀ ਰੂਹ ਮੇਰੀ ਆਤਮਾ ਸਭ ਤੇਰੇ ਲਈ ਏ ਪਰ ਮੈਂ ਕਿਸੇ ਮਜ਼ਬੂਰੀ ਵਸ ਹਾਂ । ਤੁਹਾਡਾ ਸਾਥ ਨਹੀਂ ਦੇ ਸਕਾਂਗਾ ।"

ਸ਼ੀਲਾ ਦਾ ਜਿਵੇਂ ਸੀਸ਼ ਮਹਿਲ ਟੁੱਟ ਗਿਆ । ਬਿਜਲੀ ਜਹੀ ਡਿੱਗ ਪਈ ਜਿਹੜੀ ਨਸ ਨਸ ਲੂਹ ਗਈ । ਮੋਹਨ ਵੀ ਭਾਵੇਂ ਇਹ ਗਲ ਕਹਿ ਗਿਆ ਪਰ ਸੂਲਾਂ ਉਹਦਾ ਵੀ ਲੂੰ ਲੂੰ ਵਿੰਨ੍ਹ ਗਈਆਂ । ਸ਼ੀਲਾ ਨੇ ਪੂਰੇ ਤਰਾਣ ਨਾਲ ਅੱਖਾਂ ਨੂੰ ਛਲਕਣ ਤੋਂ ਰੋਕਿਆ ਅਤੇ ਕਿਹਾ :

"ਮੋਹਨ, ਮੈਨੂੰ ਆਪਣੀ ਮਜ਼ਬੂਰੀ ਦਸੋਗੇ ?"

"ਹਾਂ ਸ਼ੀਲਾ, ਮੈਂ ਕਿਸੇ ਹੋਰ ਦਾ ਬਚਨ ਬੱਧ ਹਾਂ ।"

ਸ਼ੀਲਾ ਨੇ ਪੁਛਿਆ, "ਉਹ ਕੌਣ ਖੁਸ਼ਕਿਸਮਤ ਏ ? ਮੈਂ ਜਾਣ ਸਕਦੀ ਹਾਂ ?"

ਮੋਹਨ ਨੇ ਪੀੜ ਵਸ ਹੋ ਕੇ ਕਿਹਾ, "ਸ਼ੀਲਾ, ਯਕੀਨ ਮੰਨ ਮੈਂ ਉਸਨੂੰ ਨਹੀਂ ਜਾਣਦਾ । ਮੈਂ ਤਾਂ ਇਕ ਬਜ਼ੁਰਗ ਬਾਬਾ ਦਾ ਬਚਨ ਬੱਧ ਹਾਂ ਜਿਸ ਨੂੰ ਮੈਂ ਬਚਨ ਦੇ ਬੈਠਾ ਹਾਂ ਕਿਉਂਕਿ ਮੈਂ ਉਸ ਬਜ਼ੁਰਗ ਦੇ ਅਹਿਸਾਨਾਂ ਹੇਠ ਦੱਬਿਆ ਹੋਇਆ ਹਾਂ ।"

ਸ਼ੀਲਾ ਨੇ ਕਿਹਾ, "ਕੀ ਮੋਹਨ, ਉਹਨਾਂ ਦੇ ਅਹਿਸਾਨਾਂ ਦਾ ਬਦਲਾ ਉਹਨਾਂ ਦੀ ਕੁੜੀ ਨਾਲ ਵਿਆਹ ਕਰ ਕੇ ਹੀ ਚੁਕਾਇਆ ਜਾ ਸਕਦਾ ਹੈ ਜਾਂ ਕੋਈ ਹੋਰ ਵੀ ਰਾਹ ਏ ?"

"ਕੀ ?"

"ਕਿਸੇ ਵੀ ਤਰ੍ਹਾਂ ।"

"ਹਾਂ, ਹਾਂ, ਹੋ ਸਕਦਾ ਸੀ, ਪਰ ਜਦ ਮੇਰੇ ਨਾਲ ਗੱਲ ਹੋਈ ਤਾਂ ਮੇਰੇ ਮੁਹਸਨ ਬਜ਼ੁਰਗ ਦੀਆਂ ਭਾਵਨਾਵਾਂ ਬਹੁਤ ਅੱਗੇ ਲੰਘ ਗਈਆਂ ਹੋਈਆਂ ਸਨ ।"

"ਕੀ ਤੁਸੀਂ ਉਸ ਲੜਕੀ ਨੂੰ ਦੇਖਿਆ ?"

"ਨਹੀਂ ।"

"ਕੀ ਤੁਸੀਂ ਉਹਨੂੰ ਪਸੰਦ ਕਰਦੇ ਹੋ ?"

"ਬਿਲਕੁਲ ਨਹੀਂ ।"

"ਕੀ ਉਸ ਲੜਕੀ ਨੇ ਤੁਹਾਡੀ ਕੋਈ ਤਸਵੀਰ ਜਾਂ ਤੁਹਾਨੂੰ ਦੇਖਿਆ ਹੈ ?"

"ਨਹੀਂ ।"

"ਜੇ ਉਹ ਤੁਹਾਨੂੰ ਅਤੇ ਤੁਸੀ ਉਹਨੂੰ ਨਾ ਪਸੰਦ ਕਰਦੇ ਹੋਵੋ ਤਾਂ ਗ੍ਰਹਿਸਤ ਗੱਡੀ ਕਿਵੇਂ ਚਲੇਗੀ ?"

ਕੁਝ ਦੇਰ ਚੁੱਪ ਕਰ ਕੇ ਮੋਹਨ ਨੇ ਕਿਹਾ, "ਬੇਜੋੜ ਸਿਰ-ਨਰੜ ਵਾਂਗ ।"

ਸ਼ੀਲਾ ਬਿਲਕੁਲ ਖਾਮੋਸ਼ ਹੋ ਗਈ ਅਤੇ ਨੀਝ ਲਾ ਕੇ ਤਲਾ ਦੇ ਵਿਚ ਰੰਗ ਬਰੰਗੀਆਂ ਮੱਛੀਆਂ ਤਰਦੀਆਂ ਵੇਖਦੀ ਰਹੀ ਤੇ ਸੁਭਾਵਕ ਕਿਹਾ,

"ਮੋਹਨ, ਕੀ ਤੁਸੀਂ ਉਹ ਮੱਛੀ ਫੜ ਸਕਦੇ ਹੋ ?"

"ਸ਼ੀਲਾ, ਲੱਕ ਲੱਕ ਪਾਣੀ ਵਿਚ ਮੱਛੀ ਜਾਲ ਤੋਂ ਬਿਨਾ ਕਿਵੇਂ ਫੜੀ ਜਾਵੇਗੀ ?"

ਸ਼ੀਲਾ ਨੇ ਕਿਹਾ, "ਫਰਜ ਕਰੋ ਮੈਂ ਤੁਹਨੂੰ ਮੱਛੀ ਫੜ ਦਿੰਦੀ ਹਾਂ । ਤੁਸੀ ਉਸ ਨੂੰ ਅਸਾਨੀ ਨਾਲ ਹੱਥ ਵਿਚ ਫੜ ਲੈਂਦੇ ਹੋ । ਫਿਰ ਤੁਹਾਡਾ ਦਿਲ ਕਰਦਾ ਏ ਕਿ ਪਾਣੀ ਵਿਚਲੀ ਲਸ ਲਸ਼ ਕਰਦੀ ਇੱਕ ਮੱਛੀ ਹੋਰ ਫੜਾਂ । ਤੁਸੀਂ ਪਹਿਲੀ ਕੰਢੇ ਤੇ ਤੜਫਦੀ ਛੱਡ ਪਾਣੀ ਵਿਚ ਜਾ ਵੜਦੇ ਹੋ । ਪਹਿਲੀ ਵੀ ਤੜਫ ਕੇ ਪਾਣੀ ਵਿਚ ਜਾ ਡਿੱਗੇ ਅਤੇ ਤੁਸੀਂ ਦੂਸਰੀ ਵੀ ਨਾ ਫੜ ਸਕੋ ਤਾਂ ਤੁਹਾਡੀ ਫਿਰ ਕੀ ਹਾਲਤ ਹੋਵੇਗੀ ?"

"ਠੀਕ ਹੈ, ਸਭ ਠੀਕ ਹੈ । ਮੈਂ ਸਭ ਸਮਝਦਾ ਹਾਂ । ਉਹ ਅਣਵੇਖੀ ਲੜਕੀ ਜਿਸ ਦੇ ਸੁਭਾ ਸਲੀਕੇ ਦਾ ਵੀ ਮੈਨੂੰ ਪਤਾ ਨਹੀਂ ਉਹਦੀ ਮਾਂ ਜਾਂ ਉਹਦੀ ਕੋਈ ਸਾਕ ਸਹੇਲੀ ਕਿੰਤੂ ਕਰ ਸਿਰ ਹਿਲਾ ਦਵੇ ਤਾਂ ਮੈਂ ਕਿਸੇ ਪਾਸੇ ਜੋਗਾ ਨਹੀਂ ਰਹਾਂਗਾ । ਤੇਰੀ ਪ੍ਰੀਤ ਦੇ ਸਰਾਪ ਦਾ ਮਾਰਿਆ ਪਾਗਲ ਹੋ ਜਾਵਾਂਗਾ । ਯਕੀਨ ਕਰ ਸੀਲਾ, ਮਜ਼ਬੂਰੀ ਮਹਾਂ ਮੌਤ ਹੁੰਦੀ ਹੈ । ਜੇ ਮੈਂ ਤੈਥੋਂ ਖਿਸਕ ਰਿਹਾ ਹਾਂ ਤਾਂ ਆਪਣੇ ਆਪ ਨੂੰ ਮਾਰ ਕੇ ਹੀ ਖਿਸਕ ਰਿਹਾ ਹਾਂ । ਮੇਰੇ ਜੀਵਨ ਵਿਚ ਕੋਈ ਲੋ ਕੋਈ ਚਮਕ ਨਹੀਂ ਅਤੇ ਸ਼ਾਇਦ ਨਾ ਹੀ ਆ ਸਕੇ", ਮੋਹਨ ਦਾ ਦਿਮਾਗ ਫਟਣ ਵਾਲਾ ਹੋ ਗਿਆ ।

ਸ਼ੀਲਾ ਨੇ ਸੰਭਲ ਕੇ ਕਿਹਾ, "ਮੋਹਨ, ਮੈਂ ਇਹ ਨਹੀਂ ਸੀ ਚਾਹੁੰਦੀ ਕਿ ਤੂੰ ਮਜ਼ਬੂਰੀ ਵਸ ਹੋ ਕੇ ਮੈਥੋਂ ਟੁੱਟਦਾ । ਪਰ ਮੈਂ ਤੈਨੂੰ ਮਜ਼ਬੂਰ ਵੀ ਨਹੀਂ ਕਰਦੀ । ਮੈਂ ਤੁਹਾਨੂੰ ਦਿਲੋਂ ਚਾਹਿਆ ਹੈ ਅਤੇ ਜਦ ਤੁਸੀਂ ਮੇਰੀ ਪ੍ਰੀਤ ਠੁਕਰਾ ਕੇ ਜਾ ਰਹੇ ਹੋ ਮੇਰੀ

ਇਕ ਬੇਨਤੀ ਹੈ ।"

ਮੋਹਨ ਦੇ ਦਮ ਖੁਸ਼ਕ ਹੋ ਰਹੇ ਸਨ । ਉਸ ਕਿਹਾ, "ਸ਼ੀਲਾ ਮੈਂ ਤੇਰੀ ਹਰ ਗਲ ਮੰਨਣ ਨੂੰ ਤਿਆਰ ਹਾਂ ਪਰ ਮੈਂ ਕਈ ਗੱਲਾਂ ਤੋਂ ਬੇਵਸ ਹਾਂ, ਮਜ਼ਬੂਰ ਹਾਂ । ਗਲ ਮੇਰੇ ਵਸ ਨਹੀਂ ਰਹੀ ਅਤੇ ਇਹ ਸਭ ਕੁਝ ਮੈਂ ਆਪਣੇ ਆਪ ਨੂੰ ਮਾਰ ਮੱਧ ਕੇ ਹੀ ਕਰ ਰਿਹਾ ਹਾਂ ।"

ਸ਼ੀਲਾ ਨੇ ਕਿਹਾ, "ਮੈਂ ਤੁਹਾਨੂੰ ਮਜ਼ਬੂਰੀ ਵਸ ਹੋਇਆਂ ਨੂੰ ਹੋਰ ਦਿੱਕ ਨਹੀਂ ਕਰਦੀ । ਮੇਰੀ ਇਕ ਗੱਲ ਮੰਨੋ ਕਿ ਤੁਸੀਂ ਅੱਜ ਮੇਰੇ ਨਾਲ ਚਲ ਕੇ ਘਰ ਤੱਕ ਮੈਨੂੰ ਛੱਡ ਆਓ । ਅਤੇ ਵੇਖਿਓ, ਨਾਂਹ ਨਾ ਕਰਨਾ । ਨਹੀਂ ਤੇ ਮੋਹਨ, ਮੈਂ ਘਰ ਨਹੀਂ ਜਾ ਸਕਾਂਗੀ ।"

ਮੋਹਨ ਨੇ ਕਿਹਾ, "ਘਰ ਨਾ ਪਰਤਨ ਵਾਲੀ ਕਿਹੜੀ ਗਲ ਏ । ਸ਼ੀਲਾ, ਤੁਸੀਂ ਪੜ੍ਹੇ ਲਿਖੇ ਓ, ਸੁੰਦਰ ਓ । ਤੁਹਾਨੂੰ ਚੰਗੇ ਤੋਂ ਚੰਗਾ ਜੀਵਨ ਸਾਥੀ ਮਿਲ ਸਕਦਾ ਏ ।"

ਸੀਲਾ ਨੇ ਕਿਹਾ, "ਮੋਹਨ, ਮੈਂ ਆਪਣੀਆਂ ਸਖੀ ਸਹੇਲੀਆਂ ਨੂੰ ਕਿਹਾ ਏ ਕਿ ਮੈਂ ਆਪਣਾ ਜੀਵਨ ਸਾਥੀ ਚੁਣਿਆ ਏ । ਮੈਨੂੰ ਹਰ ਇਕ ਨੇ ਕਿਹਾ ਵੇਖੀਂ ਅੱਜ ਕਲ ਧੋਖੇ ਫਰਾਡ ਬਹੁਤ ਹੁੰਦੇ ਨੇ । ਪਰ ਮੇਰਾ ਕਹਿਣਾ ਸੀ ਇਹ ਗਲ ਸਾਡੇ ਵਿਚ ਨਹੀਂ । ਦੋਹੀਂ ਪਾਸੀ ਪਵਿੱਤਰ ਪ੍ਰੇਮ ਜੋਤ ਜਗੀ ਏ ਅਤੇ ਅੱਜ ਜੇ ਮੈਂ ਕੱਲੀ ਘਰ ਮੁੜਾਂਗੀ ਤਾਂ ਮੈਨੂੰ ਸਭ ਕਹਿਣਗੇ ਸ਼ੀਲਾ ਤੂੰ ਪਿਆਰ ਨਹੀਂ ਅਵਾਰਾਗਰਦੀ ਕਰਦੀ ਰਹੀ ਏਂ । ਫਿਰ ਮੈਂ ਮਾਪਿਆਂ, ਰਿਸ਼ਤੇਦਾਰਾਂ, ਸਮਾਜ ਸੁਸਾਇਟੀ ਸਭ ਦੀਆਂ ਨਜ਼ਰਾਂ ਵਿਚ ਗਿਰ ਜਾਵਾਂਗੀ । ਮੈਨੂੰ ਕੌਣ ਅਪਣਾਏਗਾ ਅਤੇ ਜੇ ਅਪਣਾਏਗਾ ਵੀ ਤਾਂ ਕਿਸ ਰੂਪ ਵਿਚ, ਸਤੀ ਸਾਵਿਤਰੀ ਜਾਂ ਵੈਸ਼ਿਆ ਦੇ ਰੂਪ ਵਿਚ ? ਤੁਸੀਂ ਮੈਨੂੰ ਕਿਸ ਰੂਪ ਵਿਚ ਦੇਖਣਾ ਚਾਹੁੰਦੇ ਹੋ ?"

ਸ਼ੀਲਾ ਦੀ ਗਲ ਸੁਣ ਕੇ ਮੋਹਨ ਨੂੰ ਜਿਵੇਂ ਕਾਂਬਾ ਛਿੜ ਗਿਆ । ਉਸ ਕਿਹਾ, "ਮੈਂ ਤੇਰੇ ਨਾਲ ਚਲਦਾ ਹਾਂ ਪਰ ਮੇਰੀ ਪੋਜੀਸ਼ਨ ਕੀ ਹੋਵੇਗੀ ?"

ਅਖੀਰ ਦੋਹਾਂ ਫੈਸਲਾ ਕਰ ਲਿਆ ਕਿ ਉਹਦਰੋ ਉਹਦਰੀ ਘਰ ਵੇਖਣ

ਅਤੇ ਗਲ ਫਿਰ ਤੇ ਰੱਖ, ਲੰਬੀ ਗਲ ਪਾ ਕੇ ਤੋੜ ਦਿੱਤੀ ਜਾਵੇਗੀ । ਅਖੀਰ ਉਹ ਦੋਵੇਂ ਰਿਕਸ਼ੇ ਵਿਚ ਬੈਠੇ ।

ਮੋਹਨ ਨੇ ਕਿਹਾ, "ਉਥੇ ਕੋਈ ਖਾਸ ਭੀੜ ਭੜੱਕਾ ਤਾਂ ਨਹੀਂ ਹੋਵੇਗਾ ?"

ਸ਼ੀਲਾ ਨੇ ਕਿਹਾ, "ਭੀੜ ਭੜੱਕਾ ! ਮੈਂ ਤਾਂ ਅਜੇ ਘਰਦਿਆਂ ਨੂੰ ਵੀ ਨਹੀਂ ਦੱਸਿਆ ਸਿਵਾਏ ਦੋ ਇਕ ਸਹੇਲੀਆਂ ਦੇ ਜਿਹਨਾਂ ਨੂੰ ਮੈਂ ਟੈਮ ਵੀ ਨਹੀਂ ਦੱਸਿਆ । ਸਗੋਂ, ਇਹ ਸੀ ਮੈਂ ਤੁਹਾਨੂੰ ਘਰ ਲਿਜਾ ਕੇ ਸਭ ਨੂੰ ਬੁਲਾਵਾਂਗੀ ।"

ਰਿਕਸ਼ਾ ਤੁਰਨ ਲੱਗੀ ਤਾਂ ਸ਼ੀਲਾ ਨੇ ਕਿਹਾ, "ਗਿਲਵਾਲੀ" ਅਤੇ ਰਿਕਸ਼ਾ ਚਲ ਪਈ ।

ਗਿਲਵਾਲੀ ਤਾਂ ਸਰਦਾਰੀ ਲਾਲ ਹੋਰਾਂ ਦਾ ਵੀ ਘਰ ਏ ਜੇ ਉਹਨਾਂ ਮੈਨੂੰ ਸ਼ੀਲਾ ਨਾਲ ਵੇਖ ਲਿਆ ਫਿਰ ਕੀ ਬਣੇਗੀ ? ਕਿੰਨੀ ਬੁਰੀ ਗਲ ਹੋਵੇਗੀ ਤੇ ਉਹਦੇ ਸਾਊਪੁਣੇ ਨੇ ਉਹਨੂੰ ਅੰਦਰੇ ਹੀ ਅੰਦਰ ਮੱਧਿਆ ਤੇ ਉਸ ਕਿਹਾ, "ਸ਼ੀਲਾ, ਗਿਲਵਾਲੀ ਗੇਟ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਤੁਹਾਡੇ ਘਰ ਨੂੰ ਜਾਂਦਾ ?"

"ਕਿਉਂ ਨਹੀਂ, ਕਿਸੇ ਵੀ ਲੋਹਗੜ, ਹਾਲ ਬਜਾਰ, ਖਜਾਨੇ ਵਾਲਾ ਜਾਂ ਕਿਸੇ ਵੀ ਗੇਟੋਂ ਅੰਦਰੋ ਅੰਦਰ ਕਿਸੇ ਵੀ ਪਾਸਿਓਂ ਜਾ ਸਕਦੇ ਹਾਂ ।" ਅਤੇ ਉਸ ਨੇ ਮੋਹਨ ਦੀ ਇੱਛਾ ਮੁਤਾਬਿਕ ਹਾਲ ਗੇਟੋਂ ਅੰਦਰਲੀ ਘੱਟ ਭੀੜ ਵਾਲੀ ਸੜਕ ਚਲਣ ਨੂੰ ਕਿਹਾ ।

ਅਤੇ ਇਸ ਪਿੱਛੋਂ ਉਹ ਦੋਵੇਂ ਅਜਨਬੀਆਂ ਵਾਂਗ ਇਕ ਦੂਜੇ ਤੋਂ ਬੇ-ਪਛਾਣ ਹੋਏ ਬੈਠੇ ਰਹੇ ਸਗੋਂ ਦੋਵੇਂ ਹੀ ਪੀੜਾਂ ਮਾਰੇ ਪੰਛੀ .... ਰਿਕਸ਼ਾ ਗਿਲਵਾਲੀ ਗੇਟ ਦੇ ਅੰਦਰਲੇ ਚੌਕ ਵੱਲੋਂ ਗੇਟ ਨੂੰ ਸਿੱਧੀ ਹੋਈ ਤਾਂ ਸ਼ੀਲਾ ਨੇ ਕਿਹਾ, "ਠਹਿਰੋ, ਠਹਿਰੋ, ਬੱਸ ਬੱਸ ਇੱਥੇ ਹੀ ।"

ਅਤੇ ਰਿਕਸ਼ਾ ਐਨ ਉਸ ਥਾਂ ਖਲੋਤੀ ਜਿਸ ਥਾਂ ਮੋਹਨ ਦਾ ਐਕਸੀਡੈਂਟ ਹੋਇਆ ਸੀ ।

ਸ਼ੀਲਾ ਨੇ ਪੁਛਿਆ, "ਕਿੰਨੇ ਪੈਸੇ ?"

"ਚਾਰ ਰੁਪਏ, ਭੈਣ ਜੀ ।"

ਅਤੇ ਸ਼ੀਲਾ ਨੇ ਦਸ ਦਾ ਨੋਟ ਉਸ ਵਲ ਕੀਤਾ ।

"ਭੈਣ ਜੀ, ਮੇਰੇ ਕੋਲ ਖੁਲ੍ਹੇ ਪੈਸੇ ਨਹੀਂ ।"

ਸ਼ੀਲਾ ਨੋਟ ਤੜ੍ਹਾਨ ਲਈ ਪਿਛਾਂਹ ਪਾਨਾਂ ਵਾਲੀ ਦੁਕਾਨ ਵਲ ਤੁਰੀ ।

ਮੋਹਨ ਨੇ ਸੋਚਿਆ ਕਿ ਪੈਸੇ ਮੈਂ ਦਿਆਂ ਪਰ ਸਰਦਾਰੀ ਲਾਲ ਦਾ ਬੂਹਾ ਬੰਦ ਸੀ ਜਿਥੇ ਬਾਹਰ ਸਰਦਾਰੀ ਲਾਲ ਦੇ ਨਾਂ ਦੀ ਪਲੇਟ ਲਟਕ ਰਹੀ ਸੀ ਜਿਸ ਨੂੰ ਦੇਖ ਕੇ ਉਸਦੇ ਸਾਰੇ ਜੁੱਸੇ ਨੂੰ ਤਰੇਲੀ ਆ ਗਈ ਅਤੇ ਉਹ ਨਾ ਸ਼ੀਲਾ ਨੂੰ ਕਹਿਣ ਦੀ ਅਤੇ ਨਾਂ ਜੇਬੋਂ ਪੈਸੇ ਕੱਢਣ ਦੀ ਹਿੰਮਤ ਕਰ ਸਕਿਆ ।

ਇਤਵਾਰ ਦਾ ਦਿਨ ਹੋਣ ਕਰਕੇ ਸਾਰੀਆਂ ਦੁਕਾਨਾਂ ਬੰਦ ਸੀ । ਬੱਸ ਹਲਵਾਈ ਅਤੇ ਪਾਨ ਦੀਆਂ ਦੁਕਾਨਾਂ ਖੁਲੀਆਂ ਸਨ । ਮੋਹਨ ਕੰਬਦਾ ਕੰਬਦਾ ਰਿਕਸ਼ਾ ਵਿਚੋਂ ਉਤਰਿਆ ਇਹ ਸੋਚ ਕੇ ਕਿ ਆਸੇ ਪਾਸੇ ਹੋ ਖਲੋਵਾਂ । ਮਤ ਸਰਦਾਰੀ ਲਾਲ ਦਾ ਬੂਹਾ ਖੁਲੇ । ਸ਼ੀਲਾ ਨੇ ਘਰ ਵੀ ਤਾਂ ਨਹੀਂ ਸੀ ਦੱਸਿਆ ਕਿ ਕਿੰਨਾ ਕੁ ਅੱਗੇ ਏ ਜਾਂ ਗੇਟੋਂ ਬਾਹਰ ਏ । ਫਿਰ ਵੀ ਗੇਟ ਵਲ ਚੰਦ ਕਦਮ ਪੁਟਣ ਦੀ ਸੋਚੀ । ਅਜੇ ਰਿਕਸ਼ੇ ਕੋਲੋਂ ਪੈਰ ਪੁੱਟਿਆ ਹੀ ਸੀ ਕਿ ਸਰਦਾਰੀ ਲਾਲ ਦਾ ਬੂਹਾ ਖੁੱਲਾ ਤੇ ਸਰਦਾਰੀ ਲਾਲ ਬੂਹੇ ਤੋਂ ਬਾਹਰ ਥੜੀ ਤੇ ਆਇਆ । ਮੋਹਨ ਤੇ ਜਿਵੇਂ ਮੁਰਦੇਹਾਨੀ ਛਾ ਗਈ । ਕਾਟੋ ਤਾਂ ਲਹੂ ਨਹੀਂ ਬਦਨ ਮੇ । ਬੜਾ ਪਛਤਾਇਆ, ਮੂਸਾ ਭਜਿਆ ਮੌਤ ਤੋਂ ਅੱਗੇ ਮੌਤ ਖੜੀ ।

ਦੂਜੇ ਪਲ ਸਰਦਾਰੀ ਲਾਲ ਉਹਦੇ ਕੋਲ ਆ ਗਿਆ ਅਤੇ ਪਿਆਰ ਦੇ ਅਤੇ ਨਦਾਮਤ ਨਾਲ ਗਰਕ ਹੁੰਦੇ ਮੋਹਨ ਨੂੰ ਬਾਹੋਂ ਫੜ ਘਰ ਵਲ ਲੈ ਤੁਰਿਆ ।
"ਮੋਹਨ ਬੇਟਾ, ਤੂੰ ਮੇਰੀ ਲਾਜ ਰੱਖ ਲਈ ।"

ਮੋਹਨ ਵਿਚ ਜਿਵੇਂ ਸੱਤਿਆ ਹੀ ਨਹੀਂ ਸੀ । ਪਰ ਫਿਰ ਵੀ ਉਹ ਕੁਝ ਕਹਿਣਾ ਚਾਹੁੰਦਾ ਸੀ ।

ਪਰ ਸਰਦਾਰੀ ਲਾਲ ਨੇ ਕਿਹਾ, "ਨਹੀਂ ਬੇਟਾ, ਬਾਕੀ ਗੱਲਾਂ ਅੰਦਰ ਬੈਠ ਕੇ ਅਰਾਮ ਨਾਲ ਕਰਾਂਗੇ ।" ਉਸ ਮੋਹਨ ਨੂੰ ਅੰਦਰ ਬੈਠਕ ਵਿਚ ਲਿਜਾ ਬਿਠਾਇਆ । ਘਰ ਵਾਲੀ ਨੂੰ ਕਿਹਾ, "ਜਾਨਕੀ, ਵੇਖ ਮੈਂ ਅੱਜ ਹੀ ਤੇਰੇ ਨਾਲ ਮੋਹਨ ਬਾਰੇ ਗੱਲ

ਕੀਤੀ ਸੀ । ਮੋਹਨ ਆ ਗਿਆ ।"

ਸਾਊ ਸੁਭਾ ਜਾਨਕੀ ਆਈ । ਦੋਹਾਂ ਹੱਥਾਂ ਨਾਲ ਪਿਆਰ ਦੇਂਦਿਆਂ ਕਿਹਾ, "ਜੀ ਆਇਆਂ ਪੁੱਤਰ, ਮੈਂ ਰਾਹਾਂ ਤੋਂ ਸਦਕੇ !" ਅਤੇ ਉਸ ਮੋਹਨ ਦਾ ਸਿਰ ਮੱਥਾ ਚੁੰਮਦਿਆਂ ਕਿਹਾ,"ਤੁਸੀਂ ਵੀ ਬੜੇ ਕਾਹਲੇ ਜੇ । ਬਾਹਰ ਦਹਲੀਜ਼ ਤੇ ਖੜਾਂਦੇ । ਮੈਂ ਤੇਲ ਤਾਂ ਚੋ ਲੈਂਦੀ ।"

ਫਿਰ ਜਾਨਕੀ ਰਸੋਈ ਵਲ ਚਲੀ ਗਈ । ਖੁਸ਼ੀ ਵਿਚ ਗਦ ਗਦ ਦੋਹਾਂ ਜੀਆਂ ਵਿਚ ਕਮਲ ਜਿਹਾ ਪੈ ਗਿਆ । ਸਰਦਾਰੀ ਲਾਲ ਬਾਹਰੋਂ ਕੁਝ ਸਮਾਨ ਲੈਣ ਚਲਾ ਗਿਆ । ਹੁਣ ਮੋਹਨ ਬੈਠਕ ਵਿਚ ਇਕੱਲਾ ਰਹਿ ਗਿਆ ।

ਹੁਣ ਭਾਵੇਂ ਉਹ ਇਕੱਲਾ ਬੈਠਾ ਸੀ ਪਰ ਆਪਣੇ ਆਪ ਨੂੰ ਐਕਸੀਡੈਂਟ ਵਾਲੇ ਦਿਨ ਤੋਂ ਵੀ ਵੱਧ ਕੈਦੀ ਸਮਝ ਰਿਹਾ ਸੀ । ਉਹ ਸੋਚ ਰਿਹਾ ਸੀ ਕਿੰਨਾ ਚੰਗਾ ਹੁੰਦਾ ਜੇ ਮੈਂ ਸ਼ੀਲਾ ਤੋਂ ਪਹਿਲਾਂ ਉਹਦੇ ਘਰ ਦਾ ਪਤਾ ਪੁੱਛ ਲਿਆ ਹੁੰਦਾ । ਮੈਂ ਇੱਥੋਂ ਨੱਠ ਕੇ ਉਸ ਘਰ ਦੇ ਬੂਹੇ ਅੱਗੇ ਜਾ ਖਲੋਂਦਾ ਜਾਂ ਇਸ ਘਰ ਬਾਰੇ ਦਸ ਕੇ ਇਥੇ ਰਿਕਸ਼ਾ ਹੀ ਨਾ ਖਲੋਣ ਦਿੰਦਾ । ਉਹਨੂੰ ਆਪਣੇ ਆਪ ਤੇ ਖਿਝ ਆ ਰਹੀ ਸੀ । ਮੈਂ ਪੈਸੇ ਕਿਉਂ ਨਾ ਕੱਢ ਕੇ ਦੇ ਦਿੱਤੇ ? ਜਦ ਕਿ ਮੇਰੇ ਕੋਲ ਟੁੱਟੇ ਪੈਸੇ ਵੀ ਸਨ ਅਤੇ ਮਰਦ ਹੋਣ ਦੇ ਨਾਤੇ ਮੇਰਾ ਫਰਜ ਵੀ ਸੀ । ਹੋਰ ਕੁਝ ਨਹੀਂ ਤਾਂ ਸੀਲਾ ਦੇ ਨਾਲ ਹੀ ਚਲਾ ਜਾਂਦਾ । ਪਰ ਹੁਣ ਕੀ ਹੋ ਸਕਦਾ ਸੀ ? ਉਹ ਤਾਂ ਫਸ ਗਿਆ ਸੀ । ਸ਼ੀਲਾ ਬਾਹਰ ਲਭਦੀ ਹੋਵੇਗੀ ਅਤੇ ਜੇ ਰਿਕਸ਼ੇ ਵਾਲੇ ਨੇ ਦੱਸ ਦਿੱਤਾ ਕਿ ਮੈਂ ਇਸ ਅੰਦਰ ਹਾਂ ਅਤੇ ਮੈਨੂੰ ਇਕ ਆਦਮੀ ਲੈ ਗਿਆ ਹੈ । ਉਹ ਉਡੀਕ ਕੇ ਅੰਦਰ ਆ ਗਈ ਤਾਂ ਕੀ ਬਣੇਗਾ ? ਸਰਦਾਰੀ ਲਾਲ ਅਤੇ ਘਰ ਵਾਲੇ ਮੈਨੂੰ ਆਵਾਰਾ ਸਮਝ ਕੇ ਠੁਕਰਾ ਦੇਣਗੇ । ਉਹੀ ਗਲ ਨਾ ਹੋਵੇ ਕਿ ਨਾ ਘਰ ਜੋਗਾ ਨਾ ਘਾਟ ਜੋਗਾ । ਉਸ ਦੇ ਦਿਲ ਵਿਚ ਉਬਾਲ ਆਇਆ । ਉਹ ਉੱਠਣ ਹੀ ਲੱਗਾ ਸੀ ਕਿ ਸ਼ੀਲਾ ਨੇ ਬੂਹੇ ਤੋਂ ਅੰਦਰ ਪੈਰ ਪਾਇਆ । ਮੋਹਨ ਦਾ ਰਹਿੰਦਾ ਸਾਹ ਵੀ ਸੁਕਣ ਲੱਗ ਪਿਆ । ਮੋਹਨ ਨੇ ਥਿੜਕਦੀ ਜਬਾਨ ਨਾਲ ਕਿਹਾ :

"ਸੀਲਾ, ਮਾਫ ਕਰਨਾ ਮੈਂ ਜਰਾ ...."

ਪਰ ਸ਼ੀਲਾ ਨੇ ਕਿਹਾ, "ਮੋਹਨ, ਕੋਈ ਗਲ ਨਹੀਂ ਤੁਸੀਂ ਬੈਠੋ ।" ਅਤੇ ਉਹ ਰਸੋਈ ਵਲ ਚਲੀ ਗਈ । ਅਤੇ ਦੂਜੇ ਪਲ ਉਹ ਜਾਨਕੀ ਨਾਲ ਅੰਦਰ ਆਈ ਅਤੇ ਕਿਹਾ, "ਮੋਹਨ, ਇਹ ਮੇਰੇ ਮਾਤਾ ਜੀ ਨੇ ਅਤੇ ਨਾਲ ਹੀ ਪੁਛਿਆ, "ਮਾਤਾ ਜੀ, ਪਿਤਾ ਜੀ ..... ?"

"ਆ ਜਾਂਦੇ ਨੇ ਬੇਟੀ, ਬਜਾਰੋਂ ਕੁਝ ਸਮਾਨ ਲੈਣ ਗਏ ਨੇ । ਤੁਸੀਂ ਬੈਠੋ । ਚਾਹ ਬਣ ਗਈ ਏ । ਮੈਂ ਲੈ ਆਵਾਂ ।" ਜਾਨਕੀ ਦੋਹਾਂ ਨੂੰ ਛੱਡ ਕੇ ਰਸੋਈ ਵਲ ਚਲੀ ਗਈ ।

ਮੋਹਨ ਗੁੰਮ ਸੁੰਮ ਬੈਠਾ ਸੀ ਕਿ ਸ਼ੀਲਾ ਨੇ ਪੁਛਿੱਆ, "ਮੋਹਨ, ਤੁਸੀਂ ਏਨੇ ਉਦਾਸ ਕਿਉਂ ਹੋ ? ਪਿਤਾ ਜੀ ਆ ਜਾਣ ਤੁਸੀਂ ਚਾਹ ਪੀ ਕੇ ਚਲੇ ਜਾਣਾ । ਹੋਰ ਕੋਈ ਨਹੀਂ ਆਵੇਗਾ ।"

ਪਰ ਮੋਹਨ ਨੇ ਕਿਹਾ, "ਸ਼ੀਲਾ, ਮੈਂ ਹੁਣ ਨਹੀਂ ਜਾਵਾਂਗਾ ।" ਗਲ ਦਾ ਅਚੰਭਾ ਉਹਦੀ ਸਮਝ ਚੜ੍ਹ ਗਿਆ ਸੀ ਕਿ ਸ਼ੀਲਾ ਹੀ ਤਾਂ ਸਰਦਾਰੀ ਲਾਲ ਦੀ ਇਕਲੌਤੀ ਧੀ ਏ ।

ਮੋਹਨ ਦੇ ਕਹਿਣ ਤੇ ਸ਼ੀਲਾ ਹੈਰਾਨ ਹੋਈ ਤੇ ਕਿਹਾ, "ਮੋਹਨ, ਇਹ ਕਿਵੇਂ ?"

ਮੋਹਨ ਨੇ ਕਿਹਾ "ਸ਼ੀਲਾ, ਇਹ ਵੀ ਇਕ ਐਕਸੀਡੈਂਟ ਹੀ ਏ ਕਿ ਮੈਂ ਤੁਹਾਡੇ ਪਿਤਾ ਬਜੁਰਗ ਬਾਬੇ ਦਾ ਹੀ ਬਚਨ ਬੱਧ ਸਾਂ । ਗਲਤੀ ਇਹ ਹੋਈ ਕਿ ਮੈਂ ਤੇਥੋਂ ਤੁਹਾਡੇ ਘਰ ਦੀ ਪੂਰੀ ਵਾਕਫੀ ਨਾ ਲਈ ।"

ਫਿਰ ਸਰਦਾਰੀ ਲਾਲ ਅੰਦਰ ਆਇਆ ਤੇ ਦੋਹਾਂ ਦੇ ਸਿਰ ਤੇ ਸ਼ਫਕਤ ਦਾ ਹੱਥ ਰੱਖ ਦਿੱਤਾ ।

# ਜੇ ਕਿਤੇ

"ਬੋਹੜੀ ਵੇ ਪਿੰਡਾ, ਮੈਂ ਲੁੱਟੀ ਗਈ ! ਮੈਂ ਪੁੱਟੀ ਗਈ, ਵੇ ਲੋਕੋ ! ਮੁਨਸੀ ਨੂੰ ਕੀ ਹੋ ਗਿਆ ?" ਵੱਡੇ ਪੈਹਰ ਦੇ ਤੜਕੇ ਹੁਸੈਨ ਬੀਬੀ ਦੀ ਚੀਕ ਨੇ ਸਾਰੇ ਪਿੰਡ ਦੀ ਹਿੱਕ ਚੀਰ ਦਿੱਤੀ ।

ਹਰ ਕੋਈ ਕਾਦਰ ਦੇ ਘਰ ਨੂੰ ਉੱਠ ਨੱਠਾ ।

"ਕੀ ਹੋ ਗਿਆ ? ਕੀ ਹੋ ਗਿਆ ?"

"ਹਾਏ-ਹਾਏ ਮੁਨਸੀ ਚਾਚਾ, ਮਾਮਾ ਮੁਨਸ਼ੀ, ਭਾਈਆ ਮੁਨਸ਼ੀ, ਭਰਾ ਮੁਨਸ਼ੀ ਫੌਤ ਹੋ ਗਿਆ ।"

"ਹਨੇਰ ਸਾਈਂ ਦਾ ।"

"ਕੱਲ੍ਹ ਤਾਂ ਚੰਗਾ ਭਲਾ ਆਇਆ । ਸ਼ਾਮੀ ਰਾਜੀ ਬਾਜੀ ਸੀ ।"

"ਨਹੀਂ ਰਾਤ ਚੰਗਾ ਭਲਾ ਸੀ ।"

ਮੁਨਸ਼ੀ ਦਾ ਪੂਰਾ ਨਾਮ ਗੁਲਾਮ ਕਾਦਰ ਸੀ । ਨਿੱਕਾ ਜਿਹਾ ਸੀ ਕਿ ਪਿਉ ਦਾ ਆਖ਼ਰੀ ਸ਼ਾਇਆ ਵੀ ਸਿਰੋਂ ਉਠ ਗਿਆ । ਮਾਂ ਤਾਂ ਸਾਲ ਡੇਢ ਸਾਲ ਦੇ ਨੂੰ ਹੀ ਰੋਂਦਾ ਛੱਡ ਗਈ ਸੀ । ਮੌਤ ਬਸ ਹੋ ਗਈ ਸੀ । ਭੋਇੰ-ਭਾਂਡਾ ਵਾਹਵਾ ਗੁਜਾਰੇ ਜੋਗਾ ਸੀ । ਅੱਠ ਘੁਮਾ ਵਾਹਵਾ ਨਿਆਈਂ ਦੀ ਜ਼ਮੀਨ ਸੀ । ਪੱਕਾ ਸੀਮਿੰਟਡ ਖੂਹ ਸੀ । ਹੋਰ ਭੈਣ-ਭਰਾ ਕੋਈ ਨਹੀਂ ਸੀ । ਬੇਸਹਾਰਾ ਹੋਏ ਨੂੰ ਵੇਖ ਦੂਰੋਂ ਪਾਰੋਂ ਭੂਆ ਦੇ ਪੁੱਤ ਲਾਲ ਖਾਨ ਨੇ ਆ ਸਿਰ ਤੇ ਹੱਥ ਰੱਖਿਆ । ਦੋ ਹੀ ਜੀਅ ਸਨ । ਲਾਲ ਖਾਂ ਅਤੇ ਉਸਦੇ ਘਰ ਵਾਲੀ ਹੁਸੈਨ ਬੀਬੀ ਅਤੇ ਦੋਵੇਂ ਹੀ ਸਾਊ ਸੁਭਾਅ ਸਨ । ਹੁਸ਼ੈਨ ਬੀਬੀ ਦੀ ਗੋਦ ਹਰੀ ਨਹੀਂ ਸੀ ਹੋਈ ।

ਪਿੰਡ ਵਿਚ ਇਕ ਲਗਵੰਤੀ ਸ਼ਰੀਕਾ ਹਾਕਮ ਹੁਰਾਂ ਦਾ ਲਾਣਾ ਸੀ । ਹਾਕੂ ਦਾ ਪਰਿਵਾਰ ਕਾਫੀ ਵੱਡਾ ਅਤੇ ਭੋਇੰ-ਭਾਂਡਾ ਵੀ ਚੰਗਾ ਸੀ । ਸਭ ਕੁਝ ਹੁੰਦਿਆਂ ਹੋਇਆਂ ਵੀ ਹਾਕੂ ਨੀਅਤ ਦਾ ਕੋਹੜਾ ਅਤੇ ਬਦਨਾਮ ਆਦਮੀ ਸੀ । ਪਰਿਵਾਰ ਵਲੋਂ ਵੀ ਸਭ ਲੰਡੇ ਨੂੰ ਖੁੰਡਾ ਮਿਲਣ ਵਾਲੀ ਗੱਲ ਸੀ । ਯਾਨੀ ਸਾਰਾ ਪਰਿਵਾਰ ਕੀ

ਧੀਆਂ, ਕੀ ਨੂੰਹਾਂ, ਕੀ ਪੁੱਤਰ, ਕੀ ਮਾਂ । ਸਭ ਇਕੋ ਸਾਂਚੇ ਦੇ ਢਲੇ ਦਿਮਾਗਾਂ ਦੇ ਮਾਲਕ ਸਨ । ਯਾਨੀ ਆਦਤਨ ਕਮੀਨਗੀ ਉਹਨਾਂ ਦਾ ਪੇਸ਼ਾ ਸੀ । ਉਹ ਇਹ ਚਾਹੁੰਦੇ ਸਨ ਕਿਸੇ ਨਾ ਕਿਸੇ ਤਰ੍ਹਾਂ ਇਹ ਢੇਰੀ ਵੀ ਸਾਨੂੰ ਹੱਥ ਲੱਗ ਜਾਵੇ । ਕਾਦਰ ਦਾ ਪਿਉ ਮਰਨ ਤੇ ਉਹਨਾਂ ਕਾਦਰ ਨੂੰ ਪਾਲਣ ਦੀ ਜ਼ਿੰਮੇਵਾਰੀ ਲੈਣ ਦੀ ਕੋਸ਼ਿਸ਼ ਵੀ ਬੜੀ ਕੀਤੀ । ਪਰ ਕੁਝ ਪਿੰਡ ਦਿਆਂ, ਕੁਝ ਮਕਾਣੇ ਆਏ ਰਿਸ਼ਤੇਦਾਰਾਂ ਇਹ ਕੰਮ ਬਣਨ ਨਾ ਦਿੱਤਾ । ਅਤੇ ਲਾਲ ਖਾਂ ਨੂੰ ਇਹ ਜ਼ਿੰਮੇਵਾਰੀ ਸੰਭਾਲੀ ਗਈ ।

ਪੂਰੀਆਂ ਚਾਰ ਜਮਾਤਾਂ ਪ੍ਰਾਇਮਰੀ ਸਕੂਲ ਵਿਚੋਂ ਪੜ੍ਹ ਕੇ ਕਾਦਰ ਹਟ ਗਿਆ । ਤੇ ਲਾਲ ਖਾਂ ਨਾਲ ਕੰਮ ਕਰਨ ਲੱਗ ਪਿਆ । ਸਿਆਣਾ ਚੰਗਾ ਸੀ । ਖੂਹ ਪਿੰਡ ਦੇ ਨਾਲ ਹੋਣ ਕਰਕੇ ਉਹ ਵੇਲੇ ਕੁਵੇਲੇ ਖੇਡਣ ਦੀ ਬਜਾਏ ਨਾਲ ਲਗਮੇ ਪਿੰਡ ਦੇ ਪਟਵਾਰਖਾਨੇ ਪਟਵਾਰੀ ਕੋਲ ਜਾ ਬੈਠਦਾ ਅਤੇ ਸਜਰੇ ਮੁਸਾਵੀਆਂ ਤੇ ਜਮ੍ਹਾਬੰਦੀਆਂ ਫੋਲੀ ਜਾਂਦਾ । ਯਾਦਦਾਸ਼ਤ ਚੰਗੀ ਸੀ । ਜਿਸ ਕਰਕੇ ਉਸਨੂੰ ਪਿੰਡ ਦੀ ਜ਼ਮੀਨ ਦਾ ਹਦ ਬਸਤ, ਮੁਸਦਾ ਨੰਬਰ, ਖਸਰਾ, ਮੁਸਤੀਲ ਨੰਬਰ ਸਭ ਯਾਦ ਸਨ । ਅਤੇ ਨਾਲ ਹੀ ਮਾਲ ਮਹਿਕਮੇ ਦੇ ਕੰਮ ਕਾਰ ਦੀ ਉਹਨੂੰ ਚੰਗੀ ਵਾਕਫੀ ਹੋ ਗਈ ।

ਹੁਸੈਨ ਬੀਬੀ ਕਾਦਰ ਖਾਨ ਦਾ ਬੜਾ ਹਿੱਤ ਕਰਦੀ ਸੀ । ਪੁੱਤਰਾਂ ਤੋਂ ਵੱਧ ਪਿਆਰ ਦਿੰਦੀ । ਉਹਦੀ ਸਿੱਕ ਸੀ ਕਿ ਕਾਦਰ ਛੇਤੀ ਜਵਾਨ ਹੋ ਜਾਵੇ । ਮੈਂ ਇਹਦਾ ਧੂਮ-ਧੜੱਕੇ ਨਾਲ ਵਿਆਹ ਕਰਾਂ ਅਤੇ ਕੋਈ ਬਾਲ ਖਿਡਾਣ ਨੂੰ ਮਿਲੇ । ਚੰਗਾ ਲਾਡ-ਪਿਆਰ ਅਤੇ ਖੁੱਲੀ ਖੁਰਾਕ । ਕਾਦਰ ਦਿਨਾਂ ਵਿਚ ਜਵਾਨ ਹੋ ਗਿਆ ਅਤੇ ਵਾਹਵਾ ਰੰਗ ਕੱਢ ਆਇਆ । ਹੁਸੈਨ ਬੀਬੀ ਨੇ ਕਈ ਥਾਂਈ ਰਿਸ਼ਤਿਆਂ ਦੀ ਟੋਹ ਕੀਤੀ ਪਰ ਕਿਤੇ ਪਾਣੀ ਨਾ ਚੜ੍ਹਿਆ ਕਿਉਂਕਿ ਹਾਕੂ ਹੋਰੀਂ ਜਿਹੜੇ ਲਾਲ ਖਾਂ ਦੇ ਆ ਜਾਣ ਤੇ ਦੰਦ ਪੀਹ ਰਹੇ ਸਨ ਤੇ ਦਿਲਾਂ ਵਿਚ ਅੱਗ ਦੱਬੀ ਬੈਠੇ ਸਨ ਹਰ ਥਾਂ ਕਸੂਤੀ ਲੱਤ ਅੜਾ ਕੇ ਭਾਂਜੀ ਮਾਰ ਆਉਂਦੇ । ਦੂਜੇ ਪਾਸੇ ਹਾਕੂ ਦੀਆਂ ਨੂੰਹਾਂ ਕਾਦਰ ਤੇ ਡੋਰੇ ਵੀ ਸੁਟਦੀਆਂ ਰਹਿੰਦੀਆਂ । ਪਰ ਕੁਝ ਤੇ ਕਾਦਰ ਆਪ ਵੀ ਸਿਆਣਾ ਤੇ ਸਾਊ ਸੁਭਾਅ ਅਤੇ ਖਬਰਦਾਰ ਸੀ ਕੁਝ ਹੁਸੈਨ ਬੀਬੀ ਖਬਰਦਾਰ ਕਰਦੀ ਰਹਿੰਦੀ ।

ਫਿਰ ਇਕ ਦਿਨ ਭਾਣਾ ਵਰਤ ਗਿਆ । ਲਾਲ ਖਾਂ ਖੁਦਾ ਨੂੰ ਪਿਆਰਾ ਹੋ

ਗਿਆ ਜਿਸ ਦਾ ਦੁੱਖ ਕਾਦਰ ਨੂੰ ਏਨਾ ਲੱਗਾ ਕਿ ਉਹ ਬਿਲਕੁਲ ਹੀ ਸਾਦਗੀ ਧਾਰ ਗਿਆ । ਜੋਦਾ ਸਾਊ ਸੁਭਾਅ ਤਾਂ ਪਹਿਲਾਂ ਹੀ ਸੀ, ਖੱਦਰ ਦਾ ਕੁੜਤਾ, ਖੱਦਰ ਦੀ ਤਹਿਮਤ, ਧੌੜੀ ਦੀ ਜੁੱਤੀ, ਖੱਦਰ ਦੇ ਲੰਮੇ ਪੰਨੇ ਦੀ ਪਤਲੀ ਪੱਗ ਜਿਸਨੂੰ ਉਹ ਅੱਧੀ ਸਿਰ ਤੇ ਬੰਨ੍ਹ ਲੈਂਦਾ ਲੜ ਛੱਡ ਮੋਢੇ ਤੇ ਅੱਗੇ ਨੂੰ ਸੁੱਟ ਠੋਡੀ ਹੇਠੋਂ ਕੱਢ ਕੇ ਖੱਬੇ ਮੋਢੇ ਤੇ ਪਿਛਾਂਹ ਨੂੰ ਸੁੱਟ ਲੈਂਦਾ । ਅਤੇ ਇਕੋ ਵੇਲੇ ਪੱਗ ਤੋਂ ਪਰਨੇ ਦਾ ਕੰਮ ਲੈਂਦਾ । ਲਾਲ ਖਾਂ ਦੇ ਮਰਨ ਤੋਂ ਬਾਅਦ ਉਹਨਾਂ ਡੰਗਰ-ਵੱਛਾ ਵੇਚ ਕੇ ਖੇਤੀ ਦਾ ਕੰਮ ਠੱਪ ਕਰ ਦਿੱਤਾ । ਜ਼ਮੀਨ ਹਿੱਸੇ ਤੇ ਦੇ ਦਿੱਤੀ ਅਤੇ ਆਪ ਇਕੋ ਮੱਝ ਰੱਖ ਲਈ । ਮੱਝ ਲਈ ਪੱਠੇ ਬਟਾਵੇ ਸੁੱਟ ਜਾਂਦੇ ਜਾਂ ਹੁਸੈਨ ਬੀਬੀ ਵਢਾ ਕੇ ਲੈ ਆਉਂਦੀ ।

ਇਕ ਦਿਨ ਗਰਦੌਰੀ ਵੇਲੇ ਜਦ ਕਾਦਰ ਪਟਵਾਰੀ ਦੇ ਨਾਲ ਸੀ ਉਸਦੀ ਖੇਤਾਂ ਬਾਰੇ ਸੂਝ-ਬੂਝ ਦੇਖ ਪਿੰਡ ਦਾ ਜਗੀਰਦਾਰ ਕਾਇਲ ਹੋ ਗਿਆ ਅਤੇ ਕਾਦਰ ਨੂੰ ਮਹਸਲ ਯਾਨੀ ਮੁਨਸ਼ੀ ਦੇ ਅਹੁਦੇ ਦੀ ਪੇਸ਼ਕਸ ਕੀਤੀ ਅਤੇ ਉਸ ਦਿਨ ਤੋਂ ਹੀ ਕਾਦਰ ਦੇ ਨਾਮ ਨਾਲ ਮੁਨਸ਼ੀ ਜੁੜ ਗਿਆ । ਯਾਨੀ ਮੁਨਸ਼ੀ ਗੁਲਾਮ ਕਾਦਰ ।

ਮੁਹਸਲ ਬਣ ਕੇ ਵੀ ਉਸ ਵਿਚ ਪਹਿਲੇ ਮੁਹਸਲਾਂ ਵਾਂਗ ਕੋਈ ਬੋ ਨਾ ਦਾਖਲ ਹੋਈ ਭਾਵੇਂ ਉਹ ਤਿੰਨ ਹਿੱਸੀ ਪਿੰਡ ਦੇ ਮੁਜਾਰਿਆਂ ਤੇ ਇਕ ਕਿਸਮ ਦਾ ਅਫਸਰ ਸੀ । ਨਾ ਤਾਂ ਉਸਨੇ ਪਹਿਲੇ ਮੁਹਸਲਾਂ ਵਾਂਗ ਮੁੱਛਾਂ ਨੂੰ ਗੇੜਾ ਦਿੱਤਾ, ਨਾ ਹੀ ਚਰਬ-ਜ਼ਬਾਨੀ ਅਤੇ ਆਕੜ ਲਿਆਂਦੀ ਅਤੇ ਨਾ ਹੀ ਘੋੜੇ ਦੀ ਸਵਾਰੀ ਕੀਤੀ । ਨਾ ਪਹਿਰਾਵੇ ਦੀ ਸਾਦਗੀ ਛੱਡੀ । ਉਹ ਸਵੇਰ ਤੋ ਸ਼ਾਮ ਤੱਕ ਲੰਬੇ ਚੌੜੇ ਖੇਤਾਂ ਤੱਕ ਪੈਰੀਂ ਹੀ ਤੁਰਿਆ ਰਹਿੰਦਾ । ਅਤੇ ਆਪਣੀ ਡਿਊਟੀ ਨਿਭਾਉਂਦਾ ਰਹਿੰਦਾ । ਇਹੀ ਕਾਰਣ ਸੀ ਕਿ ਜਗੀਰਦਾਰ ਦਾ ਹਰ ਮੁਜਾਰਾ ਉਹਨੂੰ ਪਿਆਰ ਕਰਦਾ ਅਤੇ ਉਸਦੀ ਕਦਰ ਕਰਦਾ । ਕਿਉਂਕਿ ਮੁਨਸ਼ੀ ਕਾਦਰ ਹਰ ਮੁਜਾਰੇ ਨਾਲ ਡੂੰਘਾ ਹਿੱਤ ਕਰਦਾ ਸੀ ਅਤੇ ਕਦੇ ਕਿਸੇ ਦਾ ਦਿਲ ਨਹੀਂ ਸੀ ਦੁਖਾਉਂਦਾ ਅਤੇ ਨਾ ਹੀ ਕਿਸੇ ਦਾ ਦਿਲ ਦੁਖਿਆ ਵੇਖ ਸਕਦਾ । ਕਾਦਰ ਦਿਲ ਦਾ ਸਾਫ ਹੋਣ ਕਰਕੇ ਹਰ ਇਕ ਤੇ ਇਤਬਾਰ ਕਰਦਾ ਸੀ । ਪਹਿਲੇ ਮੁਹਸਲਾਂ ਵਾਂਗ ਉਹ ਬੋਹਲਾਂ ਤੇ ਠੱਪੀਆਂ ਲਾ ਕੇ ਮੁਜਾਰਿਆਂ ਨੂੰ ਨੀਦੇਂ ਨਹੀਂ ਸੀ ਮਾਰਦਾ ।

ਪਹਿਲਾਂ ਜਦੋਂ ਮੁਹਸਲ ਦੀ ਘੋੜੀ ਦਗੜ-ਦਗੜ ਕਰਦੀ ਆਉਂਦੀ ਤਾਂ ਕਾਮੇ ਮੁਜਾਰੇ ਦਾ ਸਰੀਰ ਕੰਬ ਜਾਂਦਾ । ਬੇ-ਮਤਲਬੀਆਂ ਧਮਕੀਆਂ ਅਤੇ ਝਿੜਕਾਂ । ਪਰ ਕਾਦਰ ਨੂੰ ਮੁਜਾਰੇ ਸਗੋਂ ਅੱਗੋਂ ਹੋ ਕੇ ਮਿਲਦੇ ਅਤੇ ਖੁਸ਼ ਹੁੰਦੇ । ਉਹ ਕਿਸੇ ਮੁਜਾਰੇ ਤੋਂ ਰਿਸ਼ਵਤ ਜਾਂ ਨਜਾਇਜ ਵਗਾਰ ਨਾ ਲੈਂਦਾ । ਸਗੋਂ ਹਰ ਇਕ ਦੀ ਲੋੜ ਪੂਰੀ ਕਰਦਾ । ਹਲ, ਫਲ, ਬੀਜ, ਬੋਹੜਾ, ਬਲਦ, ਵੱਛਾ ਸਭ ਪਾਸੇ ਖਿਆਲ ਰੱਖਦਾ ਅਤੇ ਕਿਸੇ ਕੋਲ ਜਿਸ ਚੀਜ਼ ਦੀ ਘਾਟ ਹੁੰਦੀ ਉਹ ਪੂਰੀ ਕਰਦਾ ।

ਕਾਦਰ ਉਤੇ ਜਗੀਰਦਾਰ ਵੀ ਖੁਸ਼ ਸੀ ਕਿਉਂਕਿ ਉਸਦੇ ਕੰਮ ਨੇ ਜਗੀਰਦਾਰ ਲਈ ਵੀ ਚੰਗੇ ਸਿੱਟੇ ਕੱਢੇ ਸਨ । ਕਈ ਵਾਰ ਹੁਸੈਨ ਬੀਬੀ ਰੋਟੀ ਪਕਾ ਉਡੀਕਦੀ ਰਹਿੰਦੀ ਅਤੇ ਕਈ ਕਈ ਵਾਰ ਆਪ ਵੀ ਭੁੱਖੀ ਹੀ ਸੌਂ ਜਾਂਦੀ ਕਿਉਂਕਿ ਕਾਦਰ ਦੇ ਮੁਜਾਰਿਆਂ ਨਾਲ ਚੰਗੇ ਸਬੰਧ ਹਿੱਤ ਉਹਦੇ ਰੁਝੇਵੇਂ ਵਧ ਗਏ ਸਨ । ਪਿਆਰ ਨਾਲ ਮੁਜਾਰੇ ਉਹਨੂੰ ਧਕੋ-ਧੱਕੀ ਰੋਟੀ ਖਾਣ ਤੇ ਮਜਬੂਰ ਕਰ ਦਿੰਦੇ । ਪਰ ਇਕ ਛੋਟੇ ਜਿਹੇ ਮੁਜਾਰਾ ਪਰਿਵਾਰ ਨਾਲ ਉਸਦਾ ਉਚੇਚਾ ਹਿੱਤ ਹੋ ਗਿਆ ।

ਸਾਦਕ ਦੇ ਪਰਿਵਾਰ ਦੇ ਪੰਜ ਜੀਅ ਸਨ । ਖ਼ੂਬਸੂਰਤ ਬੀਬੀ ਤਾਲਿਆਂ ਅਤੇ ਤਿੰਨ ਬੱਚੇ ਜਿਨ੍ਹਾਂ ਵਿੱਚ ਵੱਡਾ ਯੂਸਫ ਦਸ ਸਾਲਾਂ ਦਾ, ਛੋਟਾ ਰਫੀਕ ਅਤੇ ਛੋਟੀ ਕੁੜੀ । ਇਕ ਦਿਨ ਵੀ ਜੇ ਕਾਦਰ ਸਾਦਕ ਵੱਲ ਨਾ ਜਾਵੇ ਤਾਂ ਉਹ ਉਲਾਂਭਾ ਖੜਾ ਕਰ ਦਿੰਦੇ । ਪਰ ਹਾਕਮ ਹੋਰੀਂ ਹਰ ਨਿਸ਼ਾਨੇ ਤੀਰ ਮਾਰਨ ਲਈ ਸਿਸਤ ਬੰਨੀ ਰਖਦੇ ਸਨ । ਉਹਨਾਂ ਗੱਲ ਉਡਾਈ ਮੁਨਸ਼ੀ ਕਾਦਰ ਦਾ ਤਾਲਿਆਂ ਨਾਲ ਪੀਚ ਏ । ਅਤੇ ਜਦੋ ਇਸ ਗੱਲ ਦੀ ਭਿਣਕ ਕਾਦਰ ਦੇ ਕੰਨੀ ਪਈ ਤਾਂ ਉਸ ਸਾਦਕ ਹੋਰਾਂ ਵੱਲ ਜਾਣਾ ਛੱਡ ਦਿੱਤਾ । ਭਾਵੇਂ ਇਸ ਗੱਲ ਦਾ ਉਹਦੇ ਦਿਲ ਵਿਚ ਕਾਫੀ ਦੁੱਖ ਸੀ । ਕਈ ਦਿਨਾਂ ਬਾਅਦ ਸਾਮ ਵੇਲੇ ਉਹ ਸਾਦਕ ਦੇ ਬੂਹੇ ਕੋਲੋਂ ਲੰਘਣ ਲੱਗਾ ਤਾਂ ਸਾਦਕ ਨੇ ਵਾਜ ਮਾਰ ਲਈ । ਇਖਲਾਕਨ ਉਸਨੂੰ ਅੰਦਰ ਜਾਣਾ ਪਿਆ ।

"ਬਹਿ ਜਾ ।" ਅਤੇ ਬੈਠਦੇ ਨੂੰ ਹੀ ਸਾਦਕ ਨੇ ਪੁੱਛਿਆ, "ਸਾਡੇ ਨਾਲ ਕੋਈ ਨਰਾਜਗੀ ਏ ?"

"ਨਹੀਂ, ਨਹੀਂ, ਇਹੋ ਜਿਹੀ ਤਾਂ ਕੋਈ ਗੱਲ ਨਹੀਂ । ਨਰਾਜ਼ਗੀ ਕਾਹਦੀ ।

ਕੰਮ ਦੇ ਰੁਝੇਵੇਂ ਹੀ ਕਾਫੀ ਵੱਧ ਗਏ ਨੇ ।" ਨੀਵੀ ਜਿਹੀ ਪਾਈ ਕਾਦਰ ਨੇ ਫਿੱਕੀ ਜਿਹੀ ਮੁਸਕਾਨ ਮੂੰਹ ਤੇ ਲਿਆਂਦੀ ।

ਰੋਟੀ ਪਰੋਸਦੀ ਤਾਲਿਆਂ ਨੇ ਚੌਂਕੇ ਵਿਚੋ ਕਿਹਾ, "ਅੱਗੇ ਕਿਹੜਾ ਕੰਮ ਨਹੀਂ ਸੀ ਹੁੰਦਾ । ਕੋਈ ਗੱਲ ਤਾਂ ਜ਼ਰੂਰ ਏ । ਕਿਤੇ ਭਰਜਾਈ ਨੇ ਤਾਂ ਨਹੀਂ ਦਬਕ ਦਿੱਤਾ ?" ਅਤੇ ਨਾਲ ਹੀ ਦੋਹਾਂ ਅੱਗੇ ਰੋਟੀ ਲਿਆ ਰੱਖੀ ।

ਤਾਲਿਆਂ ਦੀ ਗੱਲ ਦਾ ਜਵਾਬ ਕਾਦਰ ਦਿੰਦਾ ਪਰ ਉਸ ਤੋਂ ਪਹਿਲਾਂ ਹੀ ਸਾਦਾ ਦਿਲ ਅਤੇ ਖੁੱਲੇ ਸੁਭਾਅ ਦੇ ਸਾਦਕ ਨੇ ਆਖਿਆ, "ਭਰਜਾਈ ਨੇ ਕੀ ਡੱਕਣਾ ਸੀ । ਮੈਂ ਦੱਸਦਾਂ ਤਾਲਿਆਂ, ਇਹਦਾ ਨਾਂ ਲੋਕਾਂ ਤੇਰੇ ਨਾਲ ਜੋੜ ਲਿਆ ਏ ।"

ਸਾਦਕ ਦੀ ਗੱਲ ਤੇ ਤਾਲਿਆਂ ਸੁਰਖ ਹੋ ਗਈ । ਪਰ ਸਾਦਕ ਗੱਲ ਤੋਰੀ ਰੱਖੀ, "ਤੂੰ ਤਾਲਿਆਂ, ਇੰਝ ਕਰ ਕੋਈ ਨੇੜੇ ਦੀ ਨਵੀ ਰਿਸ਼ਤੇਦਾਰੀ ਗੰਢ ਇਸਦੇ ਨਾਲ ।"

ਮੁਨਸੀ ਕਾਦਰ ਦੇ ਮੂੰਹ ਵਿਚ ਬੁਰਕੀ ਫੁੱਲ ਗਈ ।

ਪਰ ਸਾਦਕ ਨੇ ਕਿਹਾ, "ਕਿਸੇ ਵਾਸਤੇ ਭਾਵੇਂ ਮੁਹਸਲ ਹੋਵੇ ਸਾਡਾ ਤਾਂ ਘਰ ਵਾਗੂੰ ਏ, ਦਿਨ ਆਵੇ ਰਾਤ ਆਵੇ ਕਿਸੇ ਦਾ ਪਤਾ ਨਹੀਂ ਕਿਉਂ ਢਿੱਡ ਦੁੱਖਦਾ ਏ ?"

ਕਾਦਰ ਦਾ ਖਿਆਲ ਸੀ ਸਾਦਕ ਤਾਲਿਆਂ ਨੂੰ ਗੱਲ ਵੱਡੀ ਸਾਰੀ ਆਖ ਗਿਆ ਏ । ਸ਼ਾਇਦ ਤਾਲਿਆਂ ਬੁਰਾ ਮਹਿਸੂਸ ਕਰੇ । ਪਰ ਖੁਦਾ ਨੇ ਜਿੱਥੇ ਤਾਲਿਆਂ ਨੂੰ ਰੂਪ ਜਵਾਨੀ ਦਿੱਤੀ ਸੀ ਉਥੇ ਹਸਮੁੱਖ ਚਿਹਰਾ, ਖੁਸ਼ਾਦਾ ਅਤੇ ਖੁੱਲਾ ਸੁਭਾਅ ਵੀ ਦਿੱਤਾ ਸੀ । ਉਸ ਹੱਸ ਕੇ ਕਿਹਾ "ਲੋਕਾਂ ਦਾ ਨਹੀਂ, ਢਿੱਡ ਤਾਂ ਸਰੀਕਾਂ ਦਾ ਦੁੱਖਦਾ ਏ । ਕਾਦਰ ਹਾਂ ਤਾਂ ਕਰੇ ਇਕ ਵਾਰੀ । ਮੈਂ ਪੀਚਵੀਆਂ ਗੰਢਾਂ ਦੇ ਦੇਵਾਂ ।"

ਸਾਦਕ ਨੇ ਆਖਿਆ "ਤਾਲਿਆਂ, ਇਸ ਕੀ ਹਾਂ ਕਰਨੀ ਏ । ਇਸਦੇ ਥਾਂ ਮੈਂ ਜੁ ਹਾਂ ਕਰਨ ਵਾਲਾ ਹਾਂ ।"

ਤੇ ਸੱਚ ਮੁੱਚ ਅਗਲੇ ਦਿਨ ਤਾਲਿਆਂ ਪੇਕੇ ਗਈ ਅਤੇ ਛੋਟੀ ਭੈਣ ਰਾਬਿਆਂ ਦਾ ਸਾਕ ਲੈ ਆਈ ।

ਫਿਰ ਸ਼ਗਨ ਝੋਲੀ ਪਾਉਂਦਿਆਂ ਤਾਲਿਆਂ ਨੇ ਕਾਦਰ ਦੇ ਚੂੰਡੀ ਵੱਢੀ । "ਲੈ ਰਾਬਿਆਂ ਤਾਂ ਰੂਪ ਵਿਚ ਮੈਥੋਂ ਵੀ ਦੋ ਕਣ ਵਾਧੂ ਏ । ਪਰ ਘਰ ਨਾ ਭੁੱਲ ਜਾਵੀਂ । ਲੋਕੀ ਕਹਿੰਦੇ ਨੇ ਸਾਲੀ ਅੱਧੀ ਘਰਵਾਲੀ ਅਤੇ ਭਣੂਜਾ ਖਸਮ ਦੂਜਾ ।"

ਸਾਰੇ ਪਿੰਡ ਵਿਚ ਪਤਾਸੇ, ਸੱਕਰ ਦੀਆਂ ਚੰਗੇਰਾਂ ਘੁੰਮ ਗਈਆਂ । ਪਰ ਹਾਕੂ ਹੋਰਾਂ ਨੂੰ ਤਾਂ ਸੱਕਰ ਜਹਿਰ ਵਾਂਗ ਲੱਗੀ ।

ਉਸ ਦਿਨ ਪਿਛੋਂ ਮੁਨਸ਼ੀ ਕਾਦਰ ਦਾ ਉਸ ਘਰ ਨਾਲ ਹੋਰ ਵੀ ਡੂੰਘਾ ਮੋਹ ਹੋ ਗਿਆ । ਫਿਰ ਵਿਆਹ ਦਾ ਦਿਨ ਮਿਥਣ ਲਈ ਭੱਜੋ-ਨੱਠ ਸ਼ੁਰੂ ਹੋਈ ਕਿ ਸਾਦਕ ਨੂੰ ਸੂਕ ਦਾ ਮੋਹਰਕਾ ਤਾਪ ਚੜ੍ਹ ਗਿਆ । ਕਾਦਰ ਨੇ ਭੱਜੂ ਨੱਠੀ ਵਿਚ ਦਿਨ ਰਾਤ ਇਕ ਕਰ ਦਿੱਤਾ । ਖਰਚਾ ਵੀ ਬਹੁਤ ਕੀਤਾ । ਪਰ ਤਾਪ ਸੀ ਕਿ ਜਾਨ ਲੈ ਕੇ ਹੀ ਗਿਆ । ਬੰਦਾ ਕੀ-ਕੀ ਬਾਨਣੂ ਬੰਨਦਾ ਏ ਪਰ ਭਾਵੀ ਆਪਣਾ ਹੀ ਚੱਕਰ ਕਾਇਮ ਰੱਖਦੀ ਏ । ਤਾਂ ਹੀ ਤਾਂ ਕਿਸੇ ਸਾਇਰ ਨੇ ਕਿਹਾ ਹੈ ਕਿ :

ਆਗਾਹ ਅਪਨੀ ਮੌਤ ਸੇ ਕੋਈ ਬਸ਼ਰ ਨਹੀਂ
ਸਾਮਾਨ ਸੋ ਬਰਸ ਕਾ ਕਲ ਕੀ ਖਬਰ ਨਹੀਂ ।

ਚੰਗਾ ਭਲਾ ਖੁਸ਼ੀਆਂ ਭਰਿਆ ਘਰ ਸੋਗ ਵੱਸ ਹੋ ਗਿਆ । ਭੋਇੰ-ਭਾਂਡਾ ਤਾਂ ਹੈ ਨਹੀਂ ਸੀ । ਖੇਤੀ ਵਟਾਈ ਤੇ ਕਰਦੇ ਸਨ । ਕਮਾਉਣ ਵਾਲਾ ਮਰ ਗਿਆ । ਪਿੱਛੇ ਨਿੱਕੇ-ਨਿੱਕੇ ਤਿੰਨ ਬਾਲ ਤੇ ਜਵਾਨ ਵਿਧਵਾ ਤਾਲਿਆਂ । ਖੇਤੀ ਕਿਸ ਕਰਨੀ ਸੀ ਬਲਦ, ਵੱਛਾ ਵੇਚ ਦਿੱਤਾ । ਇਕ ਮੱਝ ਲੈ ਲਈ । ਘਰ ਦਾ ਦੁੱਖ ਵਡਾਉਣ ਵਿਚ ਕਾਦਰ ਨੇ ਪੂਰਾ-ਪੂਰਾ ਸਾਥ ਦਿੱਤਾ । ਘਰ ਵਿਚ ਕੀ ਚਾਹੀਦਾ ਏ ? ਕਿਸਨੂੰ ਕਿਸ ਚੀਜ਼ ਦੀ ਲੋੜ ਏ ? ਸਭ ਜ਼ਿੰਮੇਵਾਰੀ ਕਾਦਰ ਨੇ ਆਪਣੇ ਸਿਰ ਲੈ ਲਈ । ਮੱਝ ਲਈ ਪੱਠੇ ਯੂਸਫ ਕਾਦਰ ਦੇ ਖੇਤੋਂ ਹੁਸ਼ੈਨ ਬੀਬੀ ਨਾਲ ਲੈ ਆਉਂਦਾ ਅਤੇ ਹੁਸੈਨ ਬੀਬੀ ਦੇ ਨਾਲ ਦੋਹਾਂ ਮੱਝਾਂ ਨੂੰ ਖਵਾਂਦਾ ਜੋ ਕਿ ਹੁਣ ਕੱਠੀਆਂ ਹੀ ਚਰ-ਫਿਰ ਆਉਂਦੀਆਂ ਜਿਨ੍ਹਾਂ ਨੂੰ ਯੂਸਫ ਹੀ ਸੜਕ ਬੰਨ੍ਹੇ ਫੇਰ ਲਿਆਉਂਦਾ ।

ਹਾਕਮ ਹੋਰਾਂ ਨੂੰ ਤਾਂ ਕੋਈ ਨਾ ਕੋਈ ਮੌਕਾ ਉਂਗਲੀ ਫਸਾਣ ਲਈ ਚਾਹੀਦਾ ਸੀ । ਉਹਨਾਂ ਤਾਲਿਆਂ ਦੇ ਪੇਕੇ ਜਾ ਲੱਤ ਫਸਾਈ । "ਉਏ ਭਲਿਉ ਲੋਕੋ, ਕਾਦਰ

ਪੁੱਤ ਭਰਾ ਤਾਂ ਸਾਡਾ ਹੀ ਏ । ਪਰ ਤੁਸਾਂ ਕੀ ਵੇਖਿਆ । ਠੀਕ ਏ ਅੱਠ ਘੁਮਾ ਜਮੀਨ ਏ ਪਰ ਜਰਾ ਸੋਚੋ ਦਿਨ ਦੀਵੀਂ ਉਹ ਤਾਲਿਆਂ ਨਾਲ ਰਹਿੰਦੈ । ਉਤੋਂ ਤੁਸੀ ਕਵਾਰਾ ਸਾਕ ਚੜਾਈ ਜਾਂਦੇ ਓ । ਹਨੇਰ ਸਾਈਂ ਦਾ । ਇਕੋ ਘਰ ਤੇ ਇਕੋ ਬੰਦਾ ਅਤੇ ਦੋ-ਦੋ ਜਨਾਨੀਆਂ । ਉਹ ਵੀ ਸਕੀਆਂ ਭੈਣਾਂ ।"

ਸੈਤਾਨ ਦਾ ਤੀਰ ਨਿਸ਼ਾਨੇ ਤੇ ਵੱਜਾ ਅਤੇ ਉਹਨਾਂ ਰਾਬਿਆਂ ਦੇ ਰਿਸ਼ਤੇ ਤੋਂ ਸਿਰ ਫੇਰ ਦਿੱਤਾ ।

ਤਾਲਿਆਂ ਦੇ ਅੰਦਰ ਭਾਂਬੜ ਮੱਚ ਉਠਿਆ । ਮਾਪਿਆਂ ਕੋਲ ਗਈ । ਪਰ ਅੱਗੋਂ ਉਹਨਾਂ ਦੀਆਂ ਕੌੜੀਆਂ ਗੱਲਾਂ ਤੇ ਬੇ-ਬੁਨਿਆਦ ਤੁਹਮਤਾਂ ਸੁਣ ਕੇ ਰੋਣ ਹਾਕੀ ਹੋ ਗਈ । ਜਦੋਂ ਕੋਈ ਮਿੰਨਤ, ਸਮਾਜਤ ਤੇ ਸਫਾਈ ਨਾ ਚੱਲੀ ਤਾਂ ਤਾਲਿਆਂ ਨੇ ਧਮਕੀ ਜਿਹੀ ਦਿੱਤੀ । ਸਾਇਦ ਸਿੱਧੇ ਰਾਹ ਪੈ ਜਾਣ, "ਚੰਗਾ ਤੁਹਾਂਡੀ ਮਰਜੀ । ਜੇ ਮੇਰੇ ਖੁਦਾ ਨੂੰ ਮਨਜ਼ੂਰ ਹੋਇਆ ਅਤੇ ਕਾਦਰ ਦੀ ਮਰਜ਼ੀ ਹੋਈ ਤਾ ਮੈਂ ਕਾਦਰ ਨਾਲ ਚਾਦਰ ਪਾ ਕੇ ਤੁਹਾਡੀ ਝੂਠੀ ਤੁਹਮਤ ਨੂੰ ਸੱਚ ਕਰ ਦਿਆਂਗੀ । ਪਰ ਮੇਰੀ ਇੰਨੀ ਗੱਲ ਯਾਦ ਰੱਖਿਓ ਜਿਨ੍ਹਾਂ ਕਮੀਨਿਆਂ ਨੇ ਤੁਹਾਨੂੰ ਸੀਖ ਦਿੱਤੀ ਏ ਉਹਨਾਂ ਕਮੀਨਿਆਂ ਦੇ ਕਮੀਨੇ ਇਰਾਦੇ ਪੂਰੇ ਨਹੀ ਹੋਣ ਦਿਆਂਗੀ ।" ਇਹ ਕਹਿੰਦੀ-ਕਹਿੰਦੀ ਘਰੋਂ ਬਾਹਰ ਨਿਕਲ ਗਈ । "ਅੱਜ ਤੋਂ ਤੁਸੀ ਮੇਰੇ ਲਈ ਮਰ ਗਏ ਅਤੇ ਮੈਂ ਤੁਹਾਡੇ ਲਈ ਮਰ ਗਈ ।" ਤਾਲਿਆਂ ਦਾ ਖਿਆਲ ਸੀ ਸ਼ਾਇਦ ਮੋਮਬੱਤੀ ਵਾਂਗ ਪਿੰਘਰ ਜਾਣ ਪਰ ਉਹ ਵੀ ਚੰਦਰੇ ਚੰਡਾਲ ਦੇ ਚੂੰਡੇ ਹੋਏ ਪੂਰੇ ਢੀਠ ਨਿਕਲੇ ।

ਹਾਕੂ ਹੋਰਾਂ ਸਾਰੇ ਪਿੰਡ ਵਿਚ ਮਾਘਾ ਜਿਹਾ ਪਾ ਦਿੱਤਾ ਜਿਸਦਾ ਦੁੱਖ ਸਾਰੇ ਮੁਜਾਰਾ ਪਰਿਵਾਰਾਂ ਨੇ ਕਾਫੀ ਮੰਨਿਆ ।

ਹੁਸੈਨ ਬੀਬੀ ਨੂੰ ਤਾਲਿਆਂ ਨੇ ਆਖਿਆ, "ਬੀਬੀ, ਹਾਕੂ ਹੋਰਾਂ ਨੇ ਕਿਤੇ ਪੱਟੀ ਨਹੀਂ ਬੱਝਣ ਦੇਣੀ । ਜੇ ਤੁਸੀਂ ਕਹੋ ਤਾਂ ਮੈਂ ਕਾਦਰ ਨਾਲ ਚਾਦਰ ਪਾ ਕੇ ਇਹਨਾਂ ਦੇ ਮੂੰਹ ਸਦਾ-ਸਦਾ ਲਈ ਬੰਦ ਕਰ ਦੇਵਾਂ ਜੇ -ਜੇ ਤੁਸੀ ਬੋਝ ਨਾ ਸਮਝੋ ਤਾਂ ?"

ਹੂਸੈਨ ਬੀਬੀ ਤਾਂ ਪਹਿਲਾ ਹੀ ਚਾਹੁੰਦੀ ਸੀ ਕਿ ਜੇ ਕਿਤੇ ਤਾਲਿਆਂ ਸਾਡੇ ਵਿਹੜੇ ਦਾ ਸਿੰਗਾਰ ਬਣ ਜਾਵੇ ਅਤੇ ਉਹ ਤਾਲਿਆਂ ਦੇ ਬੱਚਿਆਂ ਨੂੰ ਵੀ ਬੜਾ

ਪਿਆਰ ਕਰਦੀ ਸੀ । ਪਰ ਸੁਲਝੀ-ਸਿਆਣੀ ਜਨਾਨੀ ਹੋਣ ਦੇ ਨਾਤੇ ਉਸ ਤਾਲਿਆਂ ਨੂੰ ਕਿਹਾ, "ਜਿਉ ਸੱਦ ਕੇ ਤਾਲਿਆਂ । ਜਿਵੇਂ ਤੂੰ ਕਹਿੰਦੀ ਏ ਉਸੇ ਤਰ੍ਹਾਂ ਹੀ ਹੋਵੇਗਾ । ਪਰ ਜਰਾ ਸੋਗ ਦੇ ਦਿਨ ਲੰਘ ਜਾਣ ਦੇ । ਨਾਲੇ ਜਰਾ ਗੱਲ ਠੰਡੀ ਪੈ ਜਾਵੇ ।" ਦੋਹਾਂ ਨੇ ਅੰਦਰੋ-ਅੰਦਰ ਗੱਲ ਪੱਕੀ ਕਰ ਲਈ ਕਿ ਕੁਝ ਦਿਨਾਂ ਬਾਅਦ ਭਾਵੀ ਇਕ ਹੋਰ ਚੱਕਰ ਚਲਾ ਗਈ ।

ਖੇਤਾਂ ਵਿਚ ਫਿਰਦਾ-ਫਿਰਦਾ ਕਾਦਰ ਤੀਜੀ ਕੁ ਪੈਹਰ ਰੋਹੀ ਵਿਚ ਘਾਹ ਦੀ ਰਾਖਵੀਂ ਰੱਖ ਵਲ ਗਿਆ ਤਾਂ ਰੱਖ ਵਲੋਂ ਘੋੜਾ ਭਜਾਈ ਜਗੀਰਦਾਰ ਉਹਦੇ ਵੱਲ ਆਇਆ । ਪਰ ਰੱਖ ਵਿਚ ਦੋ ਮੱਝਾਂ ਨਾਲੋ ਨਾਲ ਚੁਗ ਰਹੀਆਂ ਸਨ । ਉਸ ਗੌਹ ਨਾਲ ਵੇਖਿਆ । ਮੱਝਾਂ ਤਾਂ ਉਹਨਾਂ ਦੀਆਂ ਸਨ । ਯੂਸਫ ਲੈ ਆਇਆ ਜਾਂ ਅਵਾਰਾ ਹੋ ਆਈਆਂ । ਪਹਿਲਾਂ ਤਾਂ ਉਹ ਕਦੀ ਨਹੀਂ ਸੀ ਇਧਰ ਆਈਆਂ । ਜਗੀਰਦਾਰ ਕੋਲ ਆ ਗਿਆ ਅਤੇ ਕਿਹਾ, "ਕਾਦਰਾ, ਉਹ ਮੱਝਾਂ ਵਲ ਕੇ ਫਾਟਕ ਪਹੁੰਚਾ ਦੇ । ਪਤਾ ਨਹੀਂ ਕਿਸ ਦੀਆਂ ਨੇ ।"

ਕਾਦਰ ਨੇ ਪੁੱਛਿਆ, "ਨਾਲ ਕੋਈ ਪਾਲੀ ਨਹੀਂ ?"

"ਹੈ ਇੱਕ ਮੁੰਡਾ । ਸਾਲੇ ਜੰਮਦੇ ਪਿੱਛੋਂ ਨੇ, ਵੱਗ ਚਾਰਨ ਪਹਿਲਾਂ ਤੁਰ ਪੈਂਦੇ ਨੇ । ਪਤਾ ਨਹੀ ਕੀਹਦਾ ਏ ? ਮੈਂ ਦੋ ਲਾਈਆਂ ਤਾਂ ਘੇਸ ਵੱਟ ਕੇ ਪੈ ਗਿਆ । ਬੜੇ ਹਰਾਮੀ ਹੁੰਦੇ ਨੇ ਇਹ ਲੋਕੀਂ ।"

ਇਸ ਤੋਂ ਪਹਿਲਾਂ ਕਿ ਕਾਦਰ ਕੁਝ ਬੋਲਦਾ ਜਗੀਰਦਾਰ ਨੇ ਘੋੜੇ ਨੂੰ ਅੱਡੀ ਲਾਈ ਤੇ ਪਿੰਡ ਵੱਲ ਸਰਪਟ ਹੋ ਗਿਆ । ਕਾਦਰ ਹੁਲੀ ਕਰ ਕੇ ਯੂਸਫ ਦੇ ਕੋਲ ਗਿਆ ਤਾਂ ਉਹ ਬੇਹੋਸ਼ ਪਿਆ ਸੀ । ਸਾਇਦ ਜਗੀਰਦਾਰ ਨੇ ਠੁੱਡੇ ਮਾਰੇ ਸਨ, ਜੋ ਵੱਖੀ ਵਿਚ ਕਿਤੇ ਕਸੂਤੀ ਥਾਂ ਲੱਗੇ ਹੋਣ । ਬੇਹੋਸ਼ ਪਏ ਯੂਸਫ ਦੇ ਹੱਥ ਇਹਨਾਂ ਦੋਹਾਂ ਥਾਵਾਂ ਤੇ ਸਨ । ਉਸ ਬੇਹੋਸ਼ ਯੂਸਫ ਨੂੰ ਗੋਦੀ ਚੁੱਕ ਲਿਆ ਅਤੇ ਖਾਲ ਤੇ ਲੈ ਆਇਆ । ਚੂਲੀ ਨਾਲ ਮੂੰਹ ਵਿਚ ਪਾਣੀ ਪਾਇਆ । ਛਿੱਟੇ ਮਾਰੇ ਪਰ ਉਜੜੇ ਘਰ ਦਾ ਚਿਰਾਗ ਬੁੱਝ ਚੁਕਾ ਸੀ । ਪਾਣੀ ਕਿੱਥੋਂ ਲੰਘਣਾ ਸੀ । ਪਲ ਭਰ ਪਹਿਲਾਂ ਮਹਿਕਦਾ ਟਹਿਕਦਾ ਫੁੱਲ ਮੁਰਝਾ ਗਿਆ ਸੀ । ਕਾਦਰ ਭੁੱਬਾਂ ਮਾਰ ਕੇ ਰੋ ਪਿਆ ।

ਚਾਰ ਚੁਫੇਰੇ ਕਈ ਮੁਜਾਰੇ ਉਸਦੇ ਨਾਲ ਆ ਰਲੇ । ਚਾਰ ਚੁਫੇਰੇ ਹਾ-ਹਾ ਕੁਰਲਾਹਟ ਮਚ ਗਈ ।

ਅਤੇ ਜਦ ਯੂਸਫ ਦੀ ਲਾਸ਼ ਵਿਹੜੇ ਵਿਚ ਕਾਦਰ ਨੇ ਲਿਆਂਦੀ ਤਾਂ ਤਾਲਿਆਂ ਦੀ ਤਰਸਯੋਗ ਹਾਲਤ ਉਸ ਤੋਂ ਝੱਲੀ ਨਾ ਗਈ । ਉਹ ਮੂੰਹੋ ਕੁਝ ਬੋਲਣ ਹੀ ਲੱਗਾ ਸੀ ਕਿ ਤਾਲਿਆਂ ਨੇ ਚੀਕ ਕੇ ਕਿਹਾ, "ਖਬਰਦਾਰ ਕਮੀਨਿਆਂ, ਕੁੱਤਿਆ, ਕਾਤਲਾ ਨਿਕਲ ਜਾਹ ਮੇਰੇ ਘਰ ਤੋਂ ਬਾਹਰ, ਖ਼ਬਰਦਾਰ ! ਜੇ ਮੂੰਹੋ ਕੁੱਝ ਗੱਲ ਕੱਢੀ ਤਾਂ ਮੈਥੋਂ ਬੁਰਾ ਕੋਈ ਨਹੀਉਂ ।" ਅਤੇ ਅਚੇਤ ਹੀ ਉਸਦਾ ਹੱਥ ਸਬਜੀ ਚੀਰਨ ਵਾਲੀ ਛੁਰੀ ਨੂੰ ਪੈ ਗਿਆ । ਪਰ ਉਹ ਕ੍ਰੋਧ ਵਿਚ ਨੀਮ ਬੇਹੋਸ਼ ਜਿਹੀ ਹੋ ਗਈ । ਤਾਲਿਆਂ ਨੂੰ ਲੋਕ ਸੰਭਾਲ ਨਾ ਲੈਂਦੇ ਤਾ ਤਿੱਖੀ ਛੁਰੀ ਗੁੰਮ-ਸੁੰਮ ਕਾਦਰ ਦੇ ਪੇਟੋਂ ਲੰਘ ਜਾਂਦੀ ।

ਕਾਦਰ ਤੇ ਦੋਹਰਾ-ਤੀਹਰਾ ਅਸਰ ਪਿੰਆ ਅਤੇ ਉਹ ਗੁੰਮ ਸੁੰਮ, ਬਿਨਾਂ ਕੁਝ ਬੋਲੇ ਬੂਹੇ ਤੋਂ ਬਾਹਰ ਨਿਕਲ ਗਿਆ । ਉਦੋਂ ਹਾਕਮ ਦੇ ਘਰ ਵਾਲੀ ਤਾਲਿਆਂ ਦੇ ਕੋਲ ਖਲੋਤੀ ਸੀ । ਉਸਦਾ ਬਿਨਾਂ ਪੀੜ ਤੋਂ ਚਿਹਰਾ ਕਈ ਵਾਰ ਉਹਦੀਆਂ ਅੱਖਾਂ ਅੱਗੇ ਘੁੰਮ ਗਿਆ । ਉਹ ਨੀਮ ਬੇਹੋਸ਼ ਜਿਹਾ ਘਰ ਆਇਆ ।

ਸਿਰ ਪਟਕਦੀ ਹੁਸੈਨ ਬੀਬੀ ਨੇ ਕਿਹਾ, "ਵੇ ਕਾਦਰਾ, ਇਹ ਕੀ ਹੋਇਆ ? ਤੂੰ ਤਾਂ ਇਹੋ ਜਿਹਾ ਨਹੀਂ ਸੀ ।"

ਕਾਦਰ ਗੁੰਮ ਸੁੰਮ ਦੋਹਰੀ ਤੈਹਰੀ ਸੱਟ ਦਾ ਮਾਰਿਆ ਚੁੱਪ ਬੈਠਾ ਰਿਹਾ । ਤਾਲਿਆਂ ਵਲੋਂ ਕਾਤਲ ਦਾ ਫਤਵਾ ਉਸਨੂੰ ਗੂੰਗਾ ਹੀ ਕਰ ਗਿਆ । ਕੀ ਜੇ ਮੈਂ ਹੁਣ ਕੋਈ ਗੱਲ ਮੂੰਹੋਂ ਕੱਢਾਂ, ਸਫਾਈ ਦੇਵਾਂ ਤਾਂ ਕੌਣ ਮੰਨੇਗਾ ਮੇਰੇ ਸੱਚ ਨੂੰ ।

ਹਾਕੂ ਹੁਰੀ ਤਾਂ ਘੋੜੀਆਂ ਭਜਾ ਥਾਣੇ ਵੀ ਪਹੁੰਚ ਗਏ ਸਨ । ਅਤੇ ਦਿਨ ਛਿਪਦੇ ਨੂੰ ਕਾਦਰ ਹੱਥਕੜੀ ਨਾਲ ਨਰੜਿਆ ਥ਼ਾਣੇ ਦੀ ਹਵਾਲਾਤ ਵਿਚ ਸੀ ।

ਅਫਸੋਸ ! ਸਦ ਅਫਸੋਸ ! ਓ ਹੋ, ਕੀ ਸੀ ਤੇ ਕੀ ਹੋ ਗਿਆ ? ਕਾਸ਼ ! ਤਾਲਿਆਂ ਮੈਨੂੰ ਕਾਤਲ ਥਾਪਣ ਤੋ ਪਹਿਲਾ ਕੋਈ ਗੱਲ ਕਹਿ ਲੈਣ ਦਿੰਦੀ ।

ਜਗੀਰਦ਼ਾਰ ਚੁੱਪ ਸੀ । ਪਿੰਡ ਦੇ ਲੋਕ ਇਹ ਗੱਲ ਕਹਿੰਦੇ ਸਨ ਕਿ ਕਾਦਰ ਨਿਰਦੋਸ਼ ਏ । ਉਹ ਇਹ ਕੰਮ ਨਹੀ ਕਰ ਸਕਦਾ । ਉਹ ਤਾਂ ਤਾਲਿਆਂ

ਦੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਸੀ । ਪਰ ਹਾਕੂ ਹੁਰਾਂ ਦਾ ਪ੍ਰਚਾਰ ਸੀ, "ਓ ਭਾਈ ਤੁਹਾਨੂੰ ਕੀ ਪਤਾ ਏ । ਪਹਿਲਾਂ ਤਾਂ ਕਾਦਰ ਨੂੰ ਤਾਲਿਆਂ ਤੇ ਗੁੱਸਾ ਸੀ ਕਿ ਰਿਸ਼ਤਾ ਉਹ ਛੁਡਾ ਕੇ ਆਈ ਏ । ਫਿਰ ਉਸ ਸਕੀਮ ਬਣਾ ਲਈ ਕਿ ਤਾਲਿਆਂ ਦੇ ਬੱਚਿਆਂ ਨੂੰ ਖਤਮ ਕਰਕੇ ਤਾਲਿਆਂ ਤੇ ਚਾਦਰ ਪਾ ਲਵਾਂ ।"

ਉਸ ਦਿਨ ਪਿਛੋਂ ਹਾਕੂ ਦੀ ਘਰ ਵਾਲੀ, ਕਦੀ ਨੂਹਾਂ, ਕਦੀ ਧੀਆਂ ਸਾਏ ਵਾਂਗ ਤਾਲਿਆਂ ਦੇ ਕੋਲ ਰਹਿੰਦੀਆਂ । ਏਥੋਂ ਤੱਕ ਕਿ ਇਕ ਕਦੀ ਦੋ ਤਾਂ ਸੌਂ ਵੀ ਉਥੇ ਹੀ ਜਾਂਦੀਆਂ ।

ਜੇਲ ਵਿਚ ਬੈਠਾ ਕਾਦਰ ਇਹ ਸੋਚਦਾ ਰਹਿੰਦਾ ਕਿ ਸਾਇਦ ਤਾਲਿਆਂ ਦੀ ਸੋਚ ਕਦੇ ਜਾਗ ਪਏ । ਅਸਲੀਅਤ ਉਸਨੂੰ ਪਤਾ ਲਗ ਜਾਵੇ । ਤੇ ਉਹ ਮੈਨੂੰ ਬੇ ਦੋਸ਼ਾ ਕਰਾਰ ਦੇ ਦੇਵੇ । ਹਾਕੂ ਹੋਰਾਂ ਵਲੋਂ ਰਪਟ ਤੇ ਥਾਣੇ ਵਾਲਿਆਂ ਤਾਂ ਸਿੱਧਾ ਕੇਸ ਉਸ ਉਪਰ ਮੜ੍ਹ ਦਿੱਤਾ ਸੀ । ਕਈ ਮੁਲਾਕਾਤੀ ਆਏ ਪਰ ਉਸ ਕਿਸੇ ਨਾਲ ਗੱਲ ਨਾ ਕੀਤੀ ਸਿਵਾਏ ਅੱਲਾ ਦੀ ਰਜ਼ਾ ਦੇ । ਪਰ ਹੁਸੈਨ ਬੀਬੀ ਨੂੰ ਇੰਨਾਂ ਦੱਸਿਆ ਸੀ, "ਭਾਬੀ, ਮੈਂ ਦੂਰ ਸਾਂ । ਨਾ ਮੇਰਾ ਉੱਧਰ ਖਿਆਲ ਸੀ ਜਿੱਥੇ ਯੂਸਫ ਮੱਝਾਂ ਚਾਰਦਾ ਸੀ । ਜਗੀਰਦਾਰ ਨੇ ਮੈਨੂੰ ਕਿਹਾ ਉਹ ਮੱਝਾਂ ਵਲ ਕੇ ਫਾਟਕ ਵਲ ਕਰ ਆਵੇ । ਉਸ ਇਹ ਵੀ ਕਿਹਾ ਕਿ ਇਕ ਮੁੰਡਾ ਏ । ਮੈਂ ਦੋ ਲਾਈਆਂ ਤੇ ਘੇਸ ਵੱਟ ਕੇ ਪੈ ਗਿਆ । ਹੁਣ ਮੈਨੂੰ ਨਹੀਂ ਪਤਾ ਜਗੀਰਦਾਰ ਨੇ ਕਿੰਨੇ ਅਤੇ ਕਿੱਥੇ ਠੁਡੇ ਮਾਰੇ । ਮੈਂ ਜਦ ਉਸ ਕੋਲ ਗਿਆ ਤਾਂ ਉਹ ਆਖਰੀ ਸਾਹਾਂ ਤੇ ਸੀ । ਮੈਂ ਹੁਣ ਜੇ ਕੋਈ ਗੱਲ ਮੂੰਹੋ ਕੱਢਦਾ ਤਾਂ ਕਿਸ ਸੱਚ ਮੰਨਣਾ ਸੀ ਕਿਉਂਕਿ ਤਾਲਿਆਂ ਨੇ ਦੁੱਖ ਅਤੇ ਕ੍ਰੋਧ ਵਿਚ ਮੈਨੂੰ ਕਾਤਲ ਥਾਪ ਕੇ ਮੂੰਹ ਬੰਦ ਕਰ ਦਿੱਤਾ ।"

ਹੁਸੈਨ ਬੀਬੀ ਕਾਦਰ ਦੀ ਪੁਜੀਸ਼ਨ ਸਮਝਦੀ ਸੀ । ਉਹਦਾ ਸੁਭਾਅ ਜਾਣਦੀ ਸੀ । ਉਹ ਤਾਂ ਕੀੜੀ ਮਾਰ ਕੇ ਰਾਜ਼ੀ ਨਹੀਂ ਸੀ । ਏਨਾ ਪਾਪ ਕਿਵੇਂ ਕਰ ਸਕਦਾ ਸੀ । ਮਨ ਹੀ ਮਨ ਸਾਇਦ ਬਾਅਦ ਵਿਚ ਤਾਲਿਆਂ ਨੇ ਵੀ ਸੋਚਿਆ ਹੋਵੇ ਪਰ ਉਹਦੇ ਆਸੇ ਪਾਸੇ ਹਾਕਮ ਦੇ ਪਰਿਵਾਰ ਨੇ ਤੰਦੂਏ ਤੰਦ ਪਾਈ ਹੋਈ ਸੀ । ਪਰ ਇਕ ਗੱਲ ਜ਼ਰੂਰ ਸੀ ਉਹ ਪਹਿਲੇ ਦਿਨ ਦੇ ਕੁਰੱਖਤ ਬੋਲਾਂ ਪਿਛੋਂ ਉਸ ਕਦੀ

ਕਾਦਰ ਦਾ ਜਿਕਰ ਨਾ ਕੀਤਾ । ਨਾਂ ਹੀ ਕਦੀ ਕੰਨ ਭਰਵੀਆਂ ਗੱਲਾਂ ਵਿਚ ਹੂੰ ਹਾਂ ਕੀਤੀ ਜਿਹੜੀਆਂ ਕਾਦਰ ਬਾਰੇ ਨਿਤ ਦਿਨ ਹਾਕੂ ਦੀ ਘਰ ਵਾਲੀ ਤੇ ਨੂੰਹਾਂ ਕਦੀ-ਕਦੀ ਹਾਕੂ ਵੀ ਕਰ ਆਉਂਦਾ ਸੀ । ਉਹ ਵੀ ਗੁੰਮ-ਸੁੰਮ ਅਤੇ ਚੁੱਪ ਹੀ ਰਹਿੰਦੀ ।

ਹਾਕੂ ਹੋਰਾਂ ਮੌਕੇ ਦਾ ਗਵਾਹ ਤਾਲਿਆਂ ਨੂੰ ਹੀ ਲਿਖਵਾਇਆ ਸੀ ਅਤੇ ਦੋ ਤਿੰਨ ਉਹ ਆਪ ਸਨ ਜਿਨ੍ਹਾਂ ਦੂਰੋਂ ਵੇਖਿਆ ਤੇ ਨੱਠ ਕੇ ਪਹੁੰਚੇ । ਆਖਰ ਤਿੰਨ ਮਹੀਨਿਆਂ ਬਾਅਦ ਪੇਸ਼ੀ ਦਾ ਦਿਨ ਨੇੜੇ ਆਇਆ । ਹਾਕਮ ਹੋਰਾਂ ਨੂੰ ਤਾਲਿਆਂ ਦੇ ਨਾਲ ਉਚੇਚੀ ਹਮਦਰਦੀ ਜਾਗੀ ਹੋਈ ਸੀ ।

ਖੰਗੂਰੇ ਮਾਰਦਾ ਲੰਗਾ ਹਾਕੂ ਖੂੰਡੀ ਟੇਕਦਾ ਤਾਲਿਆਂ ਦੇ ਵਿਹੜੇ ਵੜਿਆ । ਘੁੰਡ ਕੱਢੀ ਬੈਠੀ ਤਾਲਿਆਂ ਦੀ ਪਿੱਠ ਪਿੱਛੇ ਖਲੋ ਗਿਆ ਤੇ ਕਿਹਾ , "ਲੈ ਪੁੱਤਰ ਤਾਲਿਆਂ ਬੀਬੀ, ਹੁਣ ਸਭ ਕੁਝ ਤੇਰੀ ਗਵਾਹੀ ਤੇ ਨਿਰਭਰ ਏ । ਭਾਵੇਂ ਕਾਦਰ ਪੁੱਤਰ ਤਾਂ ਸਾਡਾ ਈ ਏ । ਪਰ ਉਸ ਪਾਪ ਹੀ ਇਹੋ ਜਿਹਾ ਕੀਤਾ ਏ ਜਿਹੜਾ ਕਦੀ ਮਾਫ ਨਹੀਂ ਹੋ ਸਕਦਾ । ਅੱਵਲ ਤਾਂ ਲੱਗੇਗਾ ਫਾਹੇ । ਨਹੀਂ ਚੌਦਾਂ ਸਾਲ ਕਾਲੇ ਪਾਣੀ ਤਾਂ ਵੱਟ ਤੇ ਪਏ ਨੇ । ਨਾਲੇ ਪੁੱਤਰ, ਸੰਗੀ ਸੁੰਗੀ ਨਾ । ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਮੰਗ ਕੇ ਲੈ ਲਵੀਂ । ਰੱਬ ਦਾ ਦਿੱਤਾ ਬਹੁਤ ਕੁਝ ਏ। ਅੱਲਾ ਦੇ ਫਜਲ ਨਾਲ ਕੋਈ ਘਾਟਾ ਨਹੀਂ ।"

ਹਾਕਮ ਦੀ ਸਮੁੱਚੀ ਗਲ ਤਾਲਿਆਂ ਨੂੰ ਝੰਜੋੜ ਗਈ । ਫਾਂਸੀ । ਉਹਨੂੰ ਆਪਣਾ ਹੀ ਸਾਹ ਰੁੱਕਦਾ ਮਹਿਸੂਸ ਹੋਇਆ ਜਾਂ ਕਾਲੇ ਪਾਣੀ ਸਭ ਉਜਾੜ । ਕੀ ਕਹਾਂ ਕੀ ਨਾ ਕਹਾਂ । ਮਨ ਹੀ ਮਨ ਸੋਚਾਂ ਦੀ ਦੌੜ ਲਗ ਗਈ । ਸੋਚ ਹੀ ਰਹੀ ਸੀ ਕਿ ਮਹਾ ਫਫੇਕੁੱਟਣੀ ਹਾਕੂ ਦੇ ਘਰ ਵਾਲੀ ਆ ਬੈਠੀ :

"ਪੁੱਤਰ ਧੀਏ, ਤੇਰਾ ਬਾਬਾ ਤਾਂ ਬੇਚਾਰਾ ਬਹੁਤਾ ਹੀ ਤੇਹ ਕਰਦਾ ਏ ਤੇਰਾ । ਤੁਹਾਡਾ ਹਰ ਵੇਲੇ ਪੁੱਛਦਾ ਰਹੇਗਾ । ਮੇਰੀ ਧੀ ਤਾਲਿਆਂ ਦੇ ਘਰ ਪੱਠੇ, ਆਟਾ, ਗੁੜ, ਚਾਹ ਪਹੁੰਚਾਇਆ ਕਿ ਨਹੀਂ । ਅੱਜ ਤਾਂ ਹੋਰ ਕਹਿੰਦਾ ਸੀ ਕਾਦਰ ਪਾਪੀ ਫਾਹੇ ਲੱਗ ਜਾਵੇ ਤਾਂ ਉਹਦੀ ਜ਼ਮੀਨ ਤਾਲਿਆਂ ਦੇ ਨਾਂ ਕਰਾ ਦੇਈਏ । ਮੈਂ ਕਹਿ ਬੈਠੀ ਹੱਕੀ ਤਾਂ ਅਸੀਂ ਹਾਂ । ਅਸਾਂ ਹੀ ਲਵਾਣੀਂ ਏ । ਅੱਧੀ-ਅੱਧੀ ਲਵਾ

ਦਵਾਂਗੇ । ਤਾਂ ਮੈਨੂੰ ਖਿੱਝ ਕੇ ਪੈ ਗਿਆ । ਸਹੁਰੀ, ਕਮਲੀ ਨਾ ਹੋਵੇ ਤੇ ਸਾਡੇ ਕੋਲ ਪਹਿਲਾਂ ਕੋਈ ਘਾਟਾ ਏ । ਅੱਠੇ ਘੁਮਾ ਈ ਤਾਲਿਆਂ ਦੇ ਨਾਂ ਕਰਾਉਣੀ ਏ । ਉਹ ਤਾਂ ਸੱਚੀ ਬਾਹਲਾ ਈ ਹਿੱਤ ਕਰਦਾ ਏ ਤੁਹਾਡਾ ।"

ਫਫੇਕੁਟਣੀ ਜਬਾਨ ਵਾਹ ਰਹੀ ਸੀ ਅਤੇ ਤਾਲਿਆਂ ਬਿਨਾਂ ਹੂੰ ਹਾਂ ਸੋਚਾਂ ਦੇ ਡੂੰਘੇ ਸਮੁੰਦਰ ਵਿਚ ਡੁੱਬੀ ਹੋਈ ਸੀ । ਅਗਲੇ ਦਿਨ ਜਦ ਤਾਲਿਆਂ ਪੇਸ਼ੀ ਤੇ ਗਈ ਉਹਦੇ ਨਾਲ ਹਾਕੂ, ਹਾਕੂ ਦੇ ਮੁੰਡੇ ਅਤੇ ਹਾਕੂ ਦੀ ਘਰਵਾਲੀ ਅਤੇ ਇਕ ਨੂੰਹ ਵੀ ਸੀ ਤਾਂ ਕਿ ਤਾਲਿਆਂ ਕਿਸੇ ਪਾਸਿਓਂ ਥਿੜਕੇ ਨਾ । ਕਚਹਿਰੀ ਦੇ ਅੱਗੇ ਉਸ ਹੱਥਕੜੀ, ਬੇੜੀ ਪਾਈ ਕਾਦਰ ਨੂੰ ਵੇਖਿਆ ਜਿਸਦੇ ਦੋਹੀ ਪਾਸੀਂ ਦੋ-ਤਿੰਨ ਸਿਪਾਹੀ ਸਨ । ਤਾਲਿਆਂ ਦਾ ਅੰਦਰੋ-ਅੰਦਰ ਰੁੱਗ ਭਰਿਆ ਗਿਆ । ਨੀਵੀਂ ਨਜਰ ਅਤੇ ਉਹ ਹੀ ਮਾਸੂਮ ਚਿਹਰਾ, ਕਟਿਹਰੇ ਵਿਚ ਖਲੋਤੇ ਮੁਖਾਲਫ ਵਕੀਲ ਨੇ ਉਸਨੂੰ ਕਈ ਸਵਾਲ ਪੁੱਛੇ ਜਿਹਨਾਂ ਵਿਚ ਕਈ ਬੇ-ਹੂਦਾ ਸਨ । ਪਰ ਕਾਦਰ ਬਿਨਾਂ ਕੋਈ ਕੌੜਾ ਚਿੰਨ੍ਹ ਚਿਹਰੇ ਉਤੇ ਲਿਆਏ ਚੁੱਪ-ਚਾਪ ਖਲੋਤਾ ਰਿਹਾ । ਕੋਈ ਜਵਾਬ ਹੂੰ ਨਾ ਹਾਂ ਕਰਨ ਤੇ ਵਕੀਲ ਨੇ ਦੰਦ ਪੀਹਦਿਆਂ ਅਦਾਲਤ ਨੂੰ ਦਰਖਾਸਤ ਕੀਤੀ ਕਿ ਮੁਜਰਮ ਦੀ ਖਾਮੋਸ਼ੀ ਹੀ ਜੁਰਮ ਦਾ ਸਿੱਧਾ ਇਕਬਾਲ ਏ । ਇਸ ਲਈ ਹਤਿਆਰੇ ਨੂੰ ਸਖਤ ਤੋਂ ਸਖਤ ਸਜ਼ਾ ਸੁਣਾਈ ਜਾਏ । ਪਹਿਲੀਆਂ ਦੋ ਤਰੀਕਾਂ ਵਿਚ ਵੀ ਉਹ ਚੁੱਪ ਹੀ ਰਿਹਾ ਸੀ ।

ਫਾਜਲ ਜੱਜ ਨੇ ਬੜੇ ਠਰੰਮੇ ਨਾਲ ਕਿਹਾ, "ਮੁਲਜਮ ਕੁਝ ਆਪਣੀ ਸਫਾਈ ਵਿਚ ਕਹਿਣਾ ਚਾਹੇ ਤਾਂ ਮੌਕਾ ਏ ।"

ਫਿਰ ਕਾਦਰ ਨੇ ਹੌਲੀ-ਹੌਲੀ ਸਿਰ ਚੁੱਕਿਆ ਤੇ ਸਾਰੇ ਕਮਰੇ ਦਾ ਜਾਇਜਾ ਲਿਆ । ਅਤੇ ਉਹਦੀ ਨਿਗਾਹ ਕੱਲੇ-ਕੱਲੇ ਚਿਹਰੇ ਨੂੰ ਵੇਖਦੀ ਤਾਲਿਆਂ ਤੇ ਆ ਅਟਕੀ ਜੋ ਹਾਕਮ ਦੇ ਪਿੱਛੇ ਉਹਦੇ ਮੁੰਡੇ, ਨੂੰਹ ਅਤੇ ਘਰਵਾਲੀ ਦੇ ਨਾਲ ਖਲੋਤੀ ਸੀ । ਉਸਨੂੰ ਤਾਲਿਆਂ ਦੀਆਂ ਭਖਦੀਆਂ ਨਜਰਾਂ ਦਿਸੀਆਂ । ਉਸ ਸਿਰ ਹਿਲਾ ਕੇ ਫਿਰ ਨੀਵੀਂ ਪਾ ਲਈ । ਮਨ ਵਿਚ ਗੁਬਾਰ ਉਠਿਆ । ਜੇ ਮੈਂ ਸਪਸ਼ਟ ਕਹਾਣੀ ਦਸ ਕੇ ਬਚ ਵੀ ਜਾਵਾਂ ਪਰ ਤਾਲਿਆਂ ਤਾ ਅਜੇ ਵੀ ਅਤੇ ਫਿਰ ਵੀ ਮੈਨੂੰ ਕਾਤਿਲ ਹੀ

ਸਮਝੇਗੀ । ਨਹੀਂ, ਨਹੀਂ, ਇਹ ਨਹੀਂ ਹੋਵੇਗਾ । ਉਸ ਫਿਰ ਅਸਲੀਅਤ ਦੱਬ ਲਈ । ਅਤੇ ਰੋਹ ਵੱਸ ਮੌਤ ਦੇ ਮੂੰਹ ਹੋ ਤੁਰਿਆ ।

"ਜੱਜ ਸਾਹਬ ਮੈਂ ਇਕਬਾਲ ਕਰਦਾ ਹਾਂ । ਮੈਂ ਹੀ ਯੂਸਫ ਦਾ ਕਾਤਲ ਹਾਂ ।" ਉਹ ਇੰਝ ਸੀ ਜਿਵੇਂ ਜ਼ਿੰਦਗੀ ਤੋਂ ਥੱਕ ਚੁੱਕਾ ਹੋਵੇ ।

"ਨਹੀਂ ਨਹੀਂ ਜੱਜ ਸਾਹਿਬ, ਕਾਦਰ ਮੇਰੇ ਬੱਚੇ ਦਾ ਕਾਤਲ ਨਹੀਂ ਹੈ ।" ਤਾਲਿਆਂ ਨੇ ਕਿਹਾ, "ਮੈਂ ਮੁੱਕਦਮੇ ਦੀ ਮੁੱਖ ਗਵਾਹ ਤੇ ਯੂਸਫ ਦੀ ਮਾਂ ਹਾਂ ।"

ਤਾਲਿਆਂ ਦਾ ਬਿਆਨ ਕਲਮਬੰਦ ਹੋਇਆ ਅਤੇ ਮੁਕੱਦਮਾ ਫੈਸਲੇ ਤੇ ਰੱਖ ਲਿਆ ।

ਹਾਕਮ ਮੱਥੇ ਤੇ ਹੱਥ ਮਾਰ ਕੇ ਬਾਹਰ ਆ ਗਿਆ । "ਪੱਟ ਦਿੱਤੀ ਉੱਏ ਜੱਖਣਾ ਮੁਕੱਦਮੇ ਦੀ ਚੰਦਰੀ ਨੇ । ਸਾਰੇ ਕੀਤੇ ਕੱਤਰੇ ਤੇ ਪਾਣੀ ਫੇਰ ਦਿੱਤਾ ।"

ਜੇਲ ਵਿਚ ਕਾਦਰ ਤੇ ਨਵੀਂ ਸੋਚ ਹਾਵੀ ਰਹੀ ਕਿ ਤਾਲਿਆਂ ਨੇ ਸੱਚ ਮੁੱਚ ਮੈਨੂੰ ਬੇਦੋਸ਼ਾ ਸਮਝਿਆ ਏ ਜਾਂ ਦੋਸੀ ਸਮਝਦਿਆਂ ਮਾਫ ਕਰਕੇ ਅਹਿਸਾਨ ਮਾਰਿਆ ਏ । ਤਾਲਿਆਂ ਦੀ ਨਜ਼ਰ ਵਿਚ ਦੋਸ਼ੀ ਰਹਿ ਕੇ ਜਿਉਣ ਨਾਲੋਂ ਉਹ ਦੋਸ਼ੀ ਰਹਿ ਕੇ ਮਰਨਾ ਚੰਗਾ ਸਮਝਦਾ ਸੀ ।

ਅਗਲੇ ਦਿਨ ਜਦ ਉਹ ਬਰੀ ਹੋਇਆ ਤਾਂ ਅੱਧਾ ਪਿੰਡ ਉਸਦੇ ਸੁਆਗਤ ਲਈ ਅਪੜਿਆ ਹੋਇਆ ਸੀ । ਤਕੜੇ ਜਲੂਸ ਦੀ ਸ਼ਕਲ ਵਿੱਚ ਲੋਕ ਉਹਨੂੰ ਪਿੰਡ ਲੈ ਕੇ ਆਏ । ਜਦੋਂ ਉਹ ਪਿੰਡ ਦੀ ਗਲੀ ਵਿਚੋ ਲੰਘ ਰਹੇ ਸਨ ਬੱਚੇ, ਬੁੱਢੇ, ਸੁਆਣੀਆਂ ਕੋਠਿਆਂ ਤੇ ਬੂਹਿਆਂ ਅੱਗੇ ਖਲੋ-ਖਲੋ ਵਧਾਈਆਂ ਦੇ ਰਹੇ ਸਨ । ਅਤੇ ਹੁਸ਼ੈਨ ਬੀਬੀ ਤੋਂ ਮੁਬਾਰਕਾਂ ਸਾਂਭੀਆਂ ਨਹੀ ਸਨ ਜਾ ਰਹੀਆਂ ।

ਕਾਦਰ ਸਾਦਕ ਦੇ ਬੂਹੇ ਤੋਂ ਕੁਝ ਪਿਛਾਂਹ ਸੀ ਤਾਂ ਉਸਦੀ ਨਜ਼ਰ ਬੂਹੇ ਅੱਗੇ ਖਲੋਤੀ ਤਾਲਿਆਂ ਉਤੇ ਗਈ ਜਿਸ ਕੋਲ ਛੋਟਾ ਮੁੰਡਾ ਰਫੀਕ ਖੜਾ ਸੀ । ਇਕ ਚੀਸ ਤੇ ਦਰਦ ਦੀ ਵੇਗਮਈ ਲਹਿਰ ਉਠੀ ਉਹਦੇ ਦਿਲ ਵਿਚ । ਤਾਲਿਆਂ ਨੇ ਮੈਨੂੰ ਦੋਸ਼ਮੁਕਤ ਕੀਤਾ ਏ ਜਾਂ ਦੋਸ਼ ਰਹਿਤ। ਅਹਿਸਾਨ ਕੀਤਾ ਹੁੰਦਾ ਤਾਂ ਬੂਹੇ ਅੱਗੇ ਨਹੀਂ ਸੀ ਖੜਨਾ । ਉਸਦੇ ਦਿਲ ਨੇ ਉਬਾਲ ਖਾਧਾ । ਰਫੀਕ ਨੂੰ ਚੁੱਕ ਕੇ ਛਾਤੀ ਨਾਲ

ਲਾ ਲਵਾਂ । ਪਰ ਜਦ ਉਹ ਬੂਹੇ ਤੋਂ ਕੁਝ ਪੈਰ ਹੀ ਪਿੱਛੇ ਸੀ ਕਿ ਤਾਲਿਆਂ ਨੇ ਰਫੀਕ ਨੂੰ ਖਿੱਚ ਗੋਦੀ ਚੁੱਕ ਅੰਦਰ ਹੋ ਬੂਹਾ ਬੰਦ ਕਰ ਲਿਆ । ਇਕ ਪਲ ਪਹਿਲਾਂ ਖਿੜਿਆ ਦਿਲ ਇਕ ਦਮ ਬੁਝ ਗਿਆ । ਤੇ ਇਹ ਖਿਆਲ ਪ੍ਰਬਲ ਹੋ ਗਿਆ ਕਿ ਤਾਲਿਆਂ ਨੇ ਮੈਨੂੰ ਦੋਸ਼ੀ ਕਾਤਲ ਸਮਝ ਕੇ ਅਹਿਸਾਨ ਵਜੋਂ ਮਾਫ ਕੀਤਾ । ਅਤੇ ਇਹ ਮਾਫੀ ਉਹਦੀ ਜਮੀਰ ਨਹੀਂ ਸੀ ਮੰਨ ਰਹੀ । ਸਾਰੇ ਰਾਹ ਉਸ ਨਾਲ ਤੁਰਦੇ ਬੰਦੇ ਭਾਂਤ-ਭਾਂਤ ਦੀਆਂ ਗੱਲਾਂ ਕਰਦੇ ਅਤੇ ਪੁੱਛਦੇ ਆਏ । ਪਰ ਉਸ ਕਿਸੇ ਨਾਲ ਕੋਈ ਗੱਲ ਸਾਂਝੀ ਨਾ ਕੀਤੀ । ਘਰ ਵਿਚ ਵੀ ਨਿਰੀ ਰਾਤ ਤੱਕ ਮਿਲਣ ਆਏ ਬੰਦਿਆਂ ਦਾ ਤਾਂਤਾ ਬੱਝਾ ਰਿਹਾ । ਉਹ ਇਕੋ ਗੱਲ ਕਹਿੰਦਾ, "ਮੈਂ ਆ ਗਿਆਂ । ਕੀ ਅਤੇ ਕਿਵੇਂ, ਕਿਉਂ, ਤੁਹਾਡੇ ਸਾਹਮਣੇ ਆਪ ਆ ਜਾਏਗਾ ।"

ਚੋਖੀ ਰਾਤ ਗਈ ਹੁਸੈਨ ਬੀਬੀ ਨੇ ਉਸ ਅੱਗੇ ਰੋਟੀ ਪਰੋਸੀ ਜੋ ਉਸ ਬੇ ਦਿਲੀ ਨਾਲ ਹੀ ਖਾਣੀ ਸ਼ੁਰੂ ਕੀਤੀ । ਖੁਸ਼ੀ ਵਿਚ ਖੀਵੀ ਹੋਈ ਹੁਸੈਨ ਬੀਬੀ ਕੋਲ ਆ ਕੇ ਬੈਠ ਗਈ ਤੇ ਕਿਹਾ, "ਕਾਦਰਾ, ਇਕ ਗੱਲ ਦੱਸਾਂ ।"

"ਦੱਸ ਭਾਬੀ, ਕੀ ਗੱਲ ਏ ?"

"ਨਹੀਂ ਨਹੀਂ ਸਵੇਰੇ ਦੱਸਾਂਗੀ ?"

"ਚੰਗਾ ਭਾਬੀ, ਜਿਵੇਂ ਤੇਰੀ ਮਰਜੀ ।"

ਤੇ ਫਿਰ ਉਸ ਇਕ ਲੰਬਾ ਚੌੜਾ ਕਾਗਜ ਕੱਢਿਆ ਤੇ ਕਲਮ ਦਵਾਤ ਲੈ ਕੇ ਦੀਵੇ ਦੀ ਲੋਅ ਵਿਚ ਲਿਖਣ ਬਹਿ ਗਿਆ । ਅੱਧੀ ਰਾਤ ਨੇੜੇ ਜਦ ਉਹ ਲਿਖ ਰਿਹਾ ਸੀ ਕਿ ਹੁਸੈਨ ਬੀਬੀ ਫਿਰ ਉਸ ਦੇ ਕੋਲ ਆ ਬੈਠੀ ਤੇ ਕਿਹਾ, "ਕਾਦਰਾ ਇਕ ਗੱਲ ਦੱਸਾਂ ?"

ਉਸ ਕਲਮ ਹੱਥੋਂ ਰੱਖਦਿਆਂ ਕਿਹਾ, "ਦੱਸ ਭਾਬੀ ।"

"ਨਹੀਂ, ਨਹੀਂ ਸਵੇਰੇ ਦੱਸਾਂਗੀ ।"

"ਚੰਗਾ ਭਾਬੀ, ਤੇਰੀ ਮਰਜੀ" ਅਤੇ ਉਹ ਫਿਰ ਲਿਖਣ ਲਗ ਪਿਆ ।

ਖੁਸ਼ੀ ਨਾਲ ਖੀਵੀ ਹੋਈ ਹੁਸੈਨ ਬੀਬੀ ਆਪਣੀ ਮੰਜੀ ਤੇ ਜਾ ਪਈ ਤੇ ਕਾਦਰ ਨੇ ਕਿਹਾ, "ਭਾਬੀ, ਮੈਂ ਸ਼ਾਇਦ ਸਵੇਰੇ ਚਿਰਕਾ ਉੱਠਾਂ । ਤੂੰ ਮੂੰਹ ਹਨੇਰੇ

ਮੇਰੇ ਸਿਰਹਾਣੇ ਹੇਠੋਂ ਆਹ ਕਾਗਜ ਲੈ ਕੇ ਹਨੇਰ-ਹਨੇਰ ਤਾਲਿਆਂ ਨੂੰ ਦੇ ਆਵੀਂ ।"

ਅਤੇ ਜਦੋਂ ਪਹਿਰ ਦੇ ਤੜਕੇ ਹੁਸੈਨ ਬੀਬੀ ਸਿਰਹਾਣੇ ਹੇਠੋਂ ਕਾਗਜ ਕੱਢਣ ਲੱਗੀ ਉਹਨੂੰ ਮੋਹ-ਮਮਤਾ ਨੇ ਘੇਰ ਲਿਆ । ਨੀਵੀਂ ਹੋ ਵੇਗ ਵਿੱਚ ਮੱਥਾ ਚੁੰਮਿਆ । ਸਿਰ ਤੇ ਪਿਆਰ ਦਿੱਤਾ । ਮੱਥੇ ਤੇ ਹੱਥ ਫੇਰਿਆ । ਇਸ ਤਰ੍ਹਾਂ ਲੱਗਾ ਜਿਵੇਂ ਮੱਥਾ ਨਹੀਂ ਮਿੱਟੀ ਦੀ ਢੇਰੀ ਹੋਵੇ । ਦੀਵਾ ਜਗਾਇਆ ਤਾਂ ਉਹਦੀਆਂ ਡਾਡਾਂ ਨਿਕਲ ਗਈਆਂ । ਕਾਦਰ ਮਿੱਟੀ ਦਾ ਢੇਰ ਹੋਇਆ ਪਿਆ ਸੀ । ਕੀ ਹੋਇਆ, ਕਿਵੇਂ ਹੋਇਆ ? ਸਾਰੇ ਪਿੰਡ ਦੇ ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ । ਹੁਸੈਨ ਬੀਬੀ ਨੇ ਸਿਰਹਾਣੇ ਹੇਠੋਂ ਕਾਗਜ ਕੱਢੇ । ਸਕੂਲ ਦੇ ਮਾਸਟਰ ਨੇ ਪੜ੍ਹੇ ਉਸ ਵਿਚ ਤਾਂ ਕਾਦਰ ਨੇ ਸਾਰੀ ਅਚਲ ਅਤੇ ਚਲ ਜਾਇਦਾਦ, ਜ਼ਮੀਨ ਘਰ ਤਾਲਿਆਂ ਦੇ ਨਾਂ ਵਸੀਅਤ ਕੀਤੀ ਸੀ ਅਤੇ ਨਾਲ ਹੀ ਅਸਲ ਕਹਾਣੀ ਲਿਖ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਕੀਤਾ ਹੋਇਆ ਸੀ ਅਤੇ ਲਿਖਿਆ ਸੀ : ਕਾਸ਼ ਕਿਤੇ ਤਾਲਿਆਂ ਮੈਨੂੰ ਕਾਤਿਲ ਗਰਦਾਨਣ ਤੋਂ ਪਹਿਲਾਂ ਗੱਲ ਕਰਨ ਦਾ ਮੌਕਾ ਦਿੰਦੀ ਅਤੇ ਕਾਤਲ ਸਮਝ ਕੇ ਮਾਫ ਕਰਨ ਦੀ ਬਜਾਏ ਮੈਨੂੰ ਦੋਸ਼ ਮੁਕਤ ਕਰ ਦਿੰਦੀ ।

ਪੱਤਰ ਸੁਣ ਕੇ ਹੁਸ਼ੈਨ ਬੀਬੀ ਪਿੱਟ ਉੱਠੀ "ਵੇ ਕਾਦਰਾ, ਤੇਰੀ ਕਾਤਿਲ ਮੈਂ ਹਾਂ । ਵੇ ਤਾਲਿਆਂ ਤਾਂ ਕਲ ਵੀ ਵਾਰ-ਵਾਰ ਮੇਰੇ ਕੋਲ ਆਈ । ਅਖੇ ਮੈਨੂੰ ਆਉਂਦੇ ਕਾਦਰ ਦੇ ਲੜ ਲਾ ਅਤੇ ਹਾਕਮ ਹੁਰਾਂ ਦੇ ਜਾਲ ਵਿਚ ਫਸੀ ਹੋਈ ਵੀ ਕਈ ਵਾਰ ਆਈ । ਤੇ ਇਹੋ ਰਟ ਲਾਉਂਦੀ ਰਹੀ । ਮੈਂ ਇਹੋ ਗੱਲ ਦਸਣ ਲਈ ਤਾਂ ਰਾਤ ਦੋ ਵਾਰ ਤੇਰੇ ਕੋਲ ਆਈ ਪਰ ਖੁਸ਼ੀ ਤੇ ਖੁਸ਼ੀ ਸਵੇਰੇ ਚਾੜ੍ਹਾਂਗੀ । ਮੈਂ ਤੱਤੀ ਜੇ ਕਿਤੇ ਰਾਤ ਹੀ ਦੱਸ ਦਿੰਦੀ ।"

ਉਧਰ ਤਾਲਿਆਂ ਨੂੰ ਗਸ਼ ਤੇ ਗਸ਼ ਪੈ ਰਹੇ ਸਨ । "ਵੇ ਚੰਨਾਂ, ਤੂੰ ਕੀ ਕੀਤਾ ? ਮੈਨੂੰ ਏਨਾ ਪਤਾ ਹੁੰਦਾ ਮੈਂ ਆਉਂਦੇ ਨਾਲ ਸਿਧੀ ਗੱਲ ਕਰਦੀ ।"

ਪਰ ਜੇ ਤਾਂ ਸ਼ਾਇਦ ਕਦੀ ਕਿਸੇ ਨੇ ਵਿਆਹੀ ਨਹੀਂ । ਪਰ ਹੁਣ ਪਛਤਾਏ ਕਿਆ ਹੋਵਤ ਹੈ, ਜਦ ਚਿੜੀਆ ਚੁਗ ਗਈ ਖੇਤ ।

# ਲਾਦੋਂ ਨਾ ........

ਖੂਹ ਦੀ ਚਲਦੀ ਚਕਲੀ ਤੇ ਅੱਡੇ ਦੀ ਠੱਕ-ਠੱਕ, ਚੱਪਿਆ ਤੋਂ ਤਿਲਕਦਿਆਂ ਅਰੇੜਿਆਂ ਦੀ ਘਰਾੜ ਤੇ ਖਾਲੀ ਹੁੰਦੀ ਮਾਹਲ ਦੀ ਖੜਕਾਹਟ-ਬਲਦਾ ਦੇ ਗਲੀ ਟੱਲੀਆਂ ਦੀ ਟੁਣਕਾਰ, ਕਾਂਝਣ ਨਾਲ ਘਿਸਰਦੇ ਤੀਰ ਦੀ ਚੀਂ.ਚੀਂ. ਬੇਰੀ ਉੱਤੇ ਬੈਠੇ ਟੇਟਰੂ ਦੀ ਟਰੂ ਟਰੂ, ਚਿੜੀਆਂ ਅਤੇ ਸ਼ਾਰਕਾਂ ਦੀ ਚਹਿਕਾਰ ਸਭ ਮਿਲਕੇ ਇੱਕ ਮਿੱਠੀ ਲੋਰੀ ਦਾ ਰੂਪ ਧਾਰ ਗਈ ਅਤੇ ਬੇਰੀ ਥੱਲੇ ਅਲਾਣੇ ਮੰਜੇ ਤੇ ਲੇਟੇ ਨਰੈਣ ਸਿੰਘ ਨੂੰ ਗੂਹੜੀ ਨੀਂਦਰ ਆ ਗਈ ।

ਸੂਰਜ ਨੇ ਚੌਥੇ ਪੈਹਰ ਵਿਚ ਪ੍ਰਵੇਸ਼ ਕੀਤਾ-ਬੇਰੀ ਦੀ ਗੂਹੜੀ ਸੰਘਣੀ ਛਾਂ ਕੱਤਕ ਮਹੀਨੇ ਦੀ ਮਿੱਠੀ ਮਿੱਠੀ ਠੰਢ ਨੇ ਕੁਤਕਤਾਰੀਆਂ ਕੱਢੀਆਂ ਤਾਂ ਨਰੈਣ ਸਿੰਘ ਦੀ ਅੱਖ ਖੁੱਲ੍ਹ ਗਈ । ਉਬਾਸੀ ਲੈਂਦਿਆਂ ਉਸ ਲੇਟੇ ਲੇਟੇ ਮੈੜ ਭੰਨਿਆ ਅਤੇ ਸੌਮਨ ਹੋਣ ਵਾਸਤੇ ਮੂੰਹ ਤੇ ਹੱਥ ਫੇਰਿਆ, ਮੱਥੇ ਤੋਂ ਲੈ ਕੇ ਨੱਕ ਦੀ ਫੂੰਗਲੀ ਤਕ ਝਰੀਟ ਵੱਜੀ, ਤ੍ਰਭਕ ਕੇ ਹੱਥ ਉਤਾਂਹ ਚੁੱਕਿਆ-ਖੱਬੇ ਹੱਥ ਦੀਆਂ ਉਂਗਲਾ ਉਤੇ ਦੋ ਮੋਤੀ ਨੀਲਾ ਤੇ ਰੱਤਾ ਰੰਗ ਸਿਤਾਰੇ ਵਾਂਗ ਡਲ੍ਹਕੇ । ਅੱਧੇ ਅੱਧੇ ਤੋਲੇ ਦੀਆਂ ਦੋ ਸੋਨੇ ਦੀਆਂ ਛਾਪਾਂ-ਹੱਥ ਦੀ ਛੱਬ ਵੇਖ ਕੇ ਉਹਦਾ ਦਿਲ ਖੁਸ਼ੀ ਨਾਲ ਭਰ ਗਿਆ। ਉਹਨੂੰ ਇੰਝ ਮਹਿਸੂਸ ਹੋਇਆ ਕਿ ਜਿਵੇਂ ਕਈ ਸੇਰ ਲਹੂ ਵਧ ਗਿਆ ਹੋਵੇ ਅਤੇ ਉਹ ਮੁੜ ਕੇ ਜਵਾਨ ਹੋ ਗਿਆ ਹੋਵੇ। ਉਹਦੀ ਉਮਰ ਗੱਡੀ ਸੱਤਰਵੇ ਮੀਲ ਦੇ ਨੇੜੇ ਪਹੁੰਚ ਰਹੀ ਸੀ । ਇਹ ਨੀਲੇ ਤੇ ਲਾਲ ਨਗਾਂ ਵਾਲੀਆਂ ਸੁਨੈਹਰੀ ਛਾਪਾਂ ਦੋ ਦਿਨ ਪਹਿਲਾਂ ਉਹਦੇ ਭਤੀਜੇ ਜਰਨੈਲ ਤੇ ਕਰਨੈਲ ਦੇ ਮੰਗਣੇ ਤੇ ਕੁੜਮਾ ਨੇ ਕੁੜਮਚਾਰੀ ਵਜੋਂ ਉਹਨੂੰ ਪਾਈਆਂ ਸਨ । ਦੁੱਧ ਚਿੱਟੇ ਕੈਮਰਕ ਦੇ ਕੁੜਤੇ ਦੀ ਖੁੱਲ੍ਹੀ ਬਾਂਹ ਉਤਾਂਹ ਸਰਕਾ ਕੂਹਣੀ ਤੋਂ ਡੌਲੇ ਤਕ ਉਸ ਹੱਥ ਫੇਰਿਆ । ਸਚਮੁਚ ਹੀ ਉਹਨੂੰ ਆਪਣਾ ਝੁਰੜਿਆ ਜੁੱਸਾ ਨਵਾਂ ਨਰੋਆ ਲੱਗਾ । ਉਹ ਮੰਜੇ ਤੋਂ ਉਠ ਖੂਹ ਦੇ ਔਲੂ ਕੋਲ ਗਿਆ । ਪੰਸੇਰੀ ਪੰਸੇਰੀ ਦੀਆਂ ਮਾਹਲ ਦੀਆਂ ਟਿੰਡਾਂ ਲਗਾਤਾਰ ਪਾੜਛੇ ਵਿਚ ਪਾਣੀ ਉਗਲ ਰਹੀਆਂ ਸਨ । ਉਸ ਓਕ ਭਰ ਮੂੰਹ ਵਿਚ ਪਾਣੀ ਪਾਇਆ, ਮੂੰਹ ਵਿਚ

ਉਂਗਲਾਂ ਨਾਲ ਕੁਰਲੀ ਕੀਤੀ, ਦੋ ਬੁੱਕ ਪਾਣੀ ਦੇ ਭਰ ਪਾਣੀ ਪੀਤਾ, ਗਿੱਲਾ ਹੱਥ ਮੂੰਹ ਤੇ ਫੇਰ ਰਹਿੰਦੀ ਸੁਸਤੀ ਲਾਹੀ ਅਤੇ ਤਰਾਂਦੇ ਸੂਰਜ ਵੱਲ ਨਿਗਾਹ ਮਾਰੀ ।

ਲਾਲੋ ਲਾਲ ਹੋਇਆ ਸੂਰਜ ਨਦੀ ਪਾਰ ਦੀਆਂ ਉੱਚੀਆਂ ਕਿੱਕਰਾਂ ਉਤੇ ਟੰਗਿਆ ਹੋਇਆ ਸੀ । ਛੋਟੇ ਮੁਖਤਿਆਰੇ ਨੇ ਮੱਝਾਂ ਨਦੀ ਵਿਚੋਂ ਕੱਢ ਪਿੰਡ ਵਲ ਹਿੱਕ ਲਈਆ ਸਨ । ਨਦੀ ਦੀ ਢੱਕੀ ਨਾਲ ਟਿਬਿਆਂ ਵਾਲੇ ਦੋਵੇਂ ਖੇਤ ਛੋਲਿਆਂ ਤੇ ਸਰ੍ਹੋਂ ਨੇ ਢੱਕ ਲਏ ਸਨ । ਕਪਾਹ ਵਾਲੇ ਖੇਤ ਚੋਂ ਕਪਾਹ ਚੁਗਦੀਆ ਚਾਰ ਪੰਜ ਸਵਾਣੀਆ ਕਪਾਹ ਦੀਆਂ ਗੰਢੜੀਆਂ ਚੁੱਕ ਪਿੰਡ ਵਾਲੀ ਪਹੀ ਪੈ ਗਈਆਂ ਸਨ । ਕਿਆਰੇ ਮੰਞਦਾ ਜੈਲਾ ਖਾਲ ਵਿਚੋਂ ਕਣਕ ਪੁਟ ਪੁਟ ਖੇਤ ਵਿਚ ਠੋਕ ਰਿਹਾ ਸੀ ।

ਖੂਹ ਨੇੜੇ ਖੇਤ ਚੋਂ ਕੈਲੇ ਨੇ ਪੱਠਿਆਂ ਦੀ ਚੋਥੀ ਪੰਡ ਪਾ ਲਈ ਸੀ । ਤਿੰਨ ਉਹ ਪਹਿਲਾਂ ਰੇਹੜੀ ਵਿਚ ਸੁੱਟ ਆਇਆ ਸੀ । ਨੌ ਨੌ ਫੁੱਟ ਉਚੇ ਕਮਾਦ ਦੇ ਮੁੱਠੇ ਬੰਨ੍ਹਦਾ ਬਚਨੇ ਮਜ਼ਬੀ ਦਾ ਮੁੰਡਾ ਪੱਠਿਆਂ ਦੀ ਪੰਡ ਚੁਕਾਉਣ ਕੈਲੇ ਵਲ ਤੁਰਿਆ ਆ ਰਿਹਾ ਸੀ । ਚਾਰੇ ਪਾਸੇ ਹੁਲਾਸ ਹਰਿਆਲੀ ਤੇ ਮਿਠਾਸ ਅਤੇ ਜ਼ਿੰਦਗੀ ਸੀ। ਨਰੈਣ ਸਿੰਘ ਦਾ ਦਿਲ ਪਿਆਰ ਨਾਲ ਪੰਘਰ ਕੇ ਅੱਖਾਂ ਵਿਚ ਆ ਗਿਆ। ਉਹਨੂੰ ਹਰ ਚੀਜ਼ ਆਪਣੀ ਅਤੇ ਪਿਆਰੀ ਪਿਆਰੀ ਲੱਗਣ ਲੱਗ ਪਈ । ਇਕ ਹੁਲਾਸ, ਇਕ ਉਮਾਹ ਉਹਦੇ ਦਿਲ ਦਿਮਾਗ ਤੇ ਚੜ੍ਹ ਗਿਆ ਕਿ ਹਰ ਇਕ ਚੀਜ਼ ਬੁੱਕਲ ਵਿਚ ਘੁੱਟ ਲਾਂ ਤੇ ਬੂਟਾ ਬੂਟਾ ਚੁਗ ਲਾਂ। ਖੂਹ ਉਤੇ ਚਲਦੇ ਬਲਦ ਉਹਨੂੰ ਬਹੁਤ ਪਿਆਰੇ ਲੱਗੇ । ਪੈੜਨ ਵਿਚ ਹੋ ਉਸ ਤਿੱਖੇ ਤੁਰਦੇ ਬਲਦ ਥੰਮ੍ਹ ਲਏ । ਕੈਲੇ ਨੇ ਪੰਡ ਰੇੜ੍ਹੀ ਤੇ ਸੁਟਦਿਆਂ ਆਖਿਆ :

"ਤਾਇਆ ਜੀ, ਤੁਸੀਂ ਘਰ ਨੂੰ ਚਲੋ । ਦਿਨ ਥੋੜ੍ਹਾ ਰੈਹ ਗਿਆ ਏ ।"

ਨਰੈਣ ਸਿੰਘ ਨੇ ਬਲਦਾਂ ਦੇ ਕੰਧਿਆਂ ਤੋਂ ਪੰਜਾਲੀ ਅਗਾਂਹ ਖਿਚ ਧੂਪ ਕਢਾਂਦਿਆਂ ਕਿਹਾ,

"ਤੂੰ ਚਲ ਪੁੱਤਰ, ਧਾਰ ਧੱਪਾ ਕਢਾਈਂ, ਮੈਂ ਜੈਲੇ ਨਾਲ ਆਵਾਂਗਾ ।"

ਸੀਰੀ ਮੁੰਡਾ ਬਾਲਣ ਦੀ ਪੰਡ ਲੈਣ ਢੱਕੀ ਵੱਲ ਤੁਰ ਗਿਆ ਸੀ । ਨਰੈਣ ਸਿੰਘ ਨੇ ਬਲਦਾਂ ਦੇ ਖੋਪੇ ਢਿੱਲੇ ਕਰ ਹਵਾ ਲਵਾ ਫਿਰ ਕੱਸ ਦਿੱਤੇ । ਬਲਦਾਂ ਦਾ

ਸਿਰ ਪਿੱਠ ਪਲੋਸੀ । ਬਲਦਾਂ ਪਿਸ਼ਾਬ ਕਰ ਲਿਆ । ਉਹ ਪਿਛਲੇ ਪਾਸੇ ਹੋ ਅਡੋਲ ਗਾਧੀ ਉਤੇ ਬੈਠ ਗਿਆ ਅਤੇ ਬਲਦਾਂ ਨੂੰ ਟਚਕਾਰੀ ਮਾਰ ਤੋਰ ਦਿੱਤਾ, "ਚਲੋ ਜਿਉਣ ਜੋਗਿਓ, ਤੁਹਾਡੇ ਸਾਈਂ ਜਿਊਣ ! ਤੁਹਾਨੂੰ ਰੱਬ ਦੀਆਂ ਰੱਖਾਂ !"

ਤਿੱਖੇ ਬਲਦ ਹੋਰ ਤਿੱਖੇ ਹੋ ਤੁਰੇ ਅਤੇ ਉਹ ਗਾਧੀ ਉਤੇ ਬੈਠਾ ਬੈਠਾ ਬੀਤੇ ਦੀਆਂ ਕੌੜੀਆਂ ਯਾਦਾਂ ਵਿਚ ਜਾ ਫਸਿਆ । ਕਿੰਨੇ ਦਿਲ ਕੰਬਾਊ ਨਿਰਾਸ਼ਾ ਜਨਕ ਤੇ ਕੌੜੇ ਦਿਨ ਉਸ ਵੇਲੇ ਸਨ ਜਦ ਉਸ ਤੇ ਮੰਦਹਾਲੀ ਅਤੇ ਘੋਰ ਨਿਰਾਸ਼ਾ ਛਾਈ ਹੋਈ ਸੀ । ਸਿਰੋਂ ਟੱਪੀ ਕੰਗਾਲੀ । ਦੂਰ ਦੂਰ ਤਕ ਕੋਈ ਆਸ਼ਾ ਦੀ ਕਿਰਨ ਨਹੀਂ ਸੀ ਦਿਸਦੀ । ਉਹ ਸਵੇਰ ਦਾ ਘਰੋਂ ਨਿਕਲਿਆ ਚੌਥੇ ਪੈਹਰ ਥੱਕਾ ਟੁੱਟਾ ਚੂਰ ਚੂਰ ਘਰ ਪਰਤਿਆ ਅਤੇ ਧਰੰਗੇ ਮੰਜੇ ਉਤੇ ਆ ਢੇਰੀ ਹੋਇਆ ।

ਨਿਹਾਲੀ ਨੇ ਮਾਰੂ ਚਾਹ ਦੀ ਗੜਵੀ ਤੇ ਖਾਲੀ ਗਲਾਸ ਕੋਲ ਰੱਖਦਿਆਂ ਪੁੱਛਿਆ, 'ਅਮਰੋ ਦੇ ਬਾਪੂ, ਕੋਈ ਹੋਇਆ ਹੀਲਾ ਕਿਤੇ ? ਵਿਆਹ ਵਿਚ ਤਾਂ ਸਾਰੇ ਸੱਤ ਦਿਨ ਰੈਹ ਗਏ ਨੇ ।' ਅਤੇ ਨਾਲ ਹੀ ਉਹ ਦੁਪੱਟੇ ਲੜੋਂ ਖੋਹਲ ਕੋਕਨ ਬੇਰ ਜਿੰਨੀ ਅਫੀਮ ਉਸ ਨੂੰ ਫੜਾਈ ।

ਪਰ ਉਦਾਸੀ ਅਤੇ ਨਸ਼ਿਉਂ ਟੁੱਟੇ ਨਰੈਣ ਦੇ ਕੰਨਾਂ ਵਿਚ ਤਾਂ ਅਜੇ ਵੀ ਤੁਲਸੀ ਬਾਣੀਏ ਦੇ ਕੁਰੱਖਤ ਅਤੇ ਰੁੱਖੇ ਬੋਲ ਗੂੰਜ ਰਹੇ ਸਨ । ਉਸ ਅਫੀਮ ਦੀ ਗੋਲੀ ਮੂੰਹ ਵਿਚ ਪਾ ਕਾਲੀ ਮਾਰੂ ਚਾਹ ਦਾ ਸੜਾਕਾ ਮਾਰਿਆ । ਉਸ ਦੇ ਹੱਡ ਹੱਡ ਖਿੰਡੇ ਹੋਏ ਸਨ ਅਤੇ ਸਰੀਰ ਸਵਾਹ ਦੀ ਢੇਰੀ ਹੋਇਆ ਪਿਆ ਸੀ । ਨਸ਼ਾ ਖਾ, ਚਾਹ ਪੀ ਉਸ ਮੂੰਹ ਉਤੇ ਹੱਥ ਫੇਰਿਆ, ਕੁਝ ਸੁਰਤ ਸੰਭਲੀ, ਕੁਝ ਹੱਡ ਜੁੜੇ । ਜੇਬ ਵਿਚੋਂ ਤੂਫਾਨ ਮੇਲ ਨਸਵਾਰ ਦੀ ਡੱਬੀ ਕੱਢੀ, ਚੁਟਕੀ ਭਰ ਨਾਸਾਂ ਨੂੰ ਲਾਈ ਅਤੇ ਸੜਾਕਾ ਮਾਰਿਆ । ਅੱਖਾਂ ਚੋਂ ਪਾਣੀ ਸਿੰਮਿਆ ਅਤੇ ਮੱਧਮ ਜਿਹੇ ਨਸ਼ੇ ਦੇ ਡੋਰੇ ਬੱਝੇ ।

ਖਾਲੀ ਭਾਂਡੇ ਚੁਕਦੀ ਨਿਹਾਲੀ ਨੇ ਫਿਰ ਪੁਛਿਆ, "ਬੋਲਦਾ ਨਹੀਂ ਅਮਰੋ ਦੇ ਬਾਪੂ, ਮੈਂ ਪੁੱਛਦੀ ਆਂ, ਜਿਧਰ ਗਿਆ ਸੀ, ਕੋਈ ਪਿਆ ਪਲੇ ?"

ਉਸ ਬਡੇਡਰਿਆ ਜੇਹਾ ਬੈਠਾ ਵੇਂਹਦਾ ਰਿਹਾ । ਉਹਦੇ ਦਿਲ ਦਿਮਾਗ ਉਤੇ ਏਨਾਂ ਬੋਝ ਸੀ ਕਿ ਉਸ ਬੋਝ ਹੇਠੋਂ ਉਹਨੂੰ ਆਪਣੀ ਆਵਾਜ਼ ਕਢਣੀ ਔਖੀ ਹੋ

ਰਹੀ ਸੀ । ਉਹਨੂੰ ਆਪਣਾ ਆਪ ਵਾਧੂ ਅਤੇ ਬੇਫਾਇਦਾ ਜਿਹਾ ਲੱਗਣ ਲੱਗਾ । ਉਦਾਸੀ ਵਿਚ ਨਸ਼ਾ ਵੀ ਬੁਝਦਾ ਜਾ ਰਿਹਾ ਸੀ ।

ਨਰੈਣ ਸਿੰਘ ਦੀ ਮਾਲਕੀ ਦੀ ਜ਼ਮੀਨ ਪੰਜ ਘੁਮਾ ਚਾਰ ਕਨਾਲਾਂ ਸੀ ਜਿਸ ਵਿਚ ਚਾਰ ਘੁਮਾ ਖੂਹ ਦੀ ਸੇਂਜੂ ਜ਼ਮੀਨ, ਇਕ ਘੁਮਾ ਮਾਰੂ ਟਿੱਬੀ ਅਤੇ ਚਾਰ ਕਨਾਲਾਂ ਨਦੀ ਢਾਹੇ । ਢੱਕੀ ਖੂਹ ਵਾਲੇ ਚਾਰ ਖੇਤਾਂ ਵਿਚੋਂ ਤਿੰਨ ਤੁਲਸੀ ਮੱਲ ਬਾਣੀਏਂ ਕੋਲ ਗਹਿਣੇ ਸੀ ਜਿਹਨੂੰ ਨਰੈਣ ਸਿੰਘ ਦੇ ਭਤੀਜੇ ਠੇਕੇ ਉਤੇ ਲੈ ਕੇ ਵਾਹੁੰਦੇ ਬੀਜਦੇ ਸਨ ਅਤੇ ਇਕ ਖੇਤ ਖੂਹ ਮੁਢਲਾ ਨਰੈਣ ਸਿੰਘ ਆਪ ਕਿਸੇ ਦਾ ਹਲ ਫਲ ਮੰਗ ਕੇ ਬੀਜਦਾ ਸੀ । ਮੌਸਮ ਮੁਤਾਬਕ ਟਿੱਬੀ ਵਾਲੇ ਖੇਤ ਵਿਚ ਵੀ ਬਾਜਰਾ, ਗਵਾਰਾ, ਛੋਲੇ ਛਮਕੇ, ਸਰ੍ਹੋਂ, ਤਾਰਾ ਮੀਰਾ ਹੋ ਜਾਂਦਾ ਸੀ ।

ਘਰ ਦੇ ਚਾਰ ਜੀ ਸਨ। ਘਰ ਵਾਲੀ ਨਿਹਾਲੀ ਅਤੇ ਦੋ ਧੀਆਂ ਅਮਰੋ ਅਤੇ ਛੋਟੀ । ਘਰ ਵਿਚ ਅੱਤ ਦੀ ਗਰੀਬੀ ਸੀ- ਇੱਕ ਡੰਗ ਖਾਕੇ ਦੂਜੇ ਡੰਗ ਦਾ ਫਿਕਰ ਪੈ ਜਾਂਦਾ ਸੀ ਅਤੇ ਇੰਨੀ ਕੰਗਾਲੀ ਦਾ ਮੁਖ ਕਾਰਨ ਸੀ ਨਰੈਣ ਸਿੰਘ ਦੇ ਨਸ਼ੇ -ਅਫੀਮ ਅਤੇ ਨਸਵਾਰ । ਅਫੀਮ ਓਹ ਦੋ ਵੇਲੇ ਗਲਾਚੀ ਖਾਂਦਾ ਸੀ, ਇਕ ਤੋਲਾ ਰੋਜ਼, ਸਗੋਂ ਏਦੋਂ ਵੀ ਵਧ ਅਤੇ ਅਫੀਮ ਨੇ ਹੀ ਉਹਨੂੰ ਅੰਦਰੋ ਅੰਦਰ ਖੋਰ ਕੇ ਹੱਡੀਆਂ ਦੀ ਮੁੱਠ ਬਣਾ ਦਿਤਾ ਸੀ ।

ਘਰ ਦੀ ਮੰਦਹਾਲੀ! ਕੰਗਾਲੀ ਅਤੇ ਪੈਰੋ ਪੈਰ ਨਿਘਰਦੀ ਹਾਲਤ ਨੂੰ ਵੇਖ ਕੇ ਅਤੇ ਨਸ਼ੇ ਵਲੋਂ ਨਰੈਣ ਸਿੰਘ ਦੀ ਬੇਸਬਰੀ ਵੇਖ ਕੇ ਨਿਹਾਲੀ ਨੇ ਨਰੈਣ ਸਿੰਘ ਦਾ ਨਸ਼ਾ ਆਪਣੇ ਹੱਥ ਕਰ ਲਿਆ ਸੀ ਅਤੇ ਤਿਲ ਤਿਲ ਘਟਾਉਂਦੀ ਘਟਾਉਂਦੀ ਨੇ ਰੀਠੇ ਤੋਂ ਕੋਕਨ ਬੇਰ ਤੇ ਲੈ ਆਈ ਸੀ । ਸ਼ਾਇਦ ਏਸੇ ਲਈ ਹੀ ਨਰੈਣ ਸਿੰਘ ਦੇ ਹੱਡ ਗੋਡੇ ਚਸਕਦੇ ਰਹਿੰਦੇ ਸਨ। ਸੱਚ ਪੁਛੋ ਤਾਂ ਘਰ ਦਾ ਖਰਚ ਹੀ ਮਾੜਾ ਮੋਟਾ ਨਿਹਾਲੀ ਚਲਾਈ ਜਾਂਦੀ ਸੀ । ਆਂਢ ਗੁਆਂਢ ਦਾ ਲੀਪਾ ਪੋਚਾ ਕਰ, ਲੀਰਾਂ ਗੰਢ-ਤੁਪ ਵੇਲਾ ਧੱਕੀ ਜਾਂਦੀ, ਪਰ ਫਿਰ ਵੀ ਕਈ ਵਾਰੀ ਇਕ ਵੇਲੇ ਚੁੱਲ੍ਹਾ ਠੰਢਾ ਹੀ ਰਹਿ ਜਾਂਦਾ ।

ਵਾਹ ਲਗਦੇ ਨਿਹਾਲੀ ਕੁੜੀਆਂ ਨੂੰ ਘਰੋਂ ਬਾਹਰ ਨਾ ਨਿਕਲਣ ਦੇਂਦੀ ਅਤੇ

ਨਾ ਹੀ ਆਪਣੇ ਬਾਹਰ ਦੇ ਧੰਦੇ ਵਿਚ ਸ਼ਰੀਕ ਹੋਣ ਦਿੰਦੀ । ਉਹ ਕਹਿੰਦੀ, "ਧੀਆਂ ਧੰਨ ਬੇਗਾਨਾ, ਸਾਰੀ ਉਮਰ ਖਪਣਾ ਹੀ ਏ, ਆਪਣੇ ਘਰ ਜਾ ਕੇ ਜੋ ਮਰਜ਼ੀ ਕਰਨਾ ।"

ਨਰੈਣ ਸਿੰਘ ਜਵਾਨੀ ਪੈਹਰੇ ਬੜਾ ਟੌਹਰੀ ਜਵਾਨ ਸੀ - ਕੱਦ ਦਾ ਭਾਵੇਂ ਕੁਝ ਮੱਧਰਾ ਸੀ । ਗਿਆਰਾਂ ਘੁਮਾ ਮਾਲਕੀ ਸੀ ਅਤੇ ਦੋ ਹੀ ਭਰਾ ਸਨ ਨਰੈਣਾ ਤੇ ਛੋਟਾ ਸੁਰੈਣ । ਸੁਰੈਣ ਨੂੰ ਉਸ ਫੌਜ ਵਿਚ ਭਰਤੀ ਕਰਾ ਦਿਤਾ ਸੀ ਅਤੇ ਆਪ ਡੰਗਰ ਵੱਛਾ ਵੇਚ ਜ਼ਮੀਨ ਹਿੱਸੇ ਠੇਕੇ ਦੇ ਦਿਤੀ ਸੀ । ਘੁਲਣ ਖੇਡਣ ਦਾ ਸ਼ੌਕੀ ਸੀ - ਤੇਲ ਮਲਣਾ, ਡੰਡ ਬੈਠਕਾਂ ਲਾਉਣੀਆਂ, ਘਿਓ ਖਾਣਾ ਤੇ ਬਦਾਮ ਚੱਬਣੇ, ਮਲਮਲ ਸਮਰ ਜਾਂ ਕੈਮਰਕ ਦਾ ਕਲੀਆਂ ਵਾਲਾ ਕੁੜਤਾ, ਤੇੜ੍ਹ ਸੱਤ ਗਜ਼ਾ ਲੜ ਛਡਵਾਂ ਚਾਦਰਾ, ਪੈਰੀਂ ਕੱਢਵੀਂ ਨੋਕਦਾਰ ਜੁੱਤੀ, ਮਾਵੇ ਨਾਲ ਆਕੜੀ ਟੌਰੇਦਾਰ ਪੱਗ, ਕਦੇ ਕਿਸੇ ਮੇਲੇ, ਕਦੀ ਕਿਸੇ 'ਕੱਠ ।

ਛਿੰਝ ਅਖਾੜੇ ਪਿੰਡ ਹੁੰਦਿਆਂ ਵੀ ਛੜੇ ਦੇ ਚੁੱਲ੍ਹੇ ਦੁਆਲੇ ਮੁਫਤ ਖੋਰੇ ਖੁਸ਼ਾਮਦੀ ਮਿੱਤਰਾਂ ਦਾ ਇਕੱਠ ਹੋਇਆ ਰਹਿੰਦਾ ਅਤੇ ਬਦਾਮਾਂ ਦੇ ਰਗੜੇ ਲੱਗਦੇ ਰਹਿੰਦੇ। ਕੱਦ ਦਾ ਮਧਰਾ ਹੋਣ ਦੇ ਬਾਵਜੂਦ ਵੀ ਉਹਦੇ ਸਰੀਰ ਦੀ ਜੜਤੀ ਬਹੁਤ ਚੰਗੀ ਸੀ । ਤਾਹੀਉਂ ਤਾਂ ਵਿਧਵਾ ਨਿਹਾਲੀ, ਇੱਕ ਪੁੱਤਰ ਦੀ ਮਾਂ ਉਸ ਵੱਲ ਖਿਚੀ ਗਈ ਅਤੇ ਪੈਂਤੀ ਚਾਲੀ ਘੁਮਾ ਜ਼ਮੀਨ ਤੇ ਪੁੱਤਰ ਨੂੰ ਛੱਡ ਨਰੈਣ ਦੇ ਲੜ ਆ ਲੱਗੀ ।

ਨਿਹਾਲੀ ਨਰੈਣ ਤੋਂ ਗਿੱਠ ਉੱਚੀ, ਭਰ ਜਵਾਨ ਅਤੇ ਸੋਹਣੀ ਸੁਨੱਖੀ ਜਨਾਨੀ ਸੀ । ਨਿਹਾਲੋ ਤੇ ਚਾਦਰ ਪਾਉਣ ਨਾਲ ਨਰੈਣੇ ਤੇ ਕਬੀਲਦਾਰੀ ਆ ਪਈ ਅਤੇ ਉਹ ਵੀ ਆਸ਼ਕੀ ਦਾ ਵਿਆਹ । ਫਿਰ ਸੁਹਣੀ ਸੁਨੱਖੀ ਨੌਜਵਾਨ ਤੀਵੀਂ । ਹਰ ਪਾਸੇ ਖਰਚ ਖੁੱਲ੍ਹਾ । ਨਰੈਣ ਸਿੰਘ ਦੀਆਂ ਖੁਰਾਕਾਂ ਖੁੱਸ ਗਈਆਂ । ਉਸ ਦੋ ਬਲਦ ਲੈ ਹਲ ਖੜਾ ਕਰ ਲਿਆ ਪਰ ਕੰਜਰੀ ਨੂੰ ਚੱਕੀ ਪੀਹਣੀ ਪੈ ਗਈ । ਥਕੇਵਾਂ ਲਾਹੁਣ ਲਈ ਉਹਨੇ ਥੋੜ੍ਹੀ-ਥੋੜ੍ਹੀ ਅਫੀਮ ਖਾਣੀ ਸ਼ੁਰੂ ਕਰ ਦਿੱਤੀ । ਵੇਹਲੇ ਵੇਲੇ ਅਫੀਮ ਦਾ ਨਸ਼ਾ ਖਿੜਾਣ ਲਈ ਨਸਵਾਰ ਦੀ ਚੁਟਕੀ ਵੀ ਲੈਣੀ ਸ਼ੁਰੂ ਕਰ ਦਿਤੀ । ਛੇਤੀ ਹੀ ਨਸ਼ਾ ਹੱਡੀਂ ਬੈਠ ਗਿਆ ਅਤੇ ਨਰੈਣਾ ਘਾਗ ਅਮਲੀ ਬਣ ਗਿਆ। ਅਫੀਮ ਹੌਲੀ

ਹੌਲੀ ਤੋਲਾ ਰੋਜ਼ ਤਕ ਆ ਪਹੁੰਚੀ । ਸਗੋਂ ਏਦੋਂ ਵੀ ਟੱਪ ਤੁਰੀ । ਖੇਤ ਵਿਚ ਕੰਮ ਹੋਵੇ ਨਾ ਹੋਵੇ, ਪਰ ਨਸ਼ੇ ਦਾ ਵੇਲਾ ਕਵੇਲਾ ਤਾਂ ਨਹੀਂ ਹੋ ਸਕਦਾ ਅਤੇ ਫਿਰ ਬੱਚੇ ਜੀਣ ਤੁਲਸੀ ਬਾਣੀਏ ਦੇ, ਜਵਾਬ ਕਿਹੜਾ ਦੇਂਦਾ ਸੀ । ਪੰਜ ਮੰਗੋ ਦਸ, ਦਸ ਮੰਗੋ ਵੀਹ । ਲੈ ਲੌ ਭਾਈ ਕੋਈ ਜਵਾਬ ਨਹੀਂ । ਮੂੰਹ ਮੰਗਿਆ ਉਧਾਰ ਮਿਲ ਜਾਂਦਾ । ਉਧਾਰ ਸੁਖਾਲਾ ਮਿਲਣ ਨਾਲ ਖੇਤੀ ਦੇ ਕੰਮ ਵਿਚ ਢਿੱਲ ਆਉਣ ਲੱਗ ਪਈ । ਸਰੀਰ ਪੈਰੋ ਪੈਰ ਨਕਾਰਾ ਅਤੇ ਆਲਸੀ ਹੋਣ ਲੱਗ ਪਿਆ ।

ਸਾਲ ਬਾਦ ਸੁਰੈਣਾ ਛੁੱਟੀ ਆਉਂਦਾ ਤਾਂ ਘਰ ਦੇ ਮੁੱਕੇ ਸੌਦੇ ਸਭ ਆ ਜਾਂਦੇ। ਕੱਪੜੇ ਲੀੜੇ ਵਲੋਂ ਵੀ ਟੌਰ ਨਿਕਲ ਜਾਂਦੀ। ਨਿਹਾਲੀ ਤਾਂ ਪੂਰੀ ਦੀ ਪੂਰੀ ਹੀ ਦਿਓਰ ਦੇ ਪੱਲੇ ਪੈ ਜਾਂਦੀ । ਦਸ ਪੰਦਰਾਂ ਗੇੜੇ ਤਾਂ ਸ਼ਹਿਰ ਦੇ ਵੀ ਲੱਗ ਜਾਂਦੇ । ਦੋਵੇਂ ਸ਼ਹਿਰੋਂ ਮੁੜਦੇ ਤਾਂ ਨਿਕ ਸੁੱਕ ਨਾਲ ਦੋਵੇਂ ਲੱਦੇ ਆਉਂਦੇ ।

ਸੁਰੈਣ ਹੁਣ ਪੈਨਸ਼ਨ ਆਉਣ ਵਾਲਾ ਸੀ। ਛੁੱਟੀ ਕੱਟ ਕੇ ਜਾਣ ਤੋਂ ਇਕ ਦਿਨ ਪਹਿਲਾਂ ਉਸ ਦੋਹਾਂ ਦੇ ਬੈਠਿਆਂ ਕਿਹਾ :

"ਹੁਣ ਭਾ, ਮੇਰਾ ਵੀ ਕੁਝ ਕਰੋ, ਮੇਰਾ ਘਰ ਬਣੌਣ ਦੀ ਸੋਚੋ ।" ਉਂਝ ਵੀ ਉਮਰ ਪੱਖੋਂ ਉਹ ਚਾਲੀਆਂ ਤੋਂ ਤਿੰਨ ਸਟੇਸ਼ਨ ਹੀ ਪਿਛਾਂਹ ਸੀ ।

ਸੁਰੈਣ ਦੀ ਗੱਲ ਤੇ ਨਰੈਣ ਨੇ ਬਸ ਏਨਾ ਹੀ ਕਿਹਾ, "ਕੋਈ ਗੱਲ ਨੀ, ਰਾਮ ਭਲੀ ਕਰੇਗਾ । ਤੂੰ ਆਵੇਂਗਾ, ਜੋ ਕਿਸਮਤ ਵਿਚ ਹੋਇਆ ਆਪੇ ਬਣ ਜਾਏਗਾ ।"

ਪਰ ਨਿਹਾਲੀ ਨੇ ਤੇ ਤੁਰਨ ਵਾਲੀ ਰਾਤ ਇਕਾਂਤ ਵਿਚ ਉਹਨੂੰ ਪੂਰੀ ਅਪਣੱਤ ਵਿਖਾਈ, "ਦਿਓਰਾ, ਤੈਥੋਂ ਕੀ ਲੁਕਾਇਆ ਏ, ਮੌਜਾਂ ਮਾਣ, ਲੂੰ ਲੂੰ ਸਦਕੇ, ਇਹ ਘਰ ਬਾਰ ਤੇਰਾ, ਜੀਉ ਸਦਕੇ ਮੌਜਾਂ ਮਾਣ, ਜੰਮ ਜੰਮ ਆ ।"

ਪਰ ਸੁਰੈਣ ਨੂੰ ਸਗੋਂ ਇਹ ਗੱਲ ਚੁੱਭੀ ਅਤੇ ਫਿਰ ਜਦ ਸੁਰੈਣ ਪੈਨਸ਼ਨ ਆਇਆ ਤਾਂ ਨਾਲ ਇਕ ਪੂਰਬਣ ਮੁਟਿਆਰ ਨੂੰ ਵੀ ਲੈ ਆਇਆ ਜੇਹੜੀ ਉਸ ਕਿਸੇ ਟਰੱਕ ਡਰੈਵਰ ਰਾਹੀਂ ਖਰੀਦੀ ਸੀ । ਪੂਰਬਣ ਮੁਟਿਆਰ ਦਾ ਰੰਗ ਭਾਵੇਂ ਤਾਂਬੇ ਵਰਗਾ ਸੀ ਪਰ ਨੈਣ ਨਕਸ਼ ਤਿੱਖੇ ਅਤੇ ਸ਼ੋਖ ਸਨ । ਨਾਂ ਤਾਂ ਉਹਦਾ ਰਾਮ ਦੁਲਾਰੀ ਸੀ ਪਰ ਸੁਰੈਣਾ ਉਹਨੂੰ ਸੁਰਜੀਤ ਕੌਰ ਬੁਲਾਂਦਾ ਸੀ ਪਰ ਪਿੰਡ ਵਿਚ ਉਹ ਲਾਦੋਂ ਦੇ ਨਾਂ ਨਾਲ

ਪ੍ਰਸਿੱਧ ਹੋਈ । ਲਾਦੋ ਨਾਂ ਕਿਵੇਂ ਪਿਆ, ਇਸ ਬਾਰੇ ਤੁਹਾਨੂੰ ਅੱਗੇ ਜਾ ਕੇ ਪਤਾ ਲੱਗ ਜਾਏਗਾ ।

ਸੁਰੈਣ ਜਦ ਸੁਰਜੀਤੋ ਨੂੰ ਲੈ ਕੇ ਆਇਆ ਤਾਂ ਨਰੈਣ ਨਾ ਨਿਹਾਲੀ ਕਿਸੇ ਵੀ ਉਹਨੂੰ ਕਬੂਲ ਨਾ ਕੀਤਾ ਸਗੋਂ ਭਾਂਤ ਭਾਂਤ ਦੇ ਤਾਹਨੇ ਸ਼ੁਰੂ ਕਰ ਦਿੱਤੇ ।

ਸੁਰੈਣ ਸਿੰਘ ਨੇ ਭਰਾ ਭਰਜਾਈ ਦੇ ਮੂੰਹ ਵੱਟੇ ਵੇਖ ਕੇ ਪਹਿਲਾ ਕੰਮ ਘਰੋਂ ਬਾਹਰੋਂ ਅੱਡ ਹੋਣ ਦਾ ਕੀਤਾ । ਸਭ ਕੁਝ ਵੰਡ ਵੰਡਾ ਉਸ ਦੂਜੇ ਨੰਬਰ ਯਾਰਾਂ ਮਿੱਤਰਾਂ ਦੀ ਪਾਰਟੀ ਕੀਤੀ ਤੀਜੇ ਉਸ ਚੰਗੀ ਬਲਦਾਂ ਦੀ ਜੋੜੀ ਖਰੀਦ ਹਲ ਖੜਾ ਕਰ ਲਿਆ । ਪੈਸੇ ਪੱਲੇ ਵਾਹਵਾ ਸਨ । ਛੇਤੀ ਹੀ ਉਸ ਮਕਾਨ ਬਣਾ ਘਰ ਬਾਹਰ ਲਈ ਹਰ ਲੋੜੀਂਦੀ ਸ਼ੈ ਬਣਾ ਲਈ ।

ਨਰੈਣ ਤੇ ਨਿਹਾਲੀ ਖਿਝੇ ਹੋਏ ਸੁਰੈਣ ਤੇ ਸੁਰਜੀਤੋ ਬਾਰੇ ਭੰਡੀ ਪ੍ਰਚਾਰ ਦਾ ਤਵਾ ਲਾਈ ਹੀ ਰੱਖਦੇ । ਨਿਹਾਲੀ ਤਾਂ ਕਿਤੇ ਕਿਤੇ ਪਰ ਨਰੈਣ ਸਿੰਘ ਜਿਥੇ ਵੀ ਬਹਿੰਦਾ ਬਿਨਾਂ ਮਤਲਬੋਂ ਹੀ ਗੱਲ ਛੇੜ ਬਹਿੰਦਾ । ਅਵਾਰਾ, ਬਦਜ਼ਾਤ, ਬਦਕਾਰ, ਕੁਦੇਸਣ, ਉਧਲੀ ਹੋਈ ਅਤੇ ਕਈ ਹੋਰ ਬੇਨਿਸ਼ਾਨੇ ਤੀਰ ਛੱਡਦਾ ਰਹਿੰਦਾ ।

ਪਰ ਸੁਰੈਣ ਤੇ ਸੁਰਜੀਤੋ ਦੇ ਮੂੰਹੋਂ ਕਦੀ ਕਿਸੇ ਨੇ ਕੋਈ ਗੱਲ ਨਾ ਸੁਣੀ । ਉਹ ਦੋਵੇਂ ਜੀ ਕੰਮ ਨਾਲ ਕੰਮ ਰੱਖਦੇ । ਜਨਾਨੀਆਂ ਸੁਰਜੀਤੋ ਦੇ ਕੰਨ ਭਰਦੀਆਂ ਵੀ, ਪਰ ਉਹ ਹਰ ਗੱਲ ਅਣਸੁਣੀ ਕਰ ਚੁੱਪ ਰਹਿੰਦੀ । ਇਹ ਉਹਦਾ ਮਿੱਠਾ ਸੁਭਾ ਸਮਝੋ ਜਾਂ ਪੰਜਾਬੀ ਬੋਲੀ ਨਾ ਸਮਝਣ, ਨਾ ਬੋਲ ਸਕਣ ਦੀ ਘਾਟ ਜਾਂ ਓਪਰੇਪਨ ਦੀ ਛਾਪ, ਕੁਝ ਵੀ ਸਮਝੋ ਪਰ ਸੁਰੈਣ ਤੇ ਸੁਰਜੀਤੋ ਆਪੋ ਵਿਚ ਬੜਾ ਹਿਤ ਰੱਖਦੇ ਸਨ । ਦੋਹਾਂ ਦਾ ਆਪਸੀ ਮੋਹ ਸੀ । ਸੁਰਜੀਤ ਜਿੱਥੇ ਘਰ ਦੇ ਕੰਮ ਕਾਰ ਸਾਂਭ ਸਿਤਰ ਵਿਚ ਨਿਪੁੰਨ ਸੀ, ਸੁਘੜ ਸੀ, ਸਿਆਣੀ ਸੀ, ਉਥੇ ਖੇਤੀ ਦੇ ਕੰਮ ਵਿਚ ਵੀ ਸੁਰੈਣ ਦਾ ਪੂਰਾ ਪੂਰਾ ਹੱਥ ਵਟਾਂਦੀ ਸੀ ।

ਆਓ ਹੁਣ ਜ਼ਰਾ ਲਗਦੇ ਹੱਥ ਤੁਹਾਨੂੰ ਰਾਮ ਦੁਲਾਰੀ ਉਰਫ ਸੁਰਜੀਤ ਕੌਰ ਦੇ ਪਿੰਡ ਪ੍ਰਚਲਤ ਨਾਂ ਲਾਦੋ ਬਾਰੇ ਵੀ ਦੱਸਦਾ ਚੱਲਾਂ । ਉਹਨੂੰ ਜਦੋਂ ਪਹਿਲਾਂ ਪਹਿਲਾਂ ਪੰਜਾਬੀ ਬੋਲੀ ਨਹੀਂ ਸੀ ਆਉਂਦੀ ਅਤੇ ਉਹ ਪੂਰਬੀ ਬੋਲੀ ਜਾਂ ਹਿੰਦੀ ਵਿਚ ਹੀ ਗੱਲ

ਕਰਦੀ ਸੀ । ਆਂਢ ਗੁਆਂਢ ਅਜੇ ਰਚੀ ਮਿਚੀ ਨਹੀਂ ਸੀ ਅਤੇ ਓਪਰੇਪਨ ਕਰਕੇ ਝਿਜਕਦੀ ਕਿਸੇ ਨਾਲ ਗੱਲ ਨਹੀਂ ਸੀ ਕਰਦੀ । ਤੇ ਉਸ ਲਈ ਸਭ ਕੁਝ ਸੁਰੈਣ ਹੀ ਸੁਰੈਣ ਸੀ । ਸੁਰੈਣ ਕੰਮ ਤੋਂ ਵੇਹਲਾ ਹੋ ਦਪੈਹਰਾ ਕੱਟਣ ਲਈ ਤਾਸ਼ ਖੇਡਦੀ ਮੰਡਲੀ ਵਿਚ ਆ ਬਹਿੰਦਾ ।

ਅਤੇ ਸੁਰਜੀਤੋ ਨੂੰ ਘਰ ਕਿਸੇ ਚੀਜ਼ ਵਸਤ ਦੀ ਲੋੜ ਪੈ ਜਾਂਦੀ ਤਾਂ ਉਹ ਤਾਸ਼ ਖੇਡਦੇ ਸੁਰੈਣ ਵੱਲ ਜਾਂਦੀ ਅਤੇ ਪਰਾਂਹ ਦੂਰ ਖਲੋ 'ਵਾਜ ਮਾਰਦੀ :

"ਅਜੀ ਓ ਹੌਲਦਾਰ, ਤਿੰਨਕ ਦੂਕਨੀਆਂ ਸੇ ਥੋੜਾ ਮਿਸਾਲਾ ਲਾਦੋ ਨਾ । ਤਿੰਨਕ ਦੂਕਨੀਆਂ ਸੇ ਸ਼ਕਰ ਪੱਤੀ ਲਾ ਦੋ ਨਾਂ - ਅਜੀ ਓ ਫੌਜੀ ਸਾਹਬ ਥੋੜੀ ਸੂਖੀ ਲਕੜੀ ਲਾ ਦੋ ਨਾ ।" ਉਹਦੀ ਮਿੱਠੀ ਆਵਾਜ਼ ਤੇ 'ਲਾ ਦੋ ਨਾ' ਸ਼ਬਦ ਵਿਚ ਇੰਨੀ ਖਿੱਚ ਹੁੰਦੀ ਕਿ ਹਰ ਇਕ ਦਾ ਦਿਲ ਮੋਹ ਲੈਂਦੀ ਲਾ ਦੋ ਨਾਂ । ਮਿਠਾਸ, ਤਰਲਾ ਅਤੇ ਅਪਣੱਤ, ਦਿਲੀ ਦਰਦ ਦਾ ਸੁਮੇਲ ਲਾ ਦੋ ਨਾ ਪਿੰਡ ਦੇ ਬੱਚੇ ਬੱਚੇ ਦੀ ਜ਼ੁਬਾਨ ਤੇ ਚੜ੍ਹ ਗਿਆ । ਤੇ ਫਿਰ ਇਕ ਦਿਨ ਉਹ ਤਾਸ਼ ਵਿਚ ਜੁਟਿਆ ਹੋਇਆ ਸੀ ਤੇ ਨਹਿਲੇ ਤੇ ਦਹਿਲਾ ਮਾਰ ਰਿਹਾ ਸੀ ਤਾਂ ਦੂਰੋਂ ਆਉਂਦੀ ਸੁਰਜੀਤੋ ਨੂੰ ਵੇਖ ਕੇ ਕਿਸੇ ਟਿਚਰੀ ਨੇ ਸੁਰੈਣ ਨੂੰ ਕਿਹਾ, "ਚਾਚਾ ਫੌਜੀਆ, ਜਾ ਤੇਰੀ ਲਾਦੋ ਆਉਂਦੀ ਆ ।" ਸਾਰੀ ਮਹਿਫਲ ਵਿਚ ਹਾਸਾ ਮਚ ਗਿਆ । ਸੁਰੈਣ ਨੂੰ ਖਸਿਆਹਟ ਜਿਹੀ ਹੋਈ ।

"ਮਾਂ ਦੇ ਚਰਖਿਆ, ਤੇਰੀ ਤਾਂ ਚਾਚੀ ਲੱਗਦੀ ਏ ।" ਉਸ ਟਿਚਰੀ ਨੂੰ ਦੋ ਚਾਰ ਮਿਠੀਆਂ ਢੁਕਵੀਆਂ ਗੱਲਾਂ ਕਹੀਆਂ, ਪਰ ਉਹ ਸੁਰਜੀਤੋ ਨਾਂ ਬਹਾਲ ਨਾ ਰੱਖ ਸਕਿਆ ਅਤੇ ਲਾਦੋ ਨਾਂ ਪ੍ਰਚਲਤ ਹੋ ਗਿਆ ।

ਲਾਦੋ ਜਿਥੇ ਕੰਮ ਦੀ ਤਕੜੀ ਸੀ ਉਥੇ ਸੁਭਾਅ ਦੀ ਮਿੱਠੀ ਸੁਘੜ ਤੇ ਸਿਆਣੀ ਸੀ ਜਿਥੇ ਉਸਨੇ ਖੇਤ ਬੰਨਾ ਤੇ ਘਰ ਨੂੰ ਸੰਵਾਰਿਆ ਸਿਤਰਿਆ ਉਥੇ ਸਾਲ ਵਿਚ ਇਕ ਪੁੱਤਰ ਜੰਮ ਕੇ ਸੁਰੈਣ ਨੂੰ ਪੁੱਤਰ ਦਾ ਪਿਉ ਬਣਾ ਦਿਤਾ। ਨਾਲ ਹੀ ਸੁਰੈਣ ਸਿੰਘ ਦੇ ਇਸ ਪ੍ਰਚਾਰ ਨੂੰ ਵੀ ਰੋਕ ਲਾ ਦਿੱਤੀ ਕਿ ਚਲੋ ਨਾਂ ਨੂੰ ਹੀ ਜਨਾਨੀ ਐ । ਇਹੋ ਜਿਹੀਆਂ ਘਾਟ ਘਾਟ ਦਾ ਪਾਣੀ ਪੀਣ ਵਾਲੀਆਂ ਕਿਹੜੇ ਗੀਗੇ ਜੰਮਦੀਆਂ ਹੁੰਦੀਆਂ ਨੇ । ਫਿਰ ਅਗਲੇ ਸਾਲ ਇਕ ਪੁੱਤ ਹੋਰ ਜੰਮ ਕੇ ਉਸ ਜੋੜੀ

ਕਰ ਲਈ ਤੇ ਜੈਲੇ ਨਾਲ ਕੈਲਾ ਰਲਾ ਦਿਤਾ ।

ਫਿਰ ਨਰੈਣ ਸਿੰਘ ਦਾ ਪ੍ਰਚਾਰ ਰੁੱਖ ਬਦਲ ਗਿਆ

"ਓਏ ਸਾਲ ਦੇ ਸਾਲ ਕਤੂਰੇ ਜੰਮੀ ਜਾਂਦੀ ਏ । ਇਹ ਕਿਹੜੇ ਮੱਲ ਬਣਨਗੇ ।"

ਤੀਜੇ ਸਾਲ ਲਾਦੋ ਨੇ ਮੁਖਤਿਆਰੇ ਨੂੰ ਜਨਮ ਦਿਤਾ। ਜਰਨੈਲ ਅਤੇ ਕਰਨੈਲ ਦੇ ਜੰਮਣ ਤੇ ਸੁਰੈਣ ਸਿੰਘ ਨੇ ਬੜੀ ਖੁਸ਼ੀ ਕੀਤੀ । ਹਲਵਾਈ ਘਰ ਬਿਠਾ ਹਰ ਮੂੰਹ ਲੱਡੂ ਪਾਏ, ਘਰ ਘਰ ਭਾਜੀ ਭੇਜੀ ਪਰ ਤੀਜਾ ਪੁੱਤ ਮੁਖਤਿਆਰ ਜੰਮਣ ਤੇ ਕੋਈ ਖੁਸ਼ੀ ਨਾ ਕੀਤੀ । ਕਿਉਂ ?

ਲਾਦੋ ਦਾ ਕਹਿਣਾ ਸੀ ਸੁੱਖ ਨਾਲ ਦੋ ਵੀਰਾਂ ਦੀ ਇਕ ਭੈਣ ਤਾਂ ਹੋਣੀ ਚਾਹੀਦੀ ਸੀ ਜੇ ਕੁੜੀ ਹੁੰਦੀ ਤਾਂ ਭਰਵੀਂ ਖੁਸ਼ੀ ਕਰਦੇ। ਪਰ ਗੱਲ ਉਨ੍ਹਾਂ ਦੀ ਭਾਵਨਾ ਦੇ ਉਲਟ ਹੋਈ। ਮੁਖਤਿਆਰ ਦੇ ਪੈਦਾ ਹੋਣ ਪਿਛੋਂ ਹੀ ਸੁਰੈਣ ਕਿਸੇ ਨਾ ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਿਆ ਤੇ ਬੀਮਾਰੀ ਉਹਨੂੰ ਅੰਦਰੋਂ ਅੰਦਰ ਖਾਂਦੀ ਰਹੀ । ਕੋਈ ਦਵਾਈ, ਕੋਈ ਇਲਾਜ ਕਾਰਗਰ ਸਾਬਤ ਨਾ ਹੋਇਆ ਤੇ ਸੁਰੈਣ ਨਿੱਕਾ ਜਿਹਾ ਪਰਿਵਾਰ ਬੇਸਹਾਰਾ ਛੱਡ ਪਰਲੋਕ ਸੁਧਾਰ ਗਿਆ ।

ਸਮੁੱਚੀ ਕਬੀਲਦਾਰੀ ਦਾ ਬੋਝ ਲਾਦੋ ਤੇ ਆ ਪਿਆ । ਚਲੋ ਸੁੱਖ ਵਿਚ ਨਾ ਸਹੀ, ਦੁੱਖ ਵਿਚ ਤਾਂ ਅਫਸੋਸ ਕਰਨ ਜਾਣਾ ਹੀ ਚਾਹੀਦਾ ਏ-ਲੋਕ ਲਾਜੋਂ ਸੁਰੈਣ ਤੇ ਨਿਹਾਲੀ ਵੀ ਗਏ, ਪਰ ਅਜੇ ਸਿਵਾ ਠੰਡਾ ਵੀ ਨਹੀਂ ਹੋਇਆ ਸੀ, ਨਰੈਣ ਨੇ ਨਵਾਂ ਗੋਲਾ ਦਾਗ ਦਿੱਤਾ, 'ਉਹ ਭਾਈ, ਕੋਈ ਕਾਰਾ ਤਾਂ ਕਰਨਾ ਹੀ ਸੀ । ਕੁਦੇਸਣ ਖਾ ਗਈ, ਜਵਾਨ ਨੂੰ ।'

ਲਾਦੋ ਦੇ ਸਿਰ ਤੇ ਕਬੀਲਦਾਰੀ ਦਾ ਤਕੜਾ ਬੋਝ ਆ ਪਿਆ ਸੀ, ਪਰ ਉਦੋਂ ਤੱਕ ਲਾਦੋ ਨੇ ਹਰ ਘਰ ਵਿਚ ਸਤਿਕਾਰ ਪੈਦਾ ਕਰ ਲਿਆ ਸੀ । ਹਰ ਇਕ ਦੀ ਹਮਦਰਦੀ ਉਹਦੇ ਨਾਲ ਸੀ ਕਿਉਂਕਿ ਹਰ ਇਕ ਦੀ ਹਮਦਰਦ ਲਾਦੋ, ਹਰ ਦੁਖੀ ਦੇ ਦੁੱਖ ਦੀ ਭਾਈਵਾਲ ਲਾਦੋ, ਹਰ ਇਕ ਦੀ ਮਦਦਗਾਰ ਲਾਦੋ, ਹਰ ਇਕ ਦੀ ਰੂਹਾਨੀ ਰਿਸ਼ਤੇਦਾਰ ਤਾਈ ਲਾਦੋ, ਚਾਚੀ ਲਾਦੋ, ਮਾਸੀ ਲਾਦੋ, ਭੈਣ ਲਾਦੋ, ਭੂਆ

ਲਾਦੋ ਅਤੇ ਪੰਜਾਬੀ ਉਹ ਠੇਠ ਬੋਲ ਲੈਂਦੀ ਸੀ - ਹਰ ਇਕ ਦੀਆਂ ਹਮਦਰਦੀਆਂ ਉਹਦੇ ਨਾਲ ਸਨ - ਬਚਨੇ ਮਜ਼ਬੀ ਨੇ ਤਾਂ ਦੁਖ ਵਿਚ ਪੂਰਾ ਪੂਰਾ ਸਾਥ ਦਿੱਤਾ- ਸੁਰੈਣ ਨੇ ਬਚਨੇ ਦੇ ਮੁੰਡਾ ਕੁੜੀ ਵਿਆਹੁਣ ਵਿਚ ਅਤੇ ਹੋਰ ਲੈਣ ਦੇਣ ਵਿਚ ਉਹਦੀ ਪੂਰੀ ਪੂਰੀ ਮਦਦ ਕੀਤੀ ਸੀ ਤਾਂ ਹੀ ਬਚਨੇ ਦਾ ਪੂਰਾ ਟੱਬਰ ਲਾਦੋ ਦੇ ਖੇਤੀਂ ਕੰਮ ਵਿਚ ਜੁਟ ਗਿਆ ਅਤੇ ਕਿਸੇ ਕੰਮ ਵਿਚ ਭੋਰਾ ਖੜ੍ਹਤ ਨਾ ਪੈਣ ਦਿਤੀ ।

ਸੁਰੈਣ ਦੀ ਪੈਨਸ਼ਨ ਵੀ ਸਿਧੀ ਲਾਦੋ ਨੂੰ ਮਿਲਣ ਲੱਗ ਪਈ ਸੀ । ਲਾਦੋ ਆਪਣੇ ਦਰਿੜ ਇਰਾਦੇ, ਮਿਲਵਰਤਣ ਅਤੇ ਮਿੱਠੇ ਸੁਭਾਅ ਨਾਲ ਸਾਰੇ ਪਿੰਡ ਵਿਚ ਸਤਿਕਾਰੀ ਜਾਂਦੀ ਸੀ । ਕਿਸੇ ਘਰ ਵਿਚ ਵਿਆਹ, ਮੰਗਣਾ, ਕੁੜਮਾਈ, ਸ਼ਗਨ ਛੁਹਾਰਾ, ਪੂਜਾ ਪਾਠ ਜਾਂ ਕੋਈ ਹੋਰ ਖੁਸ਼ੀ ਹੁੰਦੀ ਤਾਂ ਸਿਰੀ ਗਣੇਸ਼ ਲਾਦੋ ਦੇ ਹੱਥੋਂ ਜਾਂ ਲਾਦੋ ਦੇ ਆਉਣ ਤੇ ਹੀ ਹੁੰਦਾ । ਕਈਆਂ ਦੇ ਥਿੜਕੇ ਥੁੜੇ ਕੰਮ ਵੀ ਉਹ ਹੌਸਲੇ ਨਾਲ ਖੜ੍ਹੇ ਪੈਰ ਹੀ ਨੇਪਰੇ ਚਾਹੜ ਦਿੰਦੀ । ਜਿਹਦੀ ਕਿਤੋਂ ਗਰਜ਼ ਪੂਰੀ ਨਾ ਹੁੰਦੀ ਉਹ ਲਾਦੋ ਦੇ ਬੂਹੇ ਜਾ ਖਲੋਂਦਾ ਅਤੇ ਕਦੀ ਨਿਰਾਸ਼ ਨਾ ਮੁੜਦਾ ਅਤੇ ਉਹ ਅਹਿਸਾਨ ਕਰਕੇ ਵੀ ਕਦੀ ਅਹਿਸਾਨ ਨਾ ਜਤਾਉਂਦੀ ਅਤੇ ਨਾ ਹੀ ਆਪਣੀ ਵਡਿਆਈ ਸੁਣਦੀ ।

ਲਾਦੋ ਦੇ ਮੁੰਡੇ ਹੁਣ ਬਾਰ੍ਹਵੇਂ ਤੇਰ੍ਹਵੇਂ ਚੌਧਵੇਂ ਸਾਲ ਵਿਚ ਸਨ । ਮਾਂ ਵਾਂਗ ਹੀ ਮਿਠੇ ਅਤੇ ਕੰਮ ਦੇ ਲਾਗੂ । ਜੈਲਾ ਅਤੇ ਕੈਲਾ ਚੰਗੇ ਅਣਥੱਕ ਹਾਲੀ ਤੇ ਮੁਖਤਿਆਰਾ ਪਾਲੀ, ਮੱਝਾਂ ਦਾ ਵਾਗੀ । ਘਰ ਵਿਚ ਕਿਸੇ ਚੀਜ਼ ਦੀ ਥੁੜ ਨਹੀਂ ਸੀ । ਦੁੱਧ, ਘਿਓ, ਗੁੜ, ਮਿੱਠਾ, ਦਾਲ, ਦਾਣਾ, ਅਮਣ ਮਤਾ ਸੀ । ਕਿਸੇ ਪਾਸਿਉਂ ਕੋਈ ਘਾਟ ਨਹੀਂ ਸੀ ।

ਕੁੜ੍ਹਿਆ ਬੁਝਿਆ ਨਰੈਣਾ ਅਜੇ ਵੀ ਮੁੰਡਿਆਂ ਨੂੰ ਦੋਗਲੀ ਜਾਂ ਕੁਦੇਸਣ ਦੀ ਔਲਾਦ ਕਹਿੰਦਾ ਸੀ । ਨਰੈਣ ਦੀਆਂ ਦੋਵੇਂ ਧੀਆਂ ਅਮਰੋ ਅਤੇ ਛੋਟੀ ਹੁਣ ਮੁਟਿਆਰਾਂ ਸਨ ਅਤੇ ਦੋਵੇਂ ਹੀ ਇੱਕੋ ਪਿੰਡ ਅੱਡੋ ਅੱਡ ਘਰਾਂ ਵਿਚ ਮੰਗੀਆਂ ਹੋਈਆਂ ਸਨ, ਪਰ ਵਿਆਹ ਦਾ ਅਜੇ ਕੋਈ ਪ੍ਰਬੰਧ ਨਹੀਂ ਸੀ ।

ਇਕ ਦਿਨ ਤੁਲਸੀ ਮੱਲ ਨੇ ਤੁਰੇ ਜਾਂਦੇ ਨਰੈਣ ਨੂੰ ਰੋਕ ਲਿਆ, ਚੌਧਰੀ

ਨਰੈਣ ਸਿਆਂ ! ਭਈ ਛੋਰੀਆਂ ਹੁਣ ਵਿਆਹੁਣ ਜੋਗ ਨੇ, ਚਾਰ ਛੇ ਬੰਦੇ ਬੁਲਾ ਕੇ ਸਿਰੋਂ ਭਾਰ ਲਾਹ ਦੇ ।"

ਨਰੈਣ ਨੇ ਅਣਪਰੋਖੋਂ ਦਾ ਰੋਣਾਂ ਰੋਇਆ, ਘਰ ਦੀ ਨਿਘਰੀ ਹਾਲਤ ਦੱਸੀ ਤਾਂ ਤੁਲਸੀ ਨੇ ਤਸੱਲੀ ਦੇਦਿਆਂ ਆਖਿਆ, 'ਵੇਖ ਨਰੈਣ ਸਿਆਂ, ਤੂੰ ਕੰਮ ਆਰੰਭ, ਸਿਰੇ ਲਾਣ ਵਾਲਾ ਤਾਂ ਉਹ ਭਗਵਾਨ ਏ- ਉਹ ਆਪੇ ਸਭ ਦੇ ਕਾਰਜ ਰਾਸ ਕਰਦਾ ਏ । ਹਾਂ, ਹਿੰਮਤ ਬੰਦੇ ਦੀ ਚਾਹੀਦੀ ਹੈ, ਕੰਮ ਛੋਹਣ ਦੀ ।' ਅਤੇ ਨਾਲ ਹੀ ਦੋਵੇਂ ਵਿਆਹ 'ਕੱਠੇ ਕਰਨ ਦੀ ਸਲਾਹ ਦਿੱਤੀ, 'ਦੋਬਾਰਾ ਮੇਲ 'ਕੱਠਾ ਕਰਨ ਨਾਲੋਂ ਇਕੋ ਵੇਰ ਗਲਾ ਖੋੜੀ ਕੱਢ ਦੇ ।'

ਬਾਣੀਏਂ ਦੇ ਕਹਿਣ ਤੇ ਘਰ ਆ ਉਸ ਨਿਹਾਲੀ ਨਾਲ ਗੱਲ ਕੀਤੀ ਅਤੇ ਚੰਗਾ ਢੁਕਵਾਂ ਦਿਨ ਮਿਥ ਚਿੱਠੀਆਂ ਭੇਜ ਦਿੱਤੀਆਂ । ਨਰੈਣ ਸਿੰਘ ਦਾ ਖਿਆਲ ਸੀ ਕਿ ਤੁਲਸੀ ਮੱਲ ਪੂਰੀ ਮਦਦ ਦੇਵੇਗਾ ਅਤੇ ਵਿਆਹ ਦਾ ਕੰਮ ਨੇਪਰੇ ਚੜ੍ਹ ਜਾਏਗਾ । ਉਹਦਾ ਖਿਆਲ ਸੀ ਕਿ ਤੁਲਸੀ ਮੱਲ ਪਹਿਲੇ ਗਹਿਣੇਂ ਵਾਲੇ ਤਿੰਨਾਂ ਕਿਲਿਆਂ ਉਤੇ ਕਰਜ਼ਾ ਹੋਰ ਵਧਾ ਲਏਗਾ, ਪਰ ਜਦੋਂ ਵਿਆਹ ਦੇ ਦਿਨ ਵਿਚ ਹਫਤਾ ਹੀ ਰਹਿ ਗਿਆ ਅਤੇ ਤੁਲਸੀ ਨੇ ਕੋਈ ਆਈ ਗਈ ਨਾ ਦਿਤੀ ਤਾਂ ਨਰੈਣ ਦੀ ਮਨ ਕੋਠੀ ਕੰਬੀ । ਉਸਨੇ ਤਾਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਸੀ ਕੱਤੀ । ਨਰੈਣ ਨੇ ਤੁਲਸੀ ਦਾ ਬੂਹਾ ਜਾਂ ਮੱਲਿਆ । 'ਸ਼ਾਹ ਜੀ, ਹੁਣ ਲਾਓ ਬੇੜੀ ਬੰਨੇ !'

ਪਰ ਤੁਲਸੀ ਦਾ ਕਹਿਣਾ ਸੀ, "ਨਰੈਣ ਸਿਆਂ, ਬੇੜੀ ਤਾਂ ਸਭ ਦੀ ਭਗਵਾਨ ਈ ਬੰਨੇ ਲਾਂਦਾ ਏ । ਬੰਦੇ ਦੇ ਕੀ ਹੱਥ ਵੱਸ ਏ ? ਨਾਲੇ ਭਾਈ ਤੂੰ ਤਾਂ ਆਪ ਸਿਆਣਾ ਏਂ, ਇਸ ਤੇਰ੍ਹਵੇਂ ਮਹੀਨੇ ਕਿਹਦੇ ਕੋਲ ਪੈਸੇ ਨੇ । ਨਾਲੇ ਭਾਈ ਹੁਣ ਕਾਰ ਵਿਹਾਰ ਕਾਹਦੇ ਰਹਿ ਗਏ । ਹੁਣ ਤਾਂ ਪੱਲਿਉਂ ਦੇ ਕੇ ਵੈਰ ਵਿਹਾਂਜਣ ਵਾਲੀ ਗੱਲ ਏ ।"

ਲਾਲੇ ਦੀਆਂ ਅੱਖਾਂ ਫਿਰੀਆਂ ਵੇਖ ਨਰੈਣ ਨੇ ਘਗਿਆ ਕੇ ਤਰਲੇ ਕੱਢੇ । ਤੁਲਸੀ ਥੋੜ੍ਹਾ ਜਿਹਾ ਪਸੀਜਿਆ ਅਤੇ ਏਨਾ ਹੀ ਕਿਹਾ :

"ਵੇਖ ਨਰੈਣ ਸਿਆਂ, ਅੱਗੇ ਤੋਂ ਅੱਗੇ ਫੜ ਫੜਾ ਕੇ ਹੀ ਕੰਮ ਚਲਦਾ

ਏ, ਪੈਸਾ ਕੋਲ ਤਾਂ ਕਿਹਦੇ ਹੁੰਦਾ ਏ ? ਤੂੰ ਮੈਤੋਂ ਫੜ, ਮੈਂ ਤੈਤੋਂ ਫੜ, ਕਿਤੋਂ ਅਸਾਂ ਵੀ ਤਾਂ ਵਿਆਜ ਤੇ ਹੀ ਫੜਨੇ ਨੇ। ਪਤਾ ਕਰ ਦੇਂਦੇ ਆਂ, ਪਰ ਮਿਲਣਗੇ ਜ਼ਮੀਨ ਤੋਂ ਹੀ ।"

ਨਰੈਣ ਨੇ ਕਿਹਾ, "ਪੈਹਲੇ ਤਿੰਨ ਖੇਤਾਂ ਤੇ ਹੋਰ ਵਧਾ ਲਓ ।"

ਪਰ ਤੁਲਸੀ ਨੇ ਕੰਨਾਂ ਤੇ ਹੱਥ ਧਰ ਲਏ, "ਊਂ ਹੂੰ, ਉਸ ਪੈਲੀ ਤੇ ਤਾਂ ਕਮਲਿਆ ਪੈਹਲਾਂ ਈ ਬੈ ਜਿੰਨੀ ਰਕਮ ਚੜ੍ਹੀ ਹੋਈ ਏ ।"

ਪਰ ਨਰੈਣ ਦਾ ਕਹਿਣਾ ਸੀ, "ਕੀ ਹੋ ਗਿਆ, ਦਿਆਂਗੇ ਤੇ ਛੁਡਾਵਾਂਗੇ ਨਾਂ ।"

ਪਰ ਤੁਲਸੀ ਨੇ ਸਪੱਸ਼ਟ ਲਫਜ਼ਾਂ ਵਿਚ ਕਿਹਾ, "ਰੈਂਹਦੇ ਦੋ ਘੁਮਾਂ ਗੈਹਣੇ ਕਰਦੇ, ਔਖੇ ਸੌਖੇ ਤੇਰਾ ਕੰਮ ਧੱਕ ਦੇਂਦੇ ਆਂ ।"

ਤੁਲਸੀ ਦੀ ਗੱਲ ਸੁਣ ਨਰੈਣੇ ਨੂੰ ਤਰੇਲੀਆਂ ਆ ਗਈਆਂ, ਨਸ਼ੇ ਟੁਟ ਗਏ । ਬੜੀ ਮਿਨਤ ਸਮਾਜਤ ਕੀਤੀ, ਪਰ ਤੁਲਸੀ ਆਪਣੀ ਗਲ ਤੇ ਅੜਿਆ ਰਿਹਾ। ਹਾਰ ਕੇ ਨਰੈਣਾ ਝੁਕ ਗਿਆ ਤੇ ਆਖਿਆ, "ਚੰਗਾ ਲਾਲਾ, ਮੇਰੀ ਮਿੰਤ ਮੰਨ ਤੇ ਖੂਹ ਵਾਲਾ ਸੇਂਜੂ ਖੇਤ ਰੱਖ ਲੈ, ਬਰਾਨੀ ਟਿੱਬਾ ਸਾਡੇ ਕੋਲ ਰੈਹਣ ਦੇ, ਹੋਰ ਕੁਝ ਨਹੀਂ ਤਾਂ ਜੀਣ ਜੋਗੇ ਰੈਹ ਜਾਈਏ ।"

ਪਰ ਤੁਲਸੀ ਐਨਾ ਨਰਮ ਨਹੀਂ ਸੀ, ਉਹ ਦੋਹਾਂ ਖੇਤਾਂ ਤੇ ਹੱਥ ਰੱਖੀ ਅੜਿਆ ਰਿਹਾ, "ਊਂ ਹੂੰ, ਤੂੰ ਤਾਂ ਨਰੈਣ, ਕਮਲੀਆਂ ਮਾਰ ਰਿਹਾ ਏਂ, ਜ਼ਰਾ ਸੋਚ, ਦੋ ਵਿਆਹ ਤੇ ਉਤੋਂ ਤੇਰ੍ਹਵਾਂ ਮਹੀਨਾ, ਫਿਰ ਭਾਈ ਥੁੱਕੀਂ ਵੜੇ ਨਹੀਂ ਪੱਕਣੇ ।"

ਨਰੈਣ ਸਿੰਘ ਨੇ ਘਗਿਆਈ ਜਿਹੀ ਆਵਾਜ਼ ਵਿਚ ਆਖਿਆ, "ਸ਼ਾਹ ਜੀ, ਦੋਵੇਂ ਖੇਤ ਦੇ ਕੇ ਫਿਰ ਅਸੀਂ ਦੋਵੇਂ ਜੀ ਕੀ ਕਰਾਂਗੇ ?"

ਤੁਲਸੀ ਦਾ ਰੁਖ ਅਜੇ ਵੀ ਰੁੱਖਾ ਸੀ, "ਇਹ ਤਾਂ ਭਈ ਤੂੰ ਸੋਚ, ਇਹ ਸੋਚਣਾ ਤੇਰਾ ਕੰਮ ਏ ।" ਫਿਰ ਉਤਸ਼ਾਹ ਦੇਂਦੇ ਨੇ ਕਿਹਾ, "ਨਰੈਣ, ਜਿਨ੍ਹਾਂ ਕੋਲ ਜ਼ਮੀਨ ਨਹੀਂ ਹੁੰਦੀ, ਉਹ ਕੇਹੜਾ ਕਾਰਜ ਨੀ ਕਰਦੇ, ਸਗੋਂ ਜ਼ਿਮੀਂਦਾਰਾਂ ਨਾਲੋਂ ਚੰਗਾ ਗੁਜ਼ਾਰਾ ਕਰਦੇ ਨੇ ।"

ਨਰੈਣੇ ਦੇ ਅੰਦਰੇ ਈ ਅੰਦਰ ਕੁਝ ਟੁੱਟ ਰਿਹਾ ਸੀ ਕਿ ਤੁਲਸੀ ਨੇ ਫਿਰ ਕਿਹਾ. "ਸਿਆਣੇ ਕਹਿੰਦੇ ਨੇ, ਚੋਰੀ ਚਕਾਰੀ ਦਾ ਮੇਹਣਾ ਏ, ਮੇਹਨਤ ਮਜ਼ੂਰੀ ਕੋਈ ਮੇਹਣਾ ਨੀ । ਨਾਲੇ ਭਾਈ, ਅਸੀਂ ਕਿਹੜਾ ਤੇਰੇ ਖੇਤੀਂ ਆਪ ਹਲ ਵਾਹੁਣਾ ਏਂ, ਸਾਨੂੰ ਤਾਂ ਹਿੱਸਾ ਠੇਕਾ ਚਾਹੀਦਾ ਏ । ਤੂੰ ਦੇਈ ਜਾਈਂ । ਤੂੰ ਕਹੇਂਗਾ, ਤਾਂ ਕਿਸੇ ਨੂੰ ਦਸਦੇ ਬੀ ਨੀ ।"

ਨਰੈਣ ਸਿੰਘ ਦੇ ਖੱਬੇ ਹੱਥ ਫੜੀ ਨਸਵਾਰ ਦੀ ਡੱਬੀ ਕੰਬੀ ਅਤੇ ਸੱਜੇ ਹੱਥ ਵਿਚ ਭਰੀ ਹੋਈ ਚੁਟਕੀ ਉਹ ਨਾਸ ਤੱਕ ਨਾ ਲਿਜਾ ਸਕਿਆ ਤੇ ਮੈਲੀ ਦਰੀ ਤੇ ਚੁਟਕੀ ਘਸਾ ਦਿਤੀ । ਪਹਿਲਾਂ ਤੁਲਸੀ ਨੇ ਦਸਾ ਦਸਾ ਬੀਸਾ ਬੀਸਾ ਦੇ ਕੇ ਫਿਰ ਵਿਆਜ-ਪੜ-ਵਿਆਜ ਜੋੜ ਕੇ ਤਿੰਨ ਖੇਤ ਹਥਿਆ ਲਏ ਸਨ। ਉਦੋਂ ਵੀ 'ਤੂੰ ਹੀ ਬੀਜੀਂ', ਇਹੋ ਗੱਲ ਆਖੀ ਸੀ, ਪਰ ਪਹਿਲੀ ਛਿਮਾਹੀ ਪਿੱਛੋਂ ਹੀ ਅੱਖਾਂ ਫੇਰ ਲਈਆਂ ।

"ਭਾਈ ਚੌਧਰੀ, ਤੇਤੋਂ 'ਕੱਲੇ ਕਲਾਪੇ ਤੋਂ ਕੇਹੜਾ ਖੇਤੀ ਹੁੰਦੀ ਏ, ਸਾਨੂੰ ਹਿਸੇ 'ਚੋਂ ਕੀ ਆਵੇਗਾ ? ਸਾਨੂੰ ਬਟਾਈ ਨੀ ਪੁੱਗਦੀ, ਠੇਕੇ ਤੇ ਵਾਹੁਣਾ ਵੇਂ ਤਾਂ ਗੱਲ ਕਰ ਲੈ, ਠੇਕਾ ਵੀ ਪਹਿਲਾਂ ਲੈਣਾ ।"

ਨਰੈਣ ਸਿੰਘ ਕੋਲ ਜੇ ਪਹਿਲਾਂ ਠੇਕਾ ਦੇਣ ਜੋਗੀ ਹਿੰਮਤ ਹੁੰਦੀ ਤਾਂ ਉਹ ਜ਼ਮੀਨ ਗਹਿਣੇ ਕਿਉਂ ਧਰਦਾ । ਤਾਂ ਵੀ ਤੁਲਸੀ ਨੇ ਤਿੰਨੇ ਘੁਮਾਂ ਜ਼ਮੀਨ ਲਾਦੋ ਨੂੰ ਵਹਾ ਦਿਤੀ ਸੀ ਅਤੇ ਅੱਜ ਫਿਰ ਉਹੀ ਗਲ ਉਹੀ ਮੂੰਹ । ਨਰੈਣਾ ਅੰਦਰੇ ਹੀ ਅੰਦਰ ਬੁਝ ਟੁੱਟ ਰਿਹਾ ਸੀ ਕਿ ਤੁਲਸੀ ਨੇ ਰਾਹ ਦੱਸਿਆ :

"ਜਾਹ ਨਰੈਣ ਸਿਆਂ, ਘਰ ਲਾਣੇਦਾਰਨੀ ਨਾਲ ਰੈ ਕਰ ਲੈ । ਵਿਆਹ ਵਿਚ ਦਿਨ ਥੋੜ੍ਹੇ ਰੈਹ ਗਏ ਨੇ, ਖੜ੍ਹੇ ਪੈਰ ਸਾਥੋਂ ਵੀ ਕੁਝ ਨਹੀਂ ਬਣਨਾ, ਅਸਾਂ ਕੇਹੜਾ ਘਰੋਂ ਕੱਢਣੇ ਨੇ, ਕਿਤੋਂ ਪੁੱਛਾ ਕਰਾਂਗੇ, ਮਗਰੋਂ ਸਾਨੂੰ ਦੋਸ਼ ਦੇਵੇਂ ।"

ਨਰੈਣਾ ਬਿਨਾਂ ਮੂੰਹੋਂ ਕੁਝ ਬੋਲੇ ਗੋਡਿਆਂ ਤੇ ਹੱਥ ਰੱਖ ਕੇ ਉਠਿਆ ਅਤੇ ਮਿੱਧਿਆ ਮਧੋਲਿਆ ਜਿਹਾ ਘਰ ਨੂੰ ਤੁਰ ਪਿਆ । ਉਹਦੇ ਅੰਦਰ ਮਣਾਂ ਮੂੰਹੀ ਪੀੜਾਂ ਸਨ । ਉਹਨੂੰ ਆਪਣਾ ਆਪ ਖਿਲਰਦਾ ਜਾਪਿਆਂ ।

ਅਤੇ ਜਦੋਂ ਤੀਜੀ ਵਾਰੀ ਨਿਹਾਲੀ ਨੇ ਪੁਛਿਆ, "ਛੋਟੀ ਦੇ ਬਾਪੂ, ਜੇ ਚੁੱਪ ਧਾਰੇ ਨਾਲ ਸਰ ਜਾਂਦਾ ਏ ਤਾਂ ਮੈਂ ਵੀ ਚੁੱਪ ਕਰ ਜਾਂ-ਕੋਈ ਬਣੀ ਗੱਲ ?"

ਨਰੈਣ ਨੇ ਲੰਬਾ ਹੌਕਾ ਭਰਕੇ ਪੀੜਾਂ ਪਰ੍ਹਾਂ ਕੀਤੀਆਂ ਅਤੇ ਥੋੜ੍ਹੀ ਸ਼ਕਤੀ ਸਮਟੇਦਿਆਂ ਕਿਹਾ :

"ਅਜੇ ਤਾਂ ਕੁਝ ਨਹੀਂ ਬਣਿਆਂ, ਨਿਹਾਲ ਕੌਰੇ ! ਤੁਲਸੀ ਕੜਮਾਂ ਤਾਂ ਦੋਹਾਂ ਖੇਤਾਂ ਨੂੰ ਜੱਫਾ ਮਾਰਦਾ ਏ- ਤੂੰ ਦੱਸ ਹੁਣ ਕਿਵੇਂ ਕਰੀਏ ?"

ਨਿਹਾਲੀ ਨੇ ਕੋਸਣਾ ਦਿੱਤਾ. "ਏਹੋ ਗੱਲ ਚੰਦਰਾ ਪੈਹਲਾਂ ਦੱਸਦਾ, ਪੌੜੀ ਚਾਹੜ ਕੇ ਡੰਡਾ ਖਿੱਚਦਾ ਏ, ਔਤਰਾ । ਦੋਵੇਂ ਖੇਤ ਦੇ ਕੇ ਅਸੀਂ ਕੀ ਕਰਾਂਗੇ ? ਖੇ ਤ ਬੰਨੇ ਤੋਂ ਬਿਨਾਂ ਤਾਂ ਬਾਹਰ ਅੰਦਰ ਵੀ ਨਹੀਂ ਜਾਇਆ ਜਾਂਦਾ ।"

ਨਰੈਣ ਵੀ ਤਾਂ ਇਹੋ ਸੋਚ ਰਿਹਾ ਸੀ, ਪਰ ਵਿਆਹ ਵਿਚ ਤਾਂ ਸਾਰੇ ਪੰਜ ਦਿਨ ਰਹਿ ਗਏ ਸਨ । ਦੋਹਾਂ ਜੀਆਂ ਨੂੰ ਸੁੰਨ ਚੜ੍ਹ ਰਿਹਾ ਸੀ । ਬੇੜੀ ਮੰਝਧਾਰ ਵਿਚ ਸੀ ਤੇ ਉਹ ਵੀ ਛੇਕੋ ਛੇਕ, ਚੱਪੂ ਟੁੱਟੇ ਹੋਏ ਅਤੇ ਕੰਢਾ ਕਿਤੇ ਦਿਸਦਾ ਨਹੀਂ ਸੀ ।

"ਹਿੰਮਤ ਨਾ ਹਾਰ ਕਿਸੇ ਹੋਰ ਨਾਲ ਗੱਲ ਕਰ ਵੇਖ ।" ਨਿਹਾਲੀ ਨੇ ਹੌਸਲਾ ਦਿੱਤਾ ।

ਨਰੈਣ ਨੇ ਹੌਕਾ ਭਰਦੇ ਨੇ ਕਿਹਾ, "ਨਿਹਾਲ ਕੌਰੇ, ਕੋਈ ਪੰਜਾਂ ਦਸਾਂ ਦੀ ਗੱਲ ਥੋਹੜੀ ਏ । ਆਖਰ ਸੈਂਕੜੀਂ ਹਜ਼ਾਰੀਂ ਸਰਨਾ ਏਂ । ਫਿਰ ਸਾਰੇ ਸੈਂਹਦੇ ਬੰਦੇ ਮੈਂ ਪੁੱਛ ਵੇਖੇ ਨੇ । ਕੋਈ ਨੀ ਹਾਂ ਕਰਦਾ । ਸਭ ਦੇ ਵਾਜੇ ਵੱਜੇ ਹੋਏ ਨੇ ।"

"ਅਮਰੋ ਦੇ ਬਾਪੂ, ਮੇਰੀ ਮੰਨ ਤਾਂ ਇੱਕ ਵਾਰ ਲਾਦੋ ਨੂੰ ਪੁੱਛ ਵੇਖ, ਖੌਰੇ ਮੰਨ ਈ ਜਾਏ, ਹਿੱਸੇ ਠੇਕੇ ਵੀ ਤਾਂ ਲੈ ਕੇ ਬੀਜਦੀ ਏ ।" ਨਿਹਾਲੀ ਨੇ ਸੁਝਾਅ ਦਿਤਾ ।

ਪਰ ਲਾਦੋ ਦਾ ਨਾਂ ਸੁਣ ਕੇ ਨਰੈਣ ਦਾ ਮੂੰਹ ਬਕਬਕਾ ਜਿਹਾ ਹੋ ਗਿਆ ।

"ਨਿਹਾਲ ਕੁਰੇ, ਨੱਕ ਨਮੂਜ ਵੀ ਤਾਂ ਕੋਈ ਚੀਜ਼ ਹੁੰਦੀ ਏ, ਨਾਲੇ ਤੂੰ ਦੱਸ, ਉਸ ਵਲ ਜਾਵਾਂ ਤੇ ਪੁਛਾਂ ਕੇਹੜੇ ਮੂੰਹ ਨਾਲ ? ਜਦੋਂ ਦੀ ਆਈ ਏ ਅਸਾਂ ਇਕ ਵੀ

ਗੱਲ ਉਸ ਨਾਲ ਆਪਣਿਆਂ ਵਾਲੀ ਨਹੀਂ ਕੀਤੀ ।" ਨਰੈਣ ਨੇ ਪਛਤਾਵੇ ਵਜੋਂ ਕਿਹਾ ।

ਨਿਹਾਲੀ ਨੇ ਫਿਰ ਕਿਹਾ, "ਅਮਰੋ ਦੇ ਬਾਪੂ, ਖੇਤ ਦੇਣਾ ਏਂ, ਉਹ ਵੀ ਖੂਹ ਦੇ ਨੱਕੇ । ਕੋਈ ਖਰੈਤ ਨਹੀਂ ਮੰਗਣੀ ।"

ਨਰੈਣ ਨੇ ਕਿਹਾ, "ਗੱਲ ਤਾਂ ਠੀਕ ਏ, ਪਰ ਜੇ ਜਵਾਬ ਦੇ ਦਿਤਾ ਤਾਂ ਮੁੜਿਆ ਨੀ ਜਾਣਾ, ਜਮਾਂ ਈਂ ਗਰਕ ਹੋ ਜਾਵਾਂਗੇ ।"

ਨਿਹਾਲੀ ਦਾ ਕਹਿਣਾ ਸੀ, "ਮੁੜਨ ਨੂੰ ਕੀ ਏ । ਮੀਆਂ ਸਬਕ ਨਹੀਂ ਦਏਗਾ ਤਾਂ ਤੰਬੀ ਤਾਂ ਨਹੀਂ ਲੌਹਦਾ । ਜ਼ਰਾ ਸੋਚ ਫਿਰ ਵੀ ਆਪਣੇ ਜੇ ਮਾਰਨਗੇ ਤਾਂ ਧੁੱਪੇ ਤਾਂ ਨਹੀਂ ਸੁਟਦੇ ।"

ਨਿਹਾਲੀ ਜ਼ੋਰ ਦਿੰਦੀ ਰਹੀ, ਪਰ ਨਰੈਣ ਦਿਲੋਂ ਲਾਦੋ ਦੇ ਮੱਥੇ ਲਗਣੋਂ ਸੰਗਦਾ ਹੀ ਨਹੀਂ ਸਗੋਂ ਝਿਜਕਦਾ ਵੀ ਸੀ । ਉਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਮੇਰਾ ਪੇਸ਼ਾ ਤਾਂ ਲਾਦੋ ਬਾਰੇ ਭੰਡੀ ਪ੍ਰਚਾਰ ਹੀ ਰਿਹਾ ਹੈ - ਅਸੀਂ ਤਾਂ ਦੁੱਖ ਵੇਲੇ ਵੀ ਉਹਦੇ ਸਹਾਈ ਨਾ ਹੋਏ । ਚੋਖੀ ਮਗਜ਼ ਖਪਾਈ ਤੋਂ ਬਾਅਦ ਦੋਹਾਂ ਜੀਆਂ ਨੇ ਲਾਦੋ ਵਲ ਜਾਣ ਦਾ ਫੈਸਲਾ ਕਰ ਲਿਆ । ਖਾਓ ਪੀਏ ਚਲੀਏ ਤੇ ਚਲੀਏ ਵੀ ਦੋਵੇਂ ਜੀਅ ਤਾਂ ਕਿ ਨਿਰਾਸ਼ ਮੁੜਦਿਆਂ ਨੂੰ ਹਨੇਰਾ ਨਦਾਮਤ ਤੋਂ ਬਚਾਈ ਰੱਖੇ ।

ਅਤੇ ਫਿਰ ਹਨੇਰਾ ਹੁੰਦੇ ਹੀ ਦੋਵੇਂ ਜੀਅ ਲਾਦੋ ਦੇ ਘਰ ਵਲ ਤੁਰ ਪਏ, ਜਿਹੜਾ ਕਿ ਪਿੰਡੋਂ ਦੂਜੇ ਬੰਨੇ ਗਲੀ ਦੇ ਸਿਰੇ ਤੇ ਸੀ । ਤੁਰਨ ਲਗਿਆਂ ਫਿਰ ਨਰੈਣ ਨੇ ਪੈਰ ਖਿੱਚੇ ਤੇ ਨਿਰਾਸ਼ਾ ਵਿਖਾਈ, ਪਰ ਨਿਹਾਲੀ ਨੇ ਆਸ ਦਾ ਪੱਲਾ ਨਾ ਛਡਿਆ ਤੇ ਹੌਸਲਾ ਦਿੱਤਾ ।

"ਚਲ ਚਲ, ਜਿਸ ਰਾਹ ਤੁਰੀਏ ਉਹਦੀ ਸੁੱਖ ਮੰਗੀਏ ।"

ਨਰੈਣ ਦਾ ਕਹਿਣਾ ਸੀ, "ਸੋਚ ਲੈ, ਜੇ ਉਸ ਵੀ ਦੋਹਾਂ ਖੇਤਾਂ ਤੇ ਹੱਥ ਧਰਿਆ ਫਿਰ ?"

"ਫਿਰ ਕੋਈ ਨਹੀਂ, ਅਮਰੋ ਦੇ ਬਾਪੂ । ਤਰਲਾ ਮਾਰਾਂਗੇ । ਜੇ ਦੋਹਾਂ ਤੇ ਖਲੋਤੀ ਤਾਂ ਦੇ ਦਿਆਂਗੇ ।"

ਪਰ ਨਰੈਣ ਦਾ ਕਹਿਣਾ ਸੀ, "ਜੇ ਦੋਵੇਂ ਦੇਣੇ ਪਏ ਤਾਂ ਤੁਲਸੀ ਨੂੰ ਦਿਆਂਗੇ । ਜੇ ਟੱਟੂ ਭਾੜੇ ਤੇ ਹੀ ਲੈਣਾ ਏਂ ਤਾਂ ਫਿਰ ਕੁੜਮਾਂ ਦਾ ਕਿਉਂ ?"

"ਤੂੰ ਚਲ ਖਾਂ, ਜਿਹੜੀ ਅੱਗੇ ਹੋਵੇਗੀ ਉਹ ਅੱਗੇ ਸੋਚਾਂਗੇ ।"

ਇਸ ਤਰ੍ਹਾਂ ਆਸ ਅਤੇ ਬੇ-ਉਮੀਦੀ ਨਾਲ ਘੁਲਦੇ ਉਹ ਦੋਵੇਂ ਲਾਦੋ ਦੇ ਬੂਹੇ ਅੱਗੇ ਪਹੁੰਚ ਗਏ । ਉਹਨਾਂ ਨੂੰ ਇਥੇ ਤਕ ਆਉਂਦਿਆਂ ਨਾ ਕੋਈ ਮਿਲਿਆ ਅਤੇ ਨਾ ਹੀ ਕਿਸੇ ਵੇਖਿਆ । ਹੁਣ ਉਹ 'ਵਾਜ ਮਾਰਨ ਤੇ ਬੂਹਾ ਖੁਲਾਉਣ ਤੋਂ ਜਕ ਰਹੇ ਸਨ । ਦੋਹਾਂ ਦੇ ਦਿਲ ਵਿਚ ਧੁੜਕੂ ਸੀ । ਨਾ ਜਾਣੇ ਅੱਗੇ ਕਿਹੋ ਜਿਹੇ ਸਵਾਲ ਜਵਾਬ ਦਾ ਸਾਹਮਣਾ ਕਰਨਾ ਪਵੇ । ਪਰ ਨਿਹਾਲੀ ਨੇ ਬਿਨਾਂ ਮੂੰਹੋਂ ਬੋਲੇ, ਜੀਅ ਕਰੜਾ ਕਰ, ਬੂਹਾ ਠਕੋਰਿਆ। ਨਰੈਣ ਸਿੰਘ ਨੂੰ ਤਾਂ ਤਰੇਲੀਆਂ ਆ ਰਹੀਆਂ ਸਨ ਅਤੇ ਮਨ ਹੀ ਮਨ ਉਹ ਪਿਛਾਂਹ ਮੁੜ ਜਾਣ ਬਾਰੇ ਸੋਚ ਰਿਹਾ ਸੀ ।

ਠਕ-ਠਕ ! ਦੋ ਵਾਰੀ ਨਿਹਾਲੀ ਨੇ ਬੂਹੇ ਤੇ ਹੱਥ ਮਾਰਿਆ । ਦੋ ਵਾਰ ਦੀ ਠਕ ਠਕ ਨਿਆਦਰੇ ਮਹਿਮਾਨ ਦੀ ਹੁੰਦੀ ਏ । ਤਿੰਨ ਚਾਰ ਏਦੋਂ ਵੀ ਵੱਧ ਮਾਣ ਯੋਗ ਪ੍ਰਾਹੁਣੇ ਦੀ ਅਲਾਮਤ ਹੁੰਦੀ ਹੈ । ਪਰ ਉਹ ਤਾਂ ਦੋਵੇਂ ਹੀ ਮਨ ਮਾਰ ਕੇ ਸਿੱਧੇ ਹੋਏ ਲਾਦੋ ਦੇ ਬੂਹੇ ਆਏ ਸਨ ।

ਤੀਜੀ ਵਾਰ ਦੀ ਠਕ ਠਕ ਤੇ ਨਿਕੇ ਮੁਖਤਿਆਰੇ ਨੇ ਬੂਹਾ ਖੋਲ੍ਹਿਆ ਤੇ ਬਾਹਰ ਵੇਖ ਅੰਦਰ ਬਰਾਂਡੇ ਵਲ ਭੱਜਿਆ, "ਮਾਤਾ, ਬਾਹਰ ਤਾਈ ਤੇ ਤਾਇਆ ਆਏ ਨੇ !"

ਲਾਦੋ ਹੱਥਲਾ ਕੰਮ ਛੱਡ ਕੇ ਵਿਹੜੇ ਵਿਚ ਤੁਰਦੀ ਤੁਰਦੀ ਬਾਹਰਲੇ ਬੂਹੇ ਕੋਲ ਆ ਗਈ, ਜਿਥੇ ਨਰੈਣ ਤੇ ਨਿਹਾਲੀ ਧੜਕ ਰਹੇ ਦਿਲਾਂ ਨਾਲ ਖਲੋਤੇ ਸੋਚ ਰਹੇ ਸਨ, ਕੀ ਕਹਾਂਗੇ, ਕੀ ਸੁਣਾਂਗੇ, ਗੱਲ ਸੁਣੇਗੀ ਵੀ ਕਿ ਬੂਹਿਓਂ ਬਾਹਰ ਹੀ ਬਰੰਗ ਮੋੜ ਦੇਵੇਗੀ ?

ਪਰ ਲਾਦੋ ਨੇ ਬੜੀ ਮਿੱਠੀ ਸੁਰ ਵਿਚ ਕਿਹਾ, "ਭੈਣ ਭਾਈਆ, ਬਾਹਰ ਕਿਉਂ ਖਲੋਤੇ ਓ ? ਅੰਦਰ ਲੰਘ ਆਓ ।"

ਦੋਵੇਂ ਬਿਨਾਂ ਕੁਝ ਬੋਲੇ ਸਾਹ ਘੁੱਟੀਂ ਲਾਦੋ ਦੇ ਮਗਰ ਮਗਰ ਬਰਾਂਡੇ ਵਿਚ

ਆ ਗਏ । ਫਿਰ ਤੁਰਦੇ ਤੁਰਦੇ ਨਰੈਣ ਨੇ ਹਰੇ ਰਾਮ, ਹੇ ਭਗਵਾਨ ਕਿਹਾ । ਸ਼ਾਇਦ ਦਿਲ ਤੇ ਪਏ ਬੋਝ ਨੂੰ ਜਾਂ ਬੋਝ ਹੇਠਾਂ ਦੱਬੇ ਦਿਲ ਨੂੰ ਹੌਸਲਾ ਦੇਣ ਵਾਸਤੇ ।

ਲਾਦੋ ਨੇ ਦੋਹਾਂ ਨੂੰ ਮੰਜਿਆਂ ਤੇ ਬਿਠਾਇਆ ਅਤੇ ਆਪ ਨਿਹਾਲੀ ਕੋਲ ਬੈਠ ਗਈ ਤੇ ਪੁਛਿਆ, "ਸੁਣਾਓ ਭਾਈਆ, ਕਿਵੇਂ ਆਏ ਓ ?"

ਨਰੈਣ ਦੀ ਕੁਝ ਹਿੰਮਤ ਬੱਝੀ ਤੇ ਉਸ ਗਲ ਵਿਚ ਅੜੀ ਜਲਬ ਨੂੰ ਘਰੋੜ ਖੰਘੂਰਾ ਮਾਰਿਆ ਅਤੇ ਕਿਹਾ, "ਸੁਰਜੀਤ ਕੌਰ, ਕੀ ਆਉਣਾ ਤੇ ਕੀ ਨਾ ਆਉਣਾ, ਸਿਆਣੇ ਕਹਿੰਦੇ ਨੇ, ਡੁੱਬੀ ਤਾਂ ਜੇ ਸਾਹ ਨਾ ਆਇਆ । ਕੈਂਹਦੇ ਨੇ ਭੱਜੀਆਂ ਬਾਹਾਂ ਗਲ ਨੂੰ ਆਉਂਦੀਆਂ ਨੇ ।" ਨਰੈਣਾਂ ਅਖਾਣ ਪਾਈ ਜਾਂਦਾ ਸੀ, ਪਰ ਇਸ ਤਰ੍ਹਾਂ ਸੀ ਜਿਵੇਂ ਅਸਲ ਗੱਲ ਵਲ ਆਉਣ ਨੂੰ ਉਹਨੂੰ ਰਾਹ ਨਾ ਲੱਭ ਰਿਹਾ ਹੋਵੇ ।

ਤਾਂ ਹੀ ਉਹਨੂੰ ਔਜੜਿਆ ਦੇਖ ਨਿਹਾਲੀ ਨੇ ਗੱਲ ਟੁੱਕ ਲਈ, "ਭੈਣ, ਔਣਾ ਆਣਾ ਕਾਹਦਾ, ਸੌ ਹੱਥ ਰੱਸਾ ਤੇ ਸਿਰ ਤੇ ਗੰਢ, ਵਿਆਹ ਧਰ ਬੈਠੇ ਆਂ ਤੇਰੀਆਂ ਧੀਆਂ ਦਾ, ਦਿਨ ਰੈਹ ਗਏ ਨੇ ਸਾਰੇ ਪੰਜ ਤੇ ਫਿਰ ਅਜੇ ਘਰ ਤੰਦ ਨਾ ਤਾਣੀ । ਪੈਹਲਾਂ ਤੁਲਸੀ ਲਾਰਾ ਲਾਈ ਗਿਆ, ਪਰ ਹੁਣ ਮੌਕੇ ਦੇ ਮੌਕੇ ਜੁਆਬ ਦੇ ਗਿਆ। ਪੈਹਲਾਂ ਤਾਂ ਅਸਲੋਂ ਮੰਨੇ ਹੀ ਨਾ ਤੇ ਜੇ ਮੰਨਿਆਂ ਤਾਂ ਆਖੇ ਦੋਵੇਂ ਰੈਂਹਦੇ ਖੇਤ ਦੇ ਦਿਓ । ਅਸਾਂ ਉਹਨੂੰ ਇਕੋ ਖੂਹ ਵਾਲਾ ਕਿਹਾ ਸੀ, ਪਰ ਉਹ ਤਾਂ ਨਾਲ ਟਿੱਬੇ ਵਾਲਾ ਵੀ ਮੰਗਦਾ ਏ । ਸੋਚਦੇ ਸਾਂ, ਚਲੋ ਸਿਰੋਂ ਭਾਰ ਲੈਹ ਜਾਏ, ਪੱਲੇ ਇਕ ਖੇਤ ਰੈਂਹ ਜਾਏ, ਥੰੜ੍ਹੇ ਅੰਦਰ ਬਾਹਰ ਜਾਣ ਜੋਗੇ ਤਾਂ ਰਹਿ ਜਾਈਏ । ਕਿਤੇ ਮਾੜੇ ਮੋਟੇ ਛੱਲੇ ਛਮਕੇ ਹੀ ਹੋ ਜਾਂਦੇ ਨੇ । ਆਖਰ ਅਸਾਂ ਵੀ ਕਿਤੇ ਗੁਜ਼ਾਰਾ ਕਰਨਾ ਏ । ਹੁਣ ਭੈਣਾਂ, ਅਸੀਂ ਸੋਚਿਆ, ਜੇ ਦੋਹਾਂ ਖੇਤਾਂ ਬਿਨਾਂ ਨਹੀਂ ਸਰਦਾ ਤਾਂ ਘਰ ਵਿਚ ਹੀ ਦੇ ਲਈਏ ।"

ਨਰੈਣ ਨੇ ਗੱਲ ਟੁਕ ਲਈ, "ਸੋਚਿਆ ਸੁਰਜੀਤ ਕੁਰੇ, ਹਿੱਸੇ ਠੇਕੇ ਤੇ ਲੈ ਕੇ ਵੀ ਤਾਂ ਵਾਹੁੰਦੇ ਨੇ, ਕਿਉਂ ਨਾ ਆਪਣੇ ਜੀਆਂ ਨੂੰ ਪੁੱਛ ਵੇਖੀਏ ।"

ਕੁਝ ਚਿਰ ਚੁਪ ਵਰਤੀ ਰਹੀ ਅਤੇ ਉਹ ਲਾਲਟੈਨ ਦੀ ਰੋਸ਼ਨੀ ਵਿਚ ਲਾਦੋ ਦੇ ਹਾਵ-ਭਾਵ ਪਰਖਦੇ ਰਹੇ ।

ਨਿਹਾਲੀ ਨੇ ਫਿਰ ਗੱਲ ਸ਼ੁਰੂ ਕੀਤੀ, "ਲਾਦੋ ਭੈਣ, ਟੁੱਟੀ ਬੇੜੀ ਬੰਨੇ ਲਾ ਦੇ । ਗੁਰੂ ਤੇਰਾ ਭਲਾ ਕਰੇ । ਧੀਆਂ ਦਾ ਧੰਨ, ਬਿਗਾਨਾ ਧਨ ਏਂ । ਸਿਰੋਂ ਬੋਝ ਲੈਹ ਜਾਵੇ ਤੇ ਅਸੀਂ ਸੁਰਖਰੂ ਹੋਈਏ- ਇਕ ਖੇਤ ਰਖੇਂ ਤੇਰੀ ਖੁਸ਼ੀ ਜੇ ਦੋਵੇਂ ਮੰਗੇ ਤਾਂ ਵੀ ਤੇਰੀ ਮਰਜੀ ।"

ਕੁਝ ਚਿਰ ਫਿਰ ਚੁੱਪ ਛਾਈ ਰਹੀ, ਫਿਰ ਲਾਦੋ ਨੇ ਪੁਛਿਆ, "ਭਾਈਆ, ਦੋਵੇਂ ਖੇਤ ਦੇ ਕੇ ਫਿਰ ਤੁਸੀਂ ਗੁਜ਼ਾਰਾ ਕਿਵੇਂ ਕਰੋਗੇ ?"

ਨਰੈਣੇ ਨੇ ਲੰਮਾ ਹੌਕਾ ਭਰਿਆ, ਫਿਰ ਬੁਝੀ ਜਿਹੀ ਆਵਾਜ਼ ਵਿਚ ਕਿਹਾ, "ਸੁਰਜੀਤ ਕੌਰੇ, ਕਿਸਮਤ ਦੇ ਲਿਖੇ ਧੱਕੇ ਤਾਂ ਹਰ ਹੀਲੇ ਖਾਣੇ ਨੇ ।"

ਪਰ ਨਿਹਾਲੀ ਨੇ ਗੱਲ ਸਿਰੇ ਲਾਉਂਦਿਆਂ ਕਿਹਾ, "ਭੈਣੇ, ਜਿਵੇਂ ਗੁਜ਼ਰੇਗੀ ਗੁਜ਼ਾਰਾਂਗੇ, ਮੇਹਨਤ ਮਜ਼ਦੂਰੀ ਕਰ ਲਾਂਗੇ, ਪਰ ਇਹ ਫਰਜ਼ ਤਾਂ ਨਿਭੌਣਾ ਈਂ ਪੈਣਾ ਏਂ ।"

ਲਾਦੋ ਉਠੀ, ਦੁੱਧ ਦੇ ਦੋ ਗਿਲਾਸ ਭਰੇ ਤੇ ਦੋਹਾਂ ਨੂੰ ਫੜਾ ਦਿਤੇ ਅਤੇ ਕਿਹਾ, "ਅੱਛਾ ਭੈਣ ਰਾਮ ਭਲੀ ਕਰੇਗਾ । ਮੈਂ ਸਵੇਰੇ ਸੋਚ ਕੇ ਦਸਾਂਗੀ ।"

ਦੋਹਾਂ ਦੇ ਦਿਲ ਨੂੰ ਕੁਝ ਧਰਵਾਸ ਹੋਈ। ਨਿਹਾਲੀ ਨੇ ਉੱਠਦਿਆਂ ਕਿਹਾ, "ਚੰਗਾ ਭੈਣ, ਦਿਨ ਥੋੜ੍ਹੇ ਰਹਿ ਗਏ ਨੇ । ਭੱਜਿਆਂ ਵੀ ਨਹੀਂ ਰਲਿਆ ਜਾਣਾ ਤੇ ਨਾ ਹੀ ਕੁਝ ਅੱਲੇ ਪੱਲੇ । ਬਸ ਖੂਹ ਵਿਚ ਡਿਗੀ ਗਊ ਕੱਢਣ ਵਾਲੀ ਗੱਲ ਈ ਏ ।"

ਲਾਦੋ ਦੋਹਾਂ ਨੂੰ ਬਾਹਰ ਬੂਹੇ ਤਕ ਛੱਡਣ ਆਈ ਤੇ ਬੂਹਾ ਬੰਦ ਕਰਨ ਲੱਗੀ ਨੇ ਕਿਹਾ, "ਕੋਈ ਨੀ ਭੈਣ, ਬੰਦੇ ਦੇ ਕੀ ਹੱਥ ਵਸ ਏ, ਸਭ ਦੇ ਕਾਰਜ ਉਪਰ ਵਾਲਾ ਈ ਸਾਰਦਾ ਈ । ਮੈਂ ਸਵੇਰੇ ਦਸਾਂਗੀ ।"

ਨਾ ਨਰੈਣਾ ਤੇ ਨਾ ਨਿਹਾਲੀ ਸਾਰੀ ਰਾਤ ਸੌਂ ਸਕੇ । ਸੋਚਾਂ ਤੇ ਵਿਉਂਤਾਂ ਹੀ ਲਾਉਂਦੇ ਰਹੇ । ਆਸ ਤੇ ਨਿਰਾਸ਼ਾ ਦਾ ਘੋਲ ਵੀ ਹੁੰਦਾ ਰਿਹਾ । ਕਿਤੇ ਜਵਾਬ ਈ ਨਾ ਦੇ ਦੇਵੇ ? ਕਿਤੇ ਚੜੇ ਚਾੜ੍ਹਕੇ ਈ ਨਾ ਮਾਰੇ ? ਫਿਰ ਕਿਸੇ ਪਾਸੇ ਜੋਗੇ ਈ ਨਾ ਰਹੀਏ । ਪਰ ਆਸ ਬੱਝਦੀ ਸੀ । ਜੇ ਜਵਾਬ ਦੇਣਾ ਹੁੰਦਾ ਤਾਂ ਹੁਣੇ ਈਂ ਦੇ

ਦਿੰਦੀ। ਏਸੇ ਉਧੇੜ ਬੁਣ ਵਿਚ ਸਾਰੀ ਰਾਤ ਲੰਘ ਗਈ।

ਸਵੇਰੇ ਚਾਹ ਪੀਂਦਾ ਹੀ ਨਰੈਣਾ ਲਾਦੋ ਦੇ ਘਰ ਗਿਆ ਤਾਂ ਉਹ ਘਰ ਨਹੀਂ ਸੀ। ਵੱਡੇ ਮੁੰਡੇ ਖੇਤ ਨੂੰ ਚਲੇ ਗਏ ਸਨ। ਸਿਰਫ ਛੋਟਾ ਮੁਖਤਿਆਰ ਹੀ ਘਰ ਸੀ। ਉਹਦੇ ਪੁੱਛਣ ਤੇ ਮੁੰਡੇ ਨੇ ਦੱਸਿਆ, "ਮਾਤਾ ਤੁਲਸੀ ਬਾਣੀਏ ਵਲ ਗਈ ਹੈ।"

ਨਰੈਣ ਦਾ ਮੱਥਾ ਠਣਕਿਆ, ਜਾਹ ਜਾਂਦੀਏ, ਇਹ ਵੀ ਬਕਾਲ ਤੋਂ ਸਲਾਹ ਲੈਣ ਚਲੀ ਗਈ। ਤੀਵੀਂ ਦੀ ਮੱਤ ਗੁੱਤ ਪਿੱਛੇ। ਉਸ ਮੂੰਹ ਹੀ ਮੂੰਹ ਬੁੜ ਬੁੜ ਕੀਤੀ। ਨਰਮ ਦੁਪਹਿਰੇ ਉਹ ਫਿਰ ਗਿਆ। ਘਰ ਕੈਲਾ ਸੀ। ਉਸ ਦੱਸਿਆ ਕਿ ਮਾਤਾ ਤੇ ਜੈਲਾ ਦੋਵੇਂ ਸ਼ਹਿਰ ਗਏ ਨੇ। ਨਰੈਣੇ ਦੇ ਹਵਾਸ ਉਡੇ, ਪਰ ਉਸ ਆਪਣਾ ਆਪ ਸੰਭਾਲ ਕੇ ਪੁਛਿਆ, "ਪੁੱਤਰ, ਪਤਾ ਕਦੋਂ ਆਵੇਗੀ ?"

ਕੈਲੇ ਨੇ ਕਿਹਾ, "ਉਹ ਕੈਹ ਗਏ ਸਨ, ਕੋਈ ਜ਼ਰੂਰੀ ਕੰਮ ਪੈ ਗਿਆ ਏ, ਜੇ ਤਾਇਆ ਆਵੇ ਤਾਂ ਕੈਹ ਦੇਵੀਂ, ਜਦ ਆਵਾਂਗੇ ਆਪੇ ਬੁਲਾਲਾਂਗੇ।"

'ਬੁਲਾਣਾ ਬਲੂਣਾ ਕੀ ਏ, ਮਾਂ ਦਾ ਸਿਰ', ਨਰੈਣਾ ਮੂੰਹ ਹੀ ਮੂੰਹ ਬੁੜਬੁੜਾਇਆ। ਪਾਣੀ ਤਾਂ ਸਿਰੋਂ ਵੀ ਟੱਪ ਗਿਆ ਸੀ। ਘਰ ਆ ਉਸ ਨਿਹਾਲੀ ਨੂੰ ਸ਼ੰਕੇ ਦੱਸੇ, "ਨਿਹਾਲ ਕੁਰੇ, ਲਾਦੋ ਸਾਨੂੰ ਸਿਰੇ ਤੇ ਲਿਆ ਕੇ ਡੋਬੇਗੀ। ਵਿਆਹ ਵਿਚ ਤਾਂ ਦਿਨ ਰੈਹ ਗਏ ਸਾਰੇ ਤਿੰਨ।"

ਪਰ ਨਿਹਾਲੀ ਨੇ ਅਜੇ ਆਸ ਦਾ ਪੱਲਾ ਨਹੀਂ ਸੀ ਛੱਡਿਆ, "ਖਬਰੇ ਕਿਤੇ ਪੈਸੇ ਟਕੇ ਦਾ ਪ੍ਰਬੰਧ ਕਰਨ ਗਈ ਹੋਵੇ। ਸ਼ਾਮ ਤਕ ਆ ਈ ਜਾਏਗੀ। ਹਾਂ ਨਾਂਹ ਕੁਝ ਤਾਂ ਦਸੇਗੀ ਹੀ।"

ਫਿਰ ਸ਼ਾਮ ਤੱਕ ਨਰੈਣ ਨੇ ਕਈ ਚੱਕਰ ਉਹਦੇ ਘਰ ਦੇ ਲਾਏ। ਅੱਧੀ ਰਾਤ ਤਕ ਉਹ ਮੁਖਤਿਆਰੇ ਤੇ ਕੈਲੇ ਕੋਲ ਬੈਠਾ ਉਡੀਕਦਾ ਰਿਹਾ, ਪਰ ਲਾਦੋ ਤਾਂ ਰਾਤ ਆਈ ਹੀ ਨਹੀਂ ਸੀ। ਦੋਹਾਂ ਜੀਆਂ ਨੂੰ ਡੋਬੂ ਪੈ ਰਹੇ ਸਨ। ਇਕ ਦਿਨ ਹੋਰ ਘਟਿਆ। ਮੇਲ ਮਾੜਾ ਮੋਟਾ ਤਾਂ ਅਗਲੇ ਦਿਨ ਹੀ ਆਉਣ ਵਾਲਾ ਸੀ ਤੇ ਅਗਲੀ ਸਵੇਰ ਬਰਾਤੀ। ਹੁਣ ਤੁਲਸੀ ਦੇ ਜਾਣ ਤੋਂ ਤੇ ਉਹਦੀ ਮੰਨਣ ਤੋਂ ਬਿਨਾਂ ਕੋਈ ਚਾਰਾ

ਨਹੀਂ ਸੀ ਅਤੇ ਨਰੈਣ ਸਿੱਧਾ ਤੁਲਸੀ ਦੇ ਘਰ ਗਿਆ ।

ਲੈ ਲੈ ਦੋਵੇਂ ਖੇਤ ਭਾਵੇਂ । ਨਾਲ ਘਰ ਵੀ ਲੈ ਲੈ, ਪਰ ਸੇਠਾ, ਮੌਕਾ ਧੱਕਦੋਂ, ਰਾਹ ਵਿਚ ਉਸ ਮਨ ਦੀ ਮਨ ਲਾਦੋਂ ਨੂੰ ਸੌ ਸੌ ਗਾਲਾਂ ਕੱਢੀਆਂ। ਵੇਲਾ ਪੂਰੀ ਤੇਜ਼ੀ ਨਾਲ ਪੰਧ ਨਬੇੜ ਰਿਹਾ ਸੀ । ਪਲ ਪਲ ਪਿੱਛੇ ਪੈ ਰਿਹਾ ਸੀ । ਭੱਜੇ ਜਾਂਦੇ ਵੇਲੇ ਨੂੰ ਉਹ ਲੱਤੋਂ ਬਾਹੋਂ ਨਹੀਂ ਸੀ ਪਕੜ ਸਕਦਾ । ਉਸ ਤੁਲਸੀ ਦਾ ਬੂਹਾ ਖੜਕਾਇਆ ਤਾਂ ਪਤਾ ਲਗਾ ਕਿ ਤੁਲਸੀ ਵੀ ਸਵੇਰ ਦਾ ਸ਼ਹਿਰ ਗਿਆ ਏ । ਨਰੈਣ ਸਿੰਘ ਨੂੰ ਆਪਣੇ ਦਿਲ ਦੀ ਧੜਕਣ ਖਲੋਂਦੀ ਜਾਪੀ । ਚਾਰੇ ਪਾਸੇ ਆਸ ਦੇ ਬੂਹੇ ਬੰਦ, ਉਹਨੂੰ ਹਰ ਚੀਜ਼ ਸੜੀ ਹੋਈ ਜਾਂ ਧੁਆਂਖੀ ਹੋਈ ਲੱਗ ਰਹੀ ਸੀ ।

ਹਰ ਚੀਜ਼ ਉਹਨੂੰ ਭੁਰਦੀ ਭੁਰਦੀ ਤੇ ਮਿਟਦੀ ਗਰਕ ਹੁੰਦੀ ਦਿਸ ਰਹੀ ਸੀ । ਕੀ ਥੁੜਿਆ ਏ ਏਸ ਜ਼ਿੰਦਗੀ ਬਾਝੋਂ । ਏਸ ਬੇਜ਼ਤੀ ਨਾਲੋਂ ਤਾਂ ਖੂਹ ਖਾਤੇ ਡਿਗ ਕੇ ਪ੍ਰਾਣ ਦੇ ਦੇਣੇ ਕਿੰਨੇ ਚੰਗੇ ਨੇ । ਉਸ ਮਨ ਹੀ ਮਨ ਆਤਮ ਹੱਤਿਆ ਦਾ ਫੈਸਲਾ ਕਰ ਲਿਆ । ਫੈਸਲਾ ਕਰਕੇ ਉਹ ਗੁੰਮ ਸੁੰਮ ਮੰਜੇ ਤੇ ਆ ਪਿਆ ਤੇ ਮਨ ਨਾਲ ਆਤਮ ਹੱਤਿਆ ਦੇ ਕੀਤੇ ਫੈਸਲੇ ਨੂੰ ਅੰਤਿਮ ਰੂਪ ਦੇਣ ਲੱਗਾ । ਨਿਹਾਲੀ ਦੇ ਪੁੱਛਣ ਤੇ ਉਸ ਏਨਾ ਹੀ ਕਿਹਾ, "ਨਾ ਲਾਦੋਂ ਆਈ ਏ, ਨਾ ਹੀ ਤੁਲਸੀ ਮਿਲਿਆ। ਸਮਝ ਕੋਈ ਵਾਹ ਨਹੀਂ ਸੀ ਚਲਦੀ । ਦੋਸ਼ ਵੀ ਕਿਸੇ ਨੂੰ ਕੀ ਦੇਣੈ, ਲਾਦੋਂ ਨੇ ਤਾਂ ਉਹੀ ਕੀਤਾ ਜੋ ਉਹਨੂੰ ਕਰਨਾ ਚਾਹੀਦਾ ਸੀ !"

ਦਿਨ ਛੁਪਣ ਤੋਂ ਪਹਿਲਾਂ ਨਿਹਾਲੀ ਨੇ ਆਪ ਤਿੰਨ ਚਾਰ ਗੇੜੇ ਦੋਹਾਂ ਘਰਾਂ ਦੇ ਕੱਢੇ । ਜਦੋਂ ਕੋਈ ਨਾ ਮਿਲਿਆ ਤਾਂ ਉਹ ਵੀ ਨਿਰਾਸ਼ ਹੋ ਗਈ । ਨਿਹਾਲੀ ਦੇ ਅੰਦਰ ਕੁੜਿਤਣ ਫੈਲ ਗਈ । ਆਪ ਮਰੇ ਜੱਗ ਪਰਲੋ। ਨਰੈਣ ਦੇ ਨਿਕਾਰਾਪਨ ਅਤੇ ਨਸ਼ਿਆਂ ਨੇ ਘਰ ਦੀ ਦੁਰਦਸ਼ਾ ਕੀਤੀ । ਮੈਂ ਤਾਂ ਫਾਹਾ ਲੈ ਮਰਾਂ ਅਤੇ ਉਹ ਹੀ ਜੱਗ ਹਸ਼ੀ ਕਰਾਏ । ਮਰ ਜਾਣ ਵਾਲੇ ਨੂੰ ਕੀ, ਪਿਛੇ ਕੀ ਹੁੰਦਾ ਏ, ਕੀ ਨਹੀਂ ਹੁੰਦਾ ।

ਪਰ ਨਰੈਣ ਤਾਂ ਆਤਮ ਹੱਤਿਆ ਲਈ ਦਿਨ ਛੁਪਣ ਦੀ ਉਡੀਕ ਕਰ ਰਿਹਾ ਸੀ ਅਤੇ ਨਿਹਾਲੀ ਸੋਚਦੀ ਸੀ, ਘਰ ਦੇ ਜੀਅ ਥੋੜੇ ਪਰ੍ਹਾਂ ਹੋਣ ਤਾਂ ਮੈਂ ਮਿਥੇ

ਮਰਨ ਪ੍ਰੋਗਰਾਮ ਉਤੇ ਅਮਲ ਕਰਾਂ । ਅਖੀਰ ਤਰ੍ਹਾਂ ਦੇ ਜਿਹੇ ਦਿਨ ਨਰੈਣ ਮੰਜੇ ਤੋਂ ਉਠਿਆ ਤੇ ਬਿਨਾਂ ਕਿਸੇ ਨਾਲ ਬੋਲੇ ਮਿਥੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਘਰੋਂ ਬਾਹਰ ਨਿਕਲਿਆ । ਬੂਹੇ ਵਿਚ ਖਲੋ ਘਰ ਤੇ ਨਿਗਾਹ ਮਾਰੀ । ਹੌਂਕਾ ਭਰਿਆ, ਅੱਛਾ ਭਾਈ, ਰੱਬ ਰਾਖਾ । ਉਹਨੇ ਪਿਠ ਭਵਾਂਈ ਹੀ ਸੀ ਕਿ ਨਿਹਾਲੀ ਨੇ 'ਵਾਜ ਮਾਰ ਦਿਤੀ :

"ਅਮਰੋ ਦੇ ਬਾਪੂ, ਕਿੱਧਰ ਚੱਲਿਆ ਏਂ ?"

ਪਰ ਨਰੈਣ ਤੇ ਦੁਨੀਆਂ ਦੇ ਸਭ ਰਿਸ਼ਤੇ ਤੋੜ ਚੁਕਾ ਸੀ । ਬਿਨਾਂ ਮੂੰਹੋਂ ਬੋਲੇ ਜਾਂ ਪਿਛਾਂਹ ਵੇਖੇ, ਉਹ ਗਲੀ ਦਾ ਮੋੜ ਮੁੜ ਗਿਆ। ਨਿਹਾਲੀ ਦਿਲ ਹੀ ਦਿਲ ਨਰੈਣੇ ਦੇ ਜ਼ਾਣ ਤੇ ਖੁਸ਼ ਸੀ ਕਿਉਂਕਿ ਉਸ ਵੀ ਆਪਣੇ ਮਿਥੇ ਪ੍ਰੋਗਰਾਮ ਉਤੇ ਅਮਲ ਕਰਨਾ ਸੀ ਜਿਸ ਲਈ ਇਕਾਂਤ ਜ਼ਰੂਰੀ ਸੀ । ਉਸ ਦੋਹਾਂ ਕੁੜੀਆਂ ਨੂੰ ਕੋਲ ਬੁਲਾਇਆ, "ਅਮਰੋ, ਤੂੰ ਵੇਖ ਤੇਰਾ ਬਾਪੂ ਕਿਧਰ ਜਾਂਦਾ ਏ ਤੇ ਛੋਟੀ ਤੂੰ ਪਤਾ ਕਰ ਤੇਰੀ ਚਾਚੀ ਆਈ ਕਿ ਨਹੀਂ ?"

ਦੋਵੇਂ ਕੁੜੀਆਂ ਆਪੋ ਆਪਣੇ ਰਾਹ ਪਈਆਂ । ਨਿਹਾਲੀ ਨੇ ਰੱਸਾ ਚੁੱਕ ਛੱਤ ਨਾਲ ਬੰਨ੍ਹਿਆ, ਘੁੰਡੀ ਬਣਾ ਗਲ ਵਿਚ ਪਾਇਆ, ਉਹਦਾ ਸਾਰਾ ਜੁੱਸਾ ਤ੍ਰੇਲੀਓ ਤ੍ਰੇਲੀ ਹੋ ਗਿਆ । ਮੰਜੀ ਤੋਂ ਪੈਰ ਛਡਣ ਦੀ ਦੇਰ ਸੀ । ਇਕ ਝੂਟਾ । ਫਿਰ ਤੂੰ ਕੌਣ ਤੇ ਮੈਂ ਕੌਣ ? ਪੈਰ ਛੱਡਣ ਹੀ ਲੱਗੀ ਸੀ ਕਿ ਵਿਹੜੇ ਵਿਚ ਜੈਲੇ ਅਤੇ ਛੋਟੀ ਦੀ ਆਵਾਜ਼ ਆਈ । ਜੈਲਾ ਸ਼ਾਇਦ ਉਹਨੂੰ ਗਲੀ ਵਾਟੇ ਹੀ ਮਿਲ ਗਿਆ ਸੀ । ਨਿਹਾਲੀ ਦੇ ਹੱਥ ਕੰਬੇ, ਰੱਸਾ ਲਾਹਿਆ ਅਤੇ ਇਕ ਦਮ ਬਾਹਰ ਆਈ ।

ਵਿਹੜੇ ਵਿਚ ਖਲੋਤੇ ਜੈਲੇ ਨੇ ਕਿਹਾ, "ਤਾਈ, ਤੁਹਾਨੂੰ ਸਾਰਿਆਂ ਨੂੰ ਮਾਤਾ ਨੇ ਬੁਲਾਇਆ ਏ ।"

ਨਿਹਾਲੀ ਜਿਹੜੀ ਮੌਤ ਤੋਂ ਸਿਰਫ ਇਕ ਛਿਣ ਉਰਾਂਹ ਰਹਿ ਗਈ ਸੀ, ਅਜੇ ਵੀ ਘਾਬਰੀ ਹੋਈ ਸੀ । ਉਸ ਪੱਲੇ ਨਾਲ ਪਸੀਨਾ ਪੂੰਝਿਆ ਤੇ ਮਨ ਵਿਚ ਕਿਹਾ, "ਹੁਣ ਬੁਲਾਣ ਦਾ ਕੀ ਫੈਦਾ ਸੀ ।" ਅਤੇ ਉਸ ਮੌਤ ਦੇ ਮਿਥੇ ਪ੍ਰੋਗਰਾਮ ਨੂੰ ਰਾਤ ਲਈ ਰਾਖਵਾਂ ਰੱਖ ਲਿਆ ।

ਵੱਡੀ ਕੁੜੀ ਅਮਰੋ ਆਈ ਤੇ ਸਾਹੋ ਸਾਹ ਹੋਈ ਨੇ ਦੱਸਿਆ :

"ਮਾਂ, ਬਾਈ ਤਾਂ ਬੂਟਰਾਂ ਦੀ ਡੱਲ ਵਲ ਜਾਂਦਾ ਸੀ ਵਾਹੋ ਦਾਹੀ, ਮੈਂ 'ਵਾਜਾਂ ਮਾਰੀਆਂ, ਪਰ ਉਸ ਨੇ ਇਕ ਨਾ ਸੁਣੀ ।"

ਨਿਹਾਲੀ ਦਾ ਮੱਥਾ ਠਣਕਿਆ । ਅੱਗੇ ਨਾ ਪਿੱਛੇ, ਏਸ ਪਾਸੇ ਤਾਂ ਉਹ ਕਦੀ ਗਿਆ ਨਹੀਂ ਸੀ । ਨਾ ਜਾਣੇ ਉਸ ਵੀ ਮੇਰੇ ਵਾਂਗ ਬੇਬਸ ਹੋ ਮਰਨ ਦੀ ਧਾਰ ਲਈ ਹੋਵੇ। ਡੱਲ ਖੂਹ ਵਿਚ ਡੁੱਬ ਕੇ ਪਹਿਲਾਂ ਵੀ ਦੋ ਮੌਤਾਂ ਹੋ ਗਈਆਂ ਸਨ । ਗੁੰਗੀ ਮਾਛਣ ਤੇ ਲੰਬੜਾਂ ਦੀ ਨੂੰਹ । ਉਸ ਨੇ ਜੈਲੇ ਨੂੰ ਕਿਹਾ, "ਪੁੱਤਰ ਹੁਲੀ ਕਰਕੇ ਜਾਹ, ਤੇ ਤਾਏ ਨੂੰ ਮੋੜ ਲਿਆ ।"

ਜੈਲਾ ਉਸ ਪਾਸੇ ਤਿੱਖਾ ਹੋ ਤੁਰਿਆ, ਜਿਧਰ ਨਰੈਣ ਸਿੰਘ ਗਿਆ ਸੀ । ਪਿੰਡੋਂ ਬਾਹਰ ਆਇਆ ਤਾਂ ਦੂਰ ਡੱਲ ਖੂਹ ਵੱਲ ਜਾਂਦਾ ਉਹਨੂੰ ਨਰੈਣ ਸਿੰਘ ਦਿਸਿਆ । ਨਰੈਣ ਸਿੰਘ ਤੁਰਿਆ ਜਾ ਰਿਹਾ ਸੀ, ਪਰ ਉਹ ਚਾਰੇ ਪਾਸੇ ਪਸਰੇ ਕਾਇਆਨਾਤ ਅਤੇ ਕੁਦਰਤੀ ਮਾਹੌਲ ਤੋਂ ਕਟਿਆ ਹੋਇਆ ਸੀ ਅਤੇ ਉਹਦੀ ਪੂਰੀ ਸੁਰਤੀ ਡੱਲ ਖੂਹ ਦੇ ਤਲ ਵਿਚ ਬੈਠੀ ਮੌਤ ਦੀ ਗੋਦ ਵਿਚ ਹੀ ਸੀ । ਆਸੇ ਪਾਸੇ ਸਰ੍ਹੋਂ, ਖੇਤ, ਫਸਲਾਂ, ਘਾਹ, ਝਾੜ, ਰੁੱਖ, ਬੂਟੇ, ਉਹਨੂੰ ਕੁਝ ਨਹੀਂ ਸੀ ਦਿਸ ਰਿਹਾ ਸਿਵਾਏ ਉਸ ਪਗਡੰਡੀ ਤੋਂ ਜਿਹੜੀ ਉਹਨੂੰ ਮੌਤ ਵੱਲ ਲਈ ਜਾਂਦੀ ਸੀ ।

'ਤਾਇਆ ਜੀ' ਇਕ, ਫਿਰ ਦੂਜੀ, ਫਿਰ ਤੀਜੀ ਚੌਥੀ 'ਵਾਜ ਉਹਦੇ ਕੰਨਾਂ ਨੂੰ ਟਕਰਾਈ 'ਤਾਇਆ ਜੀ' ਪਰ ਨਰੈਣ ਸਿੰਘ ਜੋ ਕਿ ਤਨੋਂ ਮਨੋਂ ਰੂਹੋਂ ਮੌਤ ਵੱਸ ਹੋ ਚੁੱਕਾ ਸੀ, ਇਸ ਆਵਾਜ਼ ਨੂੰ ਕੰਨ ਖੜਕਾ ਯਾਨੀ ਕੰਨਾਂ ਦਾ ਭੁਲੇਖਾ ਹੀ ਸਮਝਿਆ, ਪਰ ਚੌਥੀ ਆਵਾਜ਼ ਨਾਲ ਜੈਲਾ ਉਸ ਦੇ ਅੱਗੇ ਆ ਗਿਆ, ਜਦ ਕਿ ਡੱਲ ਉਹਦੇ ਪੈਰਾਂ ਤੋਂ ਸਾਰੀ ਦਸ ਕਦਮ ਹੀ ਰਹਿ ਗਈ ਸੀ ।

ਜੈਲੇ ਨੇ ਸਾਹੋ ਸਾਹੀ ਹੋਏ ਨੇ ਆਖਿਆ, "ਤਾਇਆ, ਮੈਂ ਤੈਨੂੰ ਕਿੰਨੀਆਂ ਵਾਜਾਂ ਮਾਰੀਆਂ ।"

ਭੰਬਤਰੀਆਂ ਅੱਖਾਂ ਨਾਲ ਨਰੈਣ ਸਿੰਘ ਨੇ ਜੈਲੇ ਵੱਲ ਵੇਖਿਆ । ਉਹਦੇ ਹੋਸ਼ ਹਵਾਸ ਟਿਕਾਣੇ ਨਹੀਂ ਸਨ । ਉਹਨੂੰ ਇੰਜ ਮਹਿਸੂਸ ਹੋਇਆ ਜਿਵੇਂ ਇਹ ਕੋਈ

ਖੁਆਬ ਹੋਵੇ । ਉਸ ਉਤੇ ਮੌਤ ਦੇ ਸਾਏ ਅਤੇ ਬੇਸੁਰਤੀ ਹਾਵੀ ਸੀ । ਉਹ ਚਕਰਾ ਗਿਆ ਅਤੇ ਡਿਗਦਾ ਡਿਗਦਾ ਬੈਠ ਗਿਆ । ਜੈਲੇ ਨੇ ਸਿਰ ਘੁੱਟ ਹੱਥਾਂ ਪੈਰਾਂ ਦੀਆਂ ਤਲੀਆਂ ਝੱਸ ਉਹਨੂੰ ਮਸਾਂ ਉਠਾਇਆ ਅਤੇ ਹੌਸਲੇ ਨਾਲ ਮੌਤ ਮੂੰਹੋਂ ਖਿਚ ਘਰ ਵੱਲ ਲੈ ਤੁਰਿਆ । ਨਰੈਣ ਸਿੰਘ ਬੇ ਸੁਰਤੀ ਵਿੱਚ ਹੀ ਓਹਦੇ ਨਾਲ ਤੁਰਿਆ ਆਇਆ । ਘਰ ਆਏ ਤਾਂ ਕੈਲਾ ਵੀ ਬੁਲਾਉਣ ਆ ਗਿਆ ।

ਨਿਹਾਲੀ ਨੇ ਟੁੱਟੇ ਜਿਹੇ ਦਿਲ ਨਾਲ ਆਖਿਆ, "ਚਲੋ ਬੇਟਾ, ਅਸੀਂ ਦੋਵੇਂ ਔਨੇ ਆਂ, ਜ਼ਰਾ ਤਾਇਆ ਤੁਹਾਡਾ ਪਾਣੀ ਘੁਟ ਪੀ ਲਵੇ ।" ਤੇ ਨਾਲ ਹੀ ਉਸ ਅਮਰੋ ਨੂੰ ਪਾਣੀ ਲਿਆਉਣ ਵਾਸਤੇ ਕਿਹਾ । ਉਹਨੂੰ ਨਰੈਣ ਸਿੰਘ ਦੀ ਸੁਰਤੀ ਠੀਕ ਨਹੀਂ ਸੀ ਜਾਪਦੀ ।

ਕੈਲੇ ਨੇ ਕਿਹਾ, "ਨਹੀਂ ਤਾਈਂ ਜੀ, ਮਾਂ ਨੇ ਨਾਲ ਭੈਣਾਂ ਨੂੰ ਵੀ ਬੁਲਾਇਆ ਏ ।"

ਨਿਹਾਲੀ ਨੇ ਜਕੋ ਤੱਕੀ ਕਰਕੇ ਬੂਹੇ ਜੰਦਰਾ ਲਾਇਆ ਤੇ ਛੇਤੀ ਹੀ ਲਾਦੋ ਦੇ ਘਰ ਨੂੰ ਤੁਰ ਪਏ। ਜੈਲਾ, ਕੈਲਾ, ਨਰੈਣ, ਨਿਹਾਲੀ ਤੇ ਦੋਵੇਂ ਕੁੜੀਆਂ ਅਮਰੋ ਤੇ ਛੋਟੀ । ਨਰੈਣ ਤਾਂ ਔਲਾ ਬੌਲਾ ਤੇ ਗੁੰਮ ਸੁੰਮ ਸੀ, ਪਰ ਨਿਹਾਲੀ ਮਨ ਹੀ ਮਨ ਸੋਚ ਰਹੀ ਸੀ, ਅੱਜ ਗੱਲ ਤੈਅ ਹੋਵੇਗੀ, ਕੱਲ੍ਹ ਨੂੰ ਲਿਖ ਲਿਖਾ, ਫਿਰ ਦੋ ਦਿਨਾਂ ਵਿਚ ਕੀ ਬਣੇਗਾ-ਬੇਇਤਬਾਰ ਜ਼ਨਾਨੀ ਨੇ ਸਾਡੇ ਤੇ ਇਤਬਾਰ ਨਾ ਕੀਤਾ ਤੇ ਨਾਲ ਕੁੜੀਆਂ ਵੀ ਸੱਦ ਭੇਜੀਆਂ, ਬਈ ਸਾਰਿਆਂ ਦੇ ਸਾਮ੍ਹਣੇ ਗੱਲ ਹੋਵੇ । ਉਹਨੂੰ ਮਨ ਹੀ ਮਨ ਕੁੜੀਆਂ ਤੇ ਤਰਸ ਆ ਰਿਹਾ ਸੀ । ਜੱਕੋ ਤਕੋ ਵਿਚ ਲਾਦੋ ਦੇ ਵਿਹੜੇ ਵਿਚ ਪੈਰ ਪਾਇਆ, ਘਰ ਵਿਚ ਵਾਹਵਾ ਰੌਣਕ ਸੀ। ਸਾਹਮਣੇ ਬਰਾਂਡੇ ਵਿਚ ਚਾਰ ਗਵਾਂਢਣਾਂ ਕੱਪੜਿਆਂ ਦੀਆਂ ਗੰਢਾਂ ਵਿਚੋਂ ਕੱਪੜੇ ਫੋਲ ਫੋਲ ਤੈਹਾਂ ਲਾ ਰਹੀਆਂ ਸਨ । ਪਿੰਡ ਦੇ ਤਿੰਨੇ ਦਰਜ਼ੀ ਮਸ਼ੀਨਾਂ ਰੱਖੀ ਕੱਪੜੇ ਵਿਉਂਤ ਰਹੇ ਸਨ । ਬਰਾਂਡੇ ਦੇ ਦੂਜੇ ਸਿਰੇ ਬਚਨੇ ਦੀ ਘਰ ਵਾਲੀ, ਨੂੰਹ ਤੇ ਕੁੜੀ ਕਣਕ, ਚੌਲ ਤੇ ਦਾਲਾਂ ਛੱਟ ਰਹੀਆਂ ਸਨ । ਦੂਜੇ ਬੰਨੇ ਦੋ ਵੱਡੀਆਂ ਪੇਟੀਆਂ ਪਈਆਂ ਸਨ । ਕਾਲੀ ਸ਼ਾਹ ਲੱਕੜ ਵਿਚ ਕਟਵੇਂ ਸ਼ੀਸ਼ੇ ਚਮਕ ਰਹੇ ਸਨ । ਵਿਹੜੇ ਵਿਚ ਬਚਨਾ ਤੇ ਬਚਨੇ ਦੇ ਦੋਵੇਂ ਮੁੰਡੇ ਫਾਨੇ ਲਾ ਲਾ ਲੱਕੜਾਂ

ਪਾੜ ਰਹੇ ਸਨ ।

ਲਾਦੋ ਦੇ ਹੱਥ ਵਿਚ ਇਕ ਰੰਗ ਬਰੰਗਾ ਡੱਬਾ ਸੀ, ਜਿਹਨੂੰ ਲੈ ਉਹ ਨਿਹਾਲੀ ਹੋਰਾਂ ਵੱਲ ਅਗਲਵਾਂਢੀ ਹੋਈ । ਲਗਦਾ ਸੀ ਲਾਦੋ ਨੂੰ ਕਾਫੀ ਰੁਝੇਵੇਂ ਸਨ। ਉਹ ਵਿਹੜੇ ਵਿਚ ਤੁਰਦੀ ਤੁਰਦੀ ਵੀ ਬਚਨੇ ਨੂੰ ਆਖ ਰਹੀ ਸੀ, "ਬਚਨਿਆਂ ਵੀਰਾ, ਪੈਹਲਾਂ ਭੱਠੀਆਂ ਲਿਪ ਲੌ, ਹਲਵਾਈ ਆਪਣੇ ਕੰਮ ਲਗਣ ।" ਨਾਲ ਹੀ ਉਸ ਨਿਹਾਲੀ ਨੇੜੇ ਜਾ ਉਹਦੇ ਹੱਥਾਂ ਵਿਚ ਡੱਬਾ ਖੋਹਲ ਕੇ ਫੜਾਂਦਿਆਂ ਕਿਹਾ, "ਭੈਣ, ਇਹ ਗਹਿਣੇ ਮੇਰੀਆਂ ਧੀਆਂ ਨੂੰ ਜਚ ਜਾਣਗੇ ?"

ਨਿਹਾਲੀ ਨੇ ਗਹਿਣੇ ਕੀ ਵੇਖਣੇ ਸਨ, ਉਹ ਤਾਂ ਆਪਣੇ ਆਪ ਨੂੰ ਮਸਾਂ ਸੰਭਾਲ ਰਹੀ ਸੀ ਅਤੇ ਨਰੈਣਾ ਜਿਵੇਂ ਸਭ ਕੁਝ ਖਾਬ ਵਿਚ ਹੀ ਵੇਖ ਰਿਹਾ ਸੀ ।

ਲਾਦੋ ਨੇ ਦੋਹਾਂ ਕੁੜੀਆਂ ਨੂੰ ਬੁਕਲ ਵਿਚ ਲੈਂਦਿਆਂ ਚੁੰਮਿਆ ਤੇ ਕਿਹਾ, ਜਾਓ ਬੇਟਾ, ਆਪਣੇ ਨਾਪ ਦਿਓ ਤੇ ਲੰਗਰ ਪਾਣੀ ਦਾ ਪ੍ਰਬੰਧ ਕਰਾਓ । ਅਤੇ ਆਪ ਗੁੰਮ ਸੁੰਮ ਖਲੋਤੀ ਨਿਹਾਲੀ ਹੱਥੋਂ ਡੱਬਾ ਫੜ ਕੇ ਵਿਖਾਂਦਿਆਂ ਕਿਹਾ, "ਵੇਖ ਭੈਣਾਂ, ਕੋਈ ਕਸਰ ਮਸਰ ਏ ਤਾਂ ਕੱਢ ਲਈਏ ।"

ਪਰ ਕਸਰ ਕੀ ਸੀ, ਦੋ ਸੱਗੀਆਂ, ਚਾਰ ਫੁਲ, ਚਾਰ ਕਲਿਪ ਸੂਈਆਂ, ਛਿੰਗ ਤਵੀਤਾਂ ਦੋ, ਦੋ ਹਾਰ, ਬਾਜੂਬੰਦ, ਚੂੜੀਆਂ, ਛਾਪਾਂ, ਪਰਾਹੁਣਿਆਂ ਲਈ ਦੋ ਕੰਢਲੇ ਸਭ ਕੁਝ ਤਾਂ ਵਾਧੂ ਸੀ । ਪਰ ਨਿਹਾਲੀ ਗਹਿਣਿਆਂ ਵੱਲ ਨਹੀਂ ਸਗੋਂ ਸਾਹਮਣੇ ਖਲੋਤੀ ਲਾਦੋ ਦੇ ਮੂੰਹ ਵਲ ਇਕ ਟਿਕ ਵੇਖ ਰਹੀ ਸੀ ਜਿਹੜੀ ਉਹਨੂੰ ਪੂਰਬਣ ਰਾਮ ਦੁਲਾਰੀ ਨਹੀਂ ਸਗੋਂ ਦੇਵੀ ਸਰੂਪ ਦਿਸ ਰਹੀ ਸੀ । ਉਹਨੂੰ ਲਾਦੋ ਦੇ ਮੂੰਹ ਤੇ ਚੰਦਰਮਾ ਵਾਂਗ ਪ੍ਰਕਾਸ਼ ਦਿਸਦਾ ਤੇ ਕਦੇ ਸਿਰ ਤੇ ਚਮਕਦਾ ਮੁਕਟ ਜਿਹੜਾ ਸੁਨਹਿਰੀ ਭਾ ਮਾਰ ਰਿਹਾ ਸੀ । ਉਹਦਾ ਦਿਲ ਪੰਘਰ ਕੇ ਲਾਦੋ ਦੇ ਪੈਰਾਂ ਹੇਠ ਵਿਛ ਜਾਣ ਨੂੰ ਕਰ ਰਿਹਾ ਸੀ । ਦਿਲ ਦਾ ਉਬਾਲ ਪ੍ਰੇਮ ਵੇਗ ਵਿਚ ਉਬਲ ਕੇ ਅੱਖਾਂ ਚੋਂ ਛਲਕ ਪਿਆ ਅਤੇ ਉਹ ਗੋਡਿਆਂ ਭਾਰ ਹੋ ਲਾਦੋ ਦੇ ਪੈਰਾਂ ਤੇ ਸਿਰ ਰੱਖ ਫੁੱਟ ਫੁੱਟ ਕੇ ਰੋ ਪਈ, 'ਤੂੰ ਧੰਨ ਏਂ ਦੇਵੀ ਭੈਣ, ਤੇਰਾ ਦੇਣ ਕਿੱਥੇ ਦਿਆਂਗੇ, ਜਨਮ-ਜਨਮ ਤੇਰਾ ਦੇਣਾ ਦੇਈਏ ਤਾਂ ਸੌ ਜਨਮ ਵੀ ਥੋੜ੍ਹੇ ਨੇ ।'

ਲਾਦੋ ਨੇ ਖਿੱਚ ਕੇ ਨਿਹਾਲੀ ਨੂੰ ਜੱਫੀ ਵਿਚ ਲੈ ਲਿਆ, "ਨਹੀਂ ਭੈਣ, ਆਪਣੀਆਂ ਧੀਆਂ ਲਈ ਸਭ ਕੁਝ ਕਰਨਾ ਪੈਂਦਾ ਏ । ਮੈਂ ਕੋਈ ਕਿਸੇ ਸਿਰ ਅਹਿਸਾਨ ਨਹੀਂ ਕਰ ਰਹੀ ।"

ਨਿਹਾਲੀ ਦੀਆਂ ਅੱਖਾਂ ਤ੍ਰਿਪ ਤ੍ਰਿਪ ਚੋ ਰਹੀਆਂ ਸਨ । ਪਛਤਾਵਾ, ਪਿਆਰ, ਮਮਤਾ ਦਾ ਵੇਗ ਪ੍ਰਬਲ ਸੀ । ਨਰੈਣ ਅਜੇ ਵੀ ਬੌਂਦਲਿਆ ਜਿਹਾ ਸੀ ਅਤੇ ਸਭ ਕੁਝ ਉਹਦੀ ਸਮਝ ਤੋਂ ਬਾਹਰ ਸੀ । ਲਾਦੋ ਨੇ ਵੇਖਿਆ, ਨਰੈਣ ਸਿੰਘ ਦੇ ਹਵਾਸ ਠੀਕ ਨਹੀਂ ਹਨ ਤਾਂ ਉਸ ਵੱਡੇ ਮੁੰਡੇ ਜਰਨੈਲ ਨੂੰ 'ਵਾਜ ਮਾਰੀ, ਜਿਸ ਨਰੈਣ ਸਿੰਘ ਨੂੰ ਮੰਜੇ ਤੇ ਬਿਠਾ ਪਾਣੀ ਧਾਣੀ ਪਿਲਾਇਆ ਅਤੇ ਉਹਦੇ ਹਵਾਸ ਕੁਝ ਠੀਕ ਹੋਏ ।

ਲਾਦੋ ਨੇ ਆ ਕੇ ਪੁੱਛਿਆ, "ਭਾਈਆ, ਕੀ ਗੱਲ ਏ, ਤੂੰ ਉਦਾਸ ਕਿਉਂ ਏ ?"

ਨਰੈਣ ਸਿੰਘ ਨੇ ਭਿੱਜੀਆਂ ਅੱਖਾਂ ਤੇ ਭਰੇ ਦਿਲ ਨਾਲ ਕਿਹਾ, "ਸੁਰਜੀਤ ਕੌਰੇ, ਅਸੀਂ ਤੇਰਾ ਬੁਰਾ ਕਰਨ ਅਤੇ ਬੁਰਾ ਕੈਹਣ ਵਿਚ ਕੋਈ ਕਸਰ ਨੀਂ ਛੱਡੀ, ਪਰ ਤੂੰ ਫਿਰ ਵੀ ਮੇਰੀ ਪੱਗ ਮੇਰੀ ਪੱਤ ...." ਅਤੇ ਫਿਰ ਉਹਦਾ ਗਲ ਭਰ ਗਿਆ । ਉਸ ਸਿਰ ਤੋਂ ਪੱਗ ਲਾਹ ਲਾਦੋ ਦੇ ਪੈਰਾਂ ਵਿਚ ਰੱਖ ਦਿੱਤੀ ਤੇ ਮੰਜੇ ਤੋਂ ਥੱਲੇ ਗੋਡਿਆਂ ਭਾਰ ਹੋ ਗਿਆ ।

ਪਰ ਲਾਦੋ ਦੋ ਪੈਰ ਪਿਛਾਂਹ ਹਟ ਗਈ, "ਬਸ ਬਸ, ਨਾ ਨਾ ਭਾਈਆ, ਪਾਪ ਨਾ ਚੜ੍ਹਾ ਤੇ ਪੱਗ ਬੰਨ, ਵੇਲਾ ਥੋੜ੍ਹਾ ਏ, ਕੰਮ ਦੀ ਦੇਖਭਾਲ ਕਰੋ ।"

ਫਿਰ ਭੱਠੀਆਂ ਭਖ ਪਈਆਂ, ਕੜਾਹੀ ਚੁੱਲੇ ਚੜ੍ਹ ਗਈ । ਅਗਲੇ ਦਿਨ ਮੇਲ ਆਉਣਾ ਸ਼ੁਰੂ ਹੋ ਗਿਆ, ਘਰ ਵਿਚ ਗਹਿਮਾ ਗਹਿਮ ਹੋ ਗਈ । ਨਰੈਣ ਸਿੰਘ ਦੀਆਂ ਜੇਬਾਂ ਅਣਲੱਗ ਨੋਟਾਂ ਨਾਲ ਖੁੰਨੀਆਂ ਪਈਆਂ ਸਨ । ਬਰਾਤਾਂ ਆਈਆਂ ਰੱਜ ਕੇ ਸੇਵਾ ਹੋਈ, ਕੀ ਜਾਂਜੀ ਕੀ ਮਾਂਜੀ ਦੇ ਮੇਲ-ਸਭ ਦਾਜ ਵੇਖ ਕੇ ਧੰਨ ਧੰਨ ਕਰ ਉਠੇ । ਬੰਦੇ ਬੰਦੇ, ਬੱਚੇ ਬੱਚੇ ਸਭ ਦੀ ਜ਼ੁਬਾਨ ਏਹੋ ਗੱਲ ਸੀ ਭਾਈ, ਤਾਈ, ਚਾਚੀ, ਮਾਂ, ਭੈਣ, ਭੂਆ, ਮਾਸੀ ਲਾਦੋ ਦੇ ।

ਵਿਆਹ ਮੇਲ ਵਿਦਾ ਕਰ ਸਭ ਵਿਹਲੇ ਹੋਏ ਤਾਂ ਨਰੈਣ ਸਿੰਘ ਤੇ ਨਿਹਾਲੀ

ਦੋਵੇਂ ਜੀਅ ਲਾਦੋ ਕੋਲ ਆ ਬੈਠੇ ਅਤੇ ਨਿਹਾਲੀ ਨੇ ਕਿਹਾ, 'ਦੇਵੀ ਭੈਣ, ਅਸੀਂ ਹੁਣ ਜਾਈਏ ?

ਲਾਦੋ ਨੇ ਪੁਛਿਆ, "ਕਿਥੇ ?"

ਨਰੈਣ ਸਿੰਘ ਨੇ ਕਿਹਾ, "ਸੁਰਜੀਤ ਕੁਰੇ, ਏਸ ਜਨਮ ਤੇਰਾ ਦੇਣ ਦੇ ਨਹੀਂ ਸਕਦੇ, ਫਿਰ ਵੀ ਤੁਸੀਂ ਜੋੜ ਜਮ੍ਹਾ ਲਾ ਕੇ ਹਿਸਾਬ ਬਣਾ ਲਉ ਤੇ ਜ਼ਮੀਨ ਆਪਣੇ ਨਾਂ ਬੈ ਕਰ ਲੌ । ਤੇ ਮਕਾਨ ਵੀ ਵਿਚੇ ਲਿਖ ਲੌ ।"

ਕੁਝ ਚਿਰ ਲਾਦੋ ਚੁੱਪ ਰਹੀ, ਫਿਰ ਬੜੇ ਹੌਸਲੇ ਨਾਲ ਕਿਹਾ, "ਭਾਈਆ, ਘਰ ਦੇ ਕੇ ਤੁਸੀਂ ਕਿਥੇ ਜਾਓਗੇ ?"

ਨਰੈਣ ਸਿੰਘ ਜਿਸ ਉਤੇ ਹੁਣ ਕੋਈ ਬੋਝ ਨਹੀਂ ਸੀ ਅਤੇ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰ ਰਿਹਾ ਸੀ, ਉਸ ਜੇਬਾਂ ਚੋਂ ਬਚਦੀ ਰਕਮ ਕਢ ਕੇ ਲਾਦੋ ਦੇ ਅੱਗੇ ਰਖਦਿਆਂ ਕਿਹਾ, "ਸੁਰਜੀਤ ਕੁਰੇ, ਸਾਡਾ ਕੀ ਏ ? ਦੋ ਜੀ ਸਿਰ ਲੁਕੋਣ ਨੂੰ । ਕਿਤੇ ਛੰਨ ਛੱਤਰ ਬੰਨ੍ਹ ਲਾਂਗੇ ਤੇ ਦੋ ਢਿੱਡ ਪਾਲਣ ਨੂੰ ਮੇਹਨਤ ਮਜਦੂਰੀ ...."

ਪਰ ਲਾਦੋ ਨੇ ਪੈਸੇ ਮੋੜਦਿਆਂ ਕਿਹਾ, "ਭਾਈਆ, ਇਸ ਘਰ ਵਿਚ ਤੁਹਾਡਾ ਢਿੱਡ ਨਹੀਂ ਭਰਦਾ ਜਾਂ ਸਿਰ ਨਹੀਂ ਲੁਕਦਾ ?"

ਕੁਝ ਚਿਰ ਚੁੱਪ ਦੋਵੇਂ ਇਕ ਦੂਜੇ ਵਲ ਵੇਖਦੇ ਰਹੇ ਤਾਂ ਲਾਦੋ ਨੇ ਕਿਹਾ, "ਭਾਈਆ, ਏਹਨਾ ਬੱਚਿਆਂ ਨੇ ਪਿਓ ਦਾ ਪਿਆਰ ਨਹੀਂ ਵੇਖਿਆ, ਨਹੀਂ ਮਾਣਿਆ । ਜੇ ਤੁਸੀਂ ਇਹਨਾਂ ਬੱਚਿਆਂ ਦੇ ਸਿਰ ਤੇ ਬਜ਼ੁਰਗੀ ਦਾ ਨਿੱਘਾ ਹੱਥ ਰਖੋ ਇਹ ਤੁਹਾਡੇ ਬੱਚੇ ਨੇ ।"

ਅਤੇ ਨਿਹਾਲੀ ਨੇ ਕੈਲੇ ਨੂੰ ਛਾਤੀ ਨਾਲ ਘੁੱਟ ਲਿਆ । ਅਜੇ ਉਹ ਗੱਲਾਂ ਹੀ ਕਰਦੇ ਸਨ ਕਿ ਤੁਲਸੀ ਦਾ ਨੌਕਰ ਅੰਦਰ ਆਇਆ ਤੇ ਹਥਲੇ ਕਾਗਜ਼ ਲਾਦੋ ਨੂੰ ਫੜਾਉਂਦਿਆਂ ਆਖਿਆ, "ਚਾਚੀ ਜੀ, ਲਾਲਾ ਕੈਂਹਦਾ ਕਾਗਜ਼ ਤਾਂ ਮੈਂ ਉਦਣ ਹੀ ਲੈ ਆਂਦੇ ਸਨ, ਪਰ ਮੈਂ ਸੋਚਿਆ, ਵਿਆਹ ਦੇ ਭੀੜ ਭੜੱਕੇ ਤੋਂ ਬਾਅਦ ਹੀ ਦਿਆਂਗਾ ।"

ਲਾਦੋ ਨੇ ਕਾਗਜ਼ ਨਰੈਣ ਸਿੰਘ ਨੂੰ ਦਿੰਦਿਆਂ ਆਖਿਆ, "ਲੈ ਭਾਈਆ,

ਗੈਹਣੇ ਵਾਲੀ ਤਿੰਨ ਕਿੱਲੇ ਜ਼ਮੀਨ ਵੀ ਖਲਾਸ ਹੋ ਗਈ ਆਂ ।"

ਪਰ ਨਰੈਣ ਸਿੰਘ ਨੇ ਕਾਗਜ਼ ਚੁੱਕ ਕੇ ਲਾਦੋ ਦੇ ਪੈਰਾਂ ਤੇ ਰੱਖ ਦਿਤੇ ਤੇ ਕੈਲੇ ਦਾ ਸਿਰ ਪਲੋਸਦੇ ਨੇ ਕਿਹਾ, "ਸੁਰਜੀਤ ਕੁਰੇ, ਜਿਉਂਦੇ ਰੈਹਣ ਸਾਡੇ ਪੁੱਤਰ, ਜ਼ਮੀਨਾਂ ਵਾਹੁਣ ਵਾਲੇ ।"

ਨਿਹਾਲੀ ਦੀਆਂ ਅੱਖਾਂ ਪਿਆਰ ਵੇਗ ਵਿਚ ਭਿੱਜੀਆਂ ਪਈਆਂ ਸਨ । ਫਿਰ ਕੀ ਸੀ, ਘਰ ਦੀ ਕਰਤੀ ਧਰਤੀ ਤਾਈ ਨਿਹਾਲੀ ਤੇ ਘਰ ਦਾ ਲਾਣੇਦਾਰ ਤਾਇਆ ਨਰੈਣ ਸਿੰਘ । ਕਿਸੇ ਚੀਜ਼ ਦੀ ਲੋੜ ਹੋਵੇ, ਮੁੰਡੇ ਪੁੱਛਣ ਤੇ ਲਾਦੋ ਨੇ ਕਹਿਣਾ, "ਪੁੱਤਰ, ਬੇਟਾ, ਤਾਈ ਨੂੰ ਪੁੱਛੋ । ਬੇਟਾ, ਤਾਏ ਨੂੰ ਕਹੋ ।"

ਘਰ ਦਾ ਮਾਹੌਲ ਮੋਹ ਮਮਤਾ ਭਰਿਆ ਤੇ ਸੁਖਾਵਾਂ ਸੀ । ਨਰੈਣ ਸਿੰਘ ਤੇ ਨਿਹਾਲੀ ਦਾ ਪੂਰਾ ਸਤਿਕਾਰ ਸੀ । ਹਰ ਪਾਸੇ ਲਹਿਰ ਬਹਿਰ ਸੀ। ਅੰਨ, ਦੁੱਧ, ਧੰਨ, ਘਿਓ, ਗੁੜ, ਸ਼ੱਕਰ ਕਿਸੇ ਚੀਜ਼ ਦੀ ਘਾਟ ਨਹੀਂ ਸੀ । ਸਾਰੇ ਖੁਸ਼ ਸਨ ਕਿਉਂਕਿ ਅਮਰੋ ਤੇ ਛੋਟੀ ਆਪਣੇ ਭਰਾਵਾਂ ਕੈਲੇ ਤੇ ਜੈਲੇ ਲਈ ਰਿਸ਼ਤੇ ਲੈ ਆਈਆਂ ਸਨ ਤੇ ਕੁੜਮ ਵੀ ਸਰਦੇ ਪੁਜਦੇ ਜਿਨ੍ਹਾਂ ਅੱਧੇ ਅੱਧੇ ਤੋਲੇ ਦੀਆਂ ਛਾਪਾਂ ਨਰੈਣ ਦੇ ਹੱਥ ਪਾਈਆਂ ਸਨ । ਛਾਪਾਂ ਦੇ ਨਗਾਂ ਦੀ ਡਲਕ ਵੇਖ ਕੇ ਨਰੈਣ ਨੂੰ ਆਪਣਾ ਆਪ ਫਿਰ ਜਵਾਨ ਹੁੰਦਾ ਦਿਸਿਆ ।

# ਰਿਸ਼ਤਾ

ਮਰੀਅਮ ਦਾ ਮੁੰਡਾ ਸ਼ਾਕਰ ਹੁਸੈਨ ਪੰਡ ਸਾਰੀ ਪਤਾਸੇ ਲੈ ਕੇ ਰੱਖੋ ਨੈਣ ਦੇ ਘਰ ਗਿਆ ਅਤੇ ਆਖਿਆ, "ਲੈ ਤਾਈ, ਚੁੱਕ ਪਤਾਸੇ ਤੇ ਵੰਡ ਦੇ ਸਾਰੇ ਪਿੰਡ ਵਿੱਚ ਅਤੇ ਵੇਖੀਂ ਕੋਈ ਘਰ ਖਾਲੀ ਨਾ ਰਹਿ ਜਾਏ । ਘਰੋ ਘਰ ਫਿਰ ਜਾ ।"

ਰੱਖੋ ਨੈਣ ਨੇ ਚਾਈਂ ਚਾਈਂ ਪੁਛਿਆ, "ਵੇ ਪੁਤਰ ਸ਼ਾਕਰ, ਕਾਹਦੇ ਨੇ ਪਤਾਸੇ ?"

ਸ਼ਾਕਰ ਨੇ ਕਿਹਾ, "ਤਾਈ, ਰਿਸ਼ਤੇ ਦੀ ਹਾਂ ਹੋਈ ਏ । ਹੋਰ ਕਾਹਦੇ ।"

ਅਤੇ ਰੱਖੀ ਨੈਣ ਨੇ ਇਕ ਪਤਾਸਾ ਮੂੰਹ ਵਿਚ ਪਾਂਦਿਆਂ ਕਿਹਾ, "ਵੇ ਪੁਤਰ ਸ਼ਾਕਰਾ, ਮੁਬਾਰਕਾਂ ।" ਅਤੇ ਨਾਲ ਹੀ ਉਸ ਆਪਣੀ ਨੂੰਹ ਤੇ ਧੀ ਨੂੰ ਵਾਜ ਮਾਰੀ, "ਨੀ ਜੰਨਤੇ, ਨੀ ਰੈਹਮੋਂ, ਲਿਆਓ ਨੀ ਚੰਗੇਰਾਂ ਚੁੱਕ ਕੇ ਤੇ ਤਿਆਰ ਹੋਵੋ । ਪਤਾਸੇ ਵੰਡ ਆਈਏ । ਵੇ ਪੁੱਤ ਸ਼ਾਕਰਾ, ਅਸਲ ਗੱਲ ਤਾਂ ਮੈਂ ਭੁਲ ਈ ਗਈ । ਵੇ ਰਿਸ਼ਤਾ ਕਿਥੋਂ ਹੋਇਆ ਈ ?"

ਤੇ ਸ਼ਾਕਰ ਨੇ ਕਿਹਾ, "ਤਾਈ, ਅੱਲਾ ਰੱਖੇ ਦੀ ਵੱਡੀ ਧੀ ਦਾਰਾਂ ਦੀ ਹਾਂ ਹੋਈ ਏ ।"

ਰਖੀ ਨੈਣ ਚੰਬੇ ਵਾਂਗ ਖਿੜ ਗਈ, "ਵੇ ਮੈਂ ਸਦਕੇ ਜਾਵਾਂ ਵੇ ਸ਼ਾਕਰਾ, ਦਾਰਾਂ ਮੌਲਸਰੀ ਦਾ ਬੂਟਾ ਵੇ, ਕਚਨਾਰ ਦੀ ਗੰਦਲ ਵੇ, ਕਲਾਕੰਦ ਵਰਗੀ ਕੁੜੀ । ਤੇ ਵੰਡੇਂ ਪਤਾਸੇ ! ਘਟੋ ਘੱਟ ਲੱਡੂ ਤਾਂ ਲਿਆਉਂਦਾ । ਮੈਂ ਵੰਡਦੀ ਤਾਂ ਚੰਗੀ ਲਗਦੀ ।"

ਸ਼ਾਕਰ ਨੇ ਕਿਹਾ, "ਤਾਈ, ਅਜੇ ਤਾਂ ਦੱਬਵੀਂ ਹਾਂ ਹੋਈ ਏ । ਜਿੱਦਨ ਕੁੜਮਾਈ ਪੱਕ ਠੱਕ ਹੋਇਆ ਤੈਥੋਂ ਲੱਡੂ ਹੀ ਵੰਡਾਵਾਂਗਾ । ਨਾਲੇ ਤੈਨੂੰ ਕਲਾਕੰਦ ਹੀ ਖਵਾਵਾਂਗੇ ।" ਅਤੇ ਨਾਲਹੀ ਸ਼ਾਕਰ ਨੇ ਪੰਜਾਂ-ਪੰਜਾਂ ਦੇ ਦੋ ਨੋਟ ਰੱਖੀ ਦੇ ਹੱਥ ਤੇ ਰੱਖ ਦਿੱਤੇ ।

"ਜਿਉਂਦਾ ਰੈਹ ! ਰੱਬ ਸਲਾਮਤ ਰਖੇ ! ਤੁਹਾਡੀ ਜੋੜੀ ਬਣੇ ਤੇ ਜੁੱਗੋ ਜੁੱਗ ਜੀਓ !" ਰਖੀ ਨੇ ਅਸੀਸ ਦਿੱਤੀ । ਰੱਖੀ ਨੇ ਦੋਵੇਂ ਨੋਟ ਦੁਪੱਟੇ ਦੇ ਕੰਨੀ ਕੱਸ ਕੇ

ਬੰਨੇ ।

ਜੰਨਤੇ ਅਤੇ ਰੈਹਮੀ ਵੱਡੀਆਂ ਵੱਡੀਆਂ ਚੰਗੇਰਾਂ ਲੈ ਕੇ ਆ ਗਈਆਂ ਅਤੇ ਚਾਦਰ ਦੀ ਪੰਡ ਵਿਚੋਂ ਪਤਾਸੇ ਚੰਗੇਰਾਂ ਵਿਚ ਪਾ ਲਏ ।

ਰੱਖੀ ਨੇ ਫਿਰ ਕਿਹਾ, "ਵੇ ਸ਼ਾਕਰਾ, ਤੂੰ ਤਾਂ ਜਿਵੇਂ ਮਦਾਨ ਮਾਰ ਲਿਆ ! ਏਹੋ ਜੇਹੀ ਰਾਜ ਹੰਸ ਵਰਗੀ ਕੁੜੀ ! ਉਹ ਤਾਂ ਕੋਹ ਕਾਫ ਦੀ ਪਰੀ ਏ । ਤੇਰਾ ਘਰ ਬੰਨ੍ਹ ਦੇਗੀ । ਏਹੋ ਜੇਹੀ ਸੁਘੜ ਸਾਊ ਤੇ ਸਿਆਣੀ ਕੁੜੀ ਕਿਤੇ ਧਰੀ ਪਈ ਏ । ਦਾਰਾਂ ਸੀ ਵੀ ਤੇਰੇ ਹੀ ਲਾਇਕ ।" ਰਖੀ ਕੋਈ ਮੁਗਾਲਤੇ ਨਾਲ ਜਾਂ ਚਾਪਲੋਸੀ ਨਾਲ ਗੱਲ ਨਹੀਂ ਸੀ ਕਹਿ ਰਹੀ ।

ਦਾਰਾਂ ਸੀ ਵੀ ਲੱਖਾਂ ਚੋਂ ਇੱਕ, ਗੋਲ ਗੁਲਾਬੀ ਬੇਦਾਗ ਗੱਲ੍ਹਾਂ, ਸਾਫ ਸਫਾਫ ਪੂਨਮ ਦੇ ਚੰਦ ਵਰਗਾ ਚਿਹਰਾ, ਪਤਲੇ ਗੁਲਾਬੀ ਹੋਂਠ, ਸੁਤਵਾਂ ਨੱਕ, ਸੁਰਾਹੀਦਾਰ ਗਰਦਨ, ਲੰਬੇ ਕਾਲੇ ਵਾਲ । ਜਵਾਨੀ ਵੀ ਉਸ ਤੇ ਸੂਕਦੀ ਕਾਂਗ ਵਾਂਗ ਚੜ੍ਹੀ ਸੀ । ਉਹਦੀ ਜਾਂ ਏਹੋ ਜੇਹੀ ਉਭਰੀ ਛਾਤੀ ਵੇਖ ਹੀ ਕਿਸੇ ਸ਼ਾਇਰ ਨੇ ਕਿਹਾ ਹੋਵੇ "ਤੇਰੀ ਛਾਤੀ ਤਖਤ ਲਾਹੌਰ ਦਾ ।" ਲਾਹੌਰ ਦਾ ਤਖਤ ਜੀਹਨੂੰ ਹਾਸਲ ਕਰਨ ਲਈ ਹੀ ਕਿੰਨੇ ਗਨੀਮਾਂ, ਜਰਨੈਲਾਂ ਤੇ ਬਾਦਸ਼ਾਹਾਂ ਨੇ ਲੱਖਾਂ ਮਾਸੂਮਾਂ ਦਾ ਖੂਨ ਡੋਲ੍ਹਿਆ ਪਰ ਸ਼ਾਇਰ ਨੇ ਏਹੋ ਜੇਹੀ ਮੁਟਿਆਰ ਦੀ ਉਭਰੀ ਛਾਤੀ ਵੇਖ ਉਸਨੂੰ ਲਾਹੌਰ ਦੇ ਤਖਤ ਨਾਲ ਤਸ਼ਬੀਹ ਦਿੱਤੀ ।

ਦਾਰਾਂ ਜਦ ਮੋਰਾਕੀਨ ਦੀ ਫੁੱਲਦਾਰ ਕੁੜਤੀ ਅਤੇ ਸਾਟਨ ਦਾ ਤੈਹਮਤ ਅਤੇ ਅੰਬਰਸੀ ਦੁਪੱਟਾ ਲੈ ਕੇ ਤੁਰਦੀ ਜਾਂ ਗਲੀ ਵਿਚੋਂ ਲੰਘਦੀ ਤਾਂ ਗੱਭਰੂ ਤਾਂ ਕੀ ਹਾਨਣਾ ਦਿਲ ਫੜਕੇ ਕਹਿੰਦੀਆਂ, "ਲੋਹੜਾ ਨੀ, ਮੈਂ ਮਰ ਜਾਂ ! ਜੇ ਰੱਬ ਮੈਨੂੰ ਮੁੰਡਾ ਬਣਾ ਦੇਂਦਾ !"

ਏਹੋ ਜੇਹੀ ਪੰਜਾਬਣ ਨੂੰ ਵੇਖਕੇ ਹੀ ਕਿਸੇ ਕਵੀ ਨੇ ਕਿਹਾ ਹੋਵੇਗਾ "ਜੁੱਤੀ ਖੱਲ ਦੀ ਮਰੋੜਾ ਨਹੀਉਂ ਝੱਲਦੀ, ਤੋਰ ਪੰਜਾਬਣ ਦੀ ।"

ਦਾਰਾਂ ਅੱਲਾ ਰੱਖੇ ਦੀ ਪਲੇਠੀ ਦੀ ਧੀ ਸੀ । ਉਸ ਤੋਂ ਛੋਟੀਆਂ ਛੇ ਹੋਰ ਭੈਣਾਂ ਸਨ । ਰੰਗ ਰੂਪ ਵਿਚ ਸਭ ਇੱਕ ਦੂਜੀ ਤੋਂ ਵੱਧ ਸਨ ਪਰ ਵੱਡੀ ਦਾਰਾਂ ਸਭ

ਤੋਂ ਸਿਰੇ ਦੀ ਸੀ । ਉਹਦਾ ਕੋਈ ਮੁਕਾਬਲਾ ਨਹੀਂ ਸੀ ।

ਪਿਛਲੇ ਸਾਲ ਅੱਲਾ ਰੱਖੇ ਦੀ ਘਰਵਾਲੀ ਰਾਬਿਆਂ ਨੇ ਅੱਠਵੇਂ ਬੱਚੇ ਨੂੰ ਜਨਮ ਦਿੱਤਾ ਸੀ ਅਤੇ ਉਹ ਮੁੰਡਾ ਸੀ ।

ਪਰ ਉਸ ਰਾਤ ਦਾਰਾਂ ਤੋਂ ਛੋਟੀ ਉਮਤ ਬਸ਼ੀਰੇ ਬੁੱਟਰ ਨਾਲ ਨੌ ਦੋ ਗਿਆਰਾਂ ਹੋ ਗਈ ਸੀ । ਉਮਤ ਭਾਵੇਂ ਦਾਰਾਂ ਤੋਂ ਸਾਲ ਛੋਟੀ ਸੀ ਪਰ ਕੱਦ ਵਿਚ ਉਹ ਦਾਰਾਂ ਤੋਂ ਸਿਰ ਕੱਢਦੀ ਸੀ ਅਤੇ ਉਹ ਸਰੂ ਵਾਂਗ ਵੱਧ ਰਹੀ ਸੀ ।

ਪਿਛਲੇ ਤੋਂ ਪਿਛਲੇ ਸਾਲ ਜਦ ਰਾਬਿਆਂ ਨੇ ਸੱਤਵੀਂ ਧੀ ਨੂੰ ਜਨਮ ਦਿੱਤਾ ਤਾਂ ਦਾਈ ਨੇ ਸਣੇ ਗੁਵਾਂਡਣਾ ਕਿਹਾ ਸੀ, "ਨੀ ਰਾਬਿਆਂ, ਅੜੀਏ, ਬਸ ਕਰ । ਕਮਲੀਏ, ਵਿਹੜਾ ਭਰ ਛੱਡਿਆ ਈ ਕੁੜੀਆਂ ਨਾਲ ।"

ਪਰ ਰਾਬਿਆਂ ਨੂੰ ਇੱਕ ਪੁੱਤਰ ਦੀ ਲਾਲਸਾ ਸੀ । ਉਹ ਚਾਹੁੰਦੀ ਸੀ ਚੰਬੇ ਲੀ ਦੇ ਫੁੱਲਾਂ ਵਿਚ ਇਕ ਫੁੱਲ ਤਾਂ ਗੁਲਾਬ ਦਾ ਵੀ ਹੋਵੇ । ਕਹਿਣ ਵਾਲਿਆਂ ਨੂੰ ਕਹਿੰਦੀ, "ਨੀ ਮੈਂ ਕੀ ਕਰਾਂ ? ਕੁੜੀਆਂ ਕਹਿੰਦੀਆਂ ਨੇ ਇੱਕ ਤਾਂ ਹੋਵੇ ਜੀਹਨੂੰ ਵੀਰ ਆਖੀਏ ।" ਉਸ ਦੂਜੇ ਮਹੀਨੇ ਹੀ ਅੱਲਾ ਰੱਖੇ ਨੂੰ ਜਾ ਉਠਾਇਆ ।

ਪਰ ਅੱਲਾ ਰੱਖਾ ਤਾਂ ਦੋਵੇਂ ਕੰਨ ਫੜ ਤੋਬਾ ਕਰ ਚੁੱਕਾ ਸੀ, "ਰਹਿਣ ਦੇ ਰਾਬਿਆਂ, ਜੇ ਖੁਦਾ ਨੂੰ ਮੰਜੂਰ ਹੁੰਦਾ ਤਾਂ ਇਨ੍ਹਾਂ ਸੱਤਾਂ ਵਿਚੋਂ ਹੀ ਇੱਕ ਮੁੰਡਾ ਹੋ ਜਾਂਦਾ ।" ਉਂਝ ਵੀ ਅੱਲਾ ਰੱਖਾ ਸੁੱਕੇ ਛੁਹਾਰੇ ਵਰਗਾ ਹੋ ਗਿਆ ਹੋਇਆ ਸੀ । ਕੁਝ ਤਾਂ ਕੱਲ ਕਲਾਪਾ, ਕੁੱਝ ਕੰਮ ਦਾ ਬੋਝ, ਕੁੱਝ ਪੁੱਤਰ ਨਾ ਹੋਣ ਦਾ ਗਮ, ਕੁਝ ਕੁੜੀਆਂ ਧਰੇਕਾਂ ਵਾਂਗ ਵਧ ਰਹੀਆਂ ਸਨ ਅਤੇ ਉਹ ਵੀ ਰੂਪ ਮਤੀਆਂ । ਸ਼ਮ੍ਹਾਂ ਦੀ ਲੋ ਹੋਵੇ ਪ੍ਰਵਾਨਿਆਂ ਨਾਲ ਭੰਬਕੜ ਵੀ ਆ ਜਾਂਦੇ ਨੇ । ਫੁੱਲ ਮਹਿਕੇ ਭੌਰੇ ਆ ਹੀ ਜਾਂਦੇ ਨੇ । ਫਿਰ ਦੋ ਤਾਂ ਹੁਣ ਵਿਆਹੁਣ ਲਾਇਕ ਸਨ । ਇਹਨਾਂ ਗੱਲਾਂ ਕਰਕੇ ਹੀ ਅੱਲਾ ਰੱਖੇ ਦੀ ਹੁਣ ਤੋਬਾ ।

ਪਰ ਰਾਬਿਆਂ ਸੱਤ ਧੀਆਂ ਜੰਮ ਕੇ ਵੀ ਅਜੇ ਤੱਕੜੀ ਸੀ ਅਤੇ ਪੁੱਤਰ ਪੈਦਾ ਕਰਨ ਦੀ ਲਾਲਸਾ ਹਾਵੀ ਸੀ । ਉਹ ਨਿਤ ਦਿਨ ਸਾਧਾਂ, ਸੰਤਾਂ, ਪੀਰਾਂ, ਫਕੀਰਾਂ ਦੇ ਚੱਕਰ ਵਿਚ ਪਈ ਰਹਿੰਦੀ । ਖਿੱਝੀ ਜੇਹੀ ਉਹ ਕਈ ਵਾਰ ਅੱਲਾ ਰੱਖੇ ਨੂੰ ਆਖ:

ਵੀ ਦੇਂਦੀ, "ਦਾਰਾਂ ਦੇ ਬਾਪੂ, ਪੀੜਾਂ ਤਾਂ ਮੈਂ ਝੱਲਦੀਆਂ । ਮੂੰਹ ਤੇਰਾ ਮੁੜ ਗਿਆ ਏ ।" ਕਈ ਵਾਰ ਉਹ ਏਹੋ ਜੇਹੀ ਗੱਲ ਕੁੜੀਆਂ ਦੇ ਸਾਹਮਣੇ ਵੀ ਕਹਿ ਦੇਂਦੀ ਜਿਸ ਦਾ ਜਵਾਨ ਧੀਆਂ ਤੇ ਬੁਰਾ ਅਸਰ ਪੈਂਦਾ । ਖਾਸ ਕਰਕੇ ਉਮਤ ਉੱਤੇ ਅਤੇ ਏਸੇ ਤਹਿਤ ਕੁੜੀਆਂ ਕੁੱਝ ਅਜ਼ਾਦ ਹੋ ਗਈਆਂ । ਨਿੱਤ ਦਿਨ ਸਾਧਾਂ, ਸੰਤਾਂ ਦੇ ਚੱਕਰਾਂ ਦਾ ਵੀ ਅਸਰ ਕੁੜੀਆਂ ਤੇ ਪੈਂਦਾ । ਇਸ ਤੋਂ ਵੱਧ ਇੱਕ ਗੱਲ ਹੋਰ ਹੋਈ ਜਿਸ ਨੇ ਉਮਤ ਨੂੰ ਅਸਲੋਂ ਹੀ ਬੇਲਗਾਮ ਕਰ ਦਿੱਤਾ । ਉਹ ਸੀ : ਅੱਲਾ ਰੱਖੇ ਦਾ ਡੰਗਰ ਖੇਤ ਵਿਚ ਬੰਨ੍ਹ ਰਾਤ ਨੂੰ ਖੇਤ ਵਿਚ ਹੀ ਸੌਣਾ, ਫਿਰ ਰਾਬਿਆਂ ਦਾ ਅੱਧੀ ਰਾਤੀਂ ਪੋਲੇ ਪੈਰੀਂ ਸੱਭ ਨੂੰ ਸੁੱਤਿਆਂ ਛੱਡ ਖੇਤਾਂ ਨੂੰ ਜਾਣਾ ।

ਇਕ ਦਿਨ ਹਨੇਰੀ ਰਾਤ ਜਦ ਉਹ ਅੱਧੀ ਰਾਤੀਂ ਮੰਜੇ ਤੋਂ ਉਠ ਤੁਰੀ ਤਾਂ ਉਮਤ ਦੀ ਅੱਖ ਖੁਲ੍ਹ ਗਈ। ਹਨੇਰਾ ਵਾਹਵਾ ਸੀ ਉਹ ਪੋਲੇ ਪੈਰੀਂ ਮਾਂ ਦੇ ਮਗਰ ਉਠ ਤੁਰੀ । ਪਿੰਡੋਂ ਨਿਕਲ ਖੇਤਾਂ ਵਿਚ ਦੋ ਸਾਏ 'ਕੱਠੇ ਹੋਏ ਤੇ ਖੇਤਾਂ ਵਿਚ ਗੁੰਮ ਹੋ ਗਏ । ਪਰ ਉਮਤ ਸਿਧੀ ਵੱਟੇ ਵੱਟ ਪੈ ਬੈਹਕ ਵਿਚ ਚਲੀ ਗਈ ਜਿੱਥੇ ਅੱਲਾ ਰੱਖਾ ਘੂਕ ਸੁੱਤਾ ਪਿਆ ਸੀ । ਮਾਂ ਨਾਲ ਕੌਣ ਸੀ ? ਉਹ ਚੁਪ ਚਾਪ ਪਿਛਾਂ ਮੁੜੀ । ਕੌਣ ਸੀ ਓਪਰਾ ਮਨੁੱਖ ਮਾਂ ਨਾਲ ? ਅਤੇ ਜਦੋਂ ਉਹ ਘਰ ਦੇ ਬੂਹੇ ਕੋਲ ਆਈ ਤਾਂ ਰਾਬਿਆਂ ਨੇ ਬੂਹੇ ਵਿਚ ਹੌਲੀ ਜੇਹੀ ਪੁਛਿਆ, "ਨੀ ਉਮਤੇ, ਕਿਥੋਂ ਆਈ ਏ ?"

ਉਮਤ ਨੇ ਕਿਹਾ, "ਖੇਤ ਵਿਚੋਂ, ਜਿਥੇ ਚਾਚਾ ਘੂਕ ਸੁੱਤਾ ਪਿਆ ਸੀ ।"

ਰਾਬਿਆਂ ਨੇ ਉਮਤ ਦੇ ਮੂੰਹ ਅੱਗੇ ਹੱਥ ਰੱਖ ਮੱਥਾ ਚੁੰਮਿਆ, "ਬੱਸ ਬੱਸ, ਮੇਰੀ ਪਿਆਰੀ ਧੀ । ਮਤ ਕੋਈ ਹੋਰ ਜਾਗ ਪਵੇ ।"

ਉਸ ਦਿਨ ਪਿਛੋਂ ਉਮਤ ਕਾਫੀ ਅਜ਼ਾਦ ਹੋ ਗਈ ।

ਅਤੇ ਫਿਰ ਜਿਸ ਰਾਤ ਰਾਬਿਆਂ ਨੇ ਪੁੱਤਰ ਨੂੰ ਜਨਮ ਦਿੱਤਾ ਵੇਹੜਾ ਖੁਸ਼ੀ ਨਾਲ ਭਰ ਗਿਆ । ਪਰ ਮੁਬਾਰਕਾਂ ਸੋਗ ਵਿਚ ਡੁੱਬ ਗਈਆਂ ਕਿਉਂਕਿ ਉਮਤ ਬਸ਼ੀਰੇ ਬੁੱਟਰ ਨਾਲ ਨਿਕਲ ਗਈ । ਪਰ ਕੋਸਨੇ ਉਮਤ ਦੀ ਬਜਾਏ ਰਾਬਿਆਂ ਨੂੰ ਹੀ ਮਿਲੇ, "ਨੀ ਜੇਹੋ ਜਹੀ ਮਾਂ ਉਹੋ ਜੇਹੀ ਧੀ । ਮਾਪੇ ਜੋ ਸਿਖਾਣਗੇ ਉਹ ਹੀ ਉਲਾਦ

ਨੇ ਸਿਖਣਾ ਏ । ਘਰ ਜਵਾਨ ਧੀਆਂ, ਮਾਂ ਕਦੀ ਕਿਸੇ ਸਾਧ ਕੋਲ ਕਦੀ ਕਿਸੇ ਫਕੀਰ ਕੋਲ ।"

"ਨੀ ਚਲੋ, ਰਾਬਿਆਂ ਵਿਚਾਰੀ ਦਾ ਕੀ ਦੋਸ਼ ਏ ? ਪੁੱਤਰ ਨੂੰ ਤਰਸਦੀ ਸੀ । ਰੱਬ ਨੇ ਇੱਕ ਲਾਲ ਤਾਂ ਦਿੱਤਾ, ਸਹਿਕਦੀ ਨੂੰ ।"

ਅੱਲਾ ਰੱਖੇ ਨੇ ਪੁਛਿਆ, "ਰਾਬਿਆਂ, ਹੁਣ ਕੁੜੀ ਦਾ ਕਿਵੇਂ ਕਰੀਏ ?"

"ਵੇਖ ਬੰਦਿਆ ਖੁਦਾ ਦਿਆ, ਰੱਬ ਨੇ ਦਿੱਤੀ ਏ ਖੁਸ਼ੀ । ਕੁੜੀ ਨੂੰ ਆਪਣੀ ਖੁਸ਼ੀ ਕਰਨ ਦੇਹ । ਜਿਧਰ ਜਾਂਦੀ ਏ ਜਾਣ ਦੇ । ਬਦਨਾਮੀ ਹੋਣੀ ਸੀ ਇਕੋ ਵਾਰ ਹੋ ਗਈ ।"

ਅਤੇ ਅੱਲਾ ਰੱਖਾ ਦੜ ਵੱਟ ਗਿਆ ।

ਪਰ ਬੁੱਟਰ ਕੁਝ ਸਾਊ, ਅਣਖੀਲੇ ਤੇ ਤਕੜੇ ਸਨ । ਅਗਲੇ ਦਿਨ ਹੀ ਮੁੰਡਾ ਲੱਭ ਲਿਆਏ ਅਤੇ ਅੱਲਾ ਰੱਖੇ ਨੂੰ ਸਿੱਧੇ ਮੱਥੇ ਕਿਹਾ, "ਵੇਖ ਭਾਈ ਅੱਲਾ ਰੱਖਿਆ, ਮੁੰਡਾ ਅਸੀਂ ਲੈ ਆਏ ਆਂ । ਕੁੜੀ ਤੇਰੀ ਸਾਡੀ ਰਿਸ਼ਤੇਦਾਰੀ ਵਿਚ ਏ । ਨਾਲ ਚਲ ਤੇ ਕੁੜੀ ਲੈ ਆ । ਤੇਰੀ ਮਰਜ਼ੀ ਹੋਵੇ ਤਾਂ ਅਸੀਂ ਮੁੰਡੇ ਨਾਲ ਨਕਾਹ ਪੜ੍ਹਾਨ ਨੂੰ ਤਿਆਰ ਆਂ ।"

ਅੱਲਾ ਰੱਖਾ ਅੜ ਗਿਆ, "ਖੂਹ ਪਵੇ ਖਾਤੇ ਪਵੇ । ਨਾ ਲਿਆਉਣੀ ਨਾ ਨਿਕਾਹ ਪੜ੍ਹਾਣਾ ਏ ।"

ਫਿਰ ਚਾਰ ਬੰਦਿਆਂ ਸਿਆਣਿਆਂ ਦੇ ਜ਼ੋਰ ਦੇਣ ਤੇ ਅਤੇ ਰਾਬਿਆਂ ਦੇ ਕਹਿਣ ਤੇ ਏਨਾਂ ਮੰਨਿਆਂ ਕਿ ਕੁੜੀ ਪਿੰਡ ਨਾ ਆਵੇ ਜਿਥੇ ਹੈ ਉਥੇ ਹੀ ਰਵੇ । ਬੁੱਟਰਾਂ ਨੇ ਇਹ ਗੱਲ ਮੰਨ ਲਈ । ਉਮੰਤ ਤੇ ਬਸ਼ੀਰੇ ਦਾ ਨਿਕਾਹ ਹੋ ਗਿਆ ਤੇ ਉਹ ਨਾਨਕੀ ਢੇਰੀ ਤੇ ਹੀ ਰਹਿ ਗਿਆ ।

ਹੁਣ ਅੱਲਾ ਰੱਖੇ ਨੂੰ ਵੱਡੀ ਧੀ ਦਾਰਾਂ ਦਾ ਫਿਕਰ ਪਿਆ । ਕਿਤੇ ਜਚਵੀਂ ਥਾਂ ਲੱਭੇ ਤੇ ਦਾਰਾਂ ਦੀ ਸ਼ਾਦੀ ਕਰ ਦੇਵੇ । ਅੰਦਰੇ ਅੰਦਰ ਘਰਵਾਰ ਲੱਭਣ ਦੀ ਕੰਨਸੋ ਦਾਰਾਂ ਨੂੰ ਭੀ ਲੱਗੀ ਤਾਂ ਉਸ ਆਪਣੇ ਪ੍ਰੇਮੀ ਸ਼ਾਕਰ ਨੂੰ ਦੱਸਿਆ ।

ਸ਼ਾਕਰ ਵਿਧਵਾ ਮਰੀਅਮ ਦਾ ਇਕੋ ਇਕ ਪੁੱਤਰ ਸੀ । ਬੜਾ ਸੋਹਣਾ ਤੇ

ਹੁੰਦੜਹੇਲ ਜਵਾਨ, ਪੂਰਾ ਮੁਰੱਬਾ ਭੋਏਂ, ਤਿੰਨ ਨੌਕਰ, ਦੋ ਹਲਾਂ ਦੀ ਖੇਤੀ, ਦੋ ਹਾਲੀ, ਇੱਕ ਪੱਠੇ ਦਥੇ ਤੇ, ਪਾਲੀ ਮੁੰਡਾ ਅੱਡ, ਚੰਗੀਆਂ ਚਾਰ ਪੰਜ ਮੱਝਾਂ, ਘੋੜੀ ਚੜ੍ਹਨ ਨੂੰ ।

ਦਾਰਾਂ ਦੇ ਦੱਸਣ ਤੇ ਸ਼ਾਕਰ ਨੇ ਮਾਂ ਕੋਲ ਗੱਲ ਕੀਤੀ ਤਾਂ ਮਰੀਅਮ ਪੁੱਤਰ ਦੀ ਖੁਸ਼ੀ ਲਈ ਰਾਬਿਆਂ ਕੋਲ ਗਈ । ਬੜੇ ਮਾਣ ਨਾਲ ਕਿਹਾ, "ਭੈਣ, ਤੇਰੀ ਕੁੜੀ ਤੇ ਮੇਰਾ ਮੁੰਡਾ ਇਕ ਦੂਜੇ ਨਾਲ ਪਿਆਰ ਕਰਦੇ ਨੇ । ਤੂੰ ਦਾਰਾਂ ਦਾ ਰਿਸ਼ਤਾ ਮੇਰੀ ਝੋਲੀ ਪਾ ਦੇ ।"

ਰਾਬਿਆਂ ਨੇ ਅੱਲਾ ਰੱਖੇ ਨਾਲ ਸਲਾਹ ਕੀਤੀ ਤਾਂ ਦੋਹਾਂ ਸਿਰ ਫੇਰ ਦਿੱਤਾ, "ਨਹੀਂ ਭੈਣ, ਅਸਾਂ ਪਿੰਡ ਵਿੱਚ ਕੁੜੀ ਨਹੀਂ ਵਿਆਹਣੀ ।"

"ਸੋਚ ਲੈ ਭੈਣੇ, ਕੁੜੀ ਤਲੀ ਦੇ ਛਾਲੇ ਵਾਂਗ ਰਹੇਗੀ ।"

ਪਰ ਉਹਨਾਂ ਤਾਂ ਨਾਂਹ ਕੀਤੀ ਸੀ ਨਾਂਹ ਹੀ ਰਹੀ । ਮਰੀਅਮ ਦੇ ਰਾਬਿਆਂ ਕੋਲ ਆਉਣ ਤੇ ਫਿਰ ਜਵਾਬ ਮਿਲਣ ਦਾ ਕਿਸੇ ਨੂੰ ਪਤਾ ਨਾ ਲੱਗਾ ਪਰ ਜਦੋਂ ਉਸ ਸ਼ਾਕਰ ਨੂੰ ਦੱਸਿਆ ਉਹ ਉਦਾਸ ਜੇਹਾ ਹੋ ਗਿਆ । ਵੇਲਾ ਕਵੇਲਾ ਕਰਕੇ ਉਸ ਜਵਾਬ ਮਿਲਣ ਬਾਰੇ ਦਾਰਾਂ ਨੂੰ ਦੱਸਿਆ ਪਰ ਉਹਨੂੰ ਤਾਂ ਪਹਿਲਾਂ ਹੀ ਪਤਾ ਸੀ । ਦਾਰਾਂ ਦਲੇਰ ਸੀ । ਉਸ ਸ਼ਾਕਰ ਨੂੰ ਕਿਹਾ, "ਘਾਬਰ ਨਾ, ਤਸੱਲੀ ਰੱਖ ।" ਅਤੇ ਸ਼ਾਕਰ ਦੇ ਕੰਨ ਵਿਚ ਕੁਝ ਕਿਹਾ ।

ਸ਼ਾਕਰ ਨੇ ਹਾਂ ਵਿਚ ਸਿਰ ਹਿਲਾਇਆ ।

ਦਾਰਾਂ ਨੇ ਕਿਹਾ, "ਬਾਕੀ ਮੈਂ ਆਪੇ ਸੰਭਾਲ ਲਵਾਂਗੀ ।"

ਅਤੇ ਅਗਲੀ ਸ਼ਾਮ ਸ਼ਾਕਰ ਪਤਾਸੇ ਲੈ ਕੇ ਰੱਖੀ ਨੈਣ ਦੇ ਘਰ ਪਹੁੰਚ ਗਿਆ ਅਤੇ ਰੱਖੀ ਸਣੇ ਨੂੰਹ ਧੀ ਘਰ ਘਰ ਪਤਾਸੇ ਦੇਂਦੀ ਰੌਲਾ ਪਾਂਦੀ ਫਿਰਨ ਲੱਗੀ, "ਨੀ ਮਰੀਅਮ ਦੇ ਪੁੱਤਰ ਸ਼ਾਕਰ ਨੂੰ ਦਾਰਾਂ ਦੀ ਹਾਂ ਹੋਈ ਏ । ਰੱਬ ਜੋੜੀ ਸਲਾਮਤ ਰੱਖੇ । ਚੰਗਾ ਹਾਣ ਪਰਵਾਨ ਏ ।"

ਅਤੇ ਜਦੋਂ ਪਤਾਸੇ ਵੰਡਣ ਦਾ ਪਤਾ ਅੱਲਾ ਰੱਖੇ ਹੋਰਾਂ ਨੂੰ ਲੱਗਿਆ ਤਾ ਉਹ ਲਾਲ ਪੀਲੇ ਹੋ ਗਏ । ਇਹ ਨਾਂਹ ਦੀ ਹਾਂ ਕਿਵੇਂ ਬਣ ਗਈ । ਦੋਵੇਂ ਜੀ ਜਦ

ਮਰੀਅਮ ਨੂੰ ਟੋਕਣ ਲਈ ਤਿਆਰ ਹੋਏ ਤਾਂ ਦਾਰਾਂ ਨੇ ਕਿਹਾ, "ਅੱਬਾ, ਹਾਂ ਮੈਂ ਕੀਤੀ ਏ ।"

ਅੱਲਾ ਰੱਖਾ ਪਹਿਲਾਂ ਹੀ ਲੋਹਾ ਲਾਖ ਸੀ ਇਕ ਦਮ ਤਪ ਗਿਆ ਪਰ ਦਾਰਾਂ ਦੀ ਮਿੱਠੀ ਜਬਾਨ ਨੇ ਉਸਨੂੰ ਠੰਡਿਆਂ ਕਰ ਦਿੱਤਾ । ਉਸ ਕਿਹਾ, "ਮੈਂ ਉਮਤ ਵਾਂਗ ਨਹੀਂ ਸੀ ਕਰਨਾ ਚਾਹੁੰਦੀ ਜਿਸ ਨਾਲ ਤੁਹਾਡੀ ਬਦਨਾਮੀ ਹੋਵੇ । ਮੈਂ ਸ਼ਾਕਰ ਨੂੰ ਚਾਹੁੰਦੀ ਆਂ । ਜੇ ਹੁਣ ਤੁਸਾਂ ਨਾਂਹ ਕੀਤੀ ਤਾਂ ਲੋਕ ਤੁਹਾਡੇ ਤੇ ਹੱਸਣਗੇ । ਹੁਣ ਪਿੰਡ ਵਿਚ ਫਿਰ ਕੇ ਵੇਖੋ ਲੋਕ ਤੁਹਾਨੂੰ ਚੰਗਾ ਕਹਿ ਰਹੇ ਨੇ । ਤੁਸੀਂ ਚੰਗਾ ਕਰੋ ਤੇ ਚੰਗੇ ਨੂੰ ਚੰਗਾ ਈ ਰਹਿਣ ਦਿਓ ।"

ਫਿਰ ਜਿਸ ਸੁਣਿਆ ਅੱਲਾ ਰੱਖੇ ਦੇ ਘਰ ਭੱਜਾ ਆਇਆ "ਆਹ ਤਾਂ ਅੱਲਾ ਰੱਖਿਆ, ਤੁਸੀਂ ਬੜਾ ਹੀ ਸੋਹਣਾ ਕੀਤਾ ਏ ।"

ਅੱਗੋਂ ਅੱਲਾ ਰੱਖਾ ਕੈਂਹਦਾ, "ਅਸਾਂ ਸੋਚਿਆ ਮੁੰਡਾ ਚੰਗਾ ਏ । ਜ਼ਮੀਨ ਜੈਦਾਤ ਚੰਗੀ ਏ, ਹਾਣ ਪਰਵਾਣ ਏ । ਚੰਗੇ ਘਰ ਲੱਭਣ ਗਿਆਂ ਕਿਹੜੇ ਲੱਭਦੇ ਨੇ ।"

ਅਤੇ ਫਿਰ ਤੀਜੇ ਦਿਨ ਰੱਖੀ ਨੈਣ ਕੁੜਮਾਈ ਦੇ ਲੱਡੂ ਵੰਡ ਰਹੀ ਸੀ ।

# ਪਿਆਸੇ

ਵਸਾਵਾ ਮੱਲ ਦੌਲਤ ਦੇ ਨਸ਼ੇ ਵਿਚ ਏਨਾ ਹੰਕਾਰਿਆ ਗਿਆ ਕਿ ਮਾੜੇ ਮੋਟੇ ਸੇਠ ਸ਼ਾਹੂਕਾਰਾਂ ਨੂੰ ਤਾਂ ਉਹ ਮੰਜਾ ਡਾਹ ਕੇ ਪਾਣੀ ਪਿਆ ਕੇ ਖੁਸ਼ ਨਹੀਂ ਸੀ, ਗੱਲ ਬਾਤ ਕਰਨੀ ਤਾਂ ਦੂਰ ਦੀ ਗੱਲ ਸੀ । ਉਹਦੀ ਸ਼ਾਹੀ ਬਨੌਤੀ ਚੁਫੇਰੇ ਚੰਗੀ ਖਿਲਰੀ ਹੋਈ ਸੀ ਭਾਵੇਂ ਉਸ ਵੱਡਾ ਮੁੰਡਾ ਤੇ ਵੱਡੀ ਕੁੜੀ ਹੌਲੀ ਹਾਲਤ ਵਿਚ ਈ ਵਿਆਹੇ ਸਨ । ਉਹਦੇ ਦੋ ਮੁੰਡੇ ਤੇ ਦੋ ਹੀ ਕੁੜੀਆਂ ਸਨ । ਪਰ ਹੁਣ ਜਦੋਂ ਛੋਟੇ ਮੁੰਡੇ ਨੂੰ ਜੇ ਕੋਈ ਰਿਸ਼ਤਾ ਕਰਨ ਵੇਖਣ ਆਉਂਦਾ ਤਾਂ ਵਸਾਵਾ ਮੱਲ ਬੜੇ ਹੰਕਾਰ ਨਾਲ ਕਹਿੰਦਾ, "ਸੇਠ ਸਾਹਿਬ ਲਾਲਾ ਜੀ, ਪਹਿਲਾਂ ਆਪਣੀ ਹੈਸੀਅਤ ਉਤੇ ਝਾਤੀ ਮਾਰ ਲੈਣਾ ।" ਅਤੇ ਆਪਣੇ ਬਾਰੇ ਉਹ ਬੜੇ ਤੰਮ ਤੜਾਕ ਨਾਲ ਕਹਿੰਦਾ, "ਜੇ ਸੋਨੇ ਦਾ ਆਟਾ ਬਣਦਾ ਹੋਵੇ ਰੋਟੀ ਪੱਕਦੀ ਹੋਵੇ ਤਾਂ ਨੋਟਾਂ ਦੇ ਬਾਲਣ ਨਾਲ ਦੋ ਸਾਲ ਕਣਕ ਤੇ ਬਾਲਣ ਘਰ ਨਾ ਵੜਨ ਦਈਦੇ ।" ਸਾਮੀਆਂ ਨਾਲ ਉਹਦਾ ਰਵੱਈਆ ਅੱਤ ਮਿੱਠਾ ਸੀ ਪਰ ਕਸਾਈ ਅਤੇ ਬੱਕਰੇ ਵਾਲਾ । ਜਿਵੇਂ ਕਸਾਈ ਅੱਲਾ ਰਸੂਲ ਦਾ ਨਾਂ ਲੈਂਦਾ ਬੱਕਰੇ ਦੀ ਸਾਹ ਰਗ ਤੇ ਛੁਰੀ ਫੇਰ ਦਿੰਦਾ ਏ ਏਸੇ ਤਰ੍ਹਾਂ ਹਰ ਹਰ ਜਪਦਾ ਵਸਾਵਾ ਮੱਲ ਸਾਮੀ ਦੇ ਗਲ ਤੇ ਕਲਮ ਫੇਰ ਦਿੰਦਾ । ਲੋਕ ਉਹਨੂੰ ਸਭ ਭਗਤ ਹੀ ਕਹਿੰਦੇ ਸਨ । ਵਸਾਵਾ ਮੱਲ ਕੋਈ ਜੱਦੀ ਪੁਸ਼ਤੀ ਸੇਠ ਨਹੀਂ ਸੀ । ਜਨਮ ਤਾਂ ਉਹਦਾ ਅੱਤ ਗਰੀਬੀ ਦੀ ਹਾਲਤ ਵਿਚ ਹੋਇਆ ਸੀ ।

ਰੂੜਾ ਮੱਲ ਵਸਾਵੇ ਦਾ ਪਿਤਾ ਸੀ ਜਿਸਨੂੰ ਲੋਕ ਬਾਬਾ ਦਾਂਦੂ ਵੀ ਕਹਿੰਦੇ ਸਨ ਕਿਉਂਕਿ ਉਹਦੇ ਉਪਰਲੇ ਦੋਵੇਂ ਦੰਦ ਚੋਖੇ ਬਾਹਰ ਨਿਕਲੇ ਹੋਏ ਸਨ, ਹਾਥੀ ਦੇ ਦੰਦਾਂ ਵਾਂਗ । ਬਾਬਾ ਦਾਂਦੂ ਖੀਲ ਮਰੂੰਡੇ ਦੀ ਛੋਟੀ ਜਿਹੀ ਦੁਕਾਨ ਕਰਦਾ ਸੀ ਅਤੇ ਏਸੇ ਲਈ ਉਸ ਇਕ ਖੋਤੀ ਵੀ ਰੱਖੀ ਹੋਈ ਸੀ । ਕਈ ਲੋਕ ਉਹਨੂੰ ਦਾਂਦੂ ਖੋਤੀ ਵਾਲਾ ਵੀ ਕਹਿੰਦੇ ਸਨ । ਅਤੇ ਖੋਤੀ ਉਤੇ ਉਹ ਆਸੇ ਪਾਸੇ ਦੇ ਪਿੰਡਾਂ ਵਿਚ ਖੀਲ ਮਰੂੰਡੇ ਦੀ ਫੇਰੀ ਵੀ ਲਾਂਦਾ ਸੀ ।

ਪਰ ਵਸਾਵਾ ਮੱਲ ਦੇ ਘਰ ਜਦ ਚੰਨਣ ਦੇਈ ਵਿਆਹੀ ਆਈ ਤਾਂ ਕੰਮ

ਰਿੜ੍ਹਨ ਦੀ ਬਜਾਏ ਛਾਲੀਂ ਹੋ ਤੁਰਿਆ । ਦੁਕਾਨ ਦਾ ਕੰਮ ਚੰਨਣ ਦੇਈ ਨੇ ਸੰਭਾਲ਼ ਲਿਆ । ਫਿਰ ਚੰਨਣ ਦੇਈ ਦੀ ਹੱਟੀ ਦਿਨਾਂ ਵਿਚ ਮਸ਼ਹੂਰ ਹੋ ਗਈ । ਮਧਰੇ ਨਟਰੇ ਕੱਦ ਦੀ ਚੰਨਣ ਦੇਈ ਬਸ ਪਟਾਕਾ ਈ ਸੀ ਪਰ ਗਾਹਕਾਂ ਲਈ ਰੰਗ ਬਰੰਗੀ ਫੁੱਲਝੜੀ । ਏਸੇ ਕਰਕੇ ਉਹਦੀ ਦੁਕਾਨ ਤੇ ਗਾਹਕਾਂ ਦੀਆਂ ਭੀੜਾਂ ਲੱਗੀਆਂ ਰਹਿੰਦੀਆਂ ਸਨ । ਹੋਰ ਪੰਜ ਹੱਟੀਆਂ ਤਾਂ ਉੜੀ ਥੁੜੀ ਦਾ ਮੇਲਾ ਹੀ ਰਹਿ ਗਈਆਂ ਸਨ । ਨੌਜਵਾਨ ਅੱਖ ਤੱਤੀ ਕਰਨ ਤੇ ਅਧਖੜ ਹਿੱਕ ਧੁਖਾਨ ਲਈ ਸੱਤ ਵਲ ਭੰਨ ਕੇ ਜਾਂਦੇ - ਗਾਹਕ ਪੰਡ ਦਾਣੇ ਲੈ ਕੇ ਜਾਵੇ ਚੰਨਣ ਦੇਈ ਮਣ ਦੇ ਵੀਹ ਸੇਰ ਦੱਸੇ, ਸੌਦਾ ਰੁਪਏ ਦਾ ਅਠਿਆਨੀ ਭਰ ਦੇਵੇ, ਮਜਾਲ ਏ ਕੋਈ ਕਿੰਤੂ ਕਰੇ । ਬਸ ਉਹਨਾਂ ਨੂੰ ਤਾਂ ਚੰਨਣ ਦੇਈ ਦੀ ਮੁਸਕਾਨ ਚਾਹੀਦੀ ਸੀ ਜਾਂ ਫਿਰ ਸੌਦੇ ਨੂੰ ਕੂਲਾ ਹੱਥ ਛੋਹਾਇਆ ਹੋਵੇ । ਚੰਨਣ ਦੇਈ ਆਪਦੇ ਹੱਥੀਂ ਚੀਜ਼ ਫੜਾ ਦੇਵੇ ਗਾਹਕ ਨੂੰ ਹੋਰ ਕੀ ਚਾਹੀਦਾ ਏ ।

ਫਿਰ ਉਹਨਾਂ ਸਾਲ ਪਿਛੋਂ ਸ਼ਾਹੀ ਗੁਮਾਸ਼ਤੀ ਦਾ ਧੰਦਾ ਭੀ ਸ਼ੁਰੂ ਕਰ ਲਿਆ ਅਤੇ ਕੁਝ ਹੀ ਸਾਲਾਂ ਵਿੱਚ ਸੈਕੜਿਆਂ ਤੋਂ ਹਜ਼ਾਰਾਂ ਤੇ ਹਜ਼ਾਰਾਂ ਤੋਂ ਲੱਖਾਂ ਤੇ ਜਾ ਪਹੁੰਚੇ । ਵਸਾਵਾ ਮੱਲ ਸਾਰਾ ਦਿਨ ਸਾਮੀਆਂ ਵਿਚ ਘਿਰਿਆ ਲੈਣ ਦੇਣ ਦੇ ਤਕਾਜ਼ੇ ਕਰਦਾ ਤੇ ਅੰਗੂਠੇ ਲਵਾਂਦਾ ਢਾਂਹਦਾ ਰਹਿੰਦਾ ਅਤੇ ਇਸ ਕੰਮ ਵਿਚ ਉਹਦਾ ਸਾਥ ਦਿੰਦਾ ਵਸਾਵਾ ਮੱਲ ਦਾ ਵੱਡਾ ਮੁੰਡਾ ਜਸਵੰਤ । ਪਰਚੂਨ ਦੀ ਦੁਕਾਨ ਦਾ ਸੌਦਾ ਢੋਣ ਲਈ ਉਸ ਦੂਰੋਂ ਪਾਰੋਂ ਇਕ ਗਰੀਬੜਾ ਜਿਹਾ ਆਪਣਾ ਰਿਸ਼ਤੇਦਾਰ ਨੌਕਰ ਰਖਿਆ ਹੋਇਆ ਸੀ ਜੋ ਨਿਤ ਦਿਨ ਘੋੜੀ ਤੇ ਸੌਦਾ ਢੋਂਦਾ ਰਹਿੰਦਾ ਜਾਂ ਸਵੇਰੇ ਸ਼ਾਮੀ ਘੋੜੀ ਤੇ ਮੱਝ ਨੂੰ ਪੱਠੇ ਪਾ ਦਿੰਦਾ ।

ਇਸ ਤਰ੍ਹਾਂ ਵਸਾਵਾ ਮੱਲ ਕੱਖਾਂ ਤੋਂ ਲੱਖਾਂ ਵਿਚ ਹੋ ਗਿਆ । ਮੁੰਡਾ ਕੁੜੀ ਵਿਆਹ ਲੈਣ ਪਿਛੋਂ ਤਾਂ ਉਹ ਹੰਕਾਰ ਦੀ ਹੱਦ ੀ ਟੱਪ ਗਿਆ ।

ਨਾਲ ਨੇੜੇ ਦੇ ਪਿੰਡ ਦਾ ਜੱਦੀ ਪੁਸ਼ਤੀ ਸ਼ਾਹੂਕਾਰ ਲਾਲਾ ਬੇਲੀ ਰਾਮ ਜੋ ਕਿ ਸਾਊ ਸੁਭਾ ਅਤੇ ਲੋਕਾਂ ਵਿਚ ਸਤਕਾਰਿਆ ਜਾਂਦਾ ਇਕ ਦਿਨ ਵਸਾਵਾ ਮੱਲ ਦੇ ਘਰ ਆਇਆ । ਆਇਆ ਤਾਂ ਬੜੇ ਮਾਨ ਨਾਲ ਸੀ ਪਰ ਵਸਾਵਾ ਮੱਲ ਨੇ ਮੰਜੀ ਵੀ

ਨਾ ਦਿੱਤੀ ਤਾਂ ਸਾਊ ਸੇਠ ਬੇਲੀ ਰਾਮ ਸਵਾਹ ਹੋ ਗਿਆ । ਲਾਲ ਪਰਨਾ ਮੋਢੇ, ਹੱਥ ਵਿਚ ਛੱਤਰੀ, ਦੂਜੇ ਹੱਥ ਘੋੜੀ ਦੀ ਲਗਾਮ ਫੜੀਂ ਉਹ ਗਲੀ ਵਿਚੋਂ ਲੱਤਾਂ ਘਸੀਟ ਕੇ ਨਿਕਲਿਆ । ਉਹ ਸਾਰਾ ਪੰਧ ਘੋੜੀ ਤੇ ਨਾ ਚੜ੍ਹ ਸਕਿਆ ।

ਬੇਲੀ ਰਾਮ ਵਰਗੇ ਸਾਊ ਸੇਠ ਦੀ ਬੇਇੱਜ਼ਤੀ ਦਾ ਕਾਰਨ ਕੀ ਸੀ ? ਕਾਰਨ ਸੀ ਵਸਾਵਾ ਮੱਲ ਦੀ ਤੀਜੇ ਥਾਂ ਛੋਟੀ ਤੇ ਛੋਟੇ ਮੁੰਡੇ ਤੋਂ ਵੱਡੀ ਧੀ ਗਿਆਨੋਂ ।

ਗਿਆਨੋਂ ਜਿੰਨਾ ਚਿਰ ਪਿੰਡ ਦੇ ਪ੍ਰਾਇਮਰੀ ਸਕੂਲ ਪੜ੍ਹਦੀ ਰਹੀ ਉਸ ਵਲ ਕਿਸੇ ਦਾ ਧਿਆਨ ਨਾ ਗਿਆ ਪਰ ਜਿਉਂ ਹੀ ਉਹ ਪ੍ਰਾਇਮਰੀ ਪਾਸ ਕਰ ਮਿਡਲ ਵਿਚ ਦਾਖਲ ਹੋਈ ਹਰ ਇਕ ਦੀ ਖਿੱਚ ਦਾ ਕਾਰਨ ਬਣ ਗਈ । ਉਹਦਾ ਰੰਗ ਰੂਪ ਏਨਾ ਨਿਖਰਿਆ ਕਿ ਤੋਬਾ ਹੀ ਭਲੀ ! ਜਿਵੇਂ ਘੱਟੇ ਵਿਚੋਂ ਲਿਬੜਿਆ ਮੋਤੀ ਸਾਫ ਕਰਕੇ ਸੋਨੇ ਦੀ ਤਸ਼ਤਰੀ ਵਿਚ ਰੱਖਕੇ ਕਿਸੇ ਨੇ ਬਲੌਰ ਦੀ ਅਲਮਾਰੀ ਵਿਚ ਸਜਾਇਆ ਹੋਵੇ । ਜਿਵੇਂ ਪੁੰਨਿਆਂ ਦਾ ਚੰਦ ਇਕ ਦਮ ਬਦਲਾਂ ਹੇਠੋਂ ਨਿਕਲ ਆਇਆ ਹੋਵੇ । ਹਰ ਇਕ ਦੀ ਚੇਸਟਾ ਸੀ ਇਹ ਕੋਹੇਨੂਰ ਹੀਰਾ ਮੇਰੀ ਛਾਤੀ ਤੇ ਚਮਕੇ, ਮੇਰੇ ਸਿਰ ਦਾ ਤਾਜ ਬਣੇ । ਪਰ ਬੇਲੀ ਰਾਮ ਦਾ ਮੁੰਡਾ ਅਵਤਾਰ ਮੋਰਚਾ ਮਾਰ ਗਿਆ ।

ਬੇਲੀ ਰਾਮ ਮਿਡਲ ਸਕੂਲ ਵਾਲੇ ਪਿੰਡ ਦਾ ਜੱਦੀ ਪੁਸ਼ਤੀ ਸਾਹੂਕਾਰ ਸੀ । ਉਹਦਾ ਮੁੰਡਾ ਅਵਤਾਰ ਵੀ ਮਿਡਲ ਸਕੂਲ ਦਾ ਵਿਦਿਆਰਥੀ ਸੀ ਅਤੇ ਸੀ ਵੀ ਬੜਾ ਸੁਣੱਖਾ, ਹੀਰਾ ਸੀ ਅਤੇ ਹੀਰੇ ਨੇ ਹੀਰਾ ਖਿੱਚ ਲਿਆ । ਦੋਹਾਂ ਦਾ ਇਸ਼ਕ ਇਸ਼ਕਪੇਚੇ ਦੀ ਵੇਲ ਵਾਂਗੂੰ ਵਲ ਪਾ ਕੇ ਆਪੋ ਵਿਚ ਪੀਚ ਗਿਆ ।

ਜਦੋਂ ਗਿਆਨੋਂ ਸਕੂਲੋਂ ਛੁੱਟੀ ਵੇਲੇ ਪਿੰਡ ਨੂੰ ਤੁਰਦੀ ਤਾਂ ਅਵਤਾਰ ਵੀ ਕਿਤਾਬਾਂ ਚੁੱਕੀ ਉਹਦੇ ਨਾਲ-ਨਾਲ ਤੁਰਦਾ ਅਤੇ ਕੋਹ ਡੇਢ ਕੋਹ ਤੱਕ ਆ ਜਾਂਦਾ । ਫਿਰ ਖਲੋਕੇ ਉਨਾਂ ਚਿਰ ਵੇਂਹਦਾ ਰਹਿੰਦਾ ਜਿੰਨਾ ਚਿਰ ਉਹ ਦਿਸਣੋਂ ਨਾ ਹੱਟ ਜਾਂਦੀ ਅਤੇ ਏਹੋ ਨਿੱਤ ਨੇਮ ਉਹਦਾ ਸਵੇਰ ਦਾ ਸੀ ।

ਸਵੇਰੇ ਗਿਆਨੋਂ ਤਿਆਰ ਹੋ, ਬਿਨਾ ਕਿਸੇ ਹੋਰ ਨੂੰ ਉਡੀਕੇ ਜਾਂ ਸਾਥ ਬਣਾਏ ਸਕੂਲ ਵੱਲ ਤੁਰ ਪੈਂਦੀ । ਹਾਲਾਂ ਕਿ ਸਕੂਲ ਦੋ ਸਵਾ ਦੋ ਕੋਹ ਦੂਰ ਸੀ ।

ਰਾਹ ਵੀ ਕੰਡਿਆਂ ਕਾਨਿਆਂ ਅੱਟਿਆ ਅਤੇ ਰੇਤਲਾ ਸੀ । ਰਾਹ ਵਿਚ ਚੰਗੜਾਂ ਦੇ ਡੇਰੇ ਦੇ ਕੁੱਤੇ ਭੀ ਐਲੀ ਐਲੀ ਕਰਕੇ ਪੈ ਜਾਂਦੇ ਸਨ । ਪਰ ਗਿਆਨੋਂ ਨੂੰ ਅਵਤਾਰ ਦੋ ਮੀਲ ਪੈਂਡਾ ਮਾਰ ਕਾਜੀ ਵਾਲੇ ਪੁਲ ਤੇ ਹੀ ਬੈਠਾ ਮਿਲਦਾ ਅਤੇ ਜਦੋਂ ਉਹ ਪੁਲ ਤੇ ਜਾਂਦੀ ਦੋਵੇਂ ਪ੍ਰੇਮੀ ਹੱਥਾਂ ਵਿਚ ਹੱਥ ਪਾ ਸਕੂਲ ਤੱਕ ਦਾ ਪੈਂਡਾ ਤੈਹ ਕਰਦੇ ।

ਚੰਗੜਾਂ ਦੇ ਕੁੱਤੇ ਅਵਤਾਰ ਨੂੰ ਨਹੀਂ ਸਨ ਭੌਂਕਦੇ ਕਿਉਂਕਿ ਉਹ ਰਾਤ ਦੀਆਂ ਪਈਆਂ ਬਾਸੀ ਰੋਟੀਆਂ ਨਾਲ ਲੈ ਆਉਂਦਾ ਤੇ ਕੁੱਤਿਆਂ ਨੂੰ ਲਿਆ ਪਾਂਦਾ । ਇਸ ਤਰ੍ਹਾਂ ਕੁੱਤੇ ਉਸ ਨਾਲ ਹਿਲਮਿਲ ਗਏ ਸਨ ।

ਹੌਲੀ-ਹੌਲੀ ਅਵਤਾਰ ਤੇ ਗਿਆਨੋਂ ਦੇ ਇਸ਼ਕ ਦੀ ਗੱਲ ਬੇਲੀ ਰਾਮ ਤੱਕ ਵੀ ਜਾ ਪਹੁੰਚੀ ਅਤੇ ਉਸ ਇਹਨਾਂ ਦੋ ਪਿਆਰ ਕਰਦੇ ਦਿਲਾਂ ਨੂੰ ਸਦਾ ਸਦਾ ਮਿਲਾ ਦੇਣ ਦਾ ਮਨ ਬਣਾਇਆ ਅਤੇ ਏਸੇ ਲਈ ਹੀ ਉਸ ਘੋੜੀ ਤੇ ਕਾਠੀ ਪਾਈ ਤੇ ਨਾਲ ਦੇ ਪਿੰਡ ਸੇਠ ਵਸਾਵਾ ਮੱਲ ਵੱਲ ਤੁਰ ਪਿਆ, ਇਸ ਮਾਨ ਨਾਲ ਕਿ ਵਸਾਵਾ ਮੱਲ ਉਸ ਨਾਲ ਰਿਸ਼ਤਾ ਜੋੜਕੇ ਖੁਸ਼ ਹੋਵੇਗਾ । ਉਂਝ ਵੀ ਵਸਾਵਾ ਮੱਲ ਦੇ ਪਿਓ ਬਾਬਾ ਦਾਂਦੂ ਤੇ ਉਹਦੇ ਬਹੁਤ ਐਹਸਾਨ ਸਨ । ਅਤ ਗਰੀਬੀ ਵਿਚੋਂ ਕੱਢਣ ਲਈ ਉਸ ਵਸਾਵਾ ਰਾਮ ਦੀ ਸ਼ਾਦੀ ਵੇਲੇ ਬਿਨਾਂ ਸੂਦ ਚੋਖੀ ਰਕਮ ਦਿੱਤੀ ਸੀ ਪਰ ਬਾਬਾ ਦਾਂਦੂ ਦੇ ਮਰ ਜਾਣ ਮਗਰੋਂ ਇਹ ਰਕਮ ਧਰਮ ਖਾਤੇ ਪਾ ਛੱਡੀ ਸੀ । ਪੈਸੇ ਟਕੇ ਵਲੋਂ ਉਹ ਅਜੇ ਵੀ ਵਸਾਵਾ ਮੱਲ ਤੋਂ ਵਾਧੂ ਸੀ ਪਰ ਹੋਛਾ ਅਤੇ ਹੰਕਾਰੀ ਨਹੀਂ ਸੀ । ਹੰਮਾਂ ਸੀ ਕਿ ਵਸਾਵਾ ਸਗੋਂ ਖੁਸ਼ ਹੋਵੇਗਾ, ਮੇਰੀ ਮੋੜੇਗਾ ਨਹੀਂ । ਅਤੇ ਏਸੇ ਮਾਨ ਨਾਲ ਉਹ ਵਸਾਵਾ ਮੱਲ ਦੇ ਵੇਹੜੇ ਵੜਿਆ । ਰਾਮ ਰਮਈਆ, ਸੁੱਖ ਸਾਂਦ ਤੋਂ ਬਾਦ ਲੱਸੀ ਪਾਣੀ ਅਤੇ ਫਿਰ ਬੇਲੀ ਰਾਮ ਨੇ ਆਪਣੇ ਆਉਣ ਦਾ ਕਾਰਨ ਦੱਸਿਆ, "ਵਸਾਵਾ ਮੱਲ, ਤੇਰੀ ਲੜਕੀ ਮੇਰੇ ਲੜਕੇ ਵਾਸਤੇ ਮੇਰੀ ਝੋਲੀ ਪਾ ਦੇ ।"

ਵਸਾਵਾ ਸੀਖ ਪਾ ਹੋ ਗਿਆ । ਉਕੜੂ ਜੇਹਾ ਬੈਠਾ ਸੀ ਮੰਜੀ ਤੋਂ ਉਠ ਖਲੋਤਾ, "ਲਾਲਾ, ਆਪਣੀ ਉਕਾਤ ਵੇਖ । ਮੈਂ ਕਿਤੇ ਤੋਂ ਕਿਤੇ ਆ ਗਿਆ ਅਤੇ ਤੂੰ ਜਿਥੇ ਸੀ ਉਥੇ ਖਲੋਤਾ ਏਂ । ਚੰਗਾ ਹੁੰਦਾ ਤੂੰ ਮੇਰੀ ਸ਼ਾਦੀ ਤੇ ਦਿੱਤੇ ਪੈਸਿਆਂ ਦਾ ਤਕਾਜ਼ਾ ਕਰਦਾ ਮੈਂ ਤੈਨੂੰ ਸਣੇ ਸੂਦ ਦੇ ਦੇਂਦਾ ।" ਪਰ ਉਹ ਤਾਂ ਬੇਲੀ ਰਾਮ ਨੇ

ਧਰਮ ਖਾਤੇ ਪਾ ਦਿੱਤੇ ਹੋਏ ਸਨ । ਬਾਹਰੋਂ ਅੰਦਰ ਆਏ ਨੌਕਰ ਨੂੰ ਉਸ ਕਿਹਾ, "ਰਾਮ ਲਾਲ, ਲਾਲੇ ਨੂੰ ਭੁੱਖ ਹੋਵੇ ਤਾਂ ਰੋਟੀ ਖਵਾ ਦੇਈਂ । ਮੈਂ ਕਿਤੇ ਜ਼ਰੂਰੀ ਕੰਮ ਚਲਿਆਂ । ਜੇ ਲਾਲੇ ਨੇ ਜਾਣਾ ਹੋਵੇ ਤਾਂ ਮੰਜਾ ਬਰਾਂਡੇ ਵਿਚ ਖੜਾ ਕਰ ਦੇਈਂ । ਬਰਸਾਤ ਦਾ ਮੌਸਮ ਏ ।"

ਅਤੇ ਨਮਕ ਹਲਾਲ ਨੌਕਰ ਨੇ ਬੇਲੀ ਰਾਮ ਨੂੰ ਪੈਰੀਂ ਜੁੱਤੀ ਵੀ ਨਾ ਪਾਣ ਦਿੱਤੀ ਅਤੇ ਮੰਜਾ ਚੁੱਕ ਬਰਾਂਡੇ ਵਿਚ ਖੜਾ ਕਰ ਦਿੱਤਾ ਅਤੇ ਮੰਜੀ ਨਾਲ ਚਲਿਆ ਗਿਆ ਲਾਲ ਪਰਨਾ ਲਿਆ ਕੇ ਬੇਲੀ ਰਾਮ ਨੂੰ ਫੜਾ ਦਿੱਤਾ ।

ਅਤੇ ਬੇਲੀ ਰਾਮ ਮੋਢੇ ਤੇ ਲਾਲ ਪਰਨਾ, ਹੱਥ ਵਿਚ ਛੱਤਰੀ, ਦੂਜੇ ਹੱਥ ਘੋੜੀ ਦੀ ਲਗਾਂਮ ਫੜੀ ਲੱਤਾਂ ਧਰੂੰਦਾ ਗਲੀ ਵਿਚੋਂ ਨਿਕਲਿਆ ਤੇ ਪਿੰਡ ਤੱਕ ਘੋੜੀ ਤੇ ਨਾ ਚੜ੍ਹ ਸਕਿਆ ।

ਸਾਊ ਸੁਭਾ ਬੇਲੀ ਰਾਮ ਨੂੰ ਇਸ ਹੱਤਕ ਤੋਂ ਏਨਾਂ ਧੱਕਾ ਲੱਗਾ ਕਿ ਉਹ ਮੰਜੀ ਮੱਲ੍ਹ ਕੇ ਪੈ ਗਿਆ । ਓਹੜ ਪੋਹੜ ਸ਼ੁਰੂ ਹੋਏ । ਖਬਰ ਸੁਰਤ ਲੈਣ ਵਾਲਿਆਂ ਦੀਆਂ ਭੀੜਾਂ ਜੁੜਦੀਆਂ ਰਹੀਆਂ ਪਰ ਉਹਨੂੰ ਕਿਹੜਾ ਖੰਘ, ਤਾਪ, ਪੀੜ ਜਾਂ ਨਮੂਨੀਆਂ ਸੀ । ਉਹਨੂੰ ਤਾਂ ਹੱਤਕ ਹੇਠੀ ਨੇ ਹੀ ਸੁੱਟ ਲਿਆ ਸੀ ।

ਉਧਰ ਵਸਾਵਾ ਮੱਲ ਨੇ ਗਿਆਨੋਂ ਦਾ ਸਕੂਲ ਜਾਣਾ ਬੰਦ ਕਰ ਦਿੱਤਾ । ਬੁਲਬੁਲ ਪਿੰਜਰੇ ਵਿਚ ਕੈਦ ਸੀ ਅਤੇ ਪਿੰਜਰੇ ਦੀਆਂ ਸੀਖਾਂ ਨਾਲ ਸਿਰ ਮਾਰ ਰਹੀ ਸੀ । ਰੋ ਰੋ ਹਲਕਾਨ ਹੋ ਰਹੀ ਸੀ । ਚੰਨਣ ਦੇਈ ਦਾ ਪਿਆਰ ਅਤੇ ਦਮ ਦਿਲਾਸੇ ਅਤੇ ਵਸਾਵਾ ਮੱਲ ਦੇ ਜਾਨੋਂ ਮਾਰ ਦੇਣ ਦੇ ਦਬਕੇ ਵੀ ਇਸ਼ਕ ਦਾ ਰੰਗ ਫਿੱਕਾ ਨਾ ਕਰ ਸਕੇ ਸਗੋਂ ਰੰਗ ਹੋਰ ਗੂਹੜੇ ਹੁੰਦੇ ਚਲੇ ਗਏ । ਗਿਆਨੋਂ ਅਸਲੋਂ ਚੁੱਪ ਹੋ ਗਈ ਅਤੇ ਕਿਸੇ ਨਾਲ ਵੀ ਕੂਨਾਂ ਬੋਲਣਾ ਛੱਡ ਦਿੱਤਾ ਸਵਾਏ ਵੱਡੇ ਭਰਾ ਜਸਵੰਤ ਦੇ ਜੋ ਭੈਣ ਦਾ ਦਿਲੋਂ ਦਰਦ ਰਖਦਾ ਸੀ । ਜਸਵੰਤ ਦੀ ਘਰਵਾਲੀ ਵੀ ਮੋਹ ਕਰਦੀ ਸੀ ਪਰ ਪਿੱਛਾ ਕਮਜ਼ੋਰ ਹੋਣ ਕਰਕੇ ਡਰੀ ਜੇਹੀ ਰਹਿੰਦੀ ਸੀ । ਵੱਡੀ ਭੈਣ ਸੰਤੋ ਸੋਹਰਿਉਂ ਆਈ ਪਰ ਉਹ ਵੀ ਫੱਟਾਂ ਤੇ ਲੂਣ ਹੀ ਪਾਂਦੀ ।

ਉਧਰ ਅਵਤਾਰ ਦਾ ਵੀ ਬੁਰਾ ਹਾਲ ਸੀ ਅਤੇ ਉਹਦੀ ਨਿੱਘਰਦੀ ਹਾਲਤ

ਵੇਖਕੇ ਬੇਲੀ ਰਾਮ ਉਤੇ ਦੋਹਰਾ ਗਮ ਸਵਾਰ ਸੀ; ਇਕ ਤਾਂ ਵਸਾਵਾ ਮੱਲ ਵਲੋਂ ਕੀਤੀ ਹੱਤਕ, ਦੂਜੇ ਮੁੰਡੇ ਦੀ ਦਿਨੋਂ ਦਿਨ ਨਿਘਰਦੀ ਹਾਲਤ । ਉਸ ਅਵਤਾਰ ਨੂੰ ਬੜੇ ਪਿਆਰ ਨਾਲ ਕੋਲ ਬਠਾ ਕੇ ਸਮਝਾਇਆ ਸੀ, "ਵੇਖ ਪੁੱਤਰ, ਵਸਾਵਾ ਮੱਲ ਬੜਾ ਹੰਕਾਰੀ ਏ ਅਤੇ ਹੰਕਾਰੀ ਦੀ ਲੜਕੀ ਨਾਲ ਮੋਹ ਕਰਕੇ ਆਪਣਾ ਆਪ ਗਾਲਣ ਵਾਲੀ ਗੱਲ ਏ ।"

ਪਰ ਅਵਤਾਰ ਦੇ ਤਾਂ ਗਿਆਨੋ ਦਾ ਇਸ਼ਕ ਨੂੰ ਨੂੰ ਰੱਚ ਗਿਆ ਹੋਇਆ ਸੀ । ਉਹ ਟਿਕੀ ਰਾਤ ਜਦ ਲੋਕ ਸੌਂ ਜਾਂਦੇ ਤਾਂ ਉਠ ਕੇ ਹੌਕੇ ਭਰਦਾ, ਬਿਰਹਾ ਦੀ ਪੀੜ ਵਿਚ ਸੜਦਾ ਦੋ ਕੋਹ ਪੈਂਡਾ ਮਾਰ ਕਾਜ਼ੀ ਵਾਲੇ ਪੁਲ ਤੇ ਆ ਬਹਿੰਦਾ ਅਤੇ ਯਾਦ ਚਿੰਨ੍ਹ ਲੱਭਦਾ ਰਹਿੰਦਾ ਅਤੇ ਇਕ ਟਿੱਕ ਹਨੇਰੇ ਵਿਚ ਉਧਰ ਵੇਂਹਦਾ ਰਹਿੰਦਾ ਜਿਧਰੋਂ ਗਿਆਨੋਂ ਆਉਂਦੀ ਹੁੰਦੀ ਸੀ । ਉਹਨੂੰ ਏਸੇ ਤਰ੍ਹਾਂ ਬੈਠੇ ਨੂੰ ਦਿਨ ਹੀ ਚੜ੍ਹ ਜਾਂਦਾ । ਸਵੇਰੇਹੀ ਸਵੇਰੇ ਉਹਨਾਂ ਦਾ ਨੌਕਰ ਸਿਰਪਟ ਘੋੜਾ ਭਜਾਈ ਆਉਂਦਾ ਅਤੇ ਤਰਲਾ ਮਾਰਦਾ ਕਿ ਪਿਤਾ ਜੀ ਤੰਗ ਹਨ ਅਤੇ ਉਹ ਬਿਰਹਾ ਉਨੀਂਦੇ ਦਾ ਪਿੰਜਿਆ ਲੱਤਾਂ ਘਸੀਟਦਾ ਪਿੰਡ ਨੂੰ ਤੁਰ ਪੈਂਦਾ । ਸੌ ਜਤਨ ਕਰਨ ਤੇ ਵੀ ਉਹ ਘੋੜੇ ਉਤੇ ਨਾ ਚੜ੍ਹਦਾ ਅਤੇ ਨੌਕਰ ਘੋੜੇ ਦੀ ਲਗਾਮ ਫੜੀ ਮਗਰ ਮਗਰ ਤੁਰਿਆ ਆਉਂਦਾ ।

ਫਿਰ ਇਕ ਹਨੇਰੀ ਰਾਤ ਉਹਦੀ ਪ੍ਰੀਤ ਖਿੱਚ ਗਿਆਨੋ ਨੂੰ ਖਿੱਚ ਲਿਆਈ ਜਦੋਂ ਉਹ ਅੱਧੀ ਰਾਤੀਂ ਬਿਹਬਲ ਹੋਇਆ ਪੁਲ ਉਤੇ ਬੈਠਾ ਸੀ । ਦੋ ਪਿਆਰ ਪਿਆਸੇ ਮਿਲੇ ਹੀਰ ਤੇ ਰਾਂਝਾ, ਸੱਸੀ ਤੇ ਪੁੰਨੂੰ, ਸੋਹਣੀ ਤੇ ਮਹੀਵਾਲ, ਲੈਲਾ ਤੇ ਮਜਨੂ, ਅਵਤਾਰ ਅਤੇ ਗਿਆਨੂੰ । ਵਸਾਵਾ ਮੱਲ ਤਾਂ ਕਿਤੇ ਪਾਸੇ ਗਿਆ ਹੋਇਆ ਸੀ ਅਤੇ ਬਾਕੀ ਪਰਿਵਾਰ ਘੂਕ ਸੁੱਤਾ ਪਿਆ ਸੀ ਕਿ ਗਿਆਨੋ ਉਠਕੇ ਪੁਲ ਵਲ ਤੁਰ ਪਈ ।

ਕੁਝ ਚਿਰ ਪਿਛੋਂ ਚੰਨਣ ਦੇਈ ਦੀ ਅੱਖ ਖੁੱਲੀ । ਧੀ ਦਾ ਮੰਜਾ ਖਾਲੀ ਵੇਖ ਹੌਲ ਪੈ ਗਿਆ । ਚੁੱਪ ਚਾਪ ਘਰੋਂ ਬਾਹਰ ਆਈ । ਉਹ ਵੀ ਪੋਲੇ ਪੈਰੀਂ । ਮੱਤ ਕੋਈ ਹੋਰ ਜਾਗ ਪਵੇ ਅਤੇ ਬਦਨਾਮੀ ਹੋਵੇ । ਫਿਰ ਚੰਨਣ ਦੇਈ ਬੌਂਦਲੀ ਜਿਹੀ ਉਸੇ ਪਾਸੇ ਤਿਖੀ ਹੋ ਤੁਰੀ ਜਿਧਰ ਦੂਜਾ ਪਿੰਡ ਸੀ । ਅਜੇ ਚਾਰ ਛੇ ਪੈਲੀਆਂ ਹੀ

ਗਈ ਸੀ ਕਿ ਅੱਗੋਂ ਕਿਸੇ ਦੇ ਆਉਣ ਦੀ ਬਿੜਕ ਹੋਈ । ਉਹ ਤਾਂ ਗਿਆਨੋ ਹੀ ਸੀ ।"ਗਿਆਨੋ, ਤੂੰ ਕਿਥੇ ਗਈ ਸੀ ?"

"..... ਜਿਥੇ ਮੈਨੂੰ ਜਾਣਾ ਚਾਹੀਦਾ ਸੀ ।" ਗਿਆਨੋ ਕਹਿ ਤਾਂ ਗਈ, ਉਂਝ ਉਹ ਮਾਂ ਨਾਲ ਬੋਲਣਾ ਨਹੀਂ ਸੀ ਚਾਹੁੰਦੀ ।

ਚੰਨਣ ਦੇਈ ਨੇ ਫਿਰ ਕਿਹਾ, "ਜੇ ਪਿਉ ਨੂੰ ਪਤਾ ਲਗ ਗਿਉਈ ਤਾਂ ਜਹਿਰ ਦੇ ਦੇਈਗਾ ।"

"ਮਾ, ਜੇ ਇਹ ਸ਼ੁਭ ਕੰਮ ਤੁਸੀਂ ਕਰ ਦਿਉ ਤਾਂ ਮੈਂ ਧੰਨਭਾਗ ਸਮਝਾਂ । ਮੈਂ ਸੁਰਖਰੂ ਹੋ ਜਾਵਾਂ ।"

ਧੀ ਦੇ ਸਬਰ ਦੀ ਹੱਦ ਵੇਖਕੇ ਮਾਂ ਦਾ ਦਿਲ ਨਰਮ ਹੋਇਆ ਤੇ ਕਿਹਾ, "ਨੀ ਧੀਏ, ਮੈਨੂੰ ਕਿਤੇ ਉਹ ਫੁੱਲ ਤਾਂ ਵਖਾ ਜਿਸ ਉਤੇ ਤਿਤਲੀ ਮੋਹਿਤ ਹੋਈ ਏ ।"

ਦਰਦ ਦੀ ਹਿੱਸ ਨਾਲ ਮੋਹ ਦੀ ਲਹਿਰ ਉਭਰੀ ਅਤੇ ਜਦੋਂ ਉਹ ਪਿੰਡ ਆਈਆਂ ਕੁਕੜ ਬਾਂਗਾਂ ਦੇ ਰਹੇ ਸਨ ।

ਮਾਂ ਦੇ ਦਿਲ ਵਿਚ ਧੀ ਲਈ ਨਰਮ ਗੋਸ਼ਾ ਬਣ ਗਿਆ ਸੀ । "ਦਿਲ ਨਾ ਸੁੱਟ ਪੁੱਤਰ, ਮੈਂ ਗੱਲ ਕਰਾਂਗੀ ।"

ਅਤੇ ਅਗਲੇ ਦਿਨ ਚੰਨਣ ਦੇਈ ਨੇ ਵਸਾਵਾ ਮੱਲ ਨੂੰ ਕਿਹਾ, "ਚਲੋ, ਜੇ ਕੁੜੀ ਜਿਦ ਕਰਦੀ ਏ ਤਾਂ ਤੁਸੀਂ ਜਿਦ ਛੱਡ ਦਿਓ । ਘਟੋ ਘੱਟ ਮੁੰਡਾ ਤਾਂ ਵੇਖੋ ।"

ਵਸਾਵਾ ਮੱਲ ਦਾ ਜਵਾਬ ਸੀ, "ਚੰਨੋ, ਜਦੋਂ ਇਕ ਵਾਰ ਨਾਂਹ ਕਰ ਬੈਠੇ ਆਂ ਹੁਣ ਉਨ੍ਹਾਂ ਦੇ ਜਾਣਾ ਤਾਂ ਝੱਖ ਮਾਰਨ ਵਾਲੀ ਗਲ ਏ । ਇੱਜ਼ਤ ਆਬਰੂ ਵੀ ਕੋਈ ਵੇਖਣੀ ਪੈਂਦੀ ਏ ।"

ਪਰ ਚੰਨਣ ਦੇਈ ਨੇ ਤਰਲੇ ਜੇਹੇ ਨਾਲ ਕਿਹਾ, "ਕੁੜੀ ਤਾਂ ਅੰਦਰੋ ਅੰਦਰ ਮਰਦੀ ਜਾਂਦੀ ਏ । ਉਹਨੂੰ ਪ੍ਰੇਮ ਰੋਗ ਖਾਈ ਜਾਂਦਾ ਏ । ਨਾ ਕਿਸੇ ਨਾਲ ਬੋਲਦੀ ਨਾ ਬੁਲਾਂਦੀ ਅਤੇ ਮੈਥੋਂ ਧੀ ਦੀ ਇਹ ਹਾਲਤ ਵੇਖੀ ਨਹੀਂ ਜਾਂਦੀ ।"

ਵਸਾਵਾ ਮੱਲ ਦਾ ਕਹਿਣਾ ਸੀ, "ਵੇਖ ਚੰਨੋਂ, ਇਹ ਇੰਞਾਣੇਪਣ ਦੀ ਗਲਤੀ

ਏ ਪ੍ਰੇਮ ਰੋਗ ਨਹੀਂ । ਕੋਈ ਠੀਕ ਠਿਕਾਣਾ ਲੱਭ ਜਾਏ ਵਿਆਹ ਕਰ ਦਿਆਂਗੇ । ਸਭ ਰੋਗ ਉਡ ਜਾਣਗੇ ।"

ਅਤੇ ਉਸ ਦਿਨ ਤੋਂ ਉਸ ਪਹਿਰੇ ਹੋਰ ਸਖ਼ਤ ਕਰ ਦਿੱਤੇ । "ਖਬਰਦਾਰ ! ਜੇ ਕੁੜੀ ਦੇਹਲੀਉਂ ਪੈਰ ਭੀ ਬਾਹਰ ਕੱਢੇ ।" ਅਤੇ ਆਪ ਤੇਜ਼ੀ ਨਾਲ ਰਿਸ਼ਤੇ ਦੀ ਭਾਲ ਸ਼ੁਰੂ ਕੀਤੀ ।

ਇਲਾਕੇ ਵਿਚ ਸਭ ਤੋਂ ਸਿਰ ਕੱਢ ਸੇਠ ਲੱਧਾ ਮੱਲ ਸੀ । ਉਹਦਾ ਬਿਉਪਾਰ ਲੱਖਾਂ ਤੋਂ ਟੱਪਿਆ ਹੋਇਆ ਸੀ । ਨੌਕਰ ਚਾਕਰ, ਜ਼ਮੀਨ, ਹਵੇਲੀਆਂ ਹਰ ਪਾਸਿਓਂ ਸਿਰੇ ਸੀ । ਦੋ ਬਲਦਾਂ ਦੇ ਰਥ ਤੇ ਰਥਵਾਨ ਤੇ ਦੋ ਮਨੀਮ ਲੈ ਉਹ ਦੂਰ ਸਾਮੀਆ ਕੋਲ ਜਾਂਦਾ ਅਤੇ ਜ਼ਰੂਰਤਮੰਦਾਂ ਦੀਆਂ ਗਰਜਾਂ ਪੂਰੀਆਂ ਕਰਦਾ, ਵਹੀਆਂ ਤੇ ਚੁਪੱਤਰੇ ਕਲਮ ਦਵਾਤ ਸਭ ਗੜ੍ਹਬੈਲੀ ਵਿਚ ਹੀ ਪਏ ਰਹਿੰਦੇ । ਚਿੱਟੇ ਮੋਟੇ ਸਰ੍ਹਾਣੇ ਲਾ ਲੱਧਾ ਮੱਲ ਸ਼ਾਹੀ ਠਾਠ ਨਾਲ ਬੈਠਾ ਰਹਿੰਦਾ ਅਤੇ ਮਨੀਮ ਲੇਖੇ ਜੋੜੀ ਜਾਂਦੇ । ਬਲਦਾਂ ਦੀਆਂ ਟੱਲੀਆਂ ਟੁਨਕੀ ਜਾਂਦੀਆਂ ਅਤੇ ਗੱਡੀਵਾਨ ਰੱਥ ਹਿੱਕੀ ਜਾਂਦਾ ।

ਵਸਾਵਾ ਮੱਲ ਨੇ ਨਾਈ ਅਤੇ ਪੰਡਤ ਬੁਲਾ ਕੇ ਲੱਧਾ ਮੱਲ ਦੇ ਮੁੰਡੇ ਲਈ ਰੁੱਕਾ ਭੇਜ ਦਿੱਤਾ । ਪਰ ਲੱਧਾ ਮੱਲ ਨੇ ਦਸ ਦਿਨ ਦੀ ਮੋਹਲਤ ਮੰਗੀ । ''ਹਾਂ ਜਾਂ ਨਾਂਹ ਲਈ ਆਪੇ ਪਤਾ ਭੇਜ ਦਿਆਂਗੇ ।'

ਘਰ ਵਿਚ ਗੱਲਾਂ ਬਾਤਾਂ ਤੋਂ ਗਿਆਨੋ ਨੂੰ ਭੀ ਪਤਾ ਲਗ ਗਿਆ । ਗਿਆਨੋਂ ਨੇ ਕਾਗਜ਼ ਤੇ ਦੋ ਅੱਖਰ ਲਿਖੇ ਅਤੇ ਵੱਡੇ ਭਰਾ ਜਸਵੰਤ ਅੱਗੇ ਤਰਲਾ ਮਾਰਿਆ । ਛੋਟੀ ਭੈਣ ਦੀਆਂ ਅੱਖਾਂ ਵਿਚ ਹੰਝੂ ਤੇ ਬੱਧੇ ਹੱਥ ਦੇਖ ਭਰਾ ਦਾ ਦਿਲ ਪੰਘਰ ਪਾਣੀ ਹੋ ਗਿਆ । ਭਰਾ ਨੇ ਤਰਸ ਖਾਧਾ ਤੇ ਭੈਣ ਦਾ ਲਿਖਿਆ ਰੁੱਕਾ ਅਵਤਾਰ ਨੂੰ ਪਹੁੰਚਾ ਦਿੱਤਾ ।

ਫਿਰ ਅਗਲੀ ਰਾਤ ਪੁਲ ਤੋਂ ਦੋ ਸਵਾਰ ਇਕ ਘੋੜੀ ਤੇ ਚੜ੍ਹੇ । ਚਾਰ ਕੋਹ ਪੈਂਡਾ ਘੋੜੀ ਨੇ ਮਿੰਟਾਂ ਵਿਚ ਖਿਚ ਕੇ ਰੱਖ ਦਿੱਤਾ । ਲੱਧਾ ਮੱਲ ਦੀ ਹਵੇਲੀ ਦਾ ਜਾ ਬੂਹਾ ਖੜਕਾਇਆ । ਬੂਹਾ ਖੁਲ੍ਹਾ ਅਤੇ ਨੌਕਰ ਨੇ ਲੱਧਾ ਮੱਲ ਨੂੰ ਇਤਲਾਹ ਕੀਤੀ, "ਲਾਲਾ ਜੀ, ਕੋਈ ਲੜਕੀ ਤੁਹਾਨੂੰ ਹੁਣੇ ਹੀ ਮਿਲਣਾ ਚਾਹੁੰਦੀ ਏ ।"

ਫਿਰ ਇਕਾਂਤ ਵਿਚ ਲੱਧਾ ਮੱਲ ਨੇ ਲੜਕੀ ਦੀ ਸਾਰੀ ਗੱਲ ਸੁਣੀ । ਉਦਾਰ ਚਿਤ ਲੱਧਾ ਮੱਲ ਨੇ ਸਿਰ ਤੇ ਹੱਥ ਰੱਖ ਦਲਾਸਾ ਦਿੱਤਾ, "ਜਾ ਧੀਏ, ਪ੍ਰਮਾਤਮਾ ਭਲੀ ਕਰੇਗਾ ।"

ਅਤੇ ਸਵੇਰੇ ਹੀ ਰੱਥ ਜੋੜ ਲੱਧਾ ਮੱਲ ਬੇਲੀ ਰਾਮ ਕੋਲ ਗਿਆ । ਮੰਜੇ ਉਤੇ ਪਏ ਬੇਲੀ ਰਾਮ ਨੂੰ ਉਠਾ ਲਿਆ ਅਤੇ ਉਹਦੇ ਕੰਨ ਵਿਚ ਕੋਈ ਫੂਕ ਮਾਰੀ । ਅਤੇ ਉਹ ਫੂਕ ਉਹਨੂੰ ਇਸ ਤਰ੍ਹਾਂ ਲੱਗੀ ਜਿਵੇਂ ਘੋੜੇ ਨੂੰ ਨਿਹਾਰੀ । ਉਸ ਗੱਦ ਗੱਦ ਹੋ ਕੇ ਲੱਧਾ ਮੱਲ ਦੇ ਹੱਥ ਚੁੰਮ ਲਏ ।

ਲੱਧਾ ਮੱਲ ਨੇ ਕਿਹਾ, "ਬੇਲੀ ਰਾਮ, ਬਚਪਨ ਦੀ ਯਾਰੀ ਏ । ਜੇ ਮੇਰੀ ਫੂਕ ਨਾਲ ਤੂੰ ਮੰਜੇ ਤੋਂ ਉਠ ਤੁਰੇ ਤਾਂ ਮੈਂ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ ।"

ਫਿਰ ਦਸਵੇਂ ਦਿਨ ਵਸਾਵਾ ਮੱਲ ਦੇ ਘਰ ਖੁਸ਼ੀਆਂ ਹੀ ਖੁਸ਼ੀਆਂ ਸਨ । ਵਸਾਵਾ ਮੱਲ ਦੇ ਪੈਰ ਧਰਤੀ ਨਾਲ ਨਹੀਂ ਸਨ ਲੱਗ ਰਹੇ । ਉਸ ਮੈਦਾਨ ਮਾਰ ਲਿਆ ਸੀ । ਲੱਧਾ ਮੱਲ ਨੇ ਹਾਂ ਭੇਜ ਦਿੱਤੀ ਸੀ । ਚਿੱਠੀ ਵਿਚ ਲਿਖਿਆ ਸੀ, "ਸਾਡੀ ਹਾਂ ਹੈ ਅਤੇ ਤਿਆਰੀ ਲਈ ਦਸ ਦਿਨ ਵਿਚ ਹਨ । ਗਿਆਰਵੇਂ ਦਿਨ ਬਰਾਤ ਆਵੇਗੀ । ਤਿਆਰੀ ਕਰ ਲੋ ਅਤੇ ਆ ਕੇ ਮੁੰਡਾ ਵੇਖ ਜਾਉ ।"

ਪਰ ਵਸਾਵਾ ਮੱਲ ਪੂਰਾ ਪੂਰਾ ਹੰਕਾਰੀ ਸੀ, ਉਸ ਮੋੜਵੀਂ ਚਿੱਠੀ ਘੱਲੀ, "ਤੁਹਾਡੀ ਹਾਂ ਨੂੰ ਹੀ ਰਿਸ਼ਤਾ ਏ । ਜੰਮ ਜੰਮ ਆਉ । ਸਭ ਤਿਆਰੀ ਏ । ਦਸ ਦਿਨ ਵੀ ਵਾਧੂ ਹਨ ।"

ਦੋਹਾਂ ਪਾਸਿਆਂ ਤੋਂ ਤਿਆਰੀਆਂ ਦਾ ਆਰੰਭ ਹੋਇਆ ।

ਫਿਰ ਉਹ ਦਿਨ ਆਇਆ ਜਿਸ ਦਿਨ ਚੰਦ ਵਰਗਾ ਦੂਲ੍ਹਾ ਫੁੱਲਾਂ ਦੇ ਸੇਹਰੇ ਸਜਾਈ, ਸੋਨੇ ਦਾ ਮੁਕਟ ਸਿਰ ਤੇ ਪਾਈ, ਸਜੀ ਹੋਈ ਰੱਥ ਪਾਲਕੀ 'ਚੋਂ ਉਤਰ ਘੋੜੀ ਤੇ ਚੜ੍ਹਿਆ । ਬੈਂਡ ਵਾਜਿਆਂ ਦੀ ਘੋਰਵੀ ਅਵਾਜ਼ ਤੇ ਆਤਸ਼ਬਾਜੀ ਤੇ ਹਵਾਈ ਗੋਲੇ, ਰੰਗ ਬੱਝ ਗਿਆ । ਮੇਲਣਾ ਕੁੜੀਆਂ ਨੇ ਸਿਠਨੀਆਂ ਤੇ ਗੀਤਾਂ ਦੀ ਝੜੀ ਲਾ ਦਿੱਤੀ । ਵਸਾਵਾ ਮੱਲ ਦੀ ਅੱਡੀ ਨਹੀਂ ਸੀ ਭੋਏਂ ਲਗਦੀ । ਭੌਂ ਚੌਂ ਲੱਧਾ ਮੱਲ ਕੋਲ ਆ ਜਾਂਦਾ । ਕਿਸੇ ਕਿਸਮ ਦੀ ਕੋਈ ਕਸਰ ਨਾ ਰਹਿ ਜਾਏ । ਫਿਰ

ਗੈਸਾਂ ਦੀ ਤਿੱਖੀ ਲੋ ਵਿਚ ਫੁੱਲਾਂ ਤੇ ਕੱਟਵੇਂ ਕਾਗਜ਼ਾਂ ਦੀਆਂ ਝੰਡੀਆਂ ਨਾਲ ਸਿੰਗਾਰੀ ਵੇਦੀ ਵਿਚ ਓਮ ਸੁਹਾ ਦਾ ਜਾਪ ਸ਼ੁਰੂ ਹੋਇਆ । ਫੇਰੇ ਹੋ ਗਏ । ਗਿਆਨੋ ਨੇ ਘੁੰਗਟ ਦੀ ਝੀਥ ਵਿਚੋਂ ਚੰਨ ਵਰਗਾ ਸੁਣੱਖਾ ਦੁੱਲ੍ਹਾ ਵੇਖਿਆ ਤਾਂ ਗੁਲਾਬ ਵਾਗ ਖਿੜ ਗਈ । ਵਸਾਵਾ ਮੱਲ ਲੱਧਾ ਮੱਲ ਨੂੰ ਜੱਫੀ ਪਾਕੇ ਮਿਲਿਆ ।

ਵਸਾਵਾ ਮੱਲ ਨੇ ਗਿਆਨੋਂ ਦੇ ਸਿਰ ਤੇ ਪਿਆਰ ਦੇਂਦਿਆਂ ਕਿਹਾ, "ਮੇਰੀ ਝੱਲੀ ਧੀ, ਵੇਖ ਖਾਂ ਚੰਦ ਤੋਂ ਭੀ ਸੋਹਣਾ ਦੁੱਲ੍ਹਾ ਲੱਭਿਆ ਤੇਰੇ ਲਈ ।"

ਅਗਲੇ ਦਿਨ ਦੋਪਹਿਰ ਦੀ ਰੋਟੀ ਪਿਛੋਂ ਬਰਾਤ ਵਿਦਾ ਹੋਈ । ਪਰ ਪਿੰਡ ਤੋਂ ਬਾਹਰ ਬੇਲੀ ਰਾਮ ਦਾ ਵੱਡਾ ਮੁੰਡਾ ਤੇ ਕੁਝ ਬੰਦੇ ਖਲੋਤੇ ਹੋਏ ਸਨ । "ਸ਼ਾਹ ਜੀ, ਬੇਲੀ ਰਾਮ ਨੇ ਸੁਨੇਹਾ ਘੱਲਿਆ ਏ, ਅੱਜ ਰਾਤ ਦੀ ਰੋਟੀ ਸਾਡੇ ਘਰ । ਉਹਨਾਂ ਕਿਹਾ ਹੈ ਕਿ ਲੱਧਾ ਰਾਮ ਦੇ ਮੁੰਡੇ ਦਾ ਵਿਆਹ ਹੋਵੇ ਤੇ ਰੋਟੀ ਅਸੀਂ ਨਾ ਦੇਈਏ ।"

ਅਤੇ ਲੱਧਾ ਰਾਮ ਨੇ ਰੋਟੀ ਮੰਨ ਲਈ । ਗੋਲੀ ਕਿਹਦੀ ਤੇ ਗੈਹਣੇ ਕਿਹਦੇ । ਅਤੇ ਲੱਧਾ ਰਾਮ ਨੇ ਡੋਲੀ ਸਣੇ ਬਰਾਤ ਰਾਤ ਦੀ ਰੋਟੀ ਵਾਸਤੇ ਬੇਲੀ ਰਾਮ ਦੇ ਪਿੰਡ ਨੂੰ ਮੋੜ ਦਿੱਤੀ । ਸਾਰਾ ਕੰਮ ਠੀਕ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਗਿਆ ਕਿ ਚੌਥੇ ਪਹਿਰ ਸਕੂਲੀ ਮੁੰਡਿਆਂ ਗੱਲ ਕੱਢ ਦਿੱਤੀ ਬਈ ਸੱਚੇ ਪ੍ਰੇਮੀਆਂ ਨੂੰ ਮਿਲਣ ਵਾਸਤੇ ਰੱਬ ਵੀ ਸਬੱਬ ਬਣਾ ਦੇਂਦਾ ਏ । ਵਾਹ ਵਈ ਵਾਹ ! ਲੱਧਾ ਮੱਲ ਜਿੰਨਾ ਭਲਾ ਸੁਣੀਂਦਾ ਸੀ ਉਨਾ ਹੀ ਚੰਗਾ ਨਿਕਲਿਆ । ਦੋ ਤੜਪਦੇ ਦਿਲ ਆਪਸ ਵਿਚ ਮਿਲਾ ਦਿੱਤੇ ।

ਗੱਲ ਸੁਣਕੇ ਵਸਾਵਾ ਮੱਲ ਦੇ ਹੱਥਾਂ ਦੇ ਤੋਤੇ ਉਡ ਗਏ । "ਇਹ ਕਿਵੇਂ ? ਮੁੰਡਾ ਮੰਗਿਆ ਲੱਧਾ ਰਾਮ ਦਾ ਤੇ ਵਿਆਹਿਆ ਉਸ ਬੇਲੀ ਰਾਮ ਦਾ ।" ਕੁਝ ਮੇਲ ਤੇ ਕੁਝ ਪਿੰਡ ਦੇ ਬੰਦੇ ਜੋੜ ਵਸਾਵਾ ਮੱਲ ਬੇਲੀ ਰਾਮ ਦੇ ਪਿੰਡ ਗਿਆ ਜਿਥੇ ਬਰਾਤ ਅਟਕੀ ਹੋਈ ਸੀ । ਉਹ ਲੱਧਾ ਮੱਲ ਨੂੰ ਮਿਲਿਆ ਤੇ ਕਿਹਾ, "ਸ਼ਾਹ ਜੀ, ਕੋਈ ਗੱਲ ਗਲਤ ਹੋਈ ਸੁਣੀਂਦੀ ਏ ।"

ਲੱਧਾ ਮੱਲ ਬੜਾ ਹੌਸਲੇ ਵਾਲਾ ਤੇ ਖਿਲਾੜੀ ਬੰਦਾ ਸੀ ਉਸ ਆਦਰ ਨਾਲ ਕੋਲ ਬਠਾ ਕੇ ਕਿਹਾ, "ਵਸਾਵਾ ਮੱਲ, ਤੈਨੂੰ ਕਿਹਾ ਸੀ ਆ ਕੇ ਮੁੰਡਾ ਵੇਖ ਲੈ ।

ਤੁਸਾਂ ਮੁੰਡਾ ਵੇਖਣ ਤੋਂ ਇਨਕਾਰ ਕੀਤਾ ਤੇ ਚਿੱਠੀ ਵਿ ਆ, 'ਅਸਾਂ ਤਾਂ ਸ਼ਾਹ ਜੀ ਤੁਹਾਡੇ ਮੂੰਹ ਨੂੰ ਸਾਕ ਕਰਨਾ ਏ ਫਿਰ ਮੁੰਡਾ ਕੋਈ ਹੋਵੇ ।' ਮੇਰਾ ਮੂੰਹ ਸਲਾਮਤ ਏ । ਅਵਤਾਰ ਨੂੰ ਮੈਂ ਪੁੱਤਰ ਬਣਾ ਕੇ ਵਿਆਹਿਆ ਏ ਅਤੇ ਤੇਰੀ ਧੀ ਮੇਰੀ ਨੂੰਹ ਏ ।"

ਵਸਾਵਾ ਰਾਮ ਜਦੋਂ ਲਾਜਵਾਬ ਹੋ ਕੇ ਮੁੜਨ ਲੱਗਾ ਤਾਂ ਬੇਲੀ ਰਾਮ ਨੇ ਆ ਕੇ ਬਾਹੋਂ ਫੜ ਲਿਆ ਤੇ ਹਸਦੇ ਨੇ ਕਿਹਾ, "ਆਓ ਸ਼ਾਹ ਜੀ, ਬੈਠੋ ।" ਤੇ ਨੌਕਰ ਨੂੰ ਕਿਹਾ, "ਜਮਨਾ ਦਾਸ, ਲਿਆ ਮੰਜਾ, ਸਾਡੇ ਸੰਬੰਧੀ ਆਏ ਨੇ ।"

ਪਰ ਵਸਾਵੇ ਨੂੰ ਨਦਾਮਤ ਹੋਈ ਜਦ ਮੰਜੀ ਉਤੇ ਬੈਠਾ ਤਾਂ ਧੀ ਜਵਾਈ ਨੇ ਆ ਪੈਰੀਂ ਹੱਥ ਲਾਏ, "ਪਿਤਾ ਜੀ, ਅਸ਼ੀਰਵਾਦ ਦਿਓ ।"

ਵਸਾਵਾ ਮੱਲ ਦੀਆ ਅੱਖਾਂ ਸਿੰਮ ਆਈਆਂ ਸਨ । ਪਤਾ ਨਹੀਂ ਉਹਦੀ ਮਮਤਾ ਜਾਗੀ ਸੀ, ਦਿਲ ਪੰਘਰਿਆਂ ਸੀ ਜਾਂ ਬੇਬਸੀ ਮਜ਼ਬੂਰੀ ਸੀ, ਨਦਾਮਤ ਜਾਂ ਖੁਸ਼ੀ ਸੀ, ਪਰ ਉਸ ਦੋਹਾਂ ਬਾਹਵਾਂ ਵਿਚ ਵਲਕੇ ਧੀ ਜਵਾਈ ਨੂੰ ਛਾਤੀ ਨਾਲ ਘੁੱਟ ਲਿਆ ।

